

**Reo-Bankowned Properties**

From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763






COVERED CALIFORNIA

**ਓਬਾਮਾ ਕੇਅਰ**
ਦੀ ਐਪਲੀਕੇਸ਼ਨ ਖੁਲ੍ਹ ਗਈ ਹੈ
15 ਨਵੰਬਰ ਤੋਂ 15 ਫਰਵਰੀ ਤੱਕ
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabba1@gmail.com
License# OC70672
Certified Agent
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ





ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
$25 2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrictions & Additional Fees Apply.
800-914-1013 408-659-9400



Fifteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 48, November 29, 2014
20451 N Plum Grove Rd., Palatine, IL 60074
Ph:847-359-0746, Fax:847-705-9388


# ਗੈਰ-ਕਾਨੂੰਨੀ ਪਰਵਾਸੀਆਂ ਨੂੰ ਧਰਵਾਸ

## ਓਬਾਮਾ ਵਲੋਂ ਗੈਰ-ਕਾਨੂੰਨੀ ਪਰਵਾਸੀਆਂ ਦੀ ਬਾਂਹ ਫੜਨ ਦਾ ਐਲਾਨ
## ਸਾਢੇ ਚਾਰ ਲੱਖ ਭਾਰਤੀਆਂ ਨੂੰ ਵੀ ਮਿਲੇਗਾ ਲਾਭ

**ਵਾਸ਼ਿੰਗਟਨ (ਬਿਊਰੋ):** ਰਿਪਬਲਿਕਨ ਆਗੂਆਂ ਦੇ ਤਿੱਖੇ ਵਿਰੋਧ ਦੇ ਬਾਵਜੂਦ ਰਾਸ਼ਟਰਪਤੀ ਬਰਾਕ ਓਬਾਮਾ ਨੇ ਇਮੀਗਰੇਸ਼ਨ ਸੁਧਾਰਾਂ ਦਾ ਐਲਾਨ ਕੀਤਾ ਹੈ ਜਿਸ ਤਹਿਤ ਸਾਢੇ ਚਾਰ ਲੱਖ ਭਾਰਤੀਆਂ ਸਮੇਤ 50 ਲੱਖ ਗੈਰ-ਕਾਨੂੰਨੀ ਪਰਵਾਸੀਆਂ ਨੂੰ ਅਮਰੀਕਾ ਤੋਂ ਬਾਹਰ ਨਹੀਂ ਕੱਢਿਆ ਜਾਵੇਗਾ। ਇਸ ਕਦਮ ਨਾਲ ਐਚ-1ਬੀ ਵੀਜ਼ਾਧਾਰਕਾਂ ਸਮੇਤ ਹਜ਼ਾਰਾਂ ਭਾਰਤੀਆਂ ਨੂੰ ਕਾਨੂੰਨੀ ਤੌਰ 'ਤੇ ਪੱਕੇ ਰਿਹਾਇਸ਼ੀ ਬਣਨ ਦਾ ਮੌਕਾ ਮਿਲ ਸਕਦਾ ਹੈ। ਯਾਦ ਰਹੇ ਕਿ ਹਾਲ ਹੀ ਵਿਚ ਹੋਈਆਂ ਚੋਣਾਂ ਤੋਂ ਬਾਅਦ ਸੈਨੇਟ ਅਤੇ ਨੁਮਾਇੰਦਾ ਸਦਨ (ਹਾਊਸ ਆਫ ਰੀਪ੍ਰੈਜ਼ੈਨਟੇਟਿਵ) ਵਿਚ ਰਿਪਬਲਿਕਨ ਪਾਰਟੀ ਦੀ ਬਹੁਮਤ ਹੈ ਅਤੇ ਸ੍ਰੀ ਓਬਾਮਾ ਵੱਲੋਂ ਜਿਹੜਾ ਐਗਜ਼ੀਕਿਊਟਿਵ ਆਰਡਰ ਜਾਰੀ ਕੀਤਾ ਗਿਆ ਹੈ, ਉਸ ਨੂੰ ਕਾਨੂੰਨ ਬਣਾਉਣ ਵਿਚ ਅੜਿੱਕੇ ਪੈ ਸਕਦੇ ਹਨ।

ਸ੍ਰੀ ਓਬਾਮਾ ਵਲੋਂ ਆਪਣੀਆਂ ਕਾਰਜਕਾਰੀ ਸ਼ਕਤੀਆਂ ਦੀ ਵਰਤੋਂ ਕਰਦਿਆਂ ਚੁੱਕੇ ਗਏ ਇਨ੍ਹਾਂ ਕਦਮਾਂ ਨਾਲ ਬਿਨਾਂ ਦਸਤਾਵੇਜ਼ਾਂ ਤੋਂ ਰਹਿ ਰਹੇ ਲਗਭਗ ਇਕ ਕਰੋੜ 12 ਲੱਖ ਗੈਰ-ਕਾਨੂੰਨੀ ਪਰਵਾਸੀਆਂ ਵਿਚੋਂ 50 ਲੱਖ ਨੂੰ ਲਾਭ ਮਿਲੇਗਾ। ਇਸ ਕਦਮ ਦਾ ਉਨ੍ਹਾਂ ਲੋਕਾਂ ਨੂੰ ਫਾਇਦਾ ਨਹੀਂ ਹੋਵੇਗਾ ਜਿਹੜੇ ਕੁਝ ਸਮਾਂ ਪਹਿਲਾਂ ਅਮਰੀਕਾ ਵਿਚ ਦਾਖਲ ਹੋਏ ਹਨ। ਭਵਿੱਖ ਵਿਚ ਅਮਰੀਕਾ ਵਿਚ ਗ਼ੈਰ-ਕਾਨੂੰਨੀ ਤੌਰ 'ਤੇ ਦਾਖ਼ਲ ਹੋਣ ਵਾਲੇ ਲੋਕ ਵੀ ਇਸ ਲਾਭ ਤੋਂ ਵਾਂਝੇ ਰਹਿਣਗੇ। ਉਹ ਆਪਣੇ ਇਸ ਐਗਜ਼ੀਕਿਊਟਿਵ ਆਰਡਰ ਦੇ ਪ੍ਰਚਾਰ-ਪ੍ਰਸਾਰ ਲਈ ਵੱਖ-ਵੱਖ ਲੋਕਾਂ ਨੂੰ ਲਗਾਤਾਰ ਮਿਲ ਰਹੇ ਹਨ।

ਰਾਸ਼ਟਰਪਤੀ ਭਵਨ ਤੋਂ ਕੀਤੇ ਸੰਬੋਧਨ ਦੌਰਾਨ ਸ੍ਰੀ ਓਬਾਮਾ ਨੇ ਕਿਹਾ ਕਿ ਪਰਵਾਸ ਸੁਧਾਰਾਂ ਦੇ ਰਸਤੇ ਵਿਚ ਰਿਪਬਲਿਕਨਾਂ ਵੱਲੋਂ ਰੁਕਾਵਟਾਂ ਪਾਉਣ ਕਾਰਨ ਉਹ ਇਹ ਕਦਮ ਉਠਾ ਰਹੇ ਹਨ। ਉਨ੍ਹਾਂ ਦਾਅਵੇ ਨਾਲ ਕਿਹਾ ਕਿ ਅਮਰੀਕਾ ਪਰਵਾਸੀਆਂ ਦਾ ਦੇਸ਼ ਹੈ ਅਤੇ ਇਸ ਦੇ ਨਾਲ ਇਹ ਨਿਯਮਾਂ ਵਾਲਾ ਦੇਸ਼ ਵੀ ਹੈ। ਬਿਨਾਂ ਯੋਗ ਦਸਤਾਵੇਜ਼ਾਂ ਦੇ ਰਹਿਣ ਵਾਲੇ ਜਿਹੜੇ ਲੋਕ ਪਰਵਾਸ ਨਿਯਮ ਤੋੜਦੇ ਹਨ, ਉਨ੍ਹਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੀ ਜਾਣਾ ਚਾਹੀਦਾ ਹੈ, ਖਾਸਕਰ ਉਨ੍ਹਾਂ ਲੋਕਾਂ ਨੂੰ ਜੋ ਖਤਰਨਾਕ ਸਾਬਤ ਹੋ ਸਕਦੇ ਹਨ, ਪਰ ਇਹ ਵੀ ਸੱਚ ਹੈ ਕਿ ਅਮਰੀਕਾ ਸਦਾ ਹੀ ਨਿਆਸਰਿਆਂ ਦਾ ਆਸਰਾ ਬਣਿਆ ਹੈ। ਇਸ ਲਈ ਉਨ੍ਹਾਂ ਲੋਕਾਂ ਨੂੰ ਇਹ ਆਸਰਾ ਦਿੱਤਾ ਹੀ ਜਾਣਾ ਚਾਹੀਦਾ ਹੈ ਜਿਹੜੇ ਇੰਨੇ ਸਾਲਾਂ ਤੋਂ ਪੂਰੀ ਇਮਾਨਦਾਰੀ ਨਾਲ ਅਮਰੀਕਾ ਦੀ ਆਰਥਿਕਤਾ ਵਿਚ ਆਪਣਾ ਯੋਗਦਾਨ ਪਾ ਰਹੇ ਹਨ।



'ਨਿਊ ਰਿਸਰਚ ਸੈਂਟਰ' ਦੀ ਰਿਪੋਰਟ ਮੁਤਾਬਕ ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਪਰਵਾਸੀਆਂ ਦੀ ਇਹ ਗਿਣਤੀ 2012 ਦੇ ਅੰਕੜਿਆਂ 'ਤੇ ਆਧਾਰਤ ਹੈ। 2012 ਦੇ ਅੰਕੜਿਆਂ ਮੁਤਾਬਕ ਅਮਰੀਕਾ ਵਿਚ ਕੁੱਲ ਇਕ ਕਰੋੜ 12 ਲੱਖ ਲੋਕ ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਹਨ। ਇਸ ਗਿਣਤੀ ਵਿਚ 2009 ਤੋਂ ਬਾਅਦ ਕੋਈ ਖਾਸ ਤਬਦੀਲੀ ਨਹੀਂ ਆਈ ਹੈ। ਨਿਊ ਹੈਂਪਸ਼ਾਇਰ ਵਿਚ ਗੈਰ-ਕਾਨੂੰਨੀ ਪਰਵਾਸੀਆਂ ਵਿਚ ਸਭ ਤੋਂ ਵੱਧ ਗਿਣਤੀ ਭਾਰਤੀਆਂ ਦੀ ਹੈ। ਅਮਰੀਕਾ ਦੇ ਕੁੱਲ 50 ਸੂਬਿਆਂ ਵਿਚੋਂ ਤਕਰੀਬਨ 28 ਵਿਚ ਅਜਿਹੇ ਭਾਰਤੀ ਰਹਿ ਰਹੇ ਹਨ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਪਰਵਾਸੀਆਂ ਦੇ ਮੈਕਸੀਕੋ ਵਾਲੇ ਪਾਸਿਓਂ ਹੋਣ ਵਾਲੇ ਗੈਰ-ਕਾਨੂੰਨੀ ਦਾਖਲੇ ਵਿਚ 2009 ਤੋਂ 2012 ਦਰਮਿਆਨ ਕਮੀ ਆਈ ਹੈ।

ਸ੍ਰੀ ਓਬਾਮਾ ਦੀ ਇਸ ਯੋਜਨਾ ਤਹਿਤ ਅਮਰੀਕੀ ਨਾਗਰਿਕਾਂ ਅਤੇ ਕਾਨੂੰਨੀ ਤੌਰ 'ਤੇ ਪੱਕੇ ਨਿਵਾਸੀਆਂ ਦੇ ਮਾਤਾ-ਪਿਤਾ ਦੇਸ਼ ਵਿਚ ਅਸਥਾਈ ਤੌਰ 'ਤੇ ਰਹਿ ਸਕਣਗੇ। ਉਨ੍ਹਾਂ ਵਲੋਂ ਐਲਾਨੇ ਗਏ ਇਹ ਸੁਧਾਰ ਉਨ੍ਹਾਂ ਲੋਕਾਂ 'ਤੇ ਲਾਗੂ ਹੋਣਗੇ ਜੋ ਪਿਛਲੇ ਘੱਟੋ ਘੱਟ ਪੰਜ ਸਾਲਾਂ ਤੋਂ ਅਮਰੀਕਾ ਵਿਚ ਹਨ। ਅਜਿਹੀ ਵੀ ਉਮੀਦ ਹੈ ਕਿ ਇਸ ਨਾਲ ਉਨ੍ਹਾਂ ਭਾਰਤੀ ਤਕਨੀਕੀ ਮਾਹਿਰਾਂ ਨੂੰ ਮਦਦ ਮਿਲੇਗੀ ਜਿਨ੍ਹਾਂ ਨੂੰ ਜਾਇਜ਼ ਪੱਕਾ ਦਰਜਾ (ਐੱਲ.ਪੀ.ਆਰ.) ਜਾਂ ਗ੍ਰੀਨ ਕਾਰਡ ਹਾਸਲ ਕਰਨ ਲਈ ਐਚ-1ਬੀ ਵੀਜ਼ੇ ਦੀ ਪ੍ਰੇਸ਼ਾਨੀ ਭਰੀ ਪ੍ਰਕਿਰਿਆ ਵਿਚੋਂ ਲੰਘਣਾ ਪੈਂਦਾ ਹੈ। ਇਸ ਕਦਮ ਨਾਲ ਉਨ੍ਹਾਂ ਮਾਹਰ ਕਾਰੀਗਰਾਂ ਅਤੇ ਉਨ੍ਹਾਂ ਦੇ ਜੀਵਨ ਸਾਥੀਆਂ ਨੂੰ ਕੰਮ ਕਰਨ ਦਾ ਹੱਕ ਮਿਲਦਾ ਹੈ ਜੋ ਫ਼ਿਲਹਾਲ ਜਾਇਜ਼ ਸਥਾਈ ਦਰਜਾ (ਐਲ.ਪੀ.ਆਰ.) ਮਿਲਣ ਦੀ ਉਡੀਕ ਕਰ ਰਹੇ ਹਨ। ਸ੍ਰੀ ਓਬਾਮਾ ਨੇ ਕਿਹਾ, "ਅੱਜ ਸਾਡਾ ਇਮੀਗਰੇਸ਼ਨ ਸਿਸਟਮ ਬੁਰੀ ਤਰ੍ਹਾਂ ਤਿੜਕ ਚੁੱਕਾ ਹੈ। ਕਈ ਦਹਾਕਿਆਂ ਤੋਂ ਅਜਿਹਾ ਚੱਲ ਰਿਹਾ ਹੈ ਅਤੇ ਅਸੀਂ ਇਸ ਸਬੰਧੀ ਕੁਝ ਵੀ ਨਹੀਂ ਕੀਤਾ ਹੈ।" ਉਨ੍ਹਾਂ ਨੇ ਇਨ੍ਹਾਂ

*(ਬਾਕੀ ਸਫਾ 6 'ਤੇ)*

## ਪਰਵਾਸੀਆਂ ਦਾ ਦੇਸ਼ ਹੈ ਅਮਰੀਕਾ

ਅਮਰੀਕਾ ਵਿਚ ਪਰਵਾਸ ਦਾ ਆਪਣਾ ਇਤਿਹਾਸ ਹੈ। ਕੋਲੰਬਸ ਨੇ ਅਮਰੀਕਾ ਦੀ ਧਰਤੀ 'ਤੇ ਤਕਰੀਬਨ ਸਵਾ ਚਾਰ ਕੁ ਸੌ ਸਾਲ ਪਹਿਲਾਂ ਪੈਰ ਪਾਏ ਸਨ। ਉਸ ਤੋਂ ਬਾਅਦ ਬਰਤਾਨੀਆ ਅਤੇ ਯੂਰਪ ਦੇ ਲੋਕਾਂ ਨੇ ਇਕ ਤਰ੍ਹਾਂ ਨਾਲ ਇਸ ਦੇਸ਼ ਵੱਲ ਵਹੀਰਾਂ ਘੱਤ ਲਈਆਂ। ਇਸ ਵਿਸ਼ਾਲ ਧਰਤੀ 'ਤੇ ਵੱਡੀਆਂ-ਵੱਡੀਆਂ ਕਾਲੋਨੀਆਂ ਬਣ ਗਈਆਂ ਅਤੇ ਹੌਲੀ-ਹੌਲੀ ਸਟੇਟ ਬਣ ਗਏ। ਉਸ ਸਮੇਂ ਬਰਤਾਨੀਆ ਬਸਤੀਵਾਦੀ ਮੁਲਕ ਸੀ। ਹਰ ਥਾਂ 'ਤੇ ਕਬਜ਼ੇ ਕਰ ਕੇ ਉਹ ਆਪਣੀਆਂ ਬਸਤੀਆਂ ਬਣਾ ਲੈਂਦਾ ਸੀ। ਅਮਰੀਕਾ ਵਿਚ ਬਹੁਤੀਆਂ ਬਸਤੀਆਂ ਬਰਤਾਨੀਆ ਦੀਆਂ ਹੀ ਸਨ। ਬਾਅਦ ਵਿਚ ਲੋਕਾਂ ਅੰਦਰ ਆਪਣੇ ਦੇਸ਼ ਅਮਰੀਕਾ ਦੀ ਭਾਵਨਾ ਪੈਦਾ ਹੋਣ ਨਾਲ ਉਨ੍ਹਾਂ ਇੰਗਲੈਂਡ ਵਿਰੁਧ ਸਖ਼ਤ ਲੜਾਈ ਲੜੀ। ਅਖ਼ੀਰ ਉਨ੍ਹਾਂ ਜਾਰਜ ਵਾਸ਼ਿੰਗਟਨ ਦੀ ਅਗਵਾਈ ਵਿਚ ਬਰਤਾਨਵੀ ਸਾਮਰਾਜ ਖ਼ਤਮ ਕਰ ਕੇ ਦੇਸ਼ ਵਿਚ ਗਣਤੰਤਰ ਕਾਇਮ ਕੀਤਾ। ਬਾਅਦ ਵਿਚ ਇਹ ਦੇਸ਼ ਹੋਰ ਵਿਸ਼ਾਲ ਹੁੰਦਾ ਗਿਆ। ਇਥੋਂ ਦੇ ਮੂਲ ਵਾਸੀ ਜਿਨ੍ਹਾਂ ਨੂੰ ਰੈਡ ਇੰਡੀਅਨ ਕਿਹਾ ਜਾਂਦਾ ਹੈ, ਕੁਝ ਕੁ ਲੱਖ ਹੀ ਰਹਿ ਗਏ ਹਨ। ਇਨ੍ਹਾਂ ਲਈ ਵੱਖਰੀਆਂ ਬਸਤੀਆਂ ਵੀ ਵਸਾਈਆਂ ਗਈਆਂ ਹਨ। ਅਮਰੀਕਾ ਲੰਮੇ ਸਮੇਂ ਤੱਕ ਸੰਭਾਵਨਾਵਾਂ ਭਰਪੂਰ ਦੇਸ਼ ਬਣਿਆ ਰਿਹਾ। ਇਸ ਲਈ ਦੁਨੀਆਂ ਭਰ ਦੇ ਲੋਕ ਰੁਜ਼ਗਾਰ ਦੀ ਭਾਲ ਵਿਚ ਕਿਸੇ ਨਾ ਕਿਸੇ ਰੂਪ ਵਿਚ ਇਥੇ ਦਾਖਲ ਹੋ ਕੇ ਵਸਦੇ ਰਹੇ। ਅੱਜ ਵੀ ਇਹ ਸਿਲਸਿਲਾ ਜਾਰੀ ਹੈ।





**REAL ESTATE & HOME LOANS**

✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker/Associate
Century 21
209.918.6464
ahundal@c21mm.com



Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja™ SWEETS & CATERING®
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com



**Law Office of Manpreet S. Gahra**



>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਗੁਰੂ ਨਾਨਕ ਸਿੱਖ ਮਿਸ਼ਨ ਦੀ ਜਾਇਦਾਦ ਰਿਸੀਵਰ ਦੇ ਸਪੁਰਦ

**ਸ਼ਿਕਾਗੋ (ਬਿਊਰੋ):** ਅਦਾਲਤ ਨੇ ਸਥਾਨਕ ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਦੀ ਪ੍ਰਬੰਧਕ ਸੰਸਥਾ ਗੁਰੂ ਨਾਨਕ ਸਿੱਖ ਮਿਸ਼ਨ ਦੀ ਜਾਇਦਾਦ ਦਾ ਤਬਾਦਲਾ ਕਰਨ ਜਾਂ ਇਸ ਉਪਰ ਲੀਅਨ ਪਾਉਣ ਸਬੰਧੀ 2010 ਅਤੇ 2011 ਦੌਰਾਨ ਮਕੈਨਰੀ ਕਾਊਂਟੀ (ਇਲੀਨਾਇ) ਦੇ ਵੱਖ ਵੱਖ ਵਿਭਾਗਾਂ ਵਿਚ ਦਰਜ ਕਰਵਾਏ ਗਏ ਸਾਰੇ ਇਕਰਾਰਨਾਮੇ ਰੱਦ ਕਰ ਦਿੱਤੇ ਅਤੇ ਜਾਇਦਾਦ ਰਿਸੀਵਰ ਦੇ ਸਪੁਰਦ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਲੰਘੀ 11 ਨਵੰਬਰ ਨੂੰ ਇਸ ਗੁਰਦੁਆਰੇ ਦੀ ਇਮਾਰਤ ਨੂੰ ਅੱਗ ਲੱਗਣ ਕਰਕੇ ਇਮਾਰਤ ਨੂੰ ਵੱਡਾ ਨੁਕਸਾਨ ਪਹੁੰਚਿਆ ਸੀ।

ਮਕੈਨਰੀ ਕਾਊਂਟੀ (ਇਲੀਨਾਇ) ਦੇ 22ਵੇਂ ਜੁਡੀਸ਼ੀਅਲ ਸਰਕਟ ਦੀ ਸਰਕਟ ਕੋਰਟ ਨੇ 19 ਨਵੰਬਰ ਨੂੰ ਗੁਰੂ ਨਾਨਕ ਮਿਸ਼ਨ ਦੇ ਰਿਸੀਵਰ ਡੇਵਿਡ ਆਰ ਮਿਸੀਮਰ ਬਨਾਮ ਬਾਬਾ ਦਲਜੀਤ ਸਿੰਘ, ਜਸਪਾਲ ਕੌਰ ਰੰਧਾਵਾ, ਹਰਪ੍ਰੀਤ ਸਿੰਘ ਸੈਣੀ, ਗੁਰਦਿੱਤ ਸਿੰਘ ਸੈਣੀ ਅਤੇ ਗੁਰਮੀਤ ਸਿੰਘ ਭੋਲਾ ਕੇਸ ਵਿਚ ਸਭ ਧਿਰਾਂ ਦੀ ਸਹਿਮਤੀ ਨਾਲ ਕੁਝ ਹੁਕਮ ਸੁਣਾਏ ਹਨ। ਇਨ੍ਹਾਂ ਹੁਕਮਾਂ ਅਨੁਸਾਰ 14 ਅਕਤੂਬਰ 2011 ਨੂੰ ਮਕੈਨਰੀ ਕਾਊਂਟੀ ਰਿਕਾਰਡ ਆਫ ਡੀਡਸ ਪਾਸ ਦਰਜ ਕਰਵਾਇਆ ਗਿਆ ਵਾਰੰਟੀ ਇਕਰਾਰਨਾਮਾ ਨੰਬਰ 2011ਆਰ0041268 ਮੂਲੋਂ ਰੱਦ ਕਰ ਦਿਤਾ ਗਿਆ ਹੈ ਜਿਸ ਰਾਹੀਂ ਗੁਰੂ ਨਾਨਕ ਸਿੱਖ ਮਿਸ਼ਨ ਆਫ ਅਮੈਰਿਕਾ ਇੰਕ. ਦਾ ਟਾਈਟਲ (ਮਲਕੀਅਤ) ਜਸਪਾਲ ਕੌਰ ਰੰਧਾਵਾ ਅਤੇ ਬਾਬਾ ਦਲਜੀਤ ਸਿੰਘ ਦੇ ਨਾਂ ਕੀਤਾ ਗਿਆ ਸੀ।

ਅਦਾਲਤ ਨੇ ਮਕੈਨਰੀ ਕਾਊਂਟੀ ਰਿਕਾਰਡ ਆਫ ਡੀਡਸ ਪਾਸ 22 ਦਸੰਬਰ 2011 ਨੂੰ ਦਰਜ ਕਰਵਾਇਆ ਗਿਆ ਦਸਤਾਵੇਜ਼ ਨੰਬਰ 2011ਆਰ0052117 ਵੀ ਰੱਦ ਕਰ ਦਿਤਾ ਹੈ, ਜਿਸ ਰਾਹੀਂ ਬਾਬਾ ਦਲਜੀਤ ਸਿੰਘ ਅਤੇ ਜਸਪਾਲ ਕੌਰ ਨੇ ਸਬੰਧਤ ਜਾਇਦਾਦ ਦੀ ਮਲਕੀਅਤ ਹਰਪ੍ਰੀਤ ਸੈਣੀ ਦੇ ਨਾਂ ਕਰਨ ਲਈ ਕੁਇਟ ਕਲੇਮ (ਮਾਲਕੀ ਦਾ ਦਾਅਵਾ ਛੱਡਣਾ) ਇਕਰਾਰਨਾਮਾ ਦਰਜ ਕਰਵਾਇਆ ਸੀ।

ਅਦਾਲਤ ਦੇ ਹੁਕਮ ਅਨੁਸਾਰ ਗੁਰੂ ਨਾਨਕ ਸਿੱਖ ਮਿਸ਼ਨ ਆਫ ਅਮੈਰਿਕਾ ਇੰਕ. 217 ਵੈਸਟ ਸਟੇਟ ਰੋਡ, ਆਈਲੈਂਡ ਲੇਕ, ਇਲੀਨਾਇ ਸਥਿਤ ਜਾਇਦਾਦ ਦਾ ਮਾਲਕ ਹੈ। ਇਸ ਦਾ ਵੇਰਵਾ ਅਦਾਲਤ ਦੇ ਹੁਕਮ ਦੇ ਐਗਜ਼ੀਬਿਟ ਏ ਵਿਚ ਦਰਜ ਹੈ। ਅਦਾਲਤ ਨੇ ਹੁਕਮ ਕੀਤਾ ਹੈ ਕਿ ਦੱਸੀ ਗਈ ਇਹ ਜਾਇਦਾਦ ਮੁਦਾਇਲਾਂ ਦੀ ਥਾਂ ਗੁਰੂ ਨਾਨਕ ਸਿੱਖ ਮਿਸ਼ਨ ਦੇ ਰਿਸੀਵਰ ਡੇਵਿਡ ਆਰ ਮਿਸੀਮਰ ਦੇ ਸਪੁਰਦ ਕੀਤੀ ਜਾਂਦੀ ਹੈ।



*ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਦੀ ਸੜੀ ਹੋਈ ਇਮਾਰਤ*

ਅਦਾਲਤ ਨੇ ਆਪਣੇ ਹੁਕਮ ਰਾਹੀਂ ਮਕੈਨਰੀ ਕਾਊਂਟੀ ਰਿਕਾਰਡ ਆਫ ਡੀਡਸ ਪਾਸ ਦਰਜ ਕਰਵਾਏ ਗਏ ਦਸਤਾਵੇਜ਼ ਨੰਬਰ 2010ਆਰ0048554 ਅਤੇ 2010ਆਰ0048635 ਵੀ ਰੱਦ ਕਰ ਦਿੱਤੇ ਹਨ। 22 ਅਕਤੂਬਰ 2010 ਨੂੰ ਮਕੈਨਰੀ ਕਾਊਂਟੀ ਰਿਕਾਰਡ ਆਫ ਡੀਡਸ ਪਾਸ ਦਰਜ ਕਰਵਾਇਆ ਗਿਆ ਲੀਅਨ ਦਾ ਕਲੇਮ ਵੀ ਅਦਾਲਤ ਨੇ ਰੱਦ ਕਰਦਿਆਂ ਕਿਹਾ ਹੈ ਕਿ ਇਹ ਜਾਇਦਾਦ ਹੁਣ ਇਸ ਲੀਅਨ ਤੋਂ ਮੁਕਤ ਹੈ। ਅਦਾਲਤ ਨੇ ਸਬੰਧਤ ਜਾਇਦਾਦ ਉਪਰ ਬਾਬਾ ਦਲਜੀਤ ਸਿੰਘ, ਜਸਪਾਲ ਕੌਰ ਰੰਧਾਵਾ, ਹਰਪ੍ਰੀਤ ਸੈਣੀ, ਗੁਰਦਿੱਤ ਸਿੰਘ ਸੈਣੀ ਅਤੇ ਗੁਰਮੀਤ ਸਿੰਘ ਭੋਲਾ ਦੀ ਮਾਲਕੀ ਅਤੇ ਹੋਰ ਕਿਸੇ ਵੀ ਤਰ੍ਹਾਂ ਦਾ ਹਿਤ ਰੱਦ ਕਰਦਿਆਂ ਗੁਰੂ ਨਾਨਕ ਸਿੱਖ ਮਿਸ਼ਨ ਦੇ ਨਾਂ ਕਰ ਦਿੱਤੀ ਹੈ।

ਅਦਾਲਤ ਨੇ ਬਾਬਾ ਦਲਜੀਤ ਸਿੰਘ ਨੂੰ ਹੁਕਮ ਕੀਤਾ ਹੈ ਕਿ ਉਹ ਦਸਤਾਵੇਜ਼ ਨੰਬਰ 1010ਆਰ0048554 ਰਾਹੀਂ ਦਰਜ ਕੀਤੀ ਗਈ ਮਾਰਟਗੇਜ ਰੱਦ ਕਰਨਗੇ ਅਤੇ ਅਜਿਹਾ ਨਾ ਕਰਨ ਦੀ ਸੂਰਤ ਵਿਚ ਅਦਾਲਤ ਵਲੋਂ ਅਦਾਲਤੀ ਹੁਕਮਾਂ ਰਾਹੀਂ ਉਪਰੋਕਤ ਜਾਇਦਾਦ ਮਾਰਟਗੇਜ ਤੋਂ ਮੁਕਤ ਕੀਤੀ ਜਾਏਗੀ। ਇਸੇ ਤਰ੍ਹਾਂ ਹੀ ਅਦਾਲਤ ਨੇ ਗੁਰਮੀਤ ਸਿੰਘ ਭੋਲਾ ਨੂੰ ਵੀ ਹੁਕਮ ਕੀਤਾ ਹੈ ਕਿ ਉਹ ਦਸਤਾਵੇਜ ਨੰਬਰ 2010ਆਰ0048635 ਰਾਹੀਂ ਦਰਜ ਕਰਵਾਏ ਗਏ ਮਾਰਟਗੇਜ ਤੋਂ ਜਾਇਦਾਦ ਨੂੰ ਮੁਕਤ ਕਰੇ ਨਹੀਂ ਤਾਂ ਅਦਾਲਤ ਵਲੋਂ ਅਦਾਲਤੀ ਹੁਕਮਾਂ ਰਾਹੀਂ ਉਕਤ ਜਾਇਦਾਦ ਮਾਰਟਗੇਜ ਤੋਂ ਮੁਕਤ ਕੀਤੀ ਜਾਏਗੀ। ਹਰਪ੍ਰੀਤ ਸਿੰਘ ਸੈਣੀ ਨੂੰ ਅਦਾਲਤ ਨੇ ਹੁਕਮ ਕੀਤਾ ਹੈ ਕਿ ਉਹ ਗੁਰੂ ਨਾਨਕ ਸਿੱਖ ਮਿਸ਼ਨ ਆਫ ਅਮੈਰਿਕਾ ਦੇ ਗਾਰੰਟਰ ਵਜੋਂ ਸਬੰਧਤ ਜਾਇਦਾਦ ਦੇ ਸਬੰਧ ਵਿਚ ਗਾਰੰਟੀ ਵਜੋਂ ਕੁਇਟ ਕਲੇਮ ਇਕਰਾਰਨਾਮਾ ਦਰਜ ਕਰਵਾਏ। ਅਜਿਹਾ ਨਾ ਕਰਨ 'ਤੇ ਅਦਾਲਤ ਵਲੋਂ ਅਦਾਲਤੀ ਹੁਕਮਾਂ ਰਾਹੀਂ ਉਪਰੋਕਤ ਇਕਰਾਰਨਾਮਾ ਕਰਵਾਇਆ ਜਾਏਗਾ।

ਇਸੇ ਤਰ੍ਹਾਂ ਅਦਾਲਤ ਨੇ ਮੁਦਾਇਲਾਂ ਗੁਰਦਿੱਤ ਸਿੰਘ ਸੈਣੀ ਨੂੰ ਹੁਕਮ ਕੀਤਾ ਹੈ ਕਿ ਉਹ ਦਸਤਾਵੇਜ਼ ਨੰਬਰ 2010ਆਰ0048553 ਰਾਹੀਂ ਦਰਜ ਕਰਵਾਇਆ ਗਿਆ ਲੀਅਨ ਦਾ ਦਾਅਵਾ ਵਾਪਸ ਲਵੇ, ਨਹੀਂ ਤਾਂ ਅਦਾਲਤ ਵਲੋਂ ਅਦਾਲਤੀ ਹੁਕਮਾਂ ਰਾਹੀਂ ਜਾਇਦਾਦ ਨੂੰ ਇਸ ਲੀਅਨ ਤੋਂ ਮੁਕਤ ਕੀਤਾ ਜਾਵੇਗਾ।

ਅਦਾਲਤ ਵਲੋਂ ਜਾਰੀ ਕੀਤੇ ਗਏ ਇਸ ਸਹਿਮਤੀ ਹੁਕਮ ਉਪਰ ਰਿਸੀਵਰ ਦੇ ਵਕੀਲ ਜੇਮਜ਼ ਏ ਚੈਂਪੀਅਨ, ਬਾਬਾ ਦਲਜੀਤ ਸਿੰਘ, ਜਸਪਾਲ ਕੌਰ ਰੰਧਾਵਾ; ਹਰਪ੍ਰੀਤ ਸੈਣੀ, ਗੁਰਦਿੱਤ ਸਿੰਘ ਸੈਣੀ ਅਤੇ ਗੁਰਮੀਤ ਸਿੰਘ ਭੋਲਾ ਦੇ ਵਕੀਲ ਰਿਸ਼ੀ ਅਗਰਵਾਲ; ਅਤੇ ਗੁਰੂ ਨਾਨਕ ਸਿੱਖ ਮਿਸ਼ਨ ਦੇ ਵਿਅਕਤੀਗਤ ਮੈਂਬਰਾਂ ਅਤੇ ਬੋਰਡ ਮੈਂਬਰਾਂ ਵਜੋਂ ਜਗਦੀਸ਼ ਸਿੰਘ, ਕੁਲਵਿੰਦਰ ਸੰਧੂ, ਮੱਖਣ ਸਿੰਘ ਕਲੇਰ, ਹਰਜੀਤ ਸਿੰਘ ਗਿੱਲ ਤੇ ਰਸ਼ਮਿੰਦਰ ਕੌਰ ਦੇ ਵਕੀਲ ਐਚ. ਸ਼ਾਨ ਕਿਮ ਦੇ ਸਹਿਮਤੀ ਵਜੋਂ ਦਸਤਖਤ ਹਨ।

ਜ਼ਿਕਰਯੋਗ ਹੈ ਕਿ ਗੁਰੂ ਨਾਨਕ ਸਿੱਖ ਮਿਸ਼ਨ ਦੇ ਪ੍ਰਬੰਧ ਅਤੇ ਇਸ ਦੀ ਜਾਇਦਾਦ ਨੂੰ ਲੈ ਕੇ ਪਿਛਲੇ ਪੰਜ-ਛੇ ਸਾਲਾਂ ਤੋਂ ਅਦਾਲਤਾਂ ਵਿਚ ਮੁਕੱਦਮੇਬਾਜ਼ੀ ਚਲ ਰਹੀ ਹੈ ਜਿਸ ਦੌਰਾਨ ਅਦਾਲਤ ਨੇ ਜਾਇਦਾਦ ਲਈ ਰਿਸੀਵਰ ਦੀ ਨਿਯੁਕਤੀ ਕਰ ਦਿਤੀ ਸੀ। ਲੰਘੀ 11 ਨਵੰਬਰ ਨੂੰ ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਦੀ ਇਮਾਰਤ ਨੂੰ ਅੱਗ ਲਗਣ ਦੀ ਘਟਨਾ ਤੋਂ ਇਕ ਦਿਨ ਬਾਅਦ 13 ਨਵੰਬਰ ਨੂੰ ਅਦਾਲਤ ਨੇ ਗੁਰਘਰ ਦੀ ਜਾਇਦਾਦ ਸਮੇਤ ਗੈਸਟ ਹਾਊਸ (ਜਿਥੇ ਬਾਬਾ ਦਲਜੀਤ ਸਿੰਘ ਦੀ ਰਿਹਾਇਸ਼ ਸੀ) ਦੀਆਂ ਚਾਬੀਆਂ ਰਿਸੀਵਰ ਨੂੰ ਦੇਣ ਦਾ ਹੁਕਮ ਕੀਤਾ ਸੀ। ਜਾਣਕਾਰੀ ਅਨੁਸਾਰ ਅਦਾਲਤ ਦੇ ਹੁਕਮਾਂ ਦੀ ਤਾਮੀਲ ਕਰ ਦਿਤੀ ਗਈ ਸੀ। ਇਸੇ ਦੌਰਾਨ ਅੱਗ ਲੱਗਣ ਦੀ ਇਸ ਘਟਨਾ ਦੀ ਜਾਂਚ ਵਖ ਵਖ ਏਜੰਸੀਆਂ ਵਲੋਂ ਜਾਰੀ ਹੈ।

## ਜਾਗੋ ਕਾਨਫਰੰਸ ਲਈ ਬੇਅ ਏਰੀਏ ਵਿਚ ਭਾਰੀ ਉਤਸ਼ਾਹ

**ਯੂਨੀਅਨ ਸਿਟੀ (ਬਿਊਰੋ):** ਆਉਂਦੇ ਐਤਵਾਰ ਨੂੰ ਇਥੇ ਜੇਮਜ਼ ਲੋਗਨ ਹਾਈ ਸਕੂਲ ਵਿਚ ਕਰਵਾਈ ਜਾ ਰਹੀ ਜਾਗੋ ਕਾਨਫਰੰਸ ਲਈ ਬੇਅ ਏਰੀਏ ਦੇ ਸਿੱਖ ਭਾਈਚਾਰੇ ਵਿਚ ਬਹੁਤ ਉਤਸ਼ਾਹ ਹੈ। ਨੌਜਵਾਨ ਸਿੱਖ ਪੀੜ੍ਹੀ ਇਸ ਕਾਨਫਰੰਸ ਦੀ ਖਾਸ ਤੌਰ ਉਤੇ ਉਡੀਕ ਕਰ ਰਹੀ ਹੈ।

ਇਹ ਕਾਨਫਰੰਸ 1984 ਦੇ ਸਿੱਖ ਨਸਲਘਾਤ ਦੀ ਯਾਦ ਵਿਚ ਉਤਰੀ ਅਮਰੀਕਾ ਦੇ ਸਿੱਖ ਨੌਜਵਾਨਾਂ ਵੱਲੋਂ ਪਹਿਲੀ ਵਾਰ ਕਰਵਾਈ ਜਾ ਰਹੀ ਹੈ। ਇਹ ਨਵੀਂ ਖੋਜ ਤੇ ਵਿਲੱਖਣ ਢੰਗ ਨਾਲ ਉਲੀਕਿਆ ਸਮਾਗਮ ਹੋਵੇਗਾ, ਜਿਸ ਵਿਚ ਨੌਜਵਾਨ ਵਿਦਿਆਰਥੀਆਂ, ਕਲਾਕਾਰਾਂ ਤੇ ਪੰਥਕ ਜਥੇਬੰਦੀਆਂ ਵੱਲੋਂ ਪੰਜਾਬ ਅਤੇ ਸਿੱਖ ਕੌਮ ਦੇ ਮੌਜੂਦਾ ਸਮਾਜਿਕ ਤੇ ਰਾਜਨੀਤਕ ਮਸਲਿਆਂ ਬਾਰੇ ਵਿਚਾਰ ਕੀਤੀ ਜਾਏਗੀ।

ਕਾਨਫਰੰਸ ਦੌਰਾਨ ਪ੍ਰਭਸ਼ਰਨਬੀਰ ਸਿੰਘ (ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ, ਕੈਨੇਡਾ), ਕਿਰਨ ਰਾਏ (ਸਿੱਖ ਐਕਟੀਵਿਸਟ ਨੈਟਵਰਕ), ਰੂਪੀ ਕੌਰ (ਸਲੈਮ ਪੋਇਟ ਐਂਡ ਐਕਟੀਵਿਸਟ), ਦਮਨਜੀਤ ਸਿੰਘ (ਯੂਨੀਵਰਸਿਟੀ ਆਫ ਕੈਲੀਫੋਰਨੀਆ, ਸੈਂਟਾ ਕਰੂਜ਼), ਨੀਨਾ ਕੌਰ (ਕੈਲੀਫੋਰਨੀਆ ਸਕੂਲ ਆਫ ਪ੍ਰੋਫੈਸ਼ਨਲ ਸਾਈਕਾਲੋਜੀ), ਪੁਨੀਤ ਕੌਰ ਖਾਲਸਾ (ਇਨਸਾਫ, ਯੂਨੀਵਰਸਿਟੀ ਆਫ ਕੈਲੀਫੋਰਨੀਆ, ਡੇਵਿਸ), ਜਾਸਮੀਨ ਕੌਰ (ਯੂਨੀਵਰਸਿਟੀ ਆਫ ਫਰੇਜ਼ਰ ਵੈਲੀ, ਕੈਨੇਡਾ), ਕੰਵਰਰੂਪ ਕੌਰ (ਯੂਨੀਵਰਸਿਟੀ ਆਫ ਕੈਲੀਫੋਰਨੀਆ, ਬਰਕਲੇ) ਆਪਣੇ ਵਿਚਾਰ ਪੇਸ਼ ਕਰਨਗੇ ਅਤੇ ਢਾਡੀ ਸਰਬਜੀਤ ਸਿੰਘ ਸਾਜਨ ਢਾਡੀ ਵਾਰਾਂ ਰਾਹੀਂ ਸੰਗਤਾਂ ਵਿਚ ਜੋਸ਼ ਭਰਨਗੇ।




# ਕੇਂਦਰ ਨੇ ਮਾੜੀ ਮੁਸਤਫ਼ਾ ਦੇ ਕੈਂਸਰ ਕਹਿਰ ਬਾਰੇ ਰਿਪੋਰਟ ਮੰਗੀ

**ਮੋਗਾ:** ਬਾਘਾਪੁਰਾਣਾ ਸਬ ਡਿਵੀਜ਼ਨ ਅਧੀਨ ਪੈਂਦੇ ਪਿੰਡ ਮਾੜੀ ਮੁਸਤਫ਼ਾ ਦੇ ਕੈਂਸਰ ਕਹਿਰ ਬਾਰੇ ਕੇਂਦਰੀ ਸਿਹਤ ਮੰਤਰੀ ਜੇ.ਪੀ. ਨੱਡਾ ਨੇ ਰਿਪੋਰਟ ਮੰਗੀ ਹੈ। ਜ਼ਿਕਰਯੋਗ ਹੈ ਕਿ ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਸਿੰਘ ਮਾਨ ਨੇ ਕੇਂਦਰੀ ਸਿਹਤ ਮੰਤਰੀ ਨੂੰ ਸਾਰੀ ਸਥਿਤੀ ਤੋਂ ਜਾਣੂ ਕਰਵਾਇਆ ਸੀ। ਇਸ ਪਿੰਡ ਵਿਚ ਸਿਰਫ਼ ਦੋ ਪੀੜਤਾਂ ਨੂੰ ਮੁੱਖ ਮੰਤਰੀ ਰਾਹਤ ਕੋਸ਼ ਵਿਚੋਂ ਤਿੰਨ ਸਾਲ ਪਹਿਲਾਂ ਰਾਸ਼ੀ ਮਨਜ਼ੂਰ ਹੋਈ ਸੀ ਪਰ ਹੁਣ ਤੱਕ ਉਨ੍ਹਾਂ ਨੂੰ ਇਹ ਮੱਦਦ ਨਹੀਂ ਮਿਲੀ।

ਪਿੰਡ ਮਾੜੀ ਮੁਸਤਫ਼ਾ ਦੇ ਗੁਰਮੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ ਕੈਂਸਰ ਪੀੜਤ ਹੋਣ ਕਰਕੇ ਉਸਨੇ ਕੈਂਸਰ ਪੀੜਤਾਂ ਦੀ ਮੱਦਦ ਲਈ ਗੁਰੂ ਨਾਨਕ ਬਲੱਡ ਡੋਨੇਸ਼ਨ ਕਲੱਬ ਬਣਾ ਕੇ ਕੈਂਪ ਲਾਇਆ, ਜਿਸ ਵਿਚ 30 ਆਮ ਲੋਕਾਂ ਦੀ ਜਾਂਚ ਕੀਤੀ ਗਈ ਤਾਂ ਉਨ੍ਹਾਂ ਵਿਚੋਂ 24 ਲੋਕਾਂ ਦੀ ਕਾਲਾ ਪੀਲੀਆ (ਹੈਪੇਟਾਈਟਸ ਸੀ) ਦੇ ਮਰੀਜ਼ਾਂ ਵਜੋਂ ਸ਼ਨਾਖ਼ਤ ਹੋਈ ਸੀ। ਉਨ੍ਹਾਂ ਸਿਹਤ ਵਿਭਾਗ 'ਤੇ ਗੁੰਮਰਾਹ ਕਰਨ ਤੇ ਮੌਤਾਂ ਬਾਰੇ ਗਲਤ ਅੰਕੜੇ ਦੇਣ ਦਾ ਦੋਸ਼ ਵੀ ਲਾਇਆ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਦੇ ਡਾਕਟਰਾਂ ਵੱਲੋਂ ਕੈਂਪ ਦੌਰਾਨ ਲੋਕਾਂ ਨੂੰ ਸਿਵਲ ਹਸਪਤਾਲ ਤੋਂ ਟੈਸਟ ਕਰਵਾਉਣ ਲਈ ਭੇਜਿਆ ਜਾਂਦਾ ਹੈ ਪਰ ਡਾਕਟਰ ਇਹ ਟੈਸਟ ਕਰਨ ਤੋਂ ਜਵਾਬ ਦੇ ਦਿੰਦੇ ਹਨ।

ਇਸ ਪਿੰਡ ਵਿਚ ਇਸ ਵਰ੍ਹੇ 11 ਮਹੀਨਿਆਂ ਵਿਚ 50 ਤੋਂ ਵੱਧ ਮੌਤਾਂ ਕੈਂਸਰ ਨਾਲ ਹੋ ਚੁੱਕੀਆਂ ਹਨ ਤੇ ਹਰ ਤੀਜੇ ਘਰ ਵਿਚ ਇਸ ਭਿਆਨਕ ਬਿਮਾਰੀ ਤੋਂ ਪੀੜਤ ਮਰੀਜ਼ ਹਨ। ਪਿੰਡ ਦੇ ਕਿਸੇ ਵੀ ਵਿਅਕਤੀ ਨੂੰ ਮੁੱਖ ਮੰਤਰੀ ਰਾਹਤ ਕੋਸ਼ ਵਿਚੋਂ ਵੀ ਕੋਈ ਮੱਦਦ ਨਹੀਂ ਮਿਲੀ। ਇਹ ਬਿਮਾਰੀ ਦੂਸ਼ਿਤ ਪਾਣੀ ਪੀਣ ਨਾਲ ਫੈਲਣ ਦੇ ਖ਼ਦਸ਼ੇ ਮਗਰੋਂ ਪਿੰਡ ਵਿਚੋਂ ਪਾਣੀ ਦੇ ਨਮੂਨੇ ਲਏ ਗਏ ਹਨ।

# ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਪ੍ਰਸ਼ਾਸਕੀ ਕਮੇਟੀ ਵਿਰੁਧ ਮੋਰਚਾ

**ਅੰਮ੍ਰਿਤਸਰ:** ਤਖ਼ਤ ਸ੍ਰੀ ਹਜ਼ੂਰ ਸਾਹਿਬ ਸੱਚਖੰਡ ਅਬਿਚਲ ਨਗਰ ਨਾਂਦੇੜ ਦੇ ਪ੍ਰਬੰਧਾਂ ਦੀ ਦੇਖ ਰੇਖ ਲਈ ਮਹਾਰਾਸ਼ਟਰ ਸਰਕਾਰ ਵੱਲੋਂ ਨਿਯੁਕਤ ਕੀਤੀ ਪ੍ਰਸ਼ਾਸਕੀ ਕਮੇਟੀ ਵਿਰੁੱਧ ਸਿੱਖ ਧਿਰਾਂ ਵੱਲੋਂ ਮੋਰਚਾ ਖੋਲਦਿਆਂ ਕਮੇਟੀ ਨੂੰ ਬਰਖਾਸਤ ਕਰਕੇ ਤੁਰੰਤ ਨਵੇਂ ਬੋਰਡ ਦਾ ਗਠਨ ਕੀਤੇ ਜਾਣ ਦੀ ਮੰਗ ਕੀਤੀ ਹੈ। ਬੋਰਡ ਦੇ ਤਿੰਨ ਨਾਮਜ਼ਦ ਮੈਂਬਰਾਂ ਸ਼ੇਰ ਸਿੰਘ ਫ਼ੌਜੀ, ਗੁਰਮੀਤ ਸਿੰਘ ਮਹਾਜਨ, ਰਜਿੰਦਰ ਸਿੰਘ ਪੁਜਾਰੀ ਨੇ ਨਾਂਦੇੜ ਪਹੁੰਚੇ ਮਹਾਰਾਸ਼ਟਰ ਦੇ ਮਾਲ ਮੰਤਰੀ ਏਕਨਾਥ ਖੜਸੇ ਨਾਲ ਮੁਲਾਕਾਤ ਕਰਦਿਆਂ ਉਨ੍ਹਾਂ ਨੂੰ ਉਕਤ ਮੰਗ ਬਾਰੇ ਪੱਤਰ ਭੇਂਟ ਕੀਤਾ ਹੈ, ਜਦ ਕਿ ਇਨ੍ਹਾਂ ਮੈਂਬਰਾਂ ਵੱਲੋਂ ਸ਼ਿਵ ਸੈਨਾ ਪ੍ਰਮੁੱਖ ਊਧਵ ਠਾਕਰੇ ਨੂੰ ਵੀ ਇਸ ਬਾਰੇ ਅਪੀਲ ਕੀਤੀ ਹੈ।

ਮੈਂਬਰਾਂ ਨੇ ਰੋਸ ਪ੍ਰਗਟਾਇਆ ਕਿ ਸਰਕਾਰ ਵੱਲੋਂ ਬੀਤੇ 14 ਸਾਲਾਂ ਤੋਂ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਆਪਣੇ ਅਧੀਨ ਕੀਤਾ ਹੋਇਆ ਹੈ ਤੇ ਬੋਰਡ ਦੇ ਨਿਯਮਾਂ ਮੁਤਾਬਕ ਤਿੰਨ ਨਾਮਜ਼ਦ ਮੈਂਬਰਾਂ ਦੀ ਚੋਣ ਮਗਰੋਂ ਬੋਰਡ ਦਾ ਗਠਨ ਕੀਤਾ ਜਾਣਾ ਲਾਜ਼ਮੀ ਸੀ, ਜਿਸ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ। ਬੋਰਡ ਦੇ ਗਠਨ ਦੀ ਥਾਂ ਸਰਕਾਰ 2000 ਤੋਂ ਲਗਾਤਾਰ ਪ੍ਰਸ਼ਾਸਕੀ ਕਮੇਟੀ ਰਾਹੀਂ ਪ੍ਰਬੰਧ ਚਲਾ ਰਹੀ ਹੈ, ਜਿਸ ਦਾ ਸਿੱਖ ਸਫਾਂ ਵਿਚ ਰੋਸ ਪਾਇਆ ਜਾ ਰਿਹਾ ਹੈ। ਬੋਰਡ ਵਿਚ ਸ਼੍ਰੋਮਣੀ ਕਮੇਟੀ ਦੇ 4 ਮੈਂਬਰ ਨਾਮਜ਼ਦ ਕਰਨ ਤੋਂ ਇਲਾਵਾ ਦੋ ਸਿੱਖ ਸੰਸਦ ਮੈਂਬਰ ਵੀ ਨਾਮਜ਼ਦ ਕੀਤੇ ਜਾਂਦੇ ਹਨ, ਆਂਧਰਾ ਪ੍ਰਦੇਸ਼, ਮੱਧ ਪ੍ਰਦੇਸ਼ ਤੇ ਮਹਾਰਾਸ਼ਟਰ ਸਰਕਾਰਾਂ ਵੱਲੋਂ ਇਕ-ਇਕ ਪ੍ਰਤੀਨਿਧ ਨਿਯੁਕਤ ਕੀਤਾ ਜਾਂਦਾ ਹੈ।

## ਭਾਰਤ ਤੇ ਨੇਪਾਲ ਵੱਲੋਂ 10 ਸਮਝੌਤਿਆਂ 'ਤੇ ਸਹੀ

**ਕਾਠਮੰਡੂ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਨੇਪਾਲ ਦੇ ਹਮਰੁਤਬਾ ਸਤੀਸ਼ ਕੋਇਰਾਲਾ ਨਾਲ ਮੁੱਖ ਰਣਨੀਤਕ ਮੁੱਦਿਆਂ 'ਤੇ ਗੱਲਬਾਤ ਕੀਤੀ ਤੇ ਨੇਪਾਲ ਨੂੰ ਇਕ ਅਰਬ ਡਾਲਰ ਦੀ ਸਹਾਇਤਾ ਸਮੇਤ 10 ਸਮਝੌਤਿਆਂ 'ਤੇ ਦਸਤਖਤ ਕੀਤੇ।

ਦੁਵੱਲੇ ਸਬੰਧਾਂ ਦੀ ਗੱਲ ਕਰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਜਦੋਂ ਅਸੀਂ ਇਕ ਦੂਸਰੇ 'ਤੇ ਭਰੋਸਾ ਕਰਦੇ ਹਾਂ ਤਾਂ ਬਹੁਤ ਤੇਜ਼ੀ ਨਾਲ ਅੱਗੇ ਵਧ ਸਕਦੇ ਹਾਂ।

ਕਾਠਮੰਡੂ ਦੇ ਬੀੜ ਹਸਪਤਾਲ ਵਿਖੇ ਭਾਰਤ ਵੱਲੋਂ ਬਣਾਏ ਟਰੋਮਾ ਸੈਂਟਰ ਦਾ ਉਦਘਾਟਨ ਕਰਦਿਆਂ ਉਨ੍ਹਾਂ ਕਿਹਾ ਕਿ 25 ਸਾਲਾਂ ਤੋਂ ਲਟਕ ਰਹੇ ਪ੍ਰਾਜੈਕਟ ਅੱਗੇ ਵਧ ਰਹੇ ਹਨ। ਇਸ ਮੌਕੇ ਉਨ੍ਹਾਂ ਨੇਪਾਲ ਦੇ ਸੰਵਿਧਾਨ ਦਾ ਖਰੜਾ ਛੇਤੀ ਤਿਆਰ ਕਰਨ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਜੇਕਰ ਨੇਪਾਲ ਅਜਿਹਾ ਕਰਨ ਵਿਚ ਨਾਕਾਮ ਰਿਹਾ ਤਾਂ ਉਸ ਲਈ ਮੁਸ਼ਕਲਾਂ ਵਧਣਗੀਆਂ।

ਦੋਵਾਂ ਨੇਤਾਵਾਂ ਵਿਚਕਾਰ ਗੱਲਬਾਤ ਪਿੱਛੋਂ ਦੋਵੇਂ ਧਿਰਾਂ ਨੇ ਨੇਪਾਲ ਦੇ ਬੁਨਿਆਦੀ ਢਾਂਚੇ ਲਈ ਇਕ ਅਰਬ ਡਾਲਰ ਦੀ ਸਹਾਇਤਾ ਦੀਆਂ ਸ਼ਰਤਾਂ ਨੂੰ ਅੰਤਿਮ ਰੂਪ ਦਿੱਤਾ। ਭਾਰਤ ਤੇ ਨੇਪਾਲ ਨੇ ਮੋਟਰ ਵਹੀਕਲ ਸਮਝੌਤੇ 'ਤੇ ਦਸਤਖਤ ਕੀਤੇ ਜਿਸ ਤਹਿਤ ਇਕ ਦੂਸਰੇ ਦੇਸ਼ ਵਿਚ ਨਿਰਧਾਰਤ ਰੂਟਾਂ 'ਤੇ ਮੋਟਰ ਗੱਡੀਆਂ ਚਲਾਉਣ ਦੀ ਇਜਾਜ਼ਤ ਹੋਵੇਗੀ।

# ਨਵਜੋਤ ਸਿੱਧੂ 'ਤੇ ਗੁਰਬਾਣੀ ਦੀ ਤੁਕ ਦੀ ਗਲਤ ਵਿਆਖਿਆ ਦਾ ਦੋਸ਼

**ਅੰਮ੍ਰਿਤਸਰ:** ਭਾਜਪਾ ਦੇ ਸਾਬਕਾ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਉਸ ਵੇਲੇ ਇਕ ਹੋਰ ਨਵੇਂ ਵਿਵਾਦ ਵਿਚ ਘਿਰ ਗਏ ਜਦੋਂ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਪੀਰ ਮੁਹੰਮਦ ਵੱਲੋਂ ਉਨ੍ਹਾਂ ਖ਼ਿਲਾਫ਼ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਇਕ ਪੱਤਰ ਸੌਂਪਿਆ ਗਿਆ ਜਿਸ ਵਿਚ ਉਨ੍ਹਾਂ 'ਤੇ ਗੁਰਬਾਣੀ ਦੀ ਤੁਕ ਦੀ ਗਲਤ ਵਿਆਖਿਆ ਕਰਨ ਦਾ ਦੋਸ਼ ਲਾਇਆ ਗਿਆ ਹੈ।



ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਇਹ ਮਾਮਲਾ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਵਿਚਾਰਿਆ ਜਾਵੇਗਾ ਜਦੋਂਕਿ ਦੂਜੇ ਪਾਸੇ ਸ੍ਰੀ ਸਿੱਧੂ ਨੇ ਇਸ ਮਾਮਲੇ 'ਤੇ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕੀਤਾ।

ਇਸ ਬਾਰੇ ਜਥੇਬੰਦੀ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਵੱਲੋਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਸੌਂਪੇ ਪੱਤਰ ਵਿਚ ਦੋਸ਼ ਲਾਇਆ ਕਿ ਭਾਜਪਾ ਆਗੂ ਨਵਜੋਤ ਸਿੰਘ ਸਿੱਧੂ ਵੱਲੋਂ ਲੁਧਿਆਣਾ ਵਿਚ ਇਕ ਸਮਾਗਮ ਦੌਰਾਨ ਸਿੱਖਾਂ ਦੇ ਪੰਜਵੇਂ ਗੁਰੂ ਅਰਜਨ ਦੇਵ ਜੀ ਵੱਲੋਂ ਉਚਾਰੀ ਗਈ ਬਾਣੀ ਨੂੰ ਪਾਂਡਵ ਭਰਾਵਾਂ ਦੇ ਅਰਜਨ ਨਾਲ ਜੋੜ ਕੇ ਗਲਤਬਿਆਨੀ ਕੀਤੀ ਗਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਗੁਰਬਾਣੀ ਦੀ ਤੁਕ ਨੂੰ ਬੋਲਿਆ ਵੀ ਗਲਤ ਢੰਗ ਨਾਲ ਗਿਆ ਹੈ ਜੋ ਗੁਰਬਾਣੀ ਦੀ ਬੇਅਦਬੀ ਹੈ। ਇਸ ਬਾਰੇ ਉਨ੍ਹਾਂ ਇਕ ਸੀ.ਡੀ. ਵੀ ਸਬੂਤ ਵਜੋਂ ਸੌਂਪੀ ਹੈ। ਉਨ੍ਹਾਂ ਅਪੀਲ ਕੀਤੀ ਹੈ ਕਿ ਸ੍ਰੀ ਸਿੱਧੂ ਨੂੰ ਅਕਾਲ ਤਖ਼ਤ 'ਤੇ ਤਲਬ ਕਰ ਕੇ ਤਨਖਾਹ ਲਾਈ ਜਾਵੇ। ਉਨ੍ਹਾਂ ਸ਼ੰਕਾ ਪ੍ਰਗਟਾਈ ਹੈ ਕਿ ਸ੍ਰੀ ਸਿੱਧੂ ਵੱਲੋਂ ਅਜਿਹਾ ਆਰ.ਐਸ.ਐਸ. ਦੇ ਇਸ਼ਾਰੇ 'ਤੇ ਕੀਤਾ ਗਿਆ ਹੈ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੇ ਕਿਹਾ ਕਿ ਉਨ੍ਹਾਂ ਨੂੰ ਪੱਤਰ ਤੇ ਸੀ.ਡੀ. ਮਿਲ ਗਏ ਹਨ ਪਰ ਇਸ ਮਾਮਲੇ ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਵਿਚਾਰਨ ਮਗਰੋਂ ਅਗਲੀ ਕਾਰਵਾਈ ਕੀਤੀ ਜਾਵੇਗੀ।

# ਸਜ਼ਾ-ਏ-ਮੌਤ ਬਾਰੇ ਸੰਯੁਕਤ ਰਾਸ਼ਟਰ ਦੇ ਮਤੇ ਵਿਰੁਧ ਭੁਗਤਿਆ ਭਾਰਤ

**ਨਿਊ ਯਾਰਕ:** ਭਾਰਤ ਨੇ ਸੰਯੁਕਤ ਰਾਸ਼ਟਰ ਆਮ ਇਜਲਾਸ ਦੇ ਮੌਤ ਦੀ ਸਜ਼ਾ ਉਪਰ ਰੋਕ ਬਾਰੇ ਖਰੜਾ ਮਤੇ ਵਿਰੁੱਧ ਵੋਟ ਪਾਈ ਹੈ। ਭਾਰਤ ਨੇ ਕਿਹਾ ਹੈ ਕਿ ਇਹ ਮਤਾ ਹਰੇਕ ਸੁਤੰਤਰ ਰਾਸ਼ਟਰ ਦੇ ਅਧਿਕਾਰਾਂ, ਕਾਨੂੰਨੀ ਪ੍ਰਣਾਲੀ ਤੇ ਕਾਨੂੰਨਾਂ ਨੂੰ ਮਾਨਤਾ ਦੇਣ ਵਿਚ ਨਾਕਾਮ ਰਿਹਾ ਹੈ।

ਮੌਤ ਦੀ ਸਜ਼ਾ ਉਪਰ ਰੋਕ ਲਾਉਣ ਬਾਰੇ ਇਸ ਮਤੇ ਨੂੰ ਬੀਤੇ ਹਫਤੇ ਸੰਯੁਕਤ ਰਾਸ਼ਟਰ ਆਮ ਇਜਲਾਸ ਦੀ ਤੀਸਰੀ ਕਮੇਟੀ ਨੇ ਪ੍ਰਵਾਨਗੀ ਦਿੱਤੀ ਸੀ। ਇਹ ਕਮੇਟੀ ਸਮਾਜਿਕ, ਮਾਨਵੀ ਤੇ ਸਭਿਆਚਾਰਕ ਮੁੱਦਿਆਂ ਨੂੰ ਨਜਿੱਠਦੀ ਹੈ। ਭਾਰਤ ਸਮੇਤ 36 ਦੇਸ਼ਾਂ ਨੇ ਇਸ ਮਤੇ ਵਿਰੁੱਧ ਵੋਟ ਪਾਈ ਹੈ ਜਦ ਕਿ 114 ਨੇ ਹੱਕ ਵਿਚ ਤੇ 34 ਗੈਰ ਹਾਜਰ ਰਹੇ ਹਨ।

## ਮਾਮਲਾ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਵਿਚਾਰਿਆ ਜਾਵੇਗਾ: ਗਿਆਨੀ ਮੱਲ ਸਿੰਘ

**ਆਨੰਦਪੁਰ ਸਾਹਿਬ:** ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ ਨੇ ਕਿਹਾ ਹੈ ਕਿ ਜੇਕਰ ਨਵਜੋਤ ਸਿੱਧੂ ਨੇ ਗੁਰਬਾਣੀ ਨਾਲ ਆਪਣੇ ਨਿੱਜੀ ਸੁਆਰਥਾਂ ਲਈ ਕੋਈ ਛੇੜਛਾੜ ਕੀਤੀ ਹੈ ਤਾਂ ਉਹ ਗ਼ਲਤ ਹੈ। ਸਾਡੇ ਕੋਲ ਵੱਡੀ ਗਿਣਤੀ ਸਿੱਖ ਸੰਗਤਾਂ ਦੇ ਦੇਸ਼-ਵਿਦੇਸ਼ਾਂ ਤੋਂ ਫੋਨ ਤੇ ਚਿੱਠੀਆਂ ਆ ਰਹੀਆਂ ਹਨ, ਜਿਨ੍ਹਾਂ ਵਿਚ ਸੰਗਤਾਂ ਵੱਲੋਂ ਨਵਜੋਤ ਸਿੰਘ ਸਿੱਧੂ ਖ਼ਿਲਾਫ਼ ਸ਼ਿਕਾਇਤ ਕੀਤੀ ਜਾ ਰਹੀ। ਉਨ੍ਹਾਂ ਕਿਹਾ ਕਿ ਪੰਜ ਸਿੰਘ ਸਾਹਿਬਾਨ ਦੀ ਬੈਠਕ ਵਿਚ ਸਿੱਧੂ ਵੱਲੋਂ ਗੁਰਬਾਣੀ ਨਾਲ ਛੇੜਛਾੜ ਕਰਨ ਵਾਲੇ ਬਿਆਨ ਨੂੰ ਸੁਣਿਆ ਜਾਵੇਗਾ ਤੇ ਗੰਭੀਰਤਾ ਨਾਲ ਵਿਚਾਰ ਕਰਨ ਉਪਰੰਤ ਕੋਈ ਫੈਸਲਾ ਲਿਆ ਜਾਵੇਗਾ।


1984 ਦੇ ਸਿੱਖ ਨਸਲਘਾਤ ਦੀ ਯਾਦ ਵਿਚ ਉਤਰੀ ਅਮਰੀਕਾ ਦੇ ਸਿੱਖ ਨੌਜਵਾਨਾਂ ਵੱਲੋਂ ਪਹਿਲੀ ਵਾਰ ਕਰਵਾਈ ਜਾ ਰਹੀ ਖੋਜ ਕਾਨਫਰੰਸ

(ਸਿੰਘਾ ਜਾਗ ਬਈ, ਹੁਣ ਜਾਗੋ ਆਈਆ)

ਜਾਗੋ ਕਾਨਫਰੰਸ-2014

30 ਨਵੰਬਰ 2014 (ਐਤਵਾਰ)
ਸਵੇਰੇ 10 ਵਜੇ ਤੋਂ ਸ਼ਾਮੀ 6 ਵਜੇ ਤੱਕ

ਜੇਮਜ਼ ਲੋਗਨ ਹਾਈ ਸਕੂਲ
ਯੂਨੀਅਨ ਸਿਟੀ (ਕੈਲੀਫੋਰਨੀਆ)

JAGO is a movement and youth-led conference that aims to bring together different organizations, artists and activists that aims to discuss the social and political issues that face the Sikh Nation today, and set a collective agenda to move forward.

ਇਹ ਨਵੀਂ ਖੋਜ ਤੇ ਵਿਲੱਖਣ ਢੰਗ ਨਾਲ ਉਲੀਕਿਆ ਸਮਾਗਮ ਹੋਵੇਗਾ, ਜਿਸ ਵਿਚ ਨੌਜਵਾਨ ਵਿਦਿਆਰਥੀ/ਵਿਦਿਅਰਥਣਾਂ, ਕਲਾਕਾਰਾਂ ਤੇ ਪੰਥਕ ਜਥੇਬੰਦੀਆਂ ਵੱਲੋਂ ਪੰਜਾਬ ਅਤੇ ਸਿੱਖ ਕੌਮ ਦੇ ਮੌਜੂਦਾ ਸਮਾਜਿਕ ਤੇ ਰਾਜਨੀਤਕ ਮਸਲਿਆਂ ਬਾਰੇ ਵਿਚਾਰ ਕਰਦਿਆਂ ਕੌਮ ਦੇ ਸਾਂਝੇ ਮੁੱਦੇ ਵੱਲ ਅੱਗੇ ਵਧਿਆ ਜਾਵੇਗਾ।

ਇਸ ਕਾਨਫਰੰਸ ਵਿਚ ਸਿੱਖ ਨੌਜਵਾਨਾਂ ਤੇ ਸਿੱਖ ਬੀਬੀਆਂ ਦਾ ਪਹੁੰਚ ਕੇ ਵਿਚਾਰਾਂ ਦੀ ਸਾਂਝ ਪਾਉਣਾ ਬਹੁਤ ਜ਼ਰੂਰੀ ਹੈ, ਕਿਉਂਕਿ ਇਸ ਕਾਨਫਰੰਸ ਵਿਚ ਸਿੱਖ ਬੀਬੀਆਂ ਦਾ ਸਿੱਖ ਸੰਘਰਸ਼ ਵਿਚ ਪਾਇਆ ਹਿੱਸਾ ਅਤੇ ਪੰਜਾਬ ਦੀ ਨੌਜਵਾਨ ਪੀੜ੍ਹੀ ਦਾ ਸੰਕਟ, ਵਿਸ਼ੇਸ਼ ਤੌਰ ਉਤੇ ਵਿਚਾਰੇ ਜਾਣਗੇ। ਇਸ ਵਿਚ ਹੇਠ ਲਿਖੇ ਖੋਜੀ ਆਪਣੇ ਵਿਚਾਰ ਦੇਣਗੇ:

1. ਪ੍ਰਭਸ਼ਰਨਬੀਰ ਸਿੰਘ- ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ, ਕੈਨੇਡਾ
2. ਕਿਰਨ ਰਾਏ- ਸਿੱਖ ਐਕਟੀਵਿਸਟ ਨੈਟਵਰਕ
3. ਰੂਪੀ ਕੌਰ- ਸਲੈਮ ਪੋਇਟ ਐਂਡ ਐਕਟੀਵਿਸਟ
4. ਦਮਨਜੀਤ ਸਿੰਘ- ਯੂਨੀਵਰਸਿਟੀ ਆਫ ਕੈਲੀਫੋਰਨੀਆ-ਸੈਂਟਾ ਕਰੂਜ਼
5. ਨੀਨਾ ਕੌਰ- ਕੈਲੀਫੋਰਨੀਆ ਸਕੂਲ ਆਫ ਪ੍ਰੋਫੈਸ਼ਨਲ ਸਾਇਕਾਲੋਜੀ
6. ਪੁਨੀਤ ਕੌਰ ਖਾਲਸਾ- ਇਨਸਾਫ, ਯੂਨੀਵਰਸਿਟੀ ਆਫ ਕੈਲੀਫੋਰਨੀਆ-ਡੇਵਿਸ
7. ਜਾਸਮੀਨ ਕੌਰ- ਯੂਨੀਵਰਸਿਟੀ ਆਫ ਫਰੇਜ਼ਰ ਵੈਲੀ-ਕੈਨੇਡਾ
8. ਕੰਵਰਰੂਪ ਕੌਰ- ਯੂਨੀਵਰਸਿਟੀ ਆਫ ਕੈਲੀਫੋਰਨੀਆ-ਬਰਕਲੇ
9. ਢਾਡੀ ਸਰਬਜੀਤ ਸਿੰਘ ਸਾਜਨ (ਢਾਡੀ ਵਾਰਾਂ)

ਜ਼ਰੂਰੀ ਨੋਟ
ਚਾਹ ਪਾਣੀ ਤੇ ਲੰਗਰ ਦਾ ਪੂਰਾ ਪ੍ਰਬੰਧ ਹੋਵੇਗਾ



ਸੰਪਰਕ ਕਰੋ:
jagoconference@gmail.com
Ph: 510-648-0953

# ਰਾਮਪਾਲ ਦੇ ਡੇਰੇ 'ਚੋਂ ਮਿਲੇ ਹਥਿਆਰਾਂ ਨੇ ਪੁਲਿਸ ਦੀ ਨੀਂਦ ਉਡਾਈ



**ਚੰਡੀਗੜ੍ਹ:** ਸਤਲੋਕ ਆਸ਼ਰਮ ਦੇ ਮੁਖੀ ਰਾਮਪਾਲ ਦੀ ਗ੍ਰਿਫਤਾਰੀ ਪਿੱਛੋਂ ਆਸ਼ਰਮ ਵਿਚੋਂ ਮਿਲੇ ਵੱਡੀ ਗਿਣਤੀ ਹਥਿਆਰਾਂ ਨੇ ਪੁਲਿਸ ਦੀ ਨੀਂਦ ਉਡਾ ਦਿੱਤੀ ਹੈ। ਆਸ਼ਰਮ ਵਿਚੋਂ ਸ਼ਰਧਾਲੂਆਂ ਦੀਆਂ ਛੇ ਲਾਸ਼ਾਂ, ਵੱਡੀ ਗਿਣਤੀ ਵਿਚ ਹਥਿਆਰ, ਬੁਲੇਟਪਰੂਫ ਟਾਟਾ ਸਫਾਰੀ ਤੇ 82 ਮੋਟਰਸਾਈਕਲ ਬਰਾਮਦ ਹੋਣ 'ਤੇ ਹਾਈਕੋਰਟ ਨੇ ਵੀ ਚਿੰਤਾ ਜਿਤਾਈ ਹੈ। ਅਦਾਲਤ ਨੇ ਕਿਹਾ ਹੈ ਕਿ ਆਸ਼ਰਮ ਵਿਚ ਇੰਨੇ ਵੱਡੇ ਪੱਧਰ 'ਤੇ ਅਸਲੇ ਬਾਰੇ ਪੁਲਿਸ ਦਾ ਬੇਖਬਰ ਹੋਣਾ ਵੱਡੀ ਚਿੰਤਾ ਦਾ ਵਿਸ਼ਾ ਹੈ।

ਪੁਲਿਸ ਨੇ ਉਹ ਐਫਆਈਆਰ ਵੀ ਕੱਢ ਲਈ ਹੈ ਜਿਹੜੀ ਇਕ ਪੁਲਿਸ ਮੁਲਾਜ਼ਮ ਨੇ ਹੀ ਦਰਜ ਕਰਵਾਈ ਸੀ। ਰਾਮਪਾਲ ਖ਼ਿਲਾਫ਼ ਦਰਜ ਇਸ ਐਫਆਈਆਰ ਵਿਚ ਕਿਹਾ ਗਿਆ ਹੈ ਕਿ 18 ਨਵੰਬਰ ਨੂੰ ਦੁਪਹਿਰ 12.10 ਵਜੇ ਜਦੋਂ ਪੁਲਿਸ ਮੁਲਾਜ਼ਮ ਗੈਰ- ਜ਼ਮਾਨਤੀ ਵਾਰੰਟ ਦੇਣ ਆਸ਼ਰਮ ਵੱਲ ਵਧੇ ਤਾਂ ਰਾਮਪਾਲ ਦੇ ਸ਼ਰਧਾਲੂਆਂ ਨੇ ਪਥਰਾਓ ਸ਼ੁਰੂ ਕਰ ਦਿੱਤਾ। ਇਸ ਮੌਕੇ ਤਕਰੀਬਨ 800 ਔਰਤਾਂ ਆਸ਼ਰਮ ਦੇ ਗੇਟ ਨੇੜੇ ਬੈਠੀਆਂ ਸਨ ਤੇ ਤਕਰੀਬਨ 1500 ਬੰਦੇ ਲਾਠੀਆਂ ਨਾਲ ਲੈਸ ਖੜ੍ਹੇ ਸਨ। ਇਨ੍ਹਾਂ ਕੋਲ ਅਗਨ-ਹਥਿਆਰ ਵੀ ਸਨ। ਇਨ੍ਹਾਂ ਨੇ ਪੁਲਿਸ ਮੁਲਾਜ਼ਮਾਂ ਉੱਤੇ ਪੈਟਰੋਲ ਬੰਬ ਸੁੱਟੇ ਤੇ ਗੋਲੀ ਵੀ ਚਲਾਈ। ਆਰਏਐਫ ਤੇ ਪੁਲਿਸ ਨੇ ਇਨ੍ਹਾਂ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੇ ਗੋਲੇ ਛੱਡੇ ਤੇ ਪਾਣੀ ਦੀ ਵਾਛੜ ਵੀ ਮਾਰੀ। ਇਨ੍ਹਾਂ ਨੇ ਬੱਚਿਆਂ ਅਤੇ ਔਰਤਾਂ ਨੂੰ ਬੰਦੀ ਬਣਾਇਆ ਹੋਇਆ ਸੀ।

ਪੁਲਿਸ ਨੇ ਰਾਮਪਾਲ ਤੇ ਉਸ ਦੇ ਸਾਥੀਆਂ ਵਿਰੁੱਧ ਦੇਸ਼ ਧ੍ਰੋਹ ਸਮੇਤ ਕਈ ਹੋਰ ਕੇਸ ਦਰਜ ਕੀਤੇ ਹਨ। ਪੁਲਿਸ ਨੇ ਉਸ ਦੇ ਭਰਾ, ਪੁੱਤਰ ਤੇ ਕੋਰ ਕਮੇਟੀ ਦੇ ਪੰਜ-ਛੇ ਮੈਂਬਰਾਂ ਸਮੇਤ 270 ਸ਼ਰਧਾਲੂਆਂ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਹੈ। ਰਾਮਪਾਲ ਨੂੰ ਗ੍ਰਿਫਤਾਰ ਕਰਨ ਲਈ ਚਲਾਏ ਗਏ ਅਪਰੇਸ਼ਨ ਦੀ ਵਿਸਤ੍ਰਿਤ ਰਿਪੋਰਟ ਅਦਾਲਤ ਨੇ ਹਰਿਆਣਾ ਦੇ ਪੁਲਿਸ ਮੁਖੀ ਤੋਂ ਮੰਗੀ ਹੈ। ਹਾਈਕੋਰਟ ਨੇ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਵਿਚ ਡੇਰਿਆਂ ਅੰਦਰ ਹਥਿਆਰਾਂ ਤੇ ਗੋਲੀ ਸਿੱਕੇ ਦੀ ਵਰਤੋਂ 'ਤੇ ਵੀ ਚਿੰਤਾ ਜਤਾਈ ਹੈ। ਬੈਂਚ ਨੇ ਕਤਲ ਦੇ ਮਾਮਲੇ ਵਿਚ 2008 ਵਿਚ ਰਾਮਪਾਲ ਨੂੰ ਮਿਲੀ ਜ਼ਮਾਨਤ ਰੱਦ ਕਰ ਦਿੱਤੀ। ਹਰਿਆਣਾ ਸਰਕਾਰ ਵੱਲੋਂ ਪੇਸ਼ ਹੋਏ ਐਡਵੋਕੇਟ ਜਨਰਲ ਬੀਆਰ ਮਹਾਜਨ ਨੇ ਰਾਮਪਾਲ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਹੀ ਹਾਈਕੋਰਟ ਵਿਚ ਪੇਸ਼ ਕਰਨ ਦੀ ਇਜਾਜ਼ਤ ਮੰਗੀ।

ਇਸ ਬਾਰੇ ਬਰਵਾਲਾ ਪੁਲਿਸ ਸਟੇਸ਼ਨ ਦੇ ਇੰਸਪੈਕਟਰ ਨੇ ਖੁੱਲ੍ਹੀ ਅਦਾਲਤ ਵਿਚ ਅਰਜ਼ੀ ਵੀ ਦਿੱਤੀ। ਅਦਾਲਤ ਵਿਚ ਜਦੋਂ ਰਾਮਪਾਲ ਨੂੰ ਪੇਸ਼ ਕੀਤਾ ਗਿਆ ਤਾਂ ਉਥੇ ਮੌਜੂਦ ਲੋਕਾਂ ਨੇ 'ਸ਼ਰਮ ਕਰੋ, ਸ਼ਰਮ ਕਰੋ' ਦੇ ਨਾਅਰੇ ਵੀ ਲਾਏ। ਹਾਲਾਂਕਿ ਰਾਮਪਾਲ ਨੇ ਆਸ਼ਰਮ ਵਿਚ ਬੰਕਰ ਹੋਣ ਦੇ ਦੋਸ਼ਾਂ ਤੋਂ ਇਨਕਾਰ ਕੀਤਾ ਤੇ ਕਿਹਾ ਕਿ ਅੰਦਰ ਸਭ ਕੁਝ ਠੀਕ ਠਾਕ ਸੀ। ਅਦਾਲਤ ਦੀ ਕਾਰਵਾਈ ਦੌਰਾਨ ਰਾਮਪਾਲ ਕਟਹਿਰੇ ਵਿਚ ਚੁੱਪਚਾਪ ਨੀਵੀਂ ਪਾਈ ਖੜ੍ਹਾ ਰਿਹਾ। ਉਸ ਨੇ ਵਕੀਲ ਐਸਕੇ ਗਰਗ ਨਰਵਾਣਾ ਨੇ ਬੈਂਚ ਮੂਹਰੇ ਪੇਸ਼ ਨਾ ਹੋਣ ਦਾ ਕਾਰਨ ਦੱਸਿਆ ਕਿ ਰਾਮਪਾਲ ਨੂੰ ਆਸ਼ਰਮ ਅੰਦਰ ਬੰਦੀ ਬਣਾਇਆ ਹੋਇਆ ਸੀ। ਰਾਮਪਾਲ ਨੂੰ ਸਾਊ ਬੰਦਾ ਕਰਾਰ ਦਿੰਦਿਆਂ ਸ੍ਰੀ ਨਰਵਾਣਾ ਨੇ ਉਸ ਦੇ ਨਕਸਲੀਆਂ ਨਾਲ ਸਬੰਧਾਂ ਤੋਂ ਇਨਕਾਰ ਕੀਤਾ। ਬੈਂਚ ਨੇ ਸਪਸ਼ਟ ਕੀਤਾ ਕਿ ਡੀਜੀਪੀ ਦੀ ਰਿਪੋਰਟ ਹਲਫਨਾਮੇ ਦੇ ਰੂਪ ਵਿਚ ਹੋਵੇ ਤੇ ਉਸ ਵਿਚ ਰਾਮਪਾਲ ਦੇ ਹਮਾਇਤੀਆਂ ਵੱਲੋਂ ਹਮਲਾ ਕਰਨ ਨਾਲ ਹੋਏ ਨੁਕਸਾਨ, ਅਪਰੇਸ਼ਨ ਵਿਚ ਜ਼ਖ਼ਮੀ ਹੋਣ ਵਾਲਿਆਂ, ਮ੍ਰਿਤਕਾਂ ਤੇ ਆਸ਼ਰਮ ਵਿਚੋਂ ਮਿਲੇ ਹਥਿਆਰਾਂ ਤੇ ਗੋਲੀ ਸਿੱਕੇ ਦਾ ਵਿਸਤ੍ਰਿਤ ਵੇਰਵਾ ਦਰਜ ਹੋਵੇ। ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਨੂੰ ਅਪਰੇਸ਼ਨ ਦੌਰਾਨ ਹੋਏ ਖਰਚੇ ਦੀ ਰਿਪੋਰਟ ਦਾਖਲ ਕਰਨ ਦੇ ਨਿਰਦੇਸ਼ ਦਿੱਤੇ ਹਨ। ਡਿਵੀਜ਼ਨ ਬੈਂਚ ਨੇ ਹਰਿਆਣਾ ਦੇ ਮੁੱਖ ਸਕੱਤਰ ਤੋਂ ਰਾਮਪਾਲ ਦੀਆਂ ਜਾਇਦਾਦਾਂ ਦੀ ਰਿਪੋਰਟ ਵੀ ਮੰਗੀ ਹੈ।

## ਹਾਈਕੋਰਟ ਨੇ ਡੇਰਿਆਂ 'ਚ ਹਥਿਆਰਾਂ ਬਾਰੇ ਵੇਰਵੇ ਮੰਗੇ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਡਿਵੀਜ਼ਨ ਬੈਂਚ ਨੇ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਦੇ ਡੇਰਿਆਂ ਵਿਚ ਹਥਿਆਰਾਂ ਤੇ ਗੋਲੀ-ਸਿੱਕੇ ਦੀ ਹੁੰਦੀ ਗੈਰ-ਕਾਨੂੰਨੀ ਵਰਤੋਂ 'ਤੇ ਚਿੰਤਾ ਪ੍ਰਗਟ ਕੀਤੀ ਹੈ। ਬੈਂਚ ਨੇ ਐਡਵੋਕੇਟ ਜਨਰਲ ਬੀਆਰ ਮਹਾਜਨ ਨੂੰ ਹਰਿਆਣਾ ਦੇ ਹੋਰਨਾਂ ਡੇਰਿਆਂ ਤੇ ਆਸ਼ਰਮਾਂ ਵਿਚ ਗੈਰ-ਕਾਨੂੰਨੀ ਹਥਿਆਰਾਂ ਤੇ ਗੋਲੀ-ਸਿੱਕੇ ਬਾਰੇ ਜਾਣਕਾਰੀ ਦੇਣ ਲਈ ਕਿਹਾ ਹੈ। ਜੱਜਾਂ ਨੇ ਕਿਹਾ ਕਿ ਹੋਰਾਂ ਡੇਰਿਆਂ ਤੇ ਆਸ਼ਰਮਾਂ ਦੇ ਮੁਖੀਆਂ ਖ਼ਿਲਾਫ਼ ਚੱਲ ਰਹੇ ਕੇਸਾਂ ਤੇ ਗੈਰ-ਜ਼ਮਾਨਤੀ ਵਾਰੰਟਾਂ ਬਾਰੇ ਅਦਾਲਤ ਨੂੰ ਜਾਣਕਾਰੀ ਦਿੱਤੀ ਜਾਵੇ। ਅਦਾਲਤ ਦੇ ਸਹਿਯੋਗੀ ਅਨੁਪਮ ਗੁਪਤਾ ਨੇ ਕਿਹਾ ਕਿ ਧਾਰਮਿਕ ਅਸਥਾਨਾਂ ਵਿਚ ਸਤਲੋਕ ਆਸ਼ਰਮ ਵਰਗੇ ਹਾਲਾਤ ਪੈਦਾ ਹੋਣ 'ਤੇ ਉਨ੍ਹਾਂ ਨਾਲ ਨਜਿੱਠਣ ਲਈ ਹਾਈਕੋਰਟ ਨੂੰ ਹੀ ਕੋਈ ਉਪਾਅ ਦੱਸਣਾ ਚਾਹੀਦਾ ਹੈ ਤੇ ਅਗਲੀ ਸੁਣਵਾਈ ਦੌਰਾਨ ਉਹ ਇਹ ਮਾਮਲਾ ਅਦਾਲਤ ਸਾਹਮਣੇ ਰੱਖਣਗੇ।

## ਅਦਾਲਤੀ ਹੁਕਮਾਂ ਨੂੰ ਟਿੱਚ ਜਾਣਦਾ ਹੈ ਰਾਮਪਾਲ

**ਸਮਰਾਲਾ:** ਸੰਤ ਰਾਮਪਾਲ ਅਦਾਲਤਾਂ ਦੇ ਹੁਕਮਾਂ ਨੂੰ ਟਿੱਚ ਜਾਣਦਾ ਹੈ। ਉਸ ਨੂੰ ਸਮਰਾਲਾ ਅਦਾਲਤ ਨੇ ਪਹਿਲੀ ਜੂਨ ਨੂੰ ਪੇਸ਼ ਹੋਣ 'ਤੇ ਭਗੌੜਾ ਕਰਾਰ ਦਿੱਤਾ ਸੀ। ਇਸ ਮਾਮਲੇ ਦੀ ਅਗਲੀ ਸੁਣਵਾਈ 28 ਨਵੰਬਰ ਨੂੰ ਹੋਣੀ ਹੈ। ਸੰਤ ਰਾਮਪਾਲ ਤੇ ਅੱਠ ਹੋਰਨਾਂ ਖ਼ਿਲਾਫ਼ ਪੰਜ ਜਨਵਰੀ 2013 ਨੂੰ ਸਮਰਾਲਾ ਪੁਲਿਸ ਸਟੇਸ਼ਨ ਵਿਚ ਧਾਰਾ 295 ਏ ਤੇ 120 ਬੀ ਤਹਿਤ ਕੇਸ ਦਰਜ ਕੀਤਾ ਗਿਆ ਸੀ। ਉਨ੍ਹਾਂ 'ਤੇ ਦੋਸ਼ ਹੈ ਕਿ 'ਗਿਆਨ ਗੰਗਾ ਤੇ ਧਰਤੀ ਉਪਰ ਅਵਤਾਰ' ਕਿਤਾਬਾਂ ਵਿਚ ਸਿੱਖ ਗੁਰੂਆਂ ਤੇ ਹੋਰਨਾਂ ਧਰਮਾਂ ਖ਼ਿਲਾਫ਼ ਟਿੱਪਣੀਆਂ ਕੀਤੀਆਂ ਗਈਆਂ ਹਨ। ਸ਼੍ਰੋਮਣੀ ਕਮੇਟੀ ਮੈਂਬਰ ਸਰਬੰਸ ਸਿੰਘ ਮਣਕੀ, ਸਾਬਕਾ ਵਿਧਾਇਕ ਜਗਜੀਵਨ ਸਿੰਘ ਖੀਰਨੀਆ ਤੇ ਨਿਸ਼ਕਾਮ ਸੇਵਾ ਕੇਂਦਰ ਦੇ ਪ੍ਰਧਾਨ ਪਰਮਜੀਤ ਸਿੰਘ ਖ਼ਤਕ ਸਮੇਤ ਕੁਝ ਵਿਅਕਤੀਆਂ ਦੇ ਬਿਆਨਾਂ ਦੇ ਆਧਾਰ 'ਤੇ ਸਮਰਾਲਾ ਪੁਲਿਸ ਨੇ ਰਾਮਪਾਲ ਤੇ ਕਿਤਾਬਾਂ ਦੇ ਲੇਖਕ ਤੇ ਪ੍ਰਿੰਟਰ ਦਿੱਲੀ ਦੇ ਵਸਨੀਕ ਡਾਕਟਰ ਸੂਰਜਪਾਲ ਸਿੰਘ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਪੁਲਿਸ ਨੇ ਇਸ ਮਾਮਲੇ ਵਿਚ ਹੋਰਾਂ ਨੂੰ ਤਾਂ ਗ੍ਰਿਫਤਾਰ ਕਰ ਲਿਆ ਪਰ ਸੰਤ ਰਾਮਪਾਲ ਤੇ ਸੂਰਜਪਾਲ ਅਦਾਲਤ ਵਿਚ ਪੇਸ਼ ਨਾ ਹੋਏ ਤੇ ਨਾ ਹੀ ਪੁਲਿਸ ਨੇ ਗ੍ਰਿਫ਼ਤਾਰ ਕੀਤਾ।

# ਸਰਕਾਰਾਂ ਨਾਲ ਅਕਸਰ ਟਕਰਾਉਂਦੇ ਰਹੇ ਨੇ ਧਾਰਮਿਕ ਆਗੂ

**ਚੰਡੀਗੜ੍ਹ:** ਸਤਲੋਕ ਆਸ਼ਰਮ ਬਰਵਾਲਾ (ਹਿਸਾਰ) ਦੇ ਮੁਖੀ ਰਾਮਪਾਲ ਤੋਂ ਇਲਾਵਾ ਸਾਲ 1996 ਵਿਚ ਚੰਦਰਾਸਵਾਮੀ, 2011 ਵਿਚ ਬਾਬਾ ਰਾਮਦੇਵ, 2012 ਵਿਚ ਡੇਰਾ ਸਿਰਸਾ ਮੁਖੀ, 2013 ਵਿਚ ਬਾਪੂ ਆਸਾ ਰਾਮ ਤੇ 2014 ਵਿਚ ਸ਼ੰਕਰਾਚਾਰੀਆ ਸਵਾਮੀ ਸਵਰੂਪਾਨੰਦ ਸਰਸਵਤੀ ਸਰਕਾਰ ਨਾਲ ਟੱਕਰ ਲੈ ਚੁੱਕੇ ਹਨ। 1996 ਵਿਚ ਚੰਦਰਾਸਵਾਮੀ ਉਰਫ ਨੇਮ ਚੰਦ, ਜਿਹੜੇ ਕਈ ਰਾਜਸੀ ਦਿੱਗਜਾਂ ਦੇ ਅਧਿਆਤਮਿਕ ਗੁਰੂ ਮੰਨੇ ਜਾਂਦੇ ਸਨ ਤੇ ਰਾਜਨੀਤੀ ਵਿਚ ਖਾਸਾ ਪ੍ਰਭਾਵ ਰੱਖਦੇ ਸਨ, ਧੋਖਾਧੜੀ ਮਾਮਲੇ ਦੀ ਲਪੇਟ ਵਿਚ ਆਉਣ ਪਿੱਛੋਂ ਰਾਜਸੀ ਸੁਰੱਖਿਆ ਦੀ ਬਦੌਲਤ ਸਰਕਾਰ ਤੇ ਕਾਨੂੰਨ ਨਾਲ ਅੱਖ ਮਟੱਕਾ ਕਰਦੇ ਰਹੇ। ਅਖੀਰ ਹਾਈਕੋਰਟ ਦੀ ਦਖਲਅੰਦਾਜ਼ੀ ਨੇ ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ ਸੀ। ਦਿੱਲੀ ਵਿਚ ਯੋਗ ਕੈਂਪ ਦੇ ਨਾਂ ਹੇਠ ਅੰਦੋਲਨ ਕਰ ਰਹੇ ਰਾਮਦੇਵ ਨੂੰ 2011 ਵਿਚ ਪੁਲਿਸ ਨੇ ਕਾਬੂ ਕੀਤਾ ਸੀ। ਸਾਲ 2012 ਵਿਚ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਤੇ ਸਿੱਖ ਭਾਈਚਾਰੇ ਵਿਚਾਲੇ ਵੀ ਪੰਜਾਬ-ਹਰਿਆਣਾ ਵਿਚ ਕਈ ਥਾਵਾਂ 'ਤੇ ਹਿੰਸਕ ਟਕਰਾਅ ਹੋਏ। ਦੋ ਲੜਕੀਆਂ ਨਾਲ ਜ਼ਬਰ ਜਨਾਹ ਦੇ ਦੋਸ਼ ਵਿਚ ਆਸਾਰਾਮ ਨੂੰ ਸਾਲ 2013 ਵਿਚ ਪੁਲਿਸ ਨੇ ਗ੍ਰਿਫਤਾਰ ਕਰਨ ਦਾ ਯਤਨ ਕੀਤਾ। ਪੁਲਿਸ ਨੇ ਜੁਲਾਈ 2013 ਵਿਚ ਆਸਾਰਾਮ ਨੂੰ ਕਾਬੂ ਕਰ ਲਿਆ, ਜੋ ਹੁਣ ਤੱਕ ਜੇਲ੍ਹ ਵਿਚ ਹੀ ਹੈ।

# ਆਸ਼ੂਤੋਸ਼ ਸਮਾਧੀ ਬਾਰੇ ਹੁਣ ਪੰਜਾਬ ਸਰਕਾਰ ਦੀ ਵਾਰੀ!

**ਚੰਡੀਗੜ੍ਹ:** ਸਾਲ 2006 ਤੋਂ ਕਤਲ ਤੇ ਕਈ ਹੋਰਨਾਂ ਕੇਸਾਂ ਦਾ ਸਾਹਮਣਾ ਕਰ ਰਹੇ ਬਾਬਾ ਰਾਮਪਾਲ ਨੂੰ ਸਮਾ ਰਹਿੰਦਿਆਂ ਨੱਥ ਪਾਉਣੋਂ ਖੁੰਝੀ ਹਰਿਆਣਾ ਸਰਕਾਰ ਖ਼ਾਸਕਰ ਪੁਲਿਸ ਨੂੰ ਆਖ਼ਰਕਾਰ ਸੂਬੇ ਦੇ ਅਮਨ-ਕਾਨੂੰਨ ਨੂੰ ਵੀ ਸਾਣ 'ਤੇ ਲਾਉਣਾ ਪਿਆ ਤੇ ਹਾਈਕੋਰਟ ਤੋਂ ਝਾੜ-ਝੰਬ ਕਰਵਾਉਣੀ ਪਈ। ਉਥੇ ਹੀ ਨੂਰਮਹਿਲ ਦੇ ਦਿਵਿਆ ਜੋਤੀ ਜਾਗ੍ਰਿਤੀ ਸੰਸਥਾਨ ਦੇ ਬੀਤੀ 29 ਜਨਵਰੀ ਤੋਂ ਹੀ ਡਾਕਟਰੀ ਤੌਰ 'ਤੇ ਮ੍ਰਿਤਕ ਪਰ 'ਸਮਾਧੀ' ਵਿਚ ਪਏ ਆਸ਼ੂਤੋਸ਼ ਦੇ ਮੁੱਦੇ ਉੱਤੇ ਪੰਜਾਬ ਸਰਕਾਰ ਖ਼ਾਸਕਰ ਪੁਲਿਸ ਦੇ ਵਤੀਰੇ ਬਾਰੇ ਚਰਚਾ ਛੇੜ ਦਿੱਤੀ ਹੈ।

ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਅੱਜ-ਭਲਕ ਸੰਭਾਵੀ ਤੌਰ ਉੱਤੇ ਹਾਈਕੋਰਟ ਵੱਲੋਂ ਆਸ਼ੂਤੋਸ਼ ਮੁੱਦੇ ਉੱਤੇ ਵੀ ਆਪਣਾ ਫ਼ੈਸਲਾ ਕਿਤੇ ਅਜਿਹੀਆਂ ਹੀ 'ਸਖ਼ਤ' ਸਤਰਾਂ ਤਹਿਤ ਸੁਣਾ ਦਿੱਤਾ ਜਾਂਦਾ ਹੈ ਤਾਂ ਰਾਜ ਸਰਕਾਰ ਦੇ ਭਾਅ ਦੀ ਬਣ ਸਕਦੀ ਹੈ, ਕਿਉਂਕਿ ਹਾਈਕੋਰਟ ਦੇ ਦਖ਼ਲ ਮਗਰੋਂ ਹੀ ਫ਼ਰਵਰੀ ਮਹੀਨੇ ਪੰਜਾਬ ਸਰਕਾਰ ਨੂੰ ਡਾਕਟਰੀ ਰਿਪੋਰਟਾਂ ਰਾਹੀਂ ਆਸ਼ੂਤੋਸ਼ ਦੇ ਕਲੀਨੀਕਲੀ ਡੈੱਡ ਹੋਣ ਦਾ ਐਲਾਨ ਕਰਨਾ ਪਿਆ ਤੇ ਅਦਾਲਤੀ ਕਿੰਤੂ-ਪ੍ਰੰਤੂ ਹੋਣ 'ਤੇ ਹੀ ਸੰਸਥਾਨ ਨੂੰ ਦਿੱਤੀ ਭਾਰੀ ਜ਼ੈੱਡ ਪਲੱਸ ਸੁਰੱਖਿਆ ਬਾਰੇ ਸਥਿਤੀ ਸਪਸ਼ਟ ਕਰਨੀ ਪਈ।



ਮਾਮਲਾ ਇਸ ਪੱਖੋਂ ਵੀ ਨਾਜ਼ੁਕ ਮੰਨਿਆ ਜਾ ਰਿਹਾ ਹੈ ਕਿ ਹਾਈਕੋਰਟ ਬੈਂਚ ਅਪ੍ਰੈਲ ਮਹੀਨੇ ਹੀ ਸੁਣਵਾਈ ਦੌਰਾਨ ਸਪਸ਼ਟ ਤੌਰ ਉੱਤੇ ਕਹਿ ਚੁੱਕਾ ਹੈ ਕਿ ਜੇਕਰ ਪੰਜਾਬ ਪੁਲਿਸ ਦੀ ਇੱਛਾ-ਸ਼ਕਤੀ ਹੋਵੇ ਤਾਂ ਇਹ ਖ਼ੁਦ ਹੀ ਆਸ਼ੂਤੋਸ਼ ਦੀ ਮੌਤ ਤੋਂ ਪਰਦਾ ਚੁੱਕ ਸਕਦੀ ਹੈ, ਕਿਉਂਕਿ ਪੁਲਿਸ ਵੱਲੋਂ ਹੀ ਮਾਮਲੇ ਵਿਚ ਉਦੋਂ ਤਾਈਂ ਵੀ ਨਾ ਤਾਂ ਕੋਈ ਐਫ.ਆਈ.ਆਰ. ਹੀ ਦਰਜ ਹੋਈ ਤੇ ਨਾ ਹੀ ਕੋਈ ਜਾਂਚ ਕੀਤੀ ਗਈ।

ਹੈਰਾਨੀ ਦੀ ਗੱਲ ਇਹ ਵੀ ਹੈ ਕਿ 29 ਜਨਵਰੀ ਤੋਂ ਬਾਅਦ ਇਸ ਮਾਮਲੇ ਉੱਤੇ ਦਰਜਨਾਂ ਸੁਣਵਾਈਆਂ ਤਹਿਤ ਪੰਜਾਬ ਸਰਕਾਰ, ਪੁਲਿਸ ਵਿਭਾਗ ਦੇ ਅਣਗਿਣਤ ਹਲਫ਼ਨਾਮੇ, ਰਿਪੋਰਟਾਂ ਆਦਿ ਤਾਂ ਹਾਈਕੋਰਟ ਵਿਚ ਆਉਂਦੀਆਂ ਰਹੀਆਂ ਹਨ ਪਰ ਮਸਲੇ ਨੂੰ ਹੱਲ ਕਰਨ ਬਾਬਤ ਸੰਜੀਦਗੀ ਹਾਲੇ ਤੱਕ ਵੀ ਨਹੀਂ ਵਿਖਾਈ ਜਾ ਸਕੀ।

# ਡੇਰਾ ਪ੍ਰੇਮੀਆਂ ਤੇ ਸਿੱਖ ਸੰਗਤ ਦੇ ਟਕਰਾਅ ਵਿਚਾਲੇ ਫਸੀ ਸਰਕਾਰ



**ਮੋਗਾ:** ਫਿਰੋਜ਼ਪੁਰ ਜ਼ਿਲ੍ਹੇ ਦੇ ਬਲਾਕ ਮਖੂ ਅਧੀਨ ਪਿੰਡ ਜੋਗੇਵਾਲਾ ਵਿਖੇ ਸਿੱਖ ਸੰਗਤ ਤੇ ਡੇਰਾ ਪ੍ਰੇਮੀ ਵਿਚਾਲੇ ਛਿੜੇ ਵਿਵਾਦ ਵਿਚ ਪੰਜਾਬ ਸਰਕਾਰ ਕਸੂਤੀ ਫਸ ਗਈ ਹੈ। ਪਰਚਾ ਰੱਦ ਕਰਨ ਦੀ ਮੰਗ ਨੂੰ ਲੈ ਕੇ ਸਿੱਖ ਜਥੇਬੰਦੀਆਂ ਤੇ ਡੇਰਾ ਪ੍ਰੇਮੀਆਂ ਨੇ ਸਰਕਾਰ ਨੂੰ ਸੰਘਰਸ਼ ਦੀ ਚਿਤਾਵਨੀ ਦੇ ਦਿੱਤੀ ਹੈ। ਦੋਵੇਂ ਧਿਰਾਂ ਸਰਕਾਰ 'ਤੇ ਦੋਸ਼ੀਆਂ ਖ਼ਿਲਾਫ ਕਾਰਵਾਈ ਵਿਚ ਢਿੱਲ ਵਰਤਣ ਦੇ ਦੋਸ਼ ਲਾ ਰਹੀਆਂ ਹਨ। ਪ੍ਰੇਮੀਆਂ ਖ਼ਿਲਾਫ਼ ਦਰਜ ਪਰਚੇ ਰੱਦ ਕਰਵਾਉਣ ਲਈ ਡੇਰਾ ਕਮੇਟੀ ਵੱਲੋਂ ਦਿੱਤੇ ਅਲਟੀਮੇਟਮ ਪਿੱਛੋਂ ਇਥੇ ਸਥਾਨਕ ਲੋਕ ਨਿਰਮਾਣ ਆਰਾਮ ਘਰ ਵਿਖੇ ਬਠਿੰਡਾ ਜ਼ੋਨ ਦੇ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਨੇ ਡੇਰਾ ਕਮੇਟੀ ਦੇ ਮੈਂਬਰਾਂ ਨਾਲ ਬੰਦ ਕਮਰਾ ਮੀਟਿੰਗ ਕੀਤੀ। ਅਧਿਕਾਰੀਆਂ ਨੇ ਭਾਵੇਂ ਮਾਮਲਾ ਨਿਬੇੜਨ ਦਾ ਦਾਅਵਾ ਕੀਤਾ ਪਰ ਸਿੱਖ ਜਥੇਬੰਦੀਆਂ ਡੇਰਾ ਕਮੇਟੀ ਨਾਲ ਇਸ ਮੀਟਿੰਗ ਤੋਂ ਕਾਫੀ ਨਾਰਾਜ਼ ਹਨ।

ਇਸ ਦੌਰਾਨ ਏਕ ਨੂਰ ਖਾਲਸਾ ਫ਼ੌਜ ਦੇ ਸੀਨੀਅਰ ਮੀਤ ਪ੍ਰਧਾਨ ਲਖਬੀਰ ਸਿੰਘ ਮਹਾਲਮ ਨੇ ਐਲਾਨ ਕਰ ਦਿੱਤਾ ਕਿ ਜੇਕਰ ਸਿੱਖਾਂ ਖ਼ਿਲਾਫ਼ ਦਰਜ ਕੇਸ ਰੱਦ ਨਾ ਕੀਤਾ ਗਿਆ ਤਾਂ ਪੰਜਾਬ ਪੱਧਰ 'ਤੇ ਸੰਘਰਸ਼ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਐਤਵਾਰ ਨੂੰ ਜੋਗੇਵਾਲਾ ਪਿੰਡ ਵਿਚ ਨਾਮ ਚਰਚਾ ਨਹੀਂ ਹੋਣ ਦਿੱਤੀ ਜਾਵੇਗੀ। ਪੁਲਿਸ ਨੇ ਇਸ ਮਾਮਲੇ ਵਿਚ ਅਜੇ ਤੱਕ ਕਿਸੇ ਵੀ ਧਿਰ ਦਾ ਕੋਈ ਮੁਲਜ਼ਮ ਗ੍ਰਿਫ਼ਤਾਰ ਨਹੀਂ ਕੀਤਾ ਹੈ। ਦੋਵੇਂ ਧਿਰਾਂ ਸਮਝੌਤੇ ਵਾਲੇ ਪਾਸੇ ਆਉਂਦੀਆਂ ਵੀ ਦਿਖਾਈ ਨਹੀਂ ਦੇ ਰਹੀਆਂ। ਮਹਿਮੂਦ ਵਾਲਾ ਵਿਚ ਹੋਈ ਘਟਨਾ ਤੋਂ ਬਾਅਦ ਅਜੇ ਵੀ ਜੋਗੇਵਾਲਾ ਪਿੰਡ ਵਿਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ। ਪੁਲਿਸ ਦੀ ਕੁਇਕ ਐਕਸ਼ਨ ਟੀਮ ਦੇ ਕਮਾਂਡੋ ਪਿੰਡ ਵਿਚ ਤਾਇਨਾਤ ਹਨ। ਦੂਜੇ ਪਾਸੇ ਡੇਰਾ ਪ੍ਰੇਮੀ ਕਮੇਟੀ ਆਗੂ ਮਹਿੰਦਰ ਪਾਲ ਬਿੱਟੂ ਨੇ ਪੁਲਿਸ ਉੱਤੇ ਸ਼ਰ੍ਹੇਆਮ ਘੁੰਮਦੇ ਮੁਲਜ਼ਮਾਂ ਨੂੰ ਗ੍ਰਿਫਤਾਰ ਨਾ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਪੁਲਿਸ ਵਿਰੋਧੀ ਧਿਰ ਦੇ ਗਲਤ ਬਿਆਨ ਦਰਜ ਕਰਕੇ ਡੇਰਾ ਪ੍ਰੇਮੀਆਂ ਨੂੰ ਉਲਝਾ ਰਹੀ ਹੈ। ਉਨ੍ਹਾਂ ਕਿਹਾ ਕਿ ਬਠਿੰਡਾ ਜ਼ੋਨ ਦੇ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਨੇ ਉਨ੍ਹਾਂ ਨੂੰ ਇਨਸਾਫ਼ ਦਾ ਭਰੋਸਾ ਦਿੰਦਿਆਂ ਕਿਹਾ ਕਿ ਕਿਸੇ ਬੇ-ਕਸੂਰ ਨਾਲ ਕੋਈ ਵਧੀਕੀ ਨਹੀਂ ਹੋਵੇਗੀ ਜੋ ਵੀ ਕਸੂਰਵਾਰ ਹੋਇਆ ਉਸ ਦੇ ਹੀ ਖ਼ਿਲਾਫ਼ ਕਾਰਵਾਈ ਹੋਵੇਗੀ।

ਆਈ.ਜੀ. ਉਮਰਾਨੰਗਲ ਦਾ ਕਹਿਣਾ ਹੈ ਕਿ ਮੁੱਢਲੀ ਜਾਂਚ ਵਿਚ ਇਹ ਪਤਾ ਲੱਗਾ ਹੈ ਕਿ ਜਿਸ ਡੇਰਾ ਪ੍ਰੇਮੀ ਦੇ ਘਰ ਨਾਮ ਚਰਚਾ ਸੀ, ਉਸ ਦੇ ਘਰ ਨੂੰ ਜਾਣ ਵਾਲਾ ਇਕੋ-ਇਕ ਰਸਤਾ ਗੁਰਦੁਆਰੇ ਕੋਲੋਂ ਲੰਘਦਾ ਸੀ। ਉਨ੍ਹਾਂ ਕਿਹਾ ਕਿ ਡੀ.ਐਸ.ਪੀ. ਜ਼ੀਰਾ ਦੀ ਕੋਈ ਮੰਦਭਾਵਨਾ ਸਾਹਮਣੇ ਨਹੀਂ ਆਈ ਤੇ ਉਸ ਨੇ ਲੋਕਾਂ ਨੂੰ ਟਕਰਾਅ ਟਾਲਣ ਲਈ ਰੋਕਿਆ ਸੀ। ਇਸ ਘਟਨਾ ਨਾਲ ਜੁੜੇ ਸਾਰੇ ਤੱਥਾਂ ਦੀ ਪੜਤਾਲ ਲਈ ਫ਼ਿਰੋਜ਼ਪੁਰ ਦੇ ਐਸ.ਪੀ. (ਡੀ) ਦੀ ਨਿਗਰਾਨੀ ਹੇਠ ਵਿਸ਼ੇਸ਼ ਜਾਂਚ ਟੀਮ ਬਣਾ ਦਿੱਤੀ ਗਈ ਹੈ।

ਦੱਸਣਯੋਗ ਹੈ ਕਿ ਮਖੂ ਕਾਂਡ ਬਾਰੇ ਡੇਰਾ ਪ੍ਰੇਮੀਆਂ ਖ਼ਿਲਾਫ਼ ਦਰਜ ਕੀਤੇ ਕੇਸ ਨੂੰ ਰੱਦ ਕਰਵਾਉਣ ਲਈ ਪ੍ਰੇਮੀਆਂ ਨੇ 23 ਨਵੰਬਰ ਤੱਕ ਅਲਟੀਮੇਟਮ ਦਿੰਦਿਆਂ ਚਿਤਾਵਨੀ ਦਿੱਤੀ ਸੀ ਕਿ ਇਸ ਘਟਨਾ ਲਈ ਜ਼ਿੰਮੇਵਾਰ ਡੀ.ਐਸ.ਪੀ. ਜ਼ੀਰਾ ਖ਼ਿਲਾਫ਼ ਕਾਰਵਾਈ ਨਾ ਹੋਈ ਤੇ ਇਹ ਪਰਚਾ ਰੱਦ ਨਾ ਗਿਆ ਤਾਂ ਡੇਰਾ ਪ੍ਰੇਮੀ ਸੜਕਾਂ 'ਤੇ ਉਤਰਨ ਲਈ ਮਜਬੂਰ ਹੋਣਗੇ। ਇਸ ਰੋਹ ਤੋਂ ਬਾਅਦ ਪੁਲਿਸ ਨਾਲ ਪੈਦਾ ਹੋਏ ਟਕਰਾਅ ਨੂੰ ਟਾਲਣ ਲਈ ਸੀਨੀਅਰ ਪੁਲਿਸ ਅਫ਼ਸਰਾਂ ਨੇ ਡੇਰਾ ਪ੍ਰੇਮੀਆਂ ਤੱਕ ਪਹੁੰਚ ਕੀਤੀ ਸੀ।

## ਭਾਜਪਾ ਨੇ ਡੇਰਾ ਸਿਰਸਾ ਦਾ ਪੱਖ ਪੂਰਿਆ

**ਚੰਡੀਗੜ੍ਹ:** ਭਾਜਪਾ ਨੇ ਪਿਛਲੇ ਦਿਨਾਂ ਦੌਰਾਨ ਡੇਰਿਆਂ ਦੇ ਸ਼ਰਧਾਲੂਆਂ ਤੇ ਸਿੱਖ ਜਥੇਬੰਦੀਆਂ ਵਿਚਾਲੇ ਹੋਏ ਟਕਰਾਅ 'ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਦਖ਼ਲ ਮੰਗਿਆ ਹੈ। ਮੁੱਖ ਮੰਤਰੀ ਨੂੰ ਲਿਖੇ ਪੱਤਰ ਵਿਚ ਭਾਰਤੀ ਜਨਤਾ ਪਾਰਟੀ ਦੇ ਕੌਮੀ ਸਕੱਤਰ ਤਰੁਣ ਚੁੱਘ ਨੇ ਕਿਹਾ ਹੈ ਕਿ ਸਰਕਾਰ ਕਾਨੂੰਨ ਵਿਵਸਥਾ ਦੀ ਸਥਿਤੀ ਕਾਇਮ ਰੱਖਣ ਤੇ ਆਪਸੀ ਭਾਈਚਾਰਾ ਬਣਾਈ ਰੱਖਣ ਲਈ ਠੋਸ ਕਦਮ ਚੁੱਕੇ। ਸ੍ਰੀ ਚੁੱਘ ਨੇ ਕਿਹਾ ਕਿ ਡੇਰਿਆਂ ਦੇ ਸ਼ਰਧਾਲੂਆਂ ਨੂੰ ਆਪਣਾ ਪ੍ਰਚਾਰ ਕਰਨ ਤੋਂ ਰੋਕਣ ਦੀਆਂ ਘਟਨਾਵਾਂ ਚਿੰਤਾਜਨਕ ਹਨ। ਡੇਰਾ ਸਿਰਸਾ ਦਾ ਪੱਖ ਪੂਰਦਿਆਂ ਭਾਜਪਾ ਆਗੂ ਨੇ ਕਿਹਾ ਕਿ ਇਸ ਡੇਰੇ ਵੱਲੋਂ ਕਈ ਤਰ੍ਹਾਂ ਦੇ ਸਮਾਜ ਭਲਾਈ ਦੇ ਕੰਮ ਵੀ ਕੀਤੇ ਜਾਂਦੇ ਹਨ। ਉਨ੍ਹਾਂ ਸ੍ਰੀ ਬਾਦਲ ਤੋਂ ਨਿੱਜੀ ਦਖ਼ਲ ਦੀ ਮੰਗ ਕਰਦਿਆਂ ਕਿਹਾ ਕਿ ਪਿਛਲੇ ਦਿਨਾਂ ਦੌਰਾਨ ਵਾਪਰੀਆਂ ਘਟਨਾਵਾਂ ਤੋਂ ਸਬਕ ਲੈਂਦਿਆਂ ਭਵਿੱਖ ਵਿਚ ਕੋਈ ਘਟਨਾ ਨਾ ਵਾਪਰੇ, ਇਸ ਦੇ ਲਈ ਸਰਕਾਰ ਠੋਸ ਬੰਦੋਬਸਤ ਕਰੇ।

LAW OFFICE OF NIRWAN & ASSOCIATES

SACRAMENTO



Jagdip S. Nirwan

1104 Corporate Way
Sacramento, CA 95831

CALL US TODAY

Tel: 916-832-3144
Fax: 925-264-5078
www.nirwanlaw.com

- IMMIGRATION LAW
- TAX LAW
- TAX PREPARATION
- BUSINESS INCORPORATION
- BUSINESS LITIGATION

*To Advertise with Punjab Times Call: 847-359-0746*

COVERED CALIFORNIA™

ਬਹੁਤ ਵਾਜਬ ਭਾਅ 'ਤੇ ਵਧੀਆ ਹੈਲਥ ਇੰਸ਼ੋਰੈਂਸ

ਬੇਅ ਏਰੀਆ ਅਤੇ ਸੈਂਟਰ ਵੈਲੀ ਦੇ ਸ਼ਹਿਰਾਂ ਵਿਚ

ਅਸੀਂ ਓਬਾਮਾ ਕੇਅਰ ਅਤੇ ਮੈਡੀ-ਕੈਲ ਦੀਆਂ ਰੀਨਿਊਲ ਅਤੇ ਨਵੀਆਂ ਅਰਜੀਆਂ ਮੁਫਤ ਭਰਦੇ ਹਾਂ

*ਓਪਨ ਇਨਰੋਲਮੈਂਟ 15 ਨਵੰਬਰ 2014 ਤੋਂ 15 ਫਰਵਰੀ 2015 ਤੱਕ ਹੈ*

*ਆਪਣੇ ਸਰਟੀਫਾਈਡ ਇੰਸ਼ਰੈਂਸ ਏਜੈਂਟ ਨਾਲ ਸੰਪਰਕ ਕਰੋ*

**Jarnail Singh Lallria (License # 0C19939)**

**Phone: (408) 728-0795**

**Fax: (209) 216-5502**
**E-mail: Jarnail_lallria@yahoo.com**


# ਭਾਰਤ ਵਿਚ 800 ਸਾਲਾਂ ਬਾਅਦ ਹਿੰਦੂਆਂ ਹੱਥ ਸੱਤਾ ਆਈ: ਸਿੰਘਲ

**ਨਵੀਂ ਦਿੱਲੀ:** ਦਿੱਲੀ ਵਿਚ ਵਿਸ਼ਵ ਹਿੰਦੂ ਕਾਂਗਰਸ ਵਿਚ ਵਿਸ਼ਵ ਹਿੰਦੂ ਪਰਿਸ਼ਦ ਦੇ ਆਗੂ ਅਸ਼ੋਕ ਸਿੰਘਲ ਨੇ ਵਿਵਾਦਮਈ ਬਿਆਨ ਦਿੱਤਾ ਹੈ। ਸਿੰਘਲ ਨੇ ਪ੍ਰੋਗਰਾਮ ਦੌਰਾਨ ਕਿਹਾ ਕਿ ਦਿੱਲੀ ਵਿਚ 800 ਸਾਲਾਂ ਬਾਅਦ ਹਿੰਦੂ ਸਰਕਾਰ ਬਣੀ ਹੈ। ਉਨ੍ਹਾਂ ਕਿਹਾ ਕਿ ਪ੍ਰਿਥਵੀਰਾਜ ਚੌਹਾਨ ਤੋਂ ਬਾਅਦ ਪਹਿਲੀ ਵਾਰੀ ਹਿੰਦੂਆਂ ਦੇ ਹੱਥ ਵਿਚ ਸੱਤਾ ਆਈ ਹੈ। ਜ਼ਿਕਰਯੋਗ ਹੈ ਕਿ ਰਾਜਧਾਨੀ ਦਿੱਲੀ ਵਿਚ ਤਿੰਨ ਦਿਨਾਂ ਵਿਸ਼ਵ ਹਿੰਦੂ ਕਾਂਗਰਸ ਕਰਵਾਈ ਗਈ ਸੀ ਜਿਸ ਵਿਚ 40 ਦੇਸ਼ਾਂ ਦੇ ਤਕਰੀਬਨ 1500 ਪ੍ਰਤੀਨਿਧਾਂ ਨੇ ਹਿੱਸਾ ਲਿਆ।

ਸਿੰਘਲ ਨੇ ਇਸ ਮੌਕੇ ਕਿਹਾ ਕਿ ਵੀ. ਐਚ. ਪੀ. ਦਾ ਉਦੇਸ਼ ਨਿਡਰ ਅਜੇਤੂ ਹਿੰਦੂ ਬਣਾਉਣਾ ਹੈ। ਜਦੋਂ ਸਾਡੇ ਕਾਰਕੁਨ ਰਾਮ ਜਨਮਭੂਮੀ ਵੱਲ ਆਏ, ਮੁਲਾਇਮ ਯਾਦਵ ਨੇ ਕਿਹਾ ਸੀ ਕਿ ਜੋ ਆਏਗਾ ਉਹ ਆਖ਼ਰੀ ਵਾਰੀ ਆਵੇਗਾ। ਫਿਰ ਵੀ ਪੰਜ ਲੱਖ ਤੋਂ ਜ਼ਿਆਦਾ ਹਿੰਦੂ ਉਥੇ ਆਏ ਤੇ ਸੱਤ ਥਾਵਾਂ 'ਤੇ ਉਨ੍ਹਾਂ ਨੂੰ ਰੋਕਿਆ ਗਿਆ। ਅਖ਼ੀਰ 60 ਹਜ਼ਾਰ ਲੋਕ ਉਥੇ ਪੁੱਜੇ ਤੇ ਝੰਡੇ ਗੱਡ ਦਿੱਤੇ। ਹਿੰਦੂ ਸਮਾਜ ਦੁਨੀਆਂ ਬਦਲੇਗਾ ਤੇ ਅਸ਼ਾਂਤੀ ਨੂੰ ਖ਼ਤਮ ਕਰੇਗਾ। ਕੇਂਦਰੀ ਵਿਦਿਆਲਿਆਂ ਵਿਚ ਜਰਮਨ ਭਾਸ਼ਾ ਦੀ ਥਾਂ ਸੰਸਕ੍ਰਿਤ ਪੜ੍ਹਾਉਣ 'ਤੇ ਪੈਦਾ ਵਿਵਾਦ ਬਾਰੇ ਸਿੰਘਲ ਨੇ ਕਿਹਾ ਕਿ ਸੰਸਕ੍ਰਿਤ ਦੀ ਪੜ੍ਹਾਈ ਨੂੰ ਲਾਜ਼ਮੀ ਬਣਾਇਆ ਜਾਣਾ ਚਾਹੀਦਾ ਹੈ। ਅਸ਼ੋਕ ਸਿੰਘਲ ਤੋਂ ਪਹਿਲਾਂ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੇ ਕਿਹਾ ਕਿ ਦੁਨੀਆਂ ਨੂੰ ਸਿਖਾਉਣ ਦਾ ਕੰਮ ਹਿੰਦੂਆਂ ਨੇ ਕੀਤਾ ਹੈ। ਉਨ੍ਹਾਂ ਕਿਹਾ ਕਿ ਚੰਗਾ ਸੱਚਾ ਹਿੰਦੂ ਬਣ ਕੇ ਅਸੀਂ ਸਿਰਫ਼ ਦੁਨੀਆ ਵੱਲ ਵੇਖਾਂਗੇ ਤਾਂ ਕੰਮ ਹੋ ਜਾਵੇਗਾ, ਇਸ ਲਈ ਸਾਨੂੰ ਵਿਚਾਰ ਕਰਨਾ ਹੈ ਕਿ ਅਸੀਂ ਕਿਥੇ ਹਾਂ ਤੇ ਸਾਨੂੰ ਕਿੱਥੇ ਜਾਣਾ ਹੈ।

## ਕਾਵਿ-ਮਹਿਫਿਲ ਅਤੇ ਕਹਾਣੀ ਦਰਬਾਰ 7 ਦਸੰਬਰ ਨੂੰ

**ਸਟਾਕਟਨ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਸਥਾਨਕ ਇਕਾਈ ਵੱਲੋਂ ਇਕ ਕਹਾਣੀ ਦਰਬਾਰ ਅਤੇ ਕਾਵਿ-ਮਹਿਫਿਲ ਇੰਡੀਅਨ ਕੁਜ਼ੀਨ (2233 ਗ੍ਰੈਂਡ ਕੈਨਾਲ ਬੁਲੇਵਾਰਡ, ਸੁਈਟ 205) ਸਟਾਕਟਨ ਵਿਚ 7 ਦਸੰਬਰ, ਐਤਵਾਰ ਨੂੰ ਸਵੇਰੇ 11 ਤੋਂ ਸ਼ਾਮ 5 ਵਜੇ ਤੱਕ ਕਰਵਾਇਆ ਜਾਵੇਗਾ।

ਇਕਾਈ ਵਲੋਂ ਜਾਰੀ ਬਿਆਨ ਅਨੁਸਾਰ ਇਸ ਮੌਕੇ ਕਹਾਣੀਕਾਰ ਆਪਣੀਆਂ ਕਹਾਣੀਆਂ ਸੁਣਾਉਣਗੇ ਅਤੇ ਉਨ੍ਹਾਂ ਉਪਰ ਵਿਚਾਰ-ਵਟਾਂਦਰਾ ਹੋਵੇਗਾ। ਦੂਜੇ ਸੈਸ਼ਨ ਵਿਚ ਇਕ ਕਾਵਿ-ਮਹਿਫਿਲ ਹੋਵੇਗੀ। ਸਮਾਗਮ ਦੇ ਮੁੱਖ ਮਹਿਮਾਨ ਕਹਾਣੀਕਾਰ ਅਮਰਜੀਤ ਚਾਹਲ (ਕੈਨੇਡਾ) ਹੋਣਗੇ। ਹੋਰ ਜਾਣਕਾਰੀ ਲਈ ਹਰਜਿੰਦਰ ਪੰਧੇਰ (ਫੋਨ: 209-610-5055) ਜਾਂ ਪ੍ਰੋ. ਹਰਭਜਨ ਸਿੰਘ (ਫੋਨ: 209-222-3866) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## Matrimonial

### ਕੰਨਿਆ ਦੀ ਲੋੜ

Looking for a girl 22-24 years, 5'-4" or above, bachelor degree as well in the US or Canada for US citizen boy, age 25, 5'-10", BS Edu. working with a great company. Send picture and bio-data to bsimerb@yahoo.com or Call 608-320-5065 *48-49*

ਜੱਟ ਸਿੱਖ, ਉਮਰ 24 ਸਾਲ, ਕੱਦ 5'-8", ਪ੍ਰਾਈਵੇਟ ਕੰਪਨੀ ਵਿਚ ਕੰਮ ਕਰਦੇ, ਗਰੀਨ ਕਾਰਡ ਹੋਲਡਰ ਲੜਕੇ ਲਈ ਅਮਰੀਕਾ ਜਾਂ ਕੈਨੇਡਾ ਰਹਿੰਦੇ ਜੱਟ ਸਿੱਖ ਵੈਸ਼ਨੂੰ ਪਰਿਵਾਰ ਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਪਰਿਵਾਰ (ਇਕ ਭਰਾ ਤੇ ਮਾਪੇ) ਅਮਰੀਕਾ ਵਿਚ ਹਨ। ਸੰਪਰਕ ਕਰੋ, ਫੋਨ: 917-200-2534


# ਲਾਂਗਰੀ ਦੀ ਲੋੜ ਹੈ

ਗੁਰਦੁਆਰਾ ਸੰਤ ਸਾਗਰ, ਨਿਊ ਯਾਰਕ ਲਈ ਤਜਰਬੇਕਾਰ ਲਾਂਗਰੀ ਦੀ ਲੋੜ ਹੈ

*ਚਾਹਵਾਨ ਸੰਪਰਕ ਕਰਨ*

ਫੋਨ: 718-343-1030 (ਗੁਰੂ ਘਰ)
347-301-2428 (ਰਛਪਾਲ ਸਿੰਘ)

TRAVELOPOD.COM

Lowest fares to INDIA 'GUARANTEED'

Black Friday ALL WEEK LONG

BOOK BY PHONE* & SAVE UPTO $250

WE BEAT ANY QUOTE (T&C APPLY)

*Conditions apply

CALL FOR THE BEST UNPUBLISHED DEALS 1-855-436-0728

Fly to INDIA with fares starting from :
FROM NYC : $690
FROM LAX : $720
FROM SFO : $720
FROM CHICAGO : $690
Domestic & International Special Deals available from ALL CITIES.

WHY BOOK WITH TRAVELOPOD?
Customer Satisfaction
Best Fare Guarantee on Dom & Inl Flights
Excellent Service
24x7 Live Support

LUXURY HOLIDAY TOURS
Golden Triangle with Rajasthan : $500
Enchanting Kerala from : $650
African Tours with Safari from : $750
Europe Tours from : $790

Travelopod- Where Service Matters

CST # 2112418-40

# ਗੁਜਰਾਤ ਦੇ ਪੰਜਾਬੀ ਕਿਸਾਨਾਂ ਨਾਲ ਵਾਅਦੇ ਤੋਂ ਮੁੱਕਰੇ ਮੋਦੀ

**ਬਠਿੰਡਾ:** ਗੁਜਰਾਤ ਸਰਕਾਰ ਵੱਲੋਂ ਪੰਜਾਬੀ ਕਿਸਾਨਾਂ ਦਾ ਉਜਾੜਾ ਰੋਕਣ ਵਾਸਤੇ ਸੁਪਰੀਮ ਕੋਰਟ ਵਿਚੋਂ ਕੇਸ ਵਾਪਸ ਨਹੀਂ ਲਿਆ ਜਾਵੇਗਾ। ਗੁਜਰਾਤ ਸਰਕਾਰ ਦੇ ਮਾਲ ਵਿਭਾਗ ਨੇ ਇਸ ਬਾਰੇ ਸਪਸ਼ਟ ਇਸ਼ਾਰਾ ਕੀਤਾ ਹੈ। ਵਿਭਾਗ ਦੇ ਉੱਚ ਅਫ਼ਸਰਾਂ ਦਾ ਕਹਿਣਾ ਹੈ ਕਿ ਸੁਪਰੀਮ ਕੋਰਟ ਵਿਚੋਂ ਪੰਜਾਬੀ ਕਿਸਾਨਾਂ ਦੇ ਮਾਮਲੇ 'ਤੇ ਪਾਈ ਸਪੈਸ਼ਲ ਲੀਵ ਪਟੀਸ਼ਨ ਵਾਪਸ ਲੈਣ ਬਾਰੇ ਕੋਈ ਕਾਰਵਾਈ ਨਹੀਂ ਹੋ ਰਹੀ ਹੈ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਲੋਕ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ 24 ਫਰਵਰੀ 2014 ਨੂੰ ਜਗਰਾਓਂ ਰੈਲੀ ਵਿਚ ਐਲਾਨ ਕੀਤਾ ਸੀ ਕਿ ਗੁਜਰਾਤ ਵਿਚ ਕਿਸੇ ਵੀ ਪੰਜਾਬੀ ਕਿਸਾਨ ਦੀ ਜ਼ਮੀਨ ਖੋਹੀ ਨਹੀਂ ਜਾਵੇਗੀ। ਇਹ ਹਕੀਕਤ ਸਾਹਮਣੇ ਆਈ ਹੈ ਕਿ ਤਕਰੀਬਨ ਨੌਂ ਮਹੀਨਿਆਂ ਮਗਰੋਂ ਵੀ ਗੁਜਰਾਤ ਸਰਕਾਰ ਆਪਣੇ ਸਟੈਂਡ ਤੋਂ ਪਿੱਛੇ ਨਹੀਂ ਹਟੀ ਹੈ। ਮਾਲ ਵਿਭਾਗ ਗੁਜਰਾਤ ਦੇ ਅਧੀਨ ਸਕੱਤਰ ਅਜੇ ਭੱਟ ਵੱਲੋਂ ਆਰ.ਟੀ.ਆਈ. ਤਹਿਤ ਮੰਗੀ ਸੂਚਨਾ ਦੇ ਜੁਆਬ ਵਿਚ ਉਕਤ ਖੁਲਾਸਾ ਕੀਤਾ ਗਿਆ



ਹੈ। ਮਾਲ ਵਿਭਾਗ ਵੱਲੋਂ ਦਿੱਤੀ ਜਾਣਕਾਰੀ ਵਿਚ ਕਿਹਾ ਗਿਆ ਹੈ ਕਿ ਗੁਜਰਾਤ ਵਿਚ ਰਹਿੰਦੇ ਪੰਜਾਬੀ ਕਿਸਾਨਾਂ ਦਾ ਕੇਸ ਇਸ ਵੇਲੇ ਸੁਪਰੀਮ ਕੋਰਟ ਵਿਚ ਹੈ। ਗੁਜਰਾਤ ਸਰਕਾਰ ਵੱਲੋਂ ਸੁਪਰੀਮ ਕੋਰਟ ਵਿਚੋਂ ਇਹ ਕੇਸ ਵਾਪਸ ਲੈਣ ਬਾਰੇ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ ਤੇ ਨਾ ਹੀ ਕੇਸ ਵਾਪਸ ਲੈਣ ਬਾਰੇ ਕੋਈ ਪੱਤਰ ਵਿਹਾਰ ਕੀਤਾ ਗਿਆ ਹੈ।

ਪੰਜਾਬੀ ਕਿਸਾਨਾਂ ਨੇ ਸਾਲ 2008 ਵਿਚ ਜ਼ਮੀਨਾਂ ਦੀ ਮਾਲਕੀ ਦੇ ਹੱਕ ਰੱਖਣ ਖਾਤਰ ਪਟੀਸ਼ਨ ਦਾਇਰ ਕੀਤੀ ਸੀ। ਦਰਅਸਲ, ਗੁਜਰਾਤ ਸਰਕਾਰ ਨੇ ਕਈ ਪੰਜਾਬੀ ਕਿਸਾਨਾਂ ਨੂੰ ਜ਼ਮੀਨਾਂ ਤੋਂ ਬੇਦਖਲ ਕਰਨ ਦੇ ਨੋਟਿਸ ਦੇ ਦਿੱਤੇ ਸਨ। ਤਤਕਾਲੀ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ 1965-66 ਵਿਚ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਨੂੰ ਕੌਮਾਂਤਰੀ ਸੀਮਾ ਦੇ ਨਾਲ ਪੈਂਦੇ ਕੱਛ ਖੇਤਰ ਵਿਚ ਜ਼ਮੀਨਾਂ ਦੀ ਅਲਾਟਮੈਂਟ ਕੀਤੀ ਸੀ ਜਿਨ੍ਹਾਂ ਨੇ ਭਾਰੀ ਮਸ਼ੱਕਤ ਨਾਲ ਇਨ੍ਹਾਂ ਜ਼ਮੀਨਾਂ ਨੂੰ ਜਰਖੇਜ਼ ਬਣਾਇਆ ਸੀ।

ਗੁਜਰਾਤ ਹਾਈ ਕੋਰਟ ਨੇ ਜੁਲਾਈ 2012 ਵਿਚ ਪੰਜਾਬੀ ਕਿਸਾਨਾਂ ਦੇ ਹੱਕ ਵਿਚ ਫ਼ੈਸਲਾ ਸੁਣਾ ਦਿੱਤਾ ਸੀ ਜਿਸ ਕਰਕੇ ਇਕ ਵਾਰ ਕਿਸਾਨਾਂ ਕੋਲ ਜ਼ਮੀਨਾਂ ਦੀ ਮਾਲਕੀ ਦੇ ਹੱਕ ਬਰਕਰਾਰ ਰਹਿ ਗਏ ਸਨ। ਗੁਜਰਾਤ ਸਰਕਾਰ ਨੇ ਹਾਈਕੋਰਟ ਦੇ ਫ਼ੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇ ਦਿੱਤੀ ਸੀ। ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਇਹ ਗੁਜਰਾਤ ਸਰਕਾਰ ਵੱਲੋਂ ਪੰਜਾਬੀ ਕਿਸਾਨਾਂ ਨਾਲ ਵੱਡਾ ਧੱਕਾ ਹੈ। ਸ੍ਰੀ ਮੋਦੀ ਨੇ ਪੰਜਾਬ ਸਰਕਾਰ ਤੇ ਸ਼੍ਰੋਮਣੀ ਅਕਾਲੀ ਦਲ ਨਾਲ ਸੁਪਰੀਮ ਕੋਰਟ ਵਿਚੋਂ ਕੇਸ ਵਾਪਸ ਕਰਵਾਉਣ ਦਾ ਵਾਅਦਾ ਕੀਤਾ ਸੀ।

## ਕਾਲਾ ਧਨ: ਸੰਸਦ 'ਚ ਸਰਕਾਰ 'ਤੇ ਚੁਫੇਰਿਓਂ ਹਮਲੇ

**ਨਵੀਂ ਦਿੱਲੀ:** ਪਾਰਲੀਮੈਂਟ ਵਿਰੋਧੀ ਧਿਰ ਨੇ ਕਾਲੇ ਧਨ ਦੇ ਮੁੱਦੇ 'ਤੇ ਸਰਕਾਰ ਨੂੰ ਨਿਸ਼ਾਨਾ ਬਣਾਉਂਦਿਆਂ ਸਵਾਲ ਉਠਾਇਆ ਕਿ ਆਖਰ ਭਾਜਪਾ ਨੇ ਆਪਣੇ ਇਸ ਚੁਣਾਵੀ ਵਾਅਦੇ ਨੂੰ ਪੂਰਾ ਕਰਨ ਲਈ ਕੀ ਕੀਤਾ ਹੈ। ਇਸ 'ਤੇ ਸਰਕਾਰ ਨੂੰ ਭਰੋਸਾ ਦੇਣਾ ਪਿਆ ਕਿ ਇਸ 'ਤੇ ਬਹਿਸ ਕਰਵਾਈ ਜਾ ਸਕਦੀ ਹੈ।

ਲੋਕ ਸਭਾ ਤੇ ਰਾਜ ਸਭਾ, ਦੋਵਾਂ ਵਿਚ ਹੰਗਾਮਾ ਹੋਇਆ ਜਿਸ ਕਰਕੇ ਥੋੜ੍ਹੀ ਦੇਰ ਲਈ ਕਾਰਵਾਈ ਰੋਕਣੀ ਪਈ। ਤ੍ਰਿਣਮੂਲ ਕਾਂਗਰਸ, ਕਾਂਗਰਸ, ਰਾਸ਼ਟਰੀ ਜਨਤਾ ਦਲ, ਸਮਾਜਵਾਦੀ ਪਾਰਟੀ, ਆਮ ਆਦਮੀ ਪਾਰਟੀ ਦੇ ਮੈਂਬਰਾਂ ਨੇ




ਲੋਕ ਸਭਾ ਸਪੀਕਰ ਦੇ ਆਸਣ ਮੂਹਰੇ ਇਕੱਠੇ ਹੋ ਕੇ ਕਿਹਾ ਕਿ "100 ਦਿਨ ਪੂਰੇ ਹੋ ਗਏ ਹਨ, ਕਾਲਾ ਧਨ ਕਿੱਥੇ ਹੈ।

ਵਿਰੋਧੀ ਧਿਰ ਦੇ ਮੈਂਬਰਾਂ ਨੇ ਕਿਹਾ ਕਿ ਭਾਜਪਾ ਨੇ ਸੱਤਾ ਸੰਭਾਲਣ ਤੋਂ 100 ਦਿਨਾਂ ਦੇ ਅੰਦਰ-ਅੰਦਰ ਕਾਲਾ ਧਨ ਵਾਪਸ ਲਿਆਉਣ ਦਾ ਵਾਅਦਾ ਕੀਤਾ ਸੀ ਪਰ ਹੁਣ ਤੱਕ ਕਾਣੀ ਕੌਡੀ ਵੀ ਵਾਪਸ ਨਹੀਂ ਆਈ। ਸੰਸਦੀ ਮਾਮਲਿਆਂ ਬਾਰੇ ਮੰਤਰੀ ਐਮ. ਵੈਂਕਈਆ ਨਾਇਡੂ ਨੇ ਕਿਹਾ ਕਿ ਸਰਕਾਰ ਕੋਲ ਛੁਪਾਉਣ ਲਈ ਕੁਝ ਵੀ ਨਹੀਂ ਹੈ ਤੇ ਉਹ ਬਹਿਸ ਲਈ ਤਿਆਰ ਹਨ। ਰਾਜ ਸਭਾ ਵਿਚ ਜਨਤਾ ਦਲ (ਯੂ), ਸਮਾਜਵਾਦੀ ਪਾਰਟੀ ਤੇ ਤ੍ਰਿਣਮੂਲ ਕਾਂਗਰਸ ਦੇ ਮੈਂਬਰਾਂ ਨੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

## ਬਰਤਾਨੀਆ ਵਿਚ ਅਤਿਵਾਦ ਵਿਰੋਧੀ ਨਵੇਂ ਕਾਨੂੰਨ ਦੀ ਤਿਆਰੀ

**ਲੰਡਨ:** ਅਤਿਵਾਦ ਦੇ ਵਧਦੇ ਖਤਰੇ ਨਾਲ ਸਿੱਝਣ ਲਈ ਬਰਤਾਨੀਆ ਸਰਕਾਰ ਨੇ ਅਜਿਹੇ ਸਖਤ ਕਦਮ ਚੁੱਕਣ ਦਾ ਐਲਾਨ ਕੀਤਾ, ਜਿਸ ਤਹਿਤ ਅਤਿਵਾਦੀਆਂ ਨੂੰ ਫਿਰੌਤੀਆਂ ਦੇਣ ਦਾ ਖਰਚਾ ਚੁੱਕਣ ਵਾਲੀਆਂ ਬੀਮਾ ਕੰਪਨੀਆਂ 'ਤੇ ਪਾਬੰਦੀ ਸ਼ਾਮਲ ਹੈ। ਇਹ ਕਦਮ ਅਤਿਵਾਦ ਵਿਰੋਧੀ ਤੇ ਸੁਰੱਖਿਆ ਬਿੱਲ ਵਿਚ ਸੁਝਾਏ ਗਏ ਹਨ। ਇਹ ਬਿੱਲ ਛੇਤੀ ਸੰਸਦ ਸਾਹਮਣੇ ਰੱਖਿਆ ਜਾਵੇਗਾ।

## ਗੈਰ-ਕਾਨੂੰਨੀ ਪਰਵਾਸੀਆਂ ਨੂੰ ਧਰਵਾਸ

*(ਸਫਾ ਇਕ ਦੀ ਬਾਕੀ)*

ਸੁਧਾਰਾਂ ਦਾ ਵਿਰੋਧ ਕਰਨ ਵਾਲਿਆਂ ਵਲੋਂ ਲਾਏ ਜਾ ਰਹੇ ਇਨ੍ਹਾਂ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਕਿ ਉਹ ਬਿਨਾਂ ਜਾਇਜ਼ ਦਸਤਾਵੇਜ਼ ਵਾਲੇ ਪਰਵਾਸੀਆਂ ਨੂੰ ਆਸਾਨੀ ਨਾਲ ਬਚ ਕੇ ਨਿਕਲਣ ਦੇ ਰਹੇ ਹਨ।ਪਰਵਾਸੀਆਂ ਖਾਸ ਕਰ ਕੇ ਭਾਰਤੀਆਂ ਦੇ ਮੌਲਿਕ ਅਤੇ ਉਦਮੀ ਹੁਨਰ ਦੀ ਪ੍ਰਸ਼ੰਸਾ ਕਰਦਿਆਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਪਰਵਾਸੀ ਸੁਧਾਰਾਂ ਦੀ ਜ਼ੋਰਦਾਰ ਪੈਰਵੀ ਕਰਦਿਆਂ ਆਖਿਆ ਕਿ ਬਿਹਤਰੀਨ ਅਤੇ ਹੋਣਹਾਰ ਵਿਦਿਆਰਥੀਆਂ ਅਤੇ ਪ੍ਰੋਫੈਸ਼ਨਲਾਂ ਨੂੰ ਅਮਰੀਕਾ ਵਿੱਚ ਟਿਕੇ ਰਹਿਣ ਲਈ ਹੱਲਾਸ਼ੇਰੀ ਦਿੱਤੀ ਜਾਣੀ ਚਾਹੀਦੀ ਹੈ।

ਪਰਵਾਸੀ ਢਾਂਚੇ ਦੀਆਂ ਚੂਲਾਂ ਕੱਸਣ ਲਈ ਐਲਾਨ ਤੋਂ ਇਕ ਦਿਨ ਬਾਅਦ ਸ੍ਰੀ ਸ੍ਰੀ ਓਬਾਮਾ ਨੇ ਲਾਸ ਵੇਗਾਸ ਵਿੱਚ ਆਖਿਆ, "ਅਸੀਂ ਆਪਣੀਆਂ ਯੂਨੀਵਰਸਿਟੀਆਂ ਵਿਚ ਦੁਨੀਆਂ ਭਰ ਦੇ ਨੌਜਵਾਨਾਂ ਨੂੰ ਪੜ੍ਹਾਉਂਦੇ ਹਾਂ ਅਤੇ ਫਿਰ ਉਨ੍ਹਾਂ ਨੂੰ ਵਾਪਸ ਵਤਨ ਭੇਜ ਦਿੰਦੇ ਹਾਂ ਹਾਲਾਂਕਿ ਕਈ ਇੱਥੇ ਰਹਿ ਕੇ ਕਾਰੋਬਾਰ ਸ਼ੁਰੂ ਕਰਨਾ ਚਾਹੁੰਦੇ ਜਾਂ ਕੋਈ ਖਾਸ ਕਿਸਮ ਦਾ ਹੁਨਰ ਸਿਖਣਾ ਚਾਹੁੰਦੇ ਹਨ। ਅਸੀਂ ਉਨ੍ਹਾਂ ਨੂੰ ਵਾਪਸ ਭੇਜ ਦਿੰਦੇ ਹਾਂ ਜੋ ਪਿੱਛੋਂ ਸਾਡੇ ਹੀ ਸ਼ਰੀਕ ਬਣ ਜਾਂਦੇ ਹਨ। ਇਸ ਲਈ ਸਾਨੂੰ ਬਿਹਤਰੀਨ ਅਤੇ ਹੋਣਹਾਰ ਨੌਜਵਾਨਾਂ ਨੂੰ ਇੱਥੇ ਪੜ੍ਹਨ, ਟਿਕੇ ਰਹਿਣ ਅਤੇ ਨਿਵੇਸ਼ ਕਰਨ ਲਈ ਪ੍ਰੇਰਨਾ ਚਾਹੀਦਾ ਹੈ।"

## ਸੰਯੁਕਤ ਰਾਸ਼ਟਰ ਵਿਚ ਬਾਲ ਵਿਆਹ ਵਿਰੁੱਧ ਮਤਾ ਪਾਸ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਵਿਚ ਬਾਲ ਵਿਆਹ 'ਤੇ ਰੋਕ ਲਾਉਣ ਲਈ ਪਹਿਲੀ ਵਾਰ ਇਕ ਪ੍ਰਸਤਾਵ ਪਾਸ ਕੀਤਾ ਗਿਆ ਹੈ। ਇਸ ਪ੍ਰਸਤਾਵ ਵਿਚ ਦੁਨੀਆਂ ਭਰ ਦੇ ਦੇਸ਼ਾਂ ਦੀਆਂ ਸਰਕਾਰਾਂ ਵੱਲੋਂ ਬਾਲ ਵਿਆਹ 'ਤੇ ਪਾਬੰਦੀ ਲਾਉਣ ਦੀਆਂ ਅਪੀਲਾਂ ਕੀਤੀਆਂ ਗਈਆਂ ਤੇ ਇਸ ਲਈ ਬਾਲ ਅਧਿਕਾਰਾਂ ਤੇ ਬਾਲ ਵਿਆਹ ਵਿਰੁੱਧ ਕੰਮ ਕਰ ਰਹੇ ਸਵੈਸੇਵੀ ਸੰਗਠਨਾਂ ਤੋਂ ਮਿਲੇ ਅੰਕੜਿਆਂ ਦਾ ਹਵਾਲਾ ਦਿੰਦਿਆਂ ਕਿਹਾ ਗਿਆ ਹੈ ਕਿ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿਚ ਪ੍ਰਤੀ ਸਾਲ ਡੇਢ ਕਰੋੜ ਬੱਚਿਆਂ ਨੂੰ ਜ਼ਬਰਦਸਤੀ ਵਿਆਹ ਦੇ ਰਿਸ਼ਤੇ ਵਿਚ ਬੰਨ੍ਹ ਦਿੱਤਾ ਜਾਂਦਾ ਹੈ ਤੇ ਤਕਰੀਬਨ 70 ਕਰੋੜ ਕੁੜੀਆਂ ਨੂੰ ਵਿਆਹ 18 ਸਾਲ ਦੀ ਉਮਰ ਤੋਂ ਪਹਿਲਾਂ ਹੀ ਕਰ ਦਿੱਤੀ ਜਾਂਦੀ ਹੈ। ਇਕ ਸਵੈਸੇਵੀ ਸੰਗਠਨ (ਗਰਲਜ਼ ਨਾਟ ਬ੍ਰਾਈਡਜ਼) ਤੋਂ ਮਿਲੇ ਅੰਕੜਿਆਂ ਅਨੁਸਾਰ ਭਾਰਤ, ਨਾਈਜੀਰੀਆ ਤੇ ਬੰਗਲਾਦੇਸ਼ ਵਿਚ ਬਾਲ ਵਿਆਹ ਦੀ ਦਰ ਸਭ ਤੋਂ ਜ਼ਿਆਦਾ ਹੈ। ਹਾਲਾਂਕਿ ਇਸ ਵਿਚ ਇਸ ਗੱਲ ਦਾ ਵੀ ਜ਼ਿਕਰ ਹੈ ਕਿ ਕਈ ਵਿਕਸਤ ਦੇਸ਼ਾਂ ਵਿਚ ਪਰਵਾਸੀ ਭਾਈਚਾਰਿਆਂ ਵਿਚ ਜ਼ਬਰਦਸਤੀ ਵਿਆਹ ਕਰਵਾਉਣ ਦੀ ਪ੍ਰਥਾ ਵੀ ਮੌਜੂਦ ਹੈ। ਸੰਯੁਕਤ ਰਾਸ਼ਟਰ ਵਿਚ ਬਾਲ ਵਿਆਹ ਵਿਰੁੱਧ ਪ੍ਰਸਤਾਵ ਸ਼ੁਰੂਆਤੀ ਤੌਰ 'ਤੇ ਕੈਨੇਡਾ ਤੇ ਜਾਂਬੀਆ ਵੱਲੋਂ ਪੇਸ਼ ਕੀਤਾ ਗਿਆ ਸੀ ਜਿਸ ਤੋਂ ਬਾਅਦ ਬਰਤਾਨੀਆ ਵੀ ਸ਼ਾਮਲ ਹੋ ਗਿਆ। ਪ੍ਰਸਤਾਵ ਵਿਚ ਬਾਲ ਵਿਆਹ ਰੋਕਣ ਲਈ ਬੱਚਿਆਂ ਨੂੰ ਭਲੀਭਾਂਤ ਸਿੱਖਿਅਤ ਕਰਨ 'ਤੇ ਵਿਸ਼ੇਸ਼ ਜ਼ੋਰ ਦਿੰਦਿਆਂ ਕਿਹਾ ਗਿਆ ਹੈ ਕਿ ਜਦੋਂ ਤੱਕ ਆਪਣੇ ਸਮਾਜਕ ਪਰਿਵੇਸ਼ ਤੇ ਦੇਸ਼ ਦੁਨੀਆਂ ਤੋਂ ਭਲੀਭਾਂਤ ਜਾਣੂ ਨਹੀਂ ਹੋਣਗੇ, ਆਪਣੇ 'ਤੇ ਹੋਣ ਵਾਲੇ ਅਤਿਆਚਾਰ ਵਿਰੁੱਧ ਆਵਾਜ਼ ਨਹੀਂ ਉਠਾ ਸਕਣਗੇ। ਪ੍ਰਸਤਾਵ ਵਿਚ ਇਹ ਵੀ ਕਿਹਾ ਗਿਆ ਹੈ ਕਿ ਬਾਲ ਵਿਆਹ ਇਕ ਸਮਾਜਕ ਕੁਰੀਤੀ ਹੈ ਜਿਸ ਨਾਲ ਲੜਨ ਲਈ ਸਿਰਫ਼ ਕਾਨੂੰਨ ਹੀ ਕਾਫ਼ੀ ਨਹੀਂ ਹੈ। ਇਸ ਲਈ ਇਸ ਦਾ ਖਮਿਆਜ਼ਾ ਭੁਗਤਣ ਵਾਲਿਆਂ ਨੂੰ ਖ਼ੁਦ ਸਖਤ ਵਿਰੋਧ ਨਾਲ ਸਾਹਮਣੇ ਆਉਣਾ ਪਏਗਾ ਤੇ ਇਹ ਤਾਂ ਹੀ ਸੰਭਵ ਹੈ ਜਦੋਂ ਬੱਚਿਆਂ ਨੂੰ ਚੰਗੀ ਤਰ੍ਹਾਂ ਸਿੱਖਿਅਤ ਕੀਤਾ ਜਾਵੇ।

## ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੇਸ ਹੋਰ ਲਟਕਿਆ

**ਚੰਡੀਗੜ੍ਹ:** ਕੁਝ ਮਹੀਨੇ ਪਹਿਲਾਂ ਸਮੇਂ ਦੀ ਹੁੱਡਾ ਸਰਕਾਰ ਵੱਲੋਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਲਈ ਬਣਾਏ ਗਏ ਕਾਨੂੰਨ ਨੂੰ ਸੁਪਰੀਮ ਕੋਰਟ ਵਿਚ ਦਿੱਤੀ ਗਈ ਚੁਣੌਤੀ ਦਾ ਮਾਮਲਾ ਹੋਰ ਲਟਕ ਗਿਆ ਹੈ। ਉਕਤ ਕਮੇਟੀ ਦੇ ਜਨਰਲ ਸਕੱਤਰ ਜੋਗਾ ਸਿੰਘ ਮੁਤਾਬਕ ਪਹਿਲਾਂ ਚੁਣੌਤੀ ਦੇਣ ਵਾਲੀ ਪਟੀਸ਼ਨ ਦੀ ਸੁਣਵਾਈ ਅੱਠ ਦਸੰਬਰ ਨੂੰ ਨਿਰਧਾਰਤ ਕੀਤੀ ਗਈ ਸੀ, ਜੋ ਹੁਣ ਅਗਲੇ ਸਾਲ ਪੰਜ ਜਨਵਰੀ 'ਤੇ ਪਾ ਦਿੱਤੀ ਗਈ ਹੈ। ਅਜੇ ਤੱਕ ਨਵੀਂ ਕੇਂਦਰ ਸਰਕਾਰ ਨੇ ਇਸ ਬਾਰੇ ਸੁਪਰੀਮ ਕੋਰਟ ਨੂੰ ਆਪਣਾ ਜੁਆਬ ਨਹੀਂ ਦਿੱਤਾ। ਹਾਲਾਂਕਿ ਹਰਿਆਣਾ ਤੇ ਪੰਜਾਬ ਦੀਆਂ ਸਰਕਾਰਾਂ ਆਪਣੇ ਆਪਣੇ ਜੁਆਬ ਦੇ ਚੁੱਕੀਆਂ ਹਨ।

## ਭਾਰਤ ਵਿਚ ਅਤਿਵਾਦੀ ਘਟਨਾਵਾਂ 70 ਫੀਸਦੀ ਵਧੀਆਂ

**ਨਵੀਂ ਦਿੱਲੀ:** ਸਾਲ 2012-13 ਦੌਰਾਨ ਭਾਰਤ ਵਿਚ ਅਤਿਵਾਦੀ ਗਤੀਵਿਧੀਆਂ 70 ਫੀਸਦੀ ਤੱਕ ਵਧ ਗਈਆਂ ਹਨ। ਮੌਤਾਂ ਦੀ ਗਿਣਤੀ 238 ਤੋਂ ਵਧ ਕੇ 404 ਉਤੇ ਪੁੱਜ ਗਈ ਹੈ। ਇੰਸਟੀਚਿਊਟ ਆਫ ਇਕਨੌਮਿਕਸ ਤੇ ਪੀਸ (ਆਈ.ਈ.ਪੀ.) ਵੱਲੋਂ ਤਿਆਰ ਗਲੋਬਲ ਟੈਰਰਿਜ਼ਮ ਇੰਡੈਕਸ-2014 ਰਿਪੋਰਟ ਅਨੁਸਾਰ ਸਾਲ 2013 ਵਿਚ 2012 ਦੇ ਮੁਕਾਬਲੇ ਹਮਲੇ ਕਰਨ ਦੀਆਂ ਘਟਨਾਵਾਂ ਗਿਣਤੀ ਪੱਖੋਂ 55 ਫੀਸਦੀ ਵਧ ਗਈਆਂ। ਇਨ੍ਹਾਂ ਮੌਤਾਂ 'ਤੇ ਹਮਲਿਆਂ ਪਿੱਛੇ ਮੁੱਖ ਤੌਰ ਉਤੇ ਨਕਸਲੀ ਜਾਂ ਮਾਓਵਾਦੀ ਜਥੇਬੰਦੀਆਂ ਹਨ। ਸਾਲ 2012 ਵਿਚ ਭਾਰਤ ਵਿਚ ਅਤਿਵਾਦ ਨਾਲ ਸਬੰਧਤ ਘਟਨਾਵਾਂ ਵਿਚ 238 ਲੋਕ ਮਾਰੇ ਗਏ ਸਨ ਤੇ 2013 ਵਿਚ ਇਹ ਗਿਣਤੀ 404 ਹੋ ਗਈ।

**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਜਣੇਪੇ ਦੌਰਾਨ ਛੇ ਬੱਚਿਆਂ ਦੀ ਮੌਤ

**ਲੁਧਿਆਣਾ:** ਇਥੇ ਸਰਕਾਰੀ ਹਸਪਤਾਲ ਵਿਚ ਜਣੇਪੇ ਦੌਰਾਨ ਛੇ ਬੱਚਿਆਂ ਦੀ ਮੌਤ ਹੋ ਗਈ। ਇਹ ਘਟਨਾ ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ ਵੱਲੋਂ ਇਥੇ ਸੌ ਬਿਸਤਰਿਆਂ ਵਾਲੇ ਜੱਚਾ ਬੱਚਾ ਹਸਪਤਾਲ ਦਾ ਉਦਘਾਟਨ ਕਰਨ ਦੇ 48 ਘੰਟਿਆਂ ਬਾਅਦ ਵਾਪਰੀ। ਇਸ ਘਟਨਾ ਬਾਰੇ ਜਿਥੇ ਡਾਕਟਰਾਂ ਦਾ ਦਾਅਵਾ ਹੈ ਕਿ ਮਰੀਜ਼ ਅਖ਼ੀਰਲੀ ਸਟੇਜ 'ਤੇ ਆਏ ਸਨ, ਉਥੇਂ ਹੀ ਦੂਜੇ ਪਾਸੇ ਪੀੜਤ ਪਰਿਵਾਰਾਂ ਨੇ ਹਸਪਤਾਲ ਦੇ ਬਾਹਰ ਰੋਸ ਪ੍ਰਦਰਸ਼ਨ ਕੀਤਾ।

ਸੂਤਰਾਂ ਅਨੁਸਾਰ ਸਿਵਲ ਹਸਪਤਾਲ ਵਿਚ ਨਵੇਂ ਬਣੇ ਜੱਚਾ ਬੱਚਾ ਹਸਪਤਾਲ ਵਿਚ ਡਿਊਟੀ 'ਤੇ ਤਾਇਨਾਤ ਡਾਕਟਰ ਗੈਰਹਾਜ਼ਰ ਹੋਣ ਕਾਰਨ ਐਮਰਜੈਂਸੀ ਵਿਚ ਜਣੇਪੇ ਲਈ ਆਏ ਮਰੀਜ਼ਾਂ ਦੇ ਆਪਰੇਸ਼ਨ ਨਰਸਾਂ ਨੂੰ ਕਰਨੇ ਪਏ।ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ ਨੇ ਸਿਹਤ ਸਕੱਤਰ ਦੀ ਦੇਖ ਰੇਖ ਵਿਚ ਇਕ ਕਮੇਟੀ ਬਣਾ ਕੇ ਜਾਂਚ ਦੇ ਹੁਕਮ ਦਿੱਤੇ ਹਨ।

ਸਿਵਲ ਸਰਜਨ ਨੇ ਇਹ ਵੀ ਗੱਲ ਮੰਨੀ ਹੈ ਕਿ ਪੰਜ ਮਰੀਜ਼ਾਂ ਦੀਆਂ ਡਿਲਿਵਰੀਆਂ ਨਰਸਾਂ ਨੇ ਕੀਤੀਆਂ ਹੋਣ ਕਾਰਨ ਇਹ ਸਾਰੀ ਘਟਨਾ ਵਾਪਰੀ ਹੈ। ਉਨ੍ਹਾਂ ਕਿਹਾ ਕਿ ਹੁਣ ਇਸ ਮਾਮਲੇ ਦੀ ਜਾਂਚ ਕਰ ਰਹੇ ਹਨ ਕਿ ਡਿਊਟੀ ਤੋਂ ਡਾਕਟਰ ਕਿਨ੍ਹਾਂ ਹਾਲਤਾਂ ਵਿਚ ਗੈਰਹਾਜ਼ਰ ਹੋਈ ਹੈ।

# ਮਜੀਠੀਆ ਤੇ ਅਵਿਨਾਸ਼ ਚੰਦਰ 'ਤੇ ਅਸਤੀਫ਼ੇ ਲਈ ਦਬਾਅ

**ਚੰਡੀਗੜ੍ਹ (ਬਿਊਰੋ):** ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਤੇ ਮੁੱਖ ਪਾਰਲੀਮਾਨੀ ਸਕੱਤਰ ਅਵਿਨਾਸ਼ ਚੰਦਰ ਦੇ ਵਿਰੋਧੀ ਧਿਰ ਵੱਲੋਂ ਲਗਾਤਾਰ ਅਸਤੀਫੇ ਮੰਗਣ 'ਤੇ ਸ਼੍ਰੋਮਣੀ ਅਕਾਲੀ ਦਲ ਲੀਡਰਸ਼ਿਪ ਭਾਵੇਂ ਭਾਰੀ ਦਬਾਅ ਵਿਚ ਹੈ ਪਰ ਦਲ ਅਜੇ 'ਉਡੀਕੋ ਤੇ ਦੇਖੋ' ਦੀ ਨੀਤੀ 'ਤੇ ਚੱਲ ਰਿਹਾ ਹੈ। ਇਨ੍ਹਾਂ ਦੋਵਾਂ ਦਾ ਨਾਂ ਪੰਜਾਬ ਵਿਚ 6000 ਦੇ ਸਿੰਥੈਟਿਕ ਡਰੱਗਜ਼ ਘੁਟਾਲੇ ਵਿਚ ਬੋਲਦਾ ਹੈ।

ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਅਵਿਨਾਸ਼ ਚੰਦਰ, ਜੇਲ੍ਹਾਂ ਬਾਰੇ ਸਾਬਕਾ ਮੰਤਰੀ ਸਰਵਣ ਸਿੰਘ ਫਿਲੌਰ ਤੇ ਉਸ ਦੇ ਪੁੱਤਰ ਤੋਂ ਪੁੱਛ-ਪੜਤਾਲ ਕਰ ਚੁੱਕਿਆ ਹੈ ਤੇ ਹੁਣ ਇਹ ਅਹੁਦਿਓਂ ਲਾਹੇ ਡੀ.ਐਸ.ਪੀ. ਜਗਦੀਸ਼ ਭੋਲਾ ਵੱਲੋਂ ਚਲਾਏ ਜਾਂਦੇ ਰਹੇ ਡਰੱਗ ਘੁਟਾਲੇ ਵਿਚ ਸ਼ਾਮਲ ਲੋਕਾਂ ਨਾਲ ਸਬੰਧਾਂ ਬਾਰੇ ਜਾਨਣ ਲਈ ਮਜੀਠੀਆ ਤੋਂ ਪੁੱਛ-ਪੜਤਾਲ ਲਈ ਉਸ ਨੂੰ ਸੰਮਨ ਕਰਨ ਲਈ ਤਿਆਰੀਆਂ ਕਰ ਰਿਹਾ ਹੈ।

ਸਪਸ਼ਟ ਸੰਕੇਤ ਹਨ ਕਿ ਵਕਾਰੀ ਰੁਤਬੇ ਵਾਲੇ ਮੰਤਰੀ ਤੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਦੀ ਪਤਨੀ ਹਰਸਿਮਰਤ ਦੇ ਭਰਾ ਮਜੀਠੀਆ ਤੋਂ ਕਿਸੇ ਵੀ ਸਮੇਂ ਪੁੱਛ-ਪੜਤਾਲ ਹੋ ਸਕਦੀ ਹੈ। ਈਡੀ ਨੇ ਪ੍ਰਸ਼ਨਾਵਲੀ ਵੀ ਤਿਆਰ ਕਰ ਲਈ ਹੈ। ਈਡੀ ਵੱਲੋਂ ਫਿਲੌਰ ਤੇ ਉਸ ਦੇ ਪਰਿਵਾਰ ਦੇ ਕਾਰੋਬਾਰੀ ਚੁੰਨੀ ਲਾਲ ਗਾਲਕਾ ਨਾਲ ਸਬੰਧਾਂ ਤੇ ਡਰੱਗ ਰੈਕੇਟ ਬਾਰੇ ਜਾਂਚ ਸ਼ੁਰੂ ਕਰਨ 'ਤੇ ਮੰਤਰੀ ਨੂੰ ਇਸ ਸਾਲ ਮਈ ਵਿਚ ਅਹੁਦਾ ਛੱਡਣ ਲਈ ਕਹਿ ਦਿੱਤਾ ਗਿਆ ਸੀ।

ਈਡੀ ਵੱਲੋਂ ਮਜੀਠੀਆ ਤੋਂ ਉਸ ਦੀਆਂ ਫਰਮਾਂ ਤੇ ਸੰਪਤੀਆਂ ਦੇ 2007-08 ਤੋਂ ਬੈਂਕ ਖਾਤਿਆਂ ਦੇ ਵੇਰਵੇ, ਰੈਕੇਟ ਦੇ ਮੁਲਜ਼ਮਾਂ ਨਾਲ ਉਸ ਦਾ ਆਹਮੋ-ਸਾਹਮਣੇ ਹੋਣਾ ਜਾਂ ਵਿੱਤੀ ਸੌਦੇ ਕਰਨਾ ਵੀ ਪੁੱਛਗਿੱਛ ਵਿਚ ਸ਼ਾਮਲ ਹੋਵੇਗਾ। ਇਹ ਮੁਲਜ਼ਮ ਮਨਿੰਦਰ ਸਿੰਘ ਉਰਫ ਬਿੱਡ ਔਲਖ, ਜਗਜੀਤ ਚਾਹਲ, ਐਨਆਰਆਈ ਸਤਜੀਤ ਸਿੰਘ ਸੱਤਾ ਤੇ ਪਰਮਿੰਦਰ ਸਿੰਘ ਪਿੰਕੀ ਆਦਿ ਹਨ। ਰਿਪੋਰਟ ਅਨੁਸਾਰ ਈਡੀ ਵੱਲੋਂ ਸੀਪੀਐਸ ਅਵਿਨਾਸ਼ ਚੰਦਰ, ਫਿਲੌਰ ਤੇ ਉਸ ਦੇ ਪੁੱਤਰ ਦਾਨਵੀਰ ਦੀ ਸੰਪਤੀ ਦੇ ਵੇਰਵੇ ਇਕੱਠੇ ਕੀਤੇ ਜਾ ਰਹੇ ਹਨ।


Upgrade your Security Cameras to High Definition at very reasonable prices




*For more Details, Contact:*
Balbir S Sidhu
209-495-3905 (Cell)
www.dvrunlimited.com
Toll Free (888) 233-4566
DVRunlimited Inc. Fax: 209-665-7067


## ਸਜ਼ਾ-ਏ-ਮੌਤ ਬਾਰੇ ਸੰਯੁਕਤ ਰਾਸ਼ਟਰ ਦੇ ਮਤੇ ਵਿਰੁਧ ਭੁਗਤਿਆ ਭਾਰਤ

**ਨਿਊ ਯਾਰਕ (ਬਿਊਰੋ):** ਭਾਰਤ ਨੇ ਸੰਯੁਕਤ ਰਾਸ਼ਟਰ ਆਮ ਇਜਲਾਸ ਦੇ ਮੌਤ ਦੀ ਸਜ਼ਾ ਉਪਰ ਰੋਕ ਬਾਰੇ ਖਰੜਾ ਮਤੇ ਵਿਰੁੱਧ ਵੋਟ ਪਾਈ ਹੈ। ਭਾਰਤ ਨੇ ਕਿਹਾ ਹੈ ਕਿ ਇਹ ਮਤਾ ਹਰੇਕ ਸੁਤੰਤਰ ਰਾਸ਼ਟਰ ਦੇ ਅਧਿਕਾਰਾਂ, ਕਾਨੂੰਨੀ ਪ੍ਰਣਾਲੀ ਤੇ ਕਾਨੂੰਨਾਂ ਨੂੰ ਮਾਨਤਾ ਦੇਣ ਵਿਚ ਨਾਕਾਮ ਰਿਹਾ ਹੈ।

ਮੌਤ ਦੀ ਸਜ਼ਾ ਉਪਰ ਰੋਕ ਲਾਉਣ ਬਾਰੇ ਇਸ ਮਤੇ ਨੂੰ ਬੀਤੇ ਹਫਤੇ ਸੰਯੁਕਤ ਰਾਸ਼ਟਰ ਆਮ ਇਜਲਾਸ ਦੀ ਤੀਸਰੀ ਕਮੇਟੀ ਨੇ ਪ੍ਰਵਾਨਗੀ ਦਿੱਤੀ ਸੀ। ਇਹ ਕਮੇਟੀ ਸਮਾਜਿਕ, ਮਾਨਵੀ ਤੇ ਸਭਿਆਚਾਰਕ ਮੁੱਦਿਆਂ ਨੂੰ ਨਜਿੱਠਦੀ ਹੈ। ਭਾਰਤ ਸਮੇਤ 36 ਦੇਸ਼ਾਂ ਨੇ ਇਸ ਮਤੇ ਵਿਰੁੱਧ ਵੋਟ ਪਾਈ ਹੈ ਜਦ ਕਿ 114 ਨੇ ਹੱਕ ਵਿਚ ਤੇ 34 ਗੈਰ ਹਾਜਰ ਰਹੇ ਹਨ।


Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



Cell: (510)-677-9942
Shop: (510)-505-9605
www.princebarbershop.com



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838



Golden State Realty
Sacramento Office: 9912 Kapalua Ln., Elk Grove, CA 95624
Tel: 916-612-5773
*Courtesy of Sales Manager Traci Lill, Meadows at Galt*

The Poppy ~ Plan 1 — 4 Bedrooms, 2 & half Baths, Two-Car Garage

| Address | Lot# | Lot Size | Elevation | Options In Home | Price |
|---|---|---|---|---|---|
| 722 Elk Hills Drive | 22 | 7076 | B | $10,662 | $326,652 |
| 714 Elk Hills Drive | 24 | 6672 | C | $2,750 | $318,740 |

The Poppy ~ Plan 2 — 4 Bedrooms, 3 Baths, Three-Car Tandem Garage

| Address | Lot# | Lot Size | Elevation | Options In Home | Price |
|---|---|---|---|---|---|
| 718 Elk Hills Drive | 23 | 6667 | C | $7,115 | $330,105 |
| 710 Elk Hills Drive | 25 | 6688 | A | $2,200 | Sold |

The Poppy ~ Plan 3 — 4 Bedrooms, 3 Baths, Three-Car Tandem Garage

| Address | Lot# | Lot Size | Elevation | Options In Home | Price |
|---|---|---|---|---|---|
| 938 Fermoy Way | 30 | 7559 | A | $8,300 | $341,290 |
| 942 Fermoy Way | 31 | 7167 | C | $7,300 | $340,290 |

The Poppy ~ Plan 4 — 6 Bedrooms, 3 & half Baths, Three-Car Garage

| Address | Lot# | Lot Size | Elevation | Options In Home | Price |
|---|---|---|---|---|---|
| 950 Fermoy Way | 33 | 7220 | A | $16,980 | $376,970 |
| 926 Fermoy Way | 17 | 6615 | C | $3,725 | $366,715 |
| 934 Fermoy Way | 29 | 6500 | B | $3,475 | $366,465 |



Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Call: Sohanpreet 'Sam' Chahal*
@916-612-5773
Serving from Bay Area to Sacramento

Seller/Builder reserves the right to modify elevations, floor plans, specifications, materials, maps and prices without notice or obligation. All renderings, floor plans and maps are artist conceptions and may not reflect actual depiction. Prices will vary depending upon lot size, exterior elevations and pre-selected optional features. All square footage measurements, elevations, lot sizes, floor plans and room dimensions are approximate. Subject to Prior Sale. This advertisement is for illustration purpose only and not a part of a legal contract. Co-Op policy posted in Sale Office. Homes offered by The Meadows Galt 27, LLC. Built by Beck, Stockton CA. 6.13.14

# ਪੰਜਾਬ ਦੀ ਪੈਰਵੀ ਲਈ ਯੂਨਾਈਟਿਡ ਅਕਾਲੀ ਦਲ ਦਾ ਐਲਾਨ



**ਅੰਮ੍ਰਿਤਸਰ:** ਯੂਨਾਈਟਿਡ ਸਿੱਖ ਮੂਵਮੈਂਟ ਨੇ ਸ਼੍ਰੋਮਣੀ ਅਕਾਲੀ ਦਲ ਦੇ ਬਦਲ ਵਜੋਂ ਨਵੀਂ ਸਿਆਸੀ ਪਾਰਟੀ 'ਯੂਨਾਈਟਿਡ ਅਕਾਲੀ ਦਲ' ਦਾ ਐਲਾਨ ਕਰ ਦਿੱਤਾ ਹੈ। ਪਾਰਟੀ ਵਿਚ ਸ਼ਾਮਲ ਗਰਮਖਿਆਲੀ ਆਗੂਆਂ ਨੇ ਖਾਲਿਸਤਾਨ ਦੀ ਮੰਗ ਛੱਡ ਦਿੱਤੀ ਹੈ ਤੇ ਪੰਜਾਬ ਤੇ ਪੰਜਾਬੀਅਤ ਨੂੰ ਬਚਾਉਣਾ ਮੁੱਖ ਮੰਤਵ ਕਰਾਰ ਦਿੱਤਾ ਹੈ। ਇਸ ਸਿਆਸੀ ਪਾਰਟੀ ਦਾ ਦਾ ਕਨਵੀਨਰ ਭਾਈ ਮੋਹਕਮ ਸਿੰਘ ਤੇ ਸਕੱਤਰ ਗੁਰਦੀਪ ਸਿੰਘ ਬਠਿੰਡਾ ਨੂੰ ਬਣਾਇਆ ਗਿਆ। ਅਜੇ 25 ਮੈਂਬਰੀ ਤਾਲਮੇਲ ਕਮੇਟੀ ਬਣਾਈ ਗਈ ਹੈ ਤੇ ਇਕ ਮਹੀਨੇ ਵਿਚ ਜਥੇਬੰਦਕ ਢਾਂਚਾ ਐਲਾਨ ਦਿੱਤਾ ਜਾਵੇਗਾ।

ਪਾਰਟੀ ਦੇ ਕਨਵੀਨਰ ਮੋਹਕਮ ਸਿੰਘ ਨੇ ਕਿਹਾ ਕਿ ਪਹਿਲਾਂ ਇਹ ਗ਼ੈਰ ਸਿਆਸੀ ਸਮਾਜਿਕ ਜਥੇਬੰਦੀ ਸੀ ਤੇ ਹੁਣ ਸਿਆਸੀ ਪਾਰਟੀ ਬਣ ਗਈ ਹੈ। ਨਵੀਂ ਪਾਰਟੀ ਦੇ ਗਠਨ ਦਾ ਮੰਤਵ ਪੰਜਾਬ ਦੀਆਂ ਸਮੱਸਿਆਵਾਂ ਵਿਰੁੱਧ ਡਟਣਾ ਹੈ। ਨਵੀਂ ਪਾਰਟੀ ਵੱਲੋਂ ਜਥੇਬੰਦੀ ਦੇ ਵਿਸਥਾਰ ਲਈ ਹੋਰਨਾਂ ਜਥੇਬੰਦੀਆਂ ਨਾਲ ਵੀ ਤਾਲਮੇਲ ਕੀਤਾ ਜਾਵੇਗਾ ਤਾਂ ਜੋ ਯੂਨਾਈਟਿਡ ਅਕਾਲੀ ਦਲ ਨੂੰ ਮਜ਼ਬੂਤ ਕੀਤਾ ਜਾ ਸਕੇ। ਉਨ੍ਹਾਂ ਦਾਅਵਾ ਕੀਤਾ ਕਿ ਇਸ ਬਾਰੇ ਵੱਖ ਵੱਖ ਅਕਾਲੀ ਦਲਾਂ ਦੇ ਆਗੂਆਂ ਨਾਲ ਗੱਲਬਾਤ ਹੋਈ ਹੈ ਤੇ ਸਾਰਿਆਂ ਨੇ ਹਾਂ-ਪੱਖੀ ਹੁੰਗਾਰਾ ਦਿੱਤਾ ਹੈ। ਇਨ੍ਹਾਂ ਜਥੇਬੰਦੀਆਂ ਨੂੰ ਸਮਾਗਮ ਵਿਚ ਵੀ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਸੀ। ਵੱਖਰੇ ਸਿੱਖ ਰਾਜ ਦੀ ਮੰਗ ਤੋਂ ਪਿਛਾਂਹ ਹਟਦਿਆਂ ਉਨ੍ਹਾਂ ਕਿਹਾ ਕਿ ਪਾਰਟੀ ਦੇ ਏਜੰਡੇ ਵਿਚ ਇਹ ਮੰਗ ਸ਼ਾਮਲ ਨਹੀਂ ਹੈ। ਉਹ ਸਿਰਫ ਸੂਬੇ ਨੂੰ ਵਧੇਰੇ ਹੱਕ ਦੇਣ ਦੇ ਪੱਖ ਵਿਚ ਹਨ। ਮਿਉਂਸਿਪਲ ਕਮੇਟੀਆਂ ਦੀਆਂ ਚੋਣਾਂ ਲੜਨ ਬਾਰੇ ਉਨ੍ਹਾਂ ਆਖਿਆ ਕਿ ਅਜੇ ਇਨ੍ਹਾਂ ਚੋਣਾਂ ਵਿਚ ਹਿੱਸਾ ਲੈਣ ਦੀ ਸੰਭਾਵਨਾ ਨਹੀਂ ਹੈ ਪਰ ਉਹ ਚੰਗੇ ਉਮੀਦਵਾਰਾਂ ਨੂੰ ਸਮਰਥਨ ਦੇਣਗੇ। ਪਾਰਟੀ ਦੇ ਜਥੇਬੰਦਕ ਢਾਂਚੇ ਬਾਰੇ ਉਨ੍ਹਾਂ ਆਖਿਆ ਕਿ ਪੰਜਾਬ ਨੂੰ 40 ਹਿੱਸਿਆਂ ਵਿਚ ਵੰਡ ਕੇ ਜ਼ਿਲ੍ਹਾ ਪ੍ਰਧਾਨ ਤੇ ਵੱਖ-ਵੱਖ ਵਿੰਗਾਂ ਦੇ ਪ੍ਰਧਾਨ ਤੇ ਅਹੁਦੇਦਾਰ ਬਣਾਏ ਜਾਣਗੇ। ਜਥੇਬੰਦੀ ਦੇ ਅਹੁਦੇਦਾਰਾਂ ਤੇ ਬਾਕੀ ਜਥੇਬੰਦਕ ਢਾਂਚੇ ਦਾ ਐਲਾਨ ਇਕ ਮਹੀਨੇ ਵਿਚ ਕਰ ਦਿੱਤਾ ਜਾਵੇਗਾ। ਇਸ ਦੀ 101 ਮੈਂਬਰੀ ਵਰਕਿੰਗ ਕਮੇਟੀ ਵੀ ਬਣਾਈ ਜਾਵੇਗੀ। ਜਨਵਰੀ ਵਿਚ ਚੰਡੀਗੜ੍ਹ ਵਿਚ ਪਾਰਟੀ ਦੀ ਮੀਟਿੰਗ ਹੋਵੇਗੀ, ਜਿਸ ਵਿਚ ਸਾਬਕਾ ਆਈ.ਏ.ਐਸ., ਸਾਬਕਾ ਆਈ.ਪੀ.ਐਸ. ਤੇ ਸਾਬਕਾ ਫ਼ੌਜ ਅਧਿਕਾਰੀ ਤੇ ਹੋਰ ਸ਼ਾਮਲ ਹੋਣਗੇ।

ਸਮਾਗਮ ਦੌਰਾਨ ਅੱਠ ਮਤੇ ਪਾਸ ਕੀਤੇ ਗਏ, ਜਿਸ ਰਾਹੀਂ ਕੇਂਦਰ ਸਰਕਾਰ ਕੋਲੋਂ ਉੱਤਰੀ ਭਾਰਤ ਵਿਚ ਖ਼ੁਦਮੁਖਤਿਆਰ ਖਿੱਤੇ ਦੀ ਮੰਗ ਕੀਤੀ ਗਈ। ਚੰਡੀਗੜ੍ਹ ਪੰਜਾਬ ਨੂੰ ਦੇਣ ਸਮੇਤ ਪੰਜਾਬੀ ਬੋਲਦੇ ਇਲਾਕੇ ਸ਼ਾਮਲ ਕਰਨ, ਦਰਿਆਈ ਪਾਣੀਆਂ ਦਾ ਹੱਕ ਤੇ ਡੈਮਾਂ ਦਾ ਪ੍ਰਬੰਧ ਵੀ ਪੰਜਾਬ ਦੇ ਹਵਾਲੇ ਕਰਨ ਦੀ ਮੰਗ ਕੀਤੀ ਗਈ। ਇਸ ਮਤੇ ਰਾਹੀਂ ਸੂਬੇ ਲਈ ਵਧੇਰੇ ਹੱਕਾਂ ਦੀ ਮੰਗ ਕੀਤੀ ਗਈ। ਇਕ ਮਤੇ ਰਾਹੀਂ ਜੇਲ੍ਹਾਂ ਵਿਚ ਬੰਦ ਸਿੱਖ ਨੌਜਵਾਨਾਂ ਦੀ ਰਿਹਾਈ, ਕਾਲੀ ਸੂਚੀ ਖਤਮ ਕਰਨ ਤੇ ਪੀੜਤ ਪਰਿਵਾਰਾਂ ਨੂੰ 10 ਲੱਖ ਰੁਪਏ ਪ੍ਰਤੀ ਪਰਿਵਾਰ ਮੁਆਵਜ਼ਾ ਦੇਣ ਦੀ ਮੰਗ ਕੀਤੀ ਗਈ। ਸਾਕਾ ਨੀਲਾ ਤਾਰਾ ਤੇ ਸਿੱਖ ਵਿਰੋਧੀ ਦੰਗਿਆਂ ਵਿਚ ਸਿੱਖ ਨਸਲਕੁਸ਼ੀ ਮੰਨਦੇ ਹੋਏ ਸੰਸਦ ਵਿਚ ਸਿੱਖ ਕੌਮ ਕੋਲੋਂ ਮੁਆਫ਼ੀ ਮੰਗਣ ਦਾ ਮਤਾ ਵੀ ਪਾਸ ਕੀਤਾ ਗਿਆ। ਇਕ ਮਤੇ ਰਾਹੀਂ ਕੇਂਦਰ ਤੇ ਸੂਬਾ ਸਰਕਾਰ ਦੀਆਂ ਨੀਤੀਆਂ ਨੂੰ ਕਿਸਾਨ ਵਿਰੋਧੀ ਦੱਸਿਆ ਗਿਆ।

ਇਕ ਹੋਰ ਮਤੇ ਰਾਹੀਂ ਸੂਬੇ ਦੇ ਹਿੰਦੂ ਭਾਈਚਾਰੇ ਕੋਲੋਂ ਸਹਿਯੋਗ ਦੀ ਮੰਗ ਕਰਦੇ ਹੋਏ ਐਲਾਨ ਕੀਤਾ ਕਿ ਪੰਜਾਬ ਸਮੁੱਚੇ ਪੰਜਾਬੀਆਂ ਦਾ ਹੈ। ਇਸ ਦੌਰਾਨ ਬਾਬਾ ਬਲਜੀਤ ਸਿੰਘ ਦਾਦੂਵਾਲ ਖ਼ਿਲਾਫ਼ ਝੂਠੇ ਕੇਸ ਦਰਜ ਕਰਨ ਦੀ ਨਿਖੇਧੀ ਕੀਤੀ ਗਈ ਤੇ ਗੁਰਦੁਆਰਾ ਜੰਡਾਲੀਸਰ ਦਾ ਪ੍ਰਬੰਧ ਮੁੜ ਉਨ੍ਹਾਂ ਨੂੰ ਸੌਂਪਣ ਲਈ ਮੰਗ ਕੀਤੀ ਗਈ। ਨਵੀਂ ਪਾਰਟੀ ਵਿਚ ਸ਼ਾਮਲ ਹੋਣ ਆਏ ਖਾਲਿਸਤਾਨ ਕਮਾਂਡੋ ਫੋਰਸ ਦੇ ਸਾਬਕਾ ਖਾੜਕੂ ਵੱਸਣ ਸਿੰਘ ਜਫਰਵਾਲ ਨੇ ਕਿਹਾ ਕਿ ਖਾਲਿਸਤਾਨ ਦੀ ਪ੍ਰਾਪਤੀ ਇਸ ਪਾਰਟੀ ਦਾ ਮੁੱਦਾ ਨਹੀਂ ਹੈ। ਇਸ ਵੇਲੇ ਪੰਜਾਬ ਤੇ ਪੰਜਾਬੀ ਨੌਜਵਾਨਾਂ ਦੀ ਬਿਹਤਰੀ ਪਾਰਟੀ ਦਾ ਮੰਤਵ ਹੈ। ਉਨ੍ਹਾਂ ਦੋਸ਼ ਲਾਇਆ ਕਿ ਮੌਜੂਦਾ ਹੁਕਮਰਾਨ ਭ੍ਰਿਸ਼ਟ ਹੋ ਚੁੱਕੇ ਹਨ ਤੇ ਸੂਬੇ ਦੀ ਵਧੇਰੇ ਆਮਦਨ ਵਾਲੇ ਸਾਰੇ ਸਰੋਤ ਆਪਣੇ ਪਰਿਵਾਰਾਂ ਕੋਲ ਰੱਖ ਲਏ ਹਨ।

## ਯੂਨਾਈਟਿਡ ਅਕਾਲੀ ਦਲ ਤੋਂ ਕੋਈ ਖਤਰਾ ਨਹੀਂ: ਬਾਦਲ


**ਅੰਮ੍ਰਿਤਸਰ:** ਨਵੇਂ ਬਣੇ ਯੂਨਾਈਟਿਡ ਅਕਾਲੀ ਦਲ ਬਾਰੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਇਸ ਨਵੀਂ ਪਾਰਟੀ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਕੋਈ ਫ਼ਰਕ ਨਹੀਂ ਪਵੇਗਾ, ਕਿਉਂਕਿ ਸੂਬੇ ਦੇ ਲੋਕਾਂ ਨੇ ਸਿਰਫ਼ ਸ਼੍ਰੋਮਣੀ ਅਕਾਲੀ ਦਲ ਨੂੰ ਹੀ ਮਾਨਤਾ ਦਿੱਤੀ ਹੈ। ਹਰਿਮੰਦਰ ਸਾਹਿਬ ਵਿਖੇ ਗੱਲਬਾਤ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਨਵੇਂ ਬਣੇ ਅਕਾਲੀ ਦਲ ਵਾਂਗ ਹੋਰ ਵੀ ਕਈ ਅਕਾਲੀ ਦਲ ਹਨ ਪਰ ਸੂਬੇ ਦੇ ਲੋਕਾਂ ਨੇ ਇਨ੍ਹਾਂ ਨੂੰ ਮਾਨਤਾ ਨਹੀਂ ਦਿੱਤੀ। ਸ਼੍ਰੋਮਣੀ ਅਕਾਲੀ ਦਲ ਲੋਕਾਂ ਦੀ ਕਸਵੱਟੀ 'ਤੇ ਹਮੇਸ਼ਾ ਖਰਾ ਉਤਰਿਆ ਹੈ। ਇਸ ਲਈ ਅਜਿਹੀਆਂ ਜਥੇਬੰਦੀਆਂ ਪੰਜਾਬ ਦੀ ਰਾਜਨੀਤੀ 'ਤੇ ਕੋਈ ਪ੍ਰਭਾਵ ਨਹੀਂ ਪਾ ਸਕਦੀਆਂ। ਭਾਜਪਾ ਆਗੂ ਨਵਜੋਤ ਸਿੰਘ ਸਿੱਧੂ ਵੱਲੋਂ ਅਕਾਲੀ ਦਲ ਖ਼ਿਲਾਫ਼ ਕੀਤੀ ਜਾ ਰਹੀ ਬਿਆਨਬਾਜ਼ੀ ਬਾਰੇ ਉਨ੍ਹਾਂ ਕਿਹਾ ਕਿ ਉਹ ਸ. ਸਿੱਧੂ ਦੇ ਕਿਸੇ ਬਿਆਨ 'ਤੇ ਕੋਈ ਪ੍ਰਤੀਕਰਮ ਨਹੀਂ ਦੇਣਗੇ।

## ਸਾਂਝੇ ਪੰਥਕ ਮੰਚ ਦੀ ਕਾਇਮੀ ਬਾਰੇ ਵੀ ਚਰਚਾ

**ਚੰਡੀਗੜ੍ਹ:** ਨਵੀਂ ਸਿਆਸੀ ਪਾਰਟੀ 'ਯੂਨਾਈਟਿਡ ਅਕਾਲੀ ਦਲ' ਦੇ ਐਲਾਨ ਪਿੱਛੋਂ ਵੱਖ-ਵੱਖ ਸਿੱਖ ਸੰਸਥਾਵਾਂ ਨੇ ਇਕ ਕਨਵੈਨਸ਼ਨ ਦੌਰਾਨ ਸਾਂਝਾ ਪੰਥਕ ਪਲੈਟਫਾਰਮ ਸਥਾਪਤ ਕਰਨ ਦਾ ਫੈਸਲਾ ਕੀਤਾ। ਕਨਵੈਨਸ਼ਨ ਨੇ ਮਤਾ ਪਾਸ ਕਰਕੇ ਸਿੱਖ ਪੰਥ ਵਿਚ ਪੈਦਾ ਹੋਏ ਖਲਾਅ ਨੂੰ ਪੂਰਨ ਲਈ ਸਾਂਝਾ ਪੰਥਕ ਪਲੈਟਫਾਰਮ ਬਣਾਉਣ ਵਾਸਤੇ ਸਾਬਕਾ ਆਈ.ਏ.ਐਸ. ਗੁਰਤੇਜ ਸਿੰਘ, ਡਾ. ਗੁਰਦਰਸ਼ਨ ਸਿੰਘ ਢਿੱਲੋਂ ਤੇ ਸਾਬਕਾ ਆਈ.ਪੀ.ਐਸ. ਸ਼ਸ਼ੀ ਕਾਂਤ ਨੂੰ ਵੱਖ-ਵੱਖ ਧਿਰਾਂ ਨਾਲ ਤਾਲਮੇਲ ਕਰਕੇ ਤਜਵੀਜ਼ ਤਿਆਰ ਕਰਨ ਦੀ ਜ਼ਿੰਮੇਵਾਰੀ ਸੌਂਪੀ। ਇਕ ਮਹੀਨੇ ਬਾਅਦ ਪੰਥਕ ਜਥੇਬੰਦੀਆਂ ਦੀ ਮੁੜ ਮੀਟਿੰਗ ਕਰਕੇ ਇਸ ਪੰਥਕ ਪਲੈਟਫਾਰਮ ਦੇ ਸਿਧਾਂਤ, ਟੀਚੇ ਤੇ ਸਰੂਪ ਮਿਥਣ ਦਾ ਫੈਸਲਾ ਲਿਆ ਜਾਵੇਗਾ। ਉਸੇ ਮੀਟਿੰਗ ਵਿਚ ਫੈਸਲਾ ਕੀਤਾ ਜਾਵੇਗਾ ਕਿ ਪੰਥਕ ਪਲੈਟਫਾਰਮ ਨੂੰ ਸਿਆਸੀ ਰੰਗਤ ਦੇਣੀ ਹੈ ਜਾਂ ਫਿਰ ਗ਼ੈਰ-ਸਿਆਸੀ ਢੰਗ ਨਾਲ ਪੰਥਕ ਮੁੱਦੇ ਉਭਾਰਨ ਦਾ ਪ੍ਰੋਗਰਾਮ ਉਲੀਕਣਾ ਹੈ। ਕਨਵੈਨਸ਼ਨ ਦੌਰਾਨ ਸਿੱਖ ਬੁੱਧੀਜੀਵੀਆਂ ਨੇ ਦੋਸ਼ ਲਾਇਆ ਕਿ ਜਿਥੇ ਬਾਦਲਾਂ ਨੇ ਪੰਥਕ ਮੁੱਦੇ ਛੱਡ ਕੇ ਸਮੁੱਚੀ ਸੱਤਾ ਆਪਣੇ ਪਰਿਵਾਰ ਦੇ ਹੱਥਾਂ ਵਿਚ ਸੌਂਪਣ ਦਾ ਟੀਚਾ ਮਿਥ ਲਿਆ ਹੈ, ਉਥੇ ਆਰ.ਐਸ.ਐਸ. ਨੇ ਹੁਣ ਪੰਜਾਬ ਨੂੰ ਆਪਣਾ ਨਿਸ਼ਾਨਾ ਬਣਾ ਲਿਆ ਹੈ, ਜਿਸ ਕਾਰਨ ਸਿੱਖ ਕੌਮ ਦੋਧਾਰੀ ਖਤਰੇ ਵਿਚ ਘਿਰੀ ਪਈ ਹੈ।

# ਹਾਈਕੋਰਟ ਵਲੋਂ ਪੰਜਾਬ ਸਰਕਾਰ ਦੀ ਡਾਢੀ ਝਾੜ-ਝੰਬ

**ਫ਼ਰੀਦਕੋਟ:** ਪੰਜਾਬ ਸਰਕਾਰ ਵੱਲੋਂ ਖ਼ਜ਼ਾਨਿਆਂ ਵਿਚ ਪਈਆਂ ਲੋਕਾਂ ਦੀਆਂ ਅਮਾਨਤਾਂ ਵਰਤਣ ਦਾ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਸਖ਼ਤ ਨੋਟਿਸ ਲਿਆ ਹੈ। ਇਸ ਬਾਰੇ ਪੰਜਾਬ ਦੇ ਵਿੱਤ ਸਕੱਤਰ ਨੂੰ ਹੁਕਮ ਦਿੱਤਾ ਗਿਆ ਹੈ ਕਿ ਜ਼ਿਲ੍ਹਾ ਪੱਧਰ 'ਤੇ ਖ਼ਜ਼ਾਨਾ ਦਫ਼ਤਰਾਂ ਵਿਚ ਅਦਾਲਤਾਂ ਵੱਲੋਂ ਲੋਕਾਂ ਦੀਆਂ ਜਮ੍ਹਾਂ ਕਰਵਾਈਆਂ ਅਮਾਨਤਾਂ ਹੋਰ ਪਾਸੇ ਨਾ ਵਰਤੀਆਂ ਜਾਣ। ਅਦਾਲਤਾਂ ਦੇ ਹੁਕਮ ਅਨੁਸਾਰ ਇਹ ਅਮਾਨਤਾਂ ਤੁਰੰਤ ਹੱਕਦਾਰਾਂ ਨੂੰ ਦਿੱਤੀਆਂ ਜਾਣ।



ਦੱਸਣਯੋਗ ਹੈ ਕਿ ਆਰਥਿਕ ਸੰਕਟ ਵਿਚ ਘਿਰੀ ਪੰਜਾਬ ਸਰਕਾਰ ਨੇ ਜ਼ਿਲ੍ਹਾ ਖ਼ਜ਼ਾਨਾ ਦਫ਼ਤਰ ਵਿਚ ਜ਼ਿਲ੍ਹਾ ਅਦਾਲਤ ਵੱਲੋਂ ਜਮ੍ਹਾਂ ਕਰਵਾਈ ਪੰਜ ਕਰੋੜ 80 ਲੱਖ ਦੀ ਰਕਮ ਹੋਰ ਪਾਸੇ ਵਰਤ ਲਈ ਹੈ। ਇਹ ਰਾਸ਼ੀ ਕਿਸਾਨਾਂ ਨਾਲ ਸਬੰਧਤ ਸੀ। ਇਸੇ ਤਰ੍ਹਾਂ ਤਕਰੀਬਨ ਅੱਠ ਕਰੋੜ ਰੁਪਏ, ਜੋ ਬੀਮਾਂ ਕੰਪਨੀਆਂ ਨੇ ਅਦਾਲਤ ਰਾਹੀਂ ਖ਼ਜ਼ਾਨੇ ਵਿਚ ਜਮ੍ਹਾਂ ਕਰਵਾਈ ਸਨ, ਨੂੰ ਸਰਕਾਰ ਨੇ ਆਪਣੇ ਕੰਮਾਂ ਲਈ ਵਰਤ ਲਿਆ ਹੈ।

ਹਾਈਕੋਰਟ ਦੀ ਹਦਾਇਤ ਤੋਂ ਬਾਅਦ ਖ਼ਜ਼ਾਨਾ ਦਫ਼ਤਰਾਂ ਨੇ ਅਮਾਨਤਾਂ ਮੋੜਨ ਲਈ ਪੈਸਾ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ ਹੈ। ਇਹ ਵੀ ਪਤਾ ਲੱਗਿਆ ਹੈ ਕਿ ਖ਼ਜ਼ਾਨਾ ਦਫ਼ਤਰ ਨੇ ਸਰਕਾਰੀ ਦਫ਼ਤਰਾਂ ਦੇ ਬਿਜਲੀ ਦੇ ਬਿੱਲਾਂ ਲਈ ਵੀ ਅਦਾਇਗੀਆਂ 'ਤੇ ਰੋਕ ਲਾ ਦਿੱਤੀ ਹੈ। ਉਧਰ ਪਾਵਰ ਕਾਰਪੋਰੇਸ਼ਨ ਨੇ ਬਿੱਲ ਸਮੇਂ ਸਿਰ ਨਾ ਭਰਨ ਕਰਨ ਸਾਰੇ ਸਰਕਾਰੀ ਦਫ਼ਤਰਾਂ ਨੂੰ ਬਿੱਲ ਜੁਰਮਾਨੇ ਸਮੇਤ ਜਮ੍ਹਾਂ ਕਰਵਾਉਣ ਦੇ ਹੁਕਮ ਦਿੱਤੇ ਹਨ। ਸਮੇਂ ਸਿਰ ਪੈਸਾ ਨਾ ਮਿਲਣ ਕਾਰਨ ਪੰਜਾਬ ਸਰਕਾਰ ਦੇ 82 ਦਫ਼ਤਰ ਜੁਰਮਾਨਿਆਂ ਸਮੇਤ ਬਿਜਲੀ ਦੇ ਬਿੱਲ ਅਦਾ ਕਰਨਗੇ।

ਦੱਸਣਯੋਗ ਹੈ ਕਿ ਆਰਥਿਕ ਸੰਕਟ ਕਾਰਨ ਸਰਕਾਰੀ ਮੁਲਾਜ਼ਮਾਂ, ਅਧਿਕਾਰੀਆਂ ਤੇ ਜੱਜਾਂ ਦੀਆਂ ਤਿੰਨਾਂ ਮਹੀਨਿਆਂ ਦੀਆਂ ਤਨਖ਼ਾਹਾਂ ਰੁਕੀਆਂ ਪਈਆਂ ਹਨ।

# ਪੰਥਕ ਮਾਮਲਿਆਂ ਪ੍ਰਤੀ ਸੁਹਿਰਦ ਹੋਵੇ ਸ਼੍ਰੋਮਣੀ ਕਮੇਟੀ: ਜਥੇਦਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਹੈ ਕਿ ਸਿੱਖਾਂ ਨਾਲ ਜੁੜੇ ਸਮੂਹ ਮੁੱਦਿਆਂ ਦੀ ਸੁਹਿਰਦਤਾ ਨਾਲ ਨਜ਼ਰਸਾਨੀ ਕਰਨੀ ਸ਼੍ਰੋਮਣੀ ਕਮੇਟੀ ਦਾ ਪ੍ਰਮੁੱਖ ਮੰਤਵ ਹੋਣਾ ਚਾਹੀਦਾ ਹੈ ਤੇ ਇਸ ਲਈ ਹੋਰ ਉਪਰਾਲੇ ਕੀਤੇ ਜਾਣ ਦੀ ਲੋੜ ਹੈ। ਉਨ੍ਹਾਂ ਕਿਹਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਿੱਖਾਂ ਦੀ ਚੜ੍ਹਦੀ ਕਲਾ ਲਈ ਹਰੇਕ ਪੱਖ ਨੂੰ ਵਿਸ਼ੇਸ਼ਤਾ ਨਾਲ ਲਿਆ ਜਾਂਦਾ ਹੈ ਤੇ ਕੌਮ ਦੀਆਂ ਰਵਾਇਤਾਂ ਵਿਰੁੱਧ ਹੁੰਦੀਆਂ ਮਨਮਤੀਆਂ ਕਾਰਵਾਈਆਂ 'ਤੇ ਰੋਕ ਲਾਉਣ ਲਈ ਹੁਕਮਨਾਮੇ ਤੇ ਆਦੇਸ਼ ਜਾਰੀ ਕੀਤੇ ਜਾਂਦੇ ਹਨ, ਜਿਨ੍ਹਾਂ ਨੂੰ ਲਾਗੂ ਕਰਵਾਉਣਾ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਕਮੇਟੀ ਦੀ ਜ਼ਿੰਮੇਵਾਰੀ ਹੈ ਪਰ ਕੁਝ ਹਲਾਤਾਂ ਵਿਚ ਇਹ ਜ਼ਿੰਮੇਵਾਰੀ ਪੂਰੀ ਨਹੀਂ ਹੋ ਰਹੀ, ਜਿਸ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ।

ਜਥੇਦਾਰ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਸਮੇਤ ਸਿੱਖ ਧਰਮ ਦੇ ਆਦਰਸ਼ਾਂ ਨੂੰ ਲਾਗੂ ਕਰਵਾਉਣ ਲਈ ਕੰਮ ਕਰ ਰਹੀਆਂ ਜਥੇਬੰਦੀਆਂ ਦੀ ਸ੍ਰੀ ਅਕਾਲ ਤਖ਼ਤ

ਸ਼੍ਰੋਮਣੀ ਕਮੇਟੀ ਨੂੰ ਜ਼ਿੰਮੇਵਾਰੀ ਯਾਦ ਕਰਾਈ



ਸਾਹਿਬ ਵੱਲੋਂ ਹਮਾਇਤ ਕੀਤੀ ਜਾਂਦੀ ਰਹੀ ਹੈ ਤੇ ਇਸ ਬਾਰੇ ਜਾਰੀ ਹੋਏ ਹੁਕਮਨਾਮੇ, ਸੰਦੇਸ਼, ਆਦੇਸ਼ ਦੀ ਪਾਲਣਾ ਕਰਨੀ ਤੇ ਕਰਵਾਉਣੀ ਜਿਥੇ ਹਰ ਗੁਰਸਿੱਖ ਦਾ ਫਰਜ਼ ਹੈ, ਉਥੇ ਸ਼੍ਰੋਮਣੀ ਕਮੇਟੀ ਨੂੰ ਇਸ ਕਾਰਜ ਲਈ ਸਭ ਤੋਂ ਅੱਗੇ ਹੋ ਕੇ ਕੰਮ ਕਰਨਾ ਚਾਹੀਦਾ ਹੈ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਕਾਰਜ ਕੌਮ ਨੂੰ ਅਗਵਾਈ ਦਿੰਦਿਆਂ ਨਿਰਦੇਸ਼ ਜਾਰੀ ਕਰਨਾ ਹੈ ਤੇ ਸ਼੍ਰੋਮਣੀ ਕਮੇਟੀ ਨੂੰ ਇਹ ਨਿਰਦੇਸ਼ ਲਾਗੂ ਕਰਵਾਉਣ ਲਈ ਪਾਬੰਧ ਹੋਣਾ ਚਾਹੀਦਾ ਹੈ।

ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਭਾਵੇਂ ਸ਼੍ਰੋਮਣੀ ਕਮੇਟੀ ਮਨਮਤੀਆਂ ਰੋਕਣ ਲਈ ਉਪਰਾਲੇ ਕਰਦੀ ਹੈ ਪਰ ਮੌਜੂਦਾ ਸਮੇਂ ਵਿਚ ਸਿੱਖ ਕੌਮ ਨੂੰ ਦਰਪੇਸ਼ ਚੁਣੌਤੀਆਂ ਦੇ ਮੱਦੇਨਜ਼ਰ ਵਧੇਰੇ ਸੰਜੀਦਗੀ ਦਿਖਾਉਣ ਦੀ ਲੋੜ ਹੈ। ਉਨ੍ਹਾਂ ਸਰਕਾਰਾਂ ਤੇ ਪ੍ਰਸ਼ਾਸਨ ਨੂੰ ਵੀ ਸਿੱਖ ਕੌਮ ਨੂੰ ਦਰਪੇਸ਼ ਚੁਣੌਤੀਆਂ ਬਾਰੇ ਸੁਚੇਤ ਹੋਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਅੱਗੇ ਇਹ ਚੁਣੌਤੀਆਂ ਨਿੱਤ ਦਿਨ ਵਧ ਰਹੀਆਂ ਹਨ। ਜੇ ਹੁਣ ਵੀ ਇਸ ਬਾਰੇ ਸੁਚੇਤ ਨਾ ਹੋਇਆ ਗਿਆ ਤਾਂ ਆਉਣ ਵਾਲੇ ਸਮੇਂ ਵਿਚ ਇਨ੍ਹਾਂ ਨਾਲ ਨਜਿੱਠਣਾ ਔਖਾ ਹੋ ਜਾਵੇਗਾ।

# ਦਿੱਲੀ ਕਮੇਟੀ ਵੱਲੋਂ ਪੰਥਕ ਮਸਲਿਆਂ ਬਾਰੇ ਰਾਜਨਾਥ ਨਾਲ ਮੁਲਾਕਾਤ

**ਨਵੀਂ ਦਿੱਲੀ:** ਕੇਂਦਰੀ ਫੂਡ ਪ੍ਰਾਸੈਸਿੰਗ ਮੰਤਰੀ ਹਰਸਿਮਰਤ ਕੌਰ ਬਾਦਲ ਦੀ ਅਗਵਾਈ ਵਿਚ ਵਫ਼ਦ ਨੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਾਲ ਪੰਥਕ ਮਸਲਿਆਂ ਬਾਰੇ ਗੱਲਬਾਤ ਕੀਤੀ। ਵਫ਼ਦ ਵਿਚ ਸ਼ਾਮਲ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਤੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਰਾਜਨਾਥ ਸਿੰਘ ਨੂੰ ਬੇਨਤੀ ਕੀਤੀ ਕਿ ਲੰਬੇ ਸਮੇਂ ਤੋਂ ਲਟਕ ਰਹੇ ਸਿੱਖ ਮਸਲਿਆਂ ਦਾ ਹੱਲ ਕੱਢਿਆ ਜਾਵੇ।

ਮੀਟਿੰਗ ਦੌਰਾਨ 1984 ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਐਸ.ਆਈ.ਟੀ. ਬਣਾਉਣ, ਸੱਜਣ ਕੁਮਾਰ ਖ਼ਿਲਾਫ਼ ਦੋਸ਼ ਪੱਤਰ ਦਾਖ਼ਲ ਕਰਵਾਉਣ, ਪੀੜਤਾਂ ਦੇ ਬੱਚਿਆਂ ਨੂੰ ਸਰਕਾਰੀ ਨੌਕਰੀਆਂ ਦੇਣ, ਪੀੜਤ ਪਰਿਵਾਰਾਂ ਨੂੰ ਪੰਜ ਲੱਖ ਰੁਪਏ ਸਹਾਇਤਾ ਰਾਸ਼ੀ ਦੇਣ ਬਾਰੇ ਸਰਕਾਰ ਵੱਲੋਂ ਦਿੱਤੇ ਬਿਆਨ ਬਾਰੇ ਪੈਦਾ ਹੋਈ ਦੁਚਿੱਤੀ ਦੂਰ ਕਰਨ, ਪਾਕਿਸਤਾਨ ਤੇ ਅਫ਼ਗਾਨਿਸਤਾਨ ਤੋਂ ਆਏ ਹਿੰਦੂ ਤੇ ਸਿੱਖਾਂ ਨੂੰ ਭਾਰਤੀ ਨਾਗਰਿਕਤਾ ਦੇਣ, ਆਦਿ ਮਸਲਿਆਂ 'ਤੇ ਵਿਚਾਰ ਕੀਤੀ ਗਈ। ਗੁਰਦੁਆਰਾ ਕਮੇਟੀ ਦੇ ਮੀਡੀਆ ਵਿਭਾਗ ਨੇ ਦਾਅਵਾ ਕੀਤਾ ਕਿ ਮੀਟਿੰਗ ਦੌਰਾਨ ਰਾਜਨਾਥ ਸਿੰਘ ਵੱਲੋਂ ਗ੍ਰਹਿ ਸਕੱਤਰ ਨੂੰ ਇਨ੍ਹਾਂ ਮਸਲਿਆਂ 'ਤੇ ਪਹਿਲ ਦੇ ਆਧਾਰ 'ਤੇ ਕਾਰਵਾਈ ਕਰਨ ਦੇ ਹੁਕਮ ਦਿੱਤੇ ਗਏ।

# ਭਾਜਪਾ ਵੱਲੋਂ ਬਾਗੀਆਂ ਨੂੰ ਗੰਢਣ ਲਈ ਸਰਗਰਮੀ ਤੇਜ਼

**ਅੰਮ੍ਰਿਤਸਰ:** ਅਕਾਲੀ ਦਲ ਨਾਲ ਰੋਜ਼ ਹੋ ਰਹੇ ਕਲੇਸ਼ ਤੋਂ ਬਾਅਦ ਭਾਜਪਾ ਹਾਈਕਮਾਨ ਨੇ ਕੁਝ ਬਾਗ਼ੀ ਧਿਰਾਂ ਦੇ ਨੇੜਲੇ ਸੂਤਰਾਂ ਨਾਲ ਸੰਪਰਕ ਕਰਕੇ ਉਨ੍ਹਾਂ ਦੀ ਨਬਜ਼ ਫੜਨੀ ਸ਼ੁਰੂ ਕਰ ਦਿੱਤੀ ਹੈ। ਇਸ ਨੇੜਤਾ ਨੂੰ ਵਧਾਉਣ ਲਈ ਭਾਰਤੀ ਜਨਤਾ ਪਾਰਟੀ ਨੇ ਸਿੱਖ ਚਿਹਰਿਆਂ ਨੂੰ ਅੱਗੇ ਕੀਤਾ ਹੈ। ਭਾਜਪਾ ਦੀ ਅੱਖ ਸਿੱਖ ਮਸਲਿਆਂ ਬਾਰੇ ਮੋਹ ਰੱਖਣ ਕਾਰਨ ਕੁਝ ਅਕਾਲੀ ਤੇ ਕਾਂਗਰਸੀ ਆਗੂਆਂ 'ਤੇ ਵੀ ਹੈ। ਕੁਝ ਗਰਮਖਿਆਲੀ ਧਿਰਾਂ ਵੀ ਭਾਜਪਾ ਦੀ ਇਸ ਨੇੜਤਾ ਨੂੰ ਹਾਂਪੱਖੀ ਹੁੰਗਾਰਾ ਦੇਣ ਦੇ ਰੌਂਅ ਵਿਚ ਹਨ। ਗਰਮਖਿਆਲੀ ਧਿਰਾਂ ਇਹ ਮਹਿਸੂਸ ਕਰਦੀਆਂ ਹਨ ਕਿ ਖੇਤਰੀ ਵਿਵਾਦ ਤੇ ਸਥਾਨਕ ਝਗੜਿਆਂ ਦੇ ਹੱਲ ਲਈ ਧਰਮ ਨਿਰਪੱਖ ਤੇ ਡਰਪੋਕ ਕਿਸਮ ਦੇ ਰਾਜਨੀਤਕਾਂ ਤੋਂ ਅਜਿਹੀ ਆਸ ਕਰਨੀ ਬੇਇਮਾਨੀ ਹੈ ਤੇ ਅਜਿਹੀ ਜ਼ੁਅਰਤ ਕੱਟੜ ਸੋਚ ਰੱਖਣ ਵਾਲੇ ਤੇ ਦਲੇਰ ਰਾਜਨੀਤਕ ਹੀ ਕਰ ਸਕਦੇ ਹਨ।

ਭਾਜਪਾ ਦੀ ਲੀਡਰਸ਼ਿਪ ਨੇ ਮਹਿਸੂਸ ਕਰ ਲਿਆ ਹੈ ਕਿ ਦੇਸ਼ ਵਿਚ ਅਮਨ ਤੇ ਸ਼ਾਂਤੀ ਦੀ ਸਥਾਪਨਾ ਲਈ ਸੰਵਿਧਾਨ ਦੇ ਦਾਇਰੇ ਵਿਚ ਰਹਿ ਕੇ ਨਾਰਾਜ਼ ਧਿਰਾਂ ਨੂੰ ਨਾਲ ਜੋੜਨ ਦੀ ਲੋੜ ਹੈ ਤੇ ਇਸੇ ਕੜੀ ਤਹਿਤ ਅੰਦਰ ਖਾਤੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਸੂਤਰਾਂ ਮੁਤਾਬਕ ਭਾਜਪਾ ਕੇ ਇਕ ਸਿੱਖ ਆਗੂ ਨੇ ਪੰਜਾਬ ਦੀਆਂ ਕੁਝ ਗਰਮਖਿਆਲੀ ਧਿਰਾਂ ਨੂੰ ਸੁਨੇਹਾ ਦਿੱਤਾ ਹੈ ਕਿ ਆਜ਼ਾਦੀ ਤੋਂ ਇਲਾਵਾ ਸੰਵਿਧਾਨ ਦੇ ਦਾਇਰੇ ਅੰਦਰ ਰਹਿ ਕੇ ਖ਼ੁਦਮੁਖਤਾਰੀ ਦਿਵਾਈ ਜਾ ਸਕਦੀ ਹੈ ਤਾਂ ਕਿ ਪੰਜਾਬ ਵਿਚ ਸਥਾਈ ਸ਼ਾਂਤੀ ਬਹਾਲ ਕੀਤੀ ਜਾ ਸਕੇ।

ਨੌਜਵਾਨਾਂ ਨੂੰ ਮੁੱਖ ਧਾਰਾ ਵਿਚ ਲਿਆਉਣ ਲਈ ਯਤਨ ਕੀਤੇ ਜਾ ਸਕਦੇ ਹਨ। ਇਥੇ ਹੀ ਬਸ ਨਹੀਂ ਜੋ ਨੌਜਵਾਨ ਸਜ਼ਾਵਾਂ ਪੂਰੀਆਂ ਕਰ ਚੁੱਕੇ ਹੋਣ ਦੇ ਬਾਵਜੂਦ ਜੇਲ੍ਹਾਂ ਵਿਚ ਬੰਦ ਹਨ, ਦੀ ਰਿਹਾਈ ਲਈ ਵੀ ਪਹਿਲ ਦੇ ਆਧਾਰ 'ਤੇ ਯਤਨ ਕੀਤੇ ਜਾ ਸਕਦੇ ਹਨ। ਇਸ ਕੜੀ ਤਹਿਤ ਹੀ ਹਰਿਆਣਾ ਵਿਚ ਨੌਜਵਾਨਾਂ ਦੀ ਰਿਹਾਈ ਲਈ ਭੁੱਖ ਹੜਤਾਲ 'ਤੇ ਬੈਠੇ ਭਾਈ ਗੁਰਬਖ਼ਸ਼ ਸਿੰਘ ਨਾਲ ਭਾਜਪਾ ਦੇ ਕੁਝ ਸਿੱਖ ਆਗੂਆਂ ਦੀ ਮੁਲਾਕਾਤ ਨੂੰ ਵੇਖਿਆ ਜਾ ਸਕਦਾ ਹੈ।

ਸੂਤਰਾਂ ਮੁਤਾਬਕ ਭਾਜਪਾ ਦੀ ਇਸ ਨਵੀਂ ਪੇਸ਼ਕਸ਼ ਨੇ ਗੁਰਮ ਸੁਰ ਰੱਖਣ ਵਾਲੀਆਂ ਧਿਰਾਂ ਨੂੰ ਵੀ ਇਕ ਵਾਰ ਸੋਚੀ ਪਾ ਦਿੱਤਾ ਹੈ। ਗਰਮ ਧਿਰਾਂ ਮਹਿਸੂਸ ਕਰ ਰਹੀਆਂ ਹਨ ਕਿ ਪ੍ਰਧਾਨ ਮੰਤਰੀ ਦੇ ਰੂਪ ਵਿਚ ਨਰੇਂਦਰ ਮੋਦੀ ਜਿਸ ਦਲੇਰੀ ਨਾਲ ਫ਼ੈਸਲੇ ਲੈ ਰਹੇ ਹਨ ਤੇ ਉਸ ਨੇ ਵਿਰੋਧੀਆਂ ਦੇ ਨਾਲ-ਨਾਲ ਆਪਣਿਆਂ ਦੇ ਮੂੰਹ ਵਿਚ ਵੀ ਉਂਗਲਾਂ ਪਾ ਦਿੱਤੀਆਂ ਹਨ।

# ਗੈਰ-ਕਾਨੂੰਨੀ ਖਣਨ: ਮਾਈਨਿੰਗ ਵਿਭਾਗ ਦੇ ਹੱਥ ਖੜ੍ਹੇ

**ਹੁਸ਼ਿਆਰਪੁਰ:** ਮਾਈਨਿੰਗ ਵਿਭਾਗ ਨੇ ਹਾਈਕੋਰਟ ਦੀਆਂ ਹਦਾਇਤਾਂ ਦੇ ਬਾਵਜੂਦ ਰਾਜਸੀ ਸਰਪ੍ਰਸਤੀ ਹਾਸਲ ਖਣਨ ਮਾਫਿਆ ਖਿਲਾਫ ਕਾਰਵਾਈ ਕਰਨ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ। ਹਾਜੀਪੁਰ ਤੇ ਲਾਗਲੇ ਖੇਤਰਾਂ ਵਿਚ ਇਜਾਜ਼ਤ ਤੋਂ ਬਿਨਾਂ ਤਕਰੀਬਨ 50 ਤੋਂ 60 ਫੁੱਟ ਤੱਕ ਗੈਰਕਾਨੂੰਨੀ ਮਾਈਨਿੰਗ ਕੀਤੀ ਜਾ ਰਹੀ ਹੈ। ਕਰੱਸ਼ਰਾਂ ਦੀ ਸਥਾਪਤੀ ਬਾਰੇ ਜਾਂਚ ਲਈ ਮਾਈਨਿੰਗ ਵਿਭਾਗ ਦੇ ਜ਼ਿਲ੍ਹਾ ਮਾਈਨਿੰਗ ਅਫ਼ਸਰ ਹਰਜੋਤ ਕੌਰ ਦੀ ਅਗਵਾਈ ਵਿਚ 12 ਨਵੰਬਰ ਨੂੰ ਵੱਖ-ਵੱਖ ਵਿਭਾਗਾਂ ਦੀ ਟੀਮ ਵੱਲੋਂ ਜਾਂਚ ਕੀਤੀ ਗਈ ਸੀ।

ਇਸ ਮੌਕੇ ਇਲਾਕੇ ਦੇ ਲੋਕਾਂ ਨੇ ਹਲਫੀਆ ਬਿਆਨ ਤੇ ਦਰਖਾਸਤਾਂ ਦੇ ਕੇ ਕਾਂਜੂਪਰੀ ਤੇ ਫਤਿਹਪੁਰ ਕੁੱਲੀਆਂ ਵਿਖੇ ਚੱਲਦੇ ਮੀਰੀ ਪੀਰੀ ਸਟੋਨ ਤੇ ਸਤਿਗੁਰੂ ਸਟੋਨ ਕਰੱਸ਼ਰ ਵੱਲੋਂ ਇਲਾਕੇ ਅੰਦਰ 50 ਤੋਂ 60 ਫੁੱਟ ਤੱਕ ਮਾਈਨਿੰਗ ਕੀਤੇ ਜਾਣ ਦਾ ਮਾਮਲਾ ਧਿਆਨ ਵਿਚ ਲਿਆਂਦਾ ਸੀ। ਇਸ ਮੌਕੇ ਖੁਦ ਮਾਈਨਿੰਗ ਅਫ਼ਸਰ ਨੇ ਜਾਂਚ ਕੀਤੀ ਸੀ ਕਿ ਉਕਤ ਕਰੱਸ਼ਰਾਂ ਵੱਲੋਂ ਨਿਯਮਾਂ ਦੇ ਉਲਟ ਤੇ ਇਜਾਜ਼ਤ ਤੋਂ ਬਿਨਾਂ ਮਾਈਨਿੰਗ ਕੀਤੀ ਗਈ ਸੀ। ਹੈਰਾਨੀ ਦੀ ਗੱਲ ਹੈ ਕਿ ਅਜੇ ਵੀ ਇਨ੍ਹਾਂ ਕਰੱਸ਼ਰਾਂ ਖ਼ਿਲਾਫ਼ ਕੋਈ ਕਾਰਵਾਈ ਅਮਲ ਵਿਚ ਨਹੀਂ ਲਿਆਂਦੀ ਗਈ। ਤਕਰੀਬਨ ਡੇਢ ਮਹੀਨਾ ਪਹਿਲਾਂ ਡੀ.ਸੀ. ਅਮਿਤ ਢਾਕਾ ਨੇ ਗੈਰਕਾਨੂੰਨੀ ਮਾਈਨਿੰਗ ਨੂੰ ਨੱਥ ਪਾਉਣ ਲਈ ਹਰ ਵਿਭਾਗ ਦੇ ਅਧਿਕਾਰੀਆਂ ਨੂੰ ਕਾਰਵਾਈ ਕਰਨ ਲਈ ਸਮਰੱਥ ਐਲਾਨਦਿਆਂ ਉਨ੍ਹਾਂ ਦੇ ਅਧਿਕਾਰ ਖੇਤਰ ਅੰਦਰ ਹੁੰਦੀ ਗੈਰਕਾਨੂੰਨੀ ਮਾਈਨਿੰਗ ਬਾਰੇ ਰਿਪੋਰਟ ਹਰ 15 ਦਿਨ ਬਾਅਦ ਭੇਜਣ ਦੇ ਹੁਕਮ ਦਿੱਤੇ ਸਨ ਪਰ ਜ਼ਿਆਦਾਤਰ ਅਧਿਕਾਰੀ ਕਰੱਸ਼ਰ ਮਾਲਕਾਂ ਦੇ ਰਾਜਸੀ ਦਬਾਅ ਹੇਠ 'ਨਿੱਲ' ਰਿਪੋਰਟ ਭੇਜ ਰਹੇ ਹਨ।

ਇਲਾਕੇ ਦੇ ਪਿੰਡ ਫਤਿਹਪੁਰ ਦੇ ਹਰਭਜਨ ਸਿੰਘ ਨੇ ਪੰਜ ਨਵੰਬਰ ਨੂੰ ਹਾਜੀਪੁਰ ਪੁਲਿਸ ਤੇ ਮਾਈਨਿੰਗ ਵਿਭਾਗ ਨੂੰ ਦਰਖਾਸਤ ਦਿੱਤੀ ਸੀ ਕਿ ਇਲਾਕੇ ਅੰਦਰ ਉਸ ਦੇ ਨਾਂ ਲੱਗਦੀ ਜ਼ਮੀਨ ਉਤੇ ਸਤਿਗੁਰੂ ਸਟੋਨ ਕਰੱਸ਼ਰ ਦੇ ਮਾਲਕਾਂ ਵੱਲੋਂ ਗੈਰਕਾਨੂੰਨੀ ਮਾਈਨਿੰਗ ਕੀਤੀ ਜਾ ਰਹੀ ਹੈ ਜਿਸ ਨਾਲ ਜ਼ਮੀਨ ਵੱਡੇ ਪੱਧਰ 'ਤੇ ਖੁਰ ਚੁੱਕੀ ਹੈ। ਪੁਲਿਸ ਨੇ ਇਸ ਦਰਖਾਸਤ 'ਤੇ ਕੋਈ ਕਾਰਵਾਈ ਕਰਨ ਦੀ ਥਾਂ ਰਾਜ਼ੀਨਾਮੇ ਲਈ ਦਬਾਅ ਬਣਾਉਣਾ ਸ਼ੁਰੂ ਕਰ ਦਿੱਤਾ ਜਿਸ 'ਤੇ ਉਸ ਨੇ ਮੁੜ 12 ਨਵੰਬਰ ਨੂੰ ਜਾਂਚ ਟੀਮ ਅੱਗੇ ਪੇਸ਼ ਹੋ ਕੇ ਸਬੰਧਤ ਜ਼ਮੀਨ ਦਾ ਮੌਕਾ ਦਿਖਾਇਆ ਤੇ ਕਰੱਸ਼ਰ ਮਾਲਕਾਂ ਖਿਲਾਫ਼ ਕਾਰਵਾਈ ਦੀ ਮੰਗ ਕੀਤੀ। ਨਤੀਜਾ ਕੁਝ ਨਾ ਨਿਕਲਿਆ ਸਗੋਂ ਕਰੱਸ਼ਰ ਮਾਲਕਾਂ ਨੇ ਉਸ ਨੂੰ ਸ਼ਿਕਾਇਤ ਵਾਪਸ ਲੈਣ ਲਈ ਦਬਾਅ ਪਾਉਣਾ ਸ਼ੁਰੂ ਕਰ ਦਿੱਤਾ। ਸ਼ਿਕਾਇਤਕਰਤਾਵਾਂ ਨੇ ਦੱਸਿਆ ਕਿ ਇਥੇ ਚੱਲਦੇ ਕਰੱਸ਼ਰਾਂ ਵਿਚ ਸੱਤਾਧਾਰੀ ਪਾਰਟੀ ਦੇ ਇਕ ਕੈਬਨਿਟ ਮੰਤਰੀ ਦੀ ਭਾਈਵਾਲੀ ਹੈ ਜਿਸ ਕਾਰਨ ਇਨ੍ਹਾਂ ਖ਼ਿਲਾਫ਼ ਪ੍ਰਸ਼ਾਸਨਿਕ ਅਧਿਕਾਰੀ ਕਾਰਵਾਈ ਨਹੀਂ ਕਰ ਰਹੇ।

11 ਨਵੰਬਰ ਨੂੰ ਕਾਂਜੂਪੀਰ ਦੇ ਧਿਆਨ ਸਿੰਘ ਨੇ ਲਿਖਤੀ ਦਰਖਾਸਤ ਰਾਹੀਂ ਪਿੰਡ ਖੁੰਡਾ, ਫਤਿਹਪੁਰ ਕੁੱਲੀਆਂ ਤੇ ਕਾਂਜੂਪੀਰ ਦੇ ਸਰਪੰਚਾਂ ਸਮੇਤ ਇਲਾਕੇ ਦੇ ਦਰਜਨਾਂ ਲੋਕਾਂ ਦੇ ਦਸਤਖਤ ਕਰਵਾ ਕੇ ਮੀਰੀ ਪੀਰੀ ਸਟੋਨ ਕਰੱਸ਼ਰ ਤੇ ਸਤਿਗੁਰੂ ਸਟੋਨ ਕਰੱਸ਼ਰ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਸੀ। 12 ਨਵੰਬਰ ਨੂੰ ਜਾਂਚ ਟੀਮ ਅੱਗੇ ਪੇਸ਼ ਹੋ ਕੇ ਲੋਕਾਂ ਨੇ ਕਾਰਵਾਈ ਦੀ ਮੰਗ ਕੀਤੀ ਸੀ ਪਰ ਪੁਲਿਸ ਜਾਂ ਮਾਈਨਿੰਗ ਵਿਭਾਗ ਨੇ ਕੋਈ ਠੋਸ ਕਾਰਵਾਈ ਕਰਨੀ ਠੀਕ ਨਹੀਂ ਸਮਝੀ। ਲੋਕਾਂ ਨੇ ਦੱਸਿਆ ਕਿ ਇਹ ਮਾਮਲਾ ਧਿਆਨ 'ਚ ਆਉਣ 'ਤੇ ਐਸ. ਡੀ. ਐਮ. ਮੁਕੇਰੀਆਂ ਨੇ ਏ.ਐਸ.ਪੀ. ਨਾਨਕ ਸਿੰਘ ਨੂੰ ਇਨ੍ਹਾਂ ਕਰੱਸ਼ਰਾਂ 'ਤੇ ਪੁਲਿਸ ਮੁਲਾਜ਼ਮ ਤਾਇਨਾਤ ਕਰਨ ਦੇ ਜ਼ੁਬਾਨੀ ਹੁਕਮ ਕੀਤੇ ਸਨ ਪਰ ਇਹ ਹੁਕਮ ਜ਼ੁਬਾਨ ਤੱਕ ਹੀ ਸੀਮਤ ਰਹੇ।

ਲੋਕਾਂ ਦਾ ਕਹਿਣਾ ਹੈ ਕਿ ਪੁਲਿਸ ਤੇ ਮਾਈਨਿੰਗ ਵਿਭਾਗ ਵਿਚ ਫੈਲੇ ਭ੍ਰਿਸ਼ਟਾਚਾਰ ਦੇ ਚੱਲਦਿਆਂ ਇਨ੍ਹਾਂ ਠੋਸ ਕਾਰਵਾਈ ਅਮਲ ਵਿਚ ਨਹੀਂ ਲਿਆਂਦੀ ਜਾ ਰਹੀ। ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਅਮਿਤ ਢਾਕਾ ਦਾ ਕਹਿਣਾ ਹੈ ਕਿ ਪੁਲਿਸ ਸਮੇਤ ਸਾਰੇ ਵਿਭਾਗੀ ਅਧਿਕਾਰੀਆਂ ਨੂੰ ਕਾਰਵਾਈ ਲਈ ਸਮਰੱਥ ਅਧਿਕਾਰੀ ਬਣਾਇਆ ਗਿਆ ਹੈ। ਜੇਕਰ ਸ਼ਿਕਾਇਤਾਂ ਦੇ ਬਾਵਜੂਦ ਮਾਈਨਿੰਗ ਜਾਂ ਪੁਲਿਸ ਅਧਿਕਾਰੀ ਗੈਰਕਾਨੂੰਨੀ ਮਾਈਨਿੰਗ ਕਰਨ ਵਾਲੇ ਕਰੱਸ਼ਰਾਂ ਖ਼ਿਲਾਫ਼ ਠੋਸ ਕਾਰਵਾਈ ਨਹੀਂ ਕਰ ਰਹੇ ਤਾਂ ਉਹ ਸਬੰਧਤ ਅਧਿਕਾਰੀਆਂ ਨੂੰ ਸਖਤੀ ਨਾਲ ਕਾਰਵਾਈ ਕਰਨ ਲਈ ਕਹਿਣਗੇ।







Kulbir Heer, EA
510-304-7733

Manjit Heer, EA
510-378-1040

Enroll Now
Enrollment Period
Nov. 15, 2014 to Feb. 15, 2015

Free Enrollment Assistance.
Learn how Health Insurance will Effect your Taxes Going Forward.

We are IRS "Enrolled Agents" for income tax prep. assistance.

Please Call 510-885-1040

We are COVERED CA "Certified Enrolled Counselors" for Health Insurance Assistance

COVERED CALIFORNIA
Certified Enrollment Counselor
WE WAVE, YOU SAVE!
www.libertyTax.com
LIBERTY TAX SERVICE
1-866-871-1040



Are You Tired Of All Treatments?
Try Homeopathic Natural Medicines (HNM)

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply


Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200

Email: Homeomdicine@yahoo.com
Website: www.Homeopathyatoz.com

Toll Free: 1-877-OK-HOMEO (1-877-654-6636)



ਟਰੱਕ ਸਟਾਪ 40
ਓਕਲਹੋਮਾ

ਕੈਸ਼ੀਅਰ, ਮਕੈਨਿਕਾਂ ਅਤੇ ਹੈਲਪਰ ਦੀ ਜ਼ਰੂਰਤ ਹੈ

■ਰੋਟੀ ਬਣਾਉਣ ਵਾਸਤੇ ਬੀਬੀਆਂ ਦੀ ਜ਼ਰੂਰਤ ਹੈ
■ਜੋੜੇ (ਪਤੀ-ਪਤਨੀ) ਨੂੰ ਪਹਿਲ
■ਚੰਗੀ ਤਨਖਾਹ ■ਮੁਫਤ ਰਿਹਾਇਸ਼

ਸੰਪਰਕ ਕਰੋ: ਰਾਜ ਸੌਕਰ
ਫੋਨ: 832-512-7172





# ਡਕੈਤੀ ਕੇਸ ਦੇ 10 ਸਿੱਖ ਬਜ਼ੁਰਗ ਅਜੇ ਵੀ ਸੀਖਾਂ ਪਿੱਛੇ

**ਜਲੰਧਰ:** ਲੁਧਿਆਣਾ ਵਿਚ ਖਾੜਕੂ ਲਹਿਰ ਸਮੇਂ 12 ਫਰਵਰੀ, 1987 ਨੂੰ ਪੰਜ ਕਰੋੜ ਰੁਪਏ ਤੋਂ ਵੱਧ ਦੀ ਡਕੈਤੀ ਮਾਮਲੇ ਵਿਚ 10 ਬਜ਼ੁਰਗ ਅਕਾਲੀ ਅਜੇ ਵੀ ਜੇਲ੍ਹਾਂ ਵਿਚ ਬੰਦ ਹਨ। ਤਕਰੀਬਨ 28 ਸਾਲ ਪਹਿਲਾਂ ਵਾਪਰੀ ਇਸ ਘਟਨਾ ਵਿਚ ਫਰਵਰੀ-ਮਾਰਚ 1988 ਵਿਚ ਉਕਤ 10 ਵਿਅਕਤੀਆਂ ਨੂੰ ਇਸ ਡਕੈਤੀ ਦਾ ਪੈਸਾ ਰੱਖਣ ਬਦਲੇ ਸਾਜ਼ਿਸ਼ ਕੇਸ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਸਾਰੇ ਜਣਿਆਂ ਦੀ ਨੌਂ ਮਈ, 1988 ਨੂੰ ਜ਼ਮਾਨਤ ਹੋ ਗਈ ਸੀ। ਇਸ ਤੋਂ ਬਾਅਦ ਇਹ ਮਾਮਲਾ ਪੂਰੇ 25 ਸਾਲ ਅਦਾਲਤੀ ਘੁੰਮਣਘੇਰੀਆਂ ਵਿਚ ਫਸਿਆ ਰਿਹਾ। ਨੌਜਵਾਨ ਅਵਸਥਾ ਵਾਲੇ ਇਹ ਵਿਅਕਤੀ ਅਦਾਲਤਾਂ ਦੇ ਗੇੜੇ ਕੱਢਦੇ ਬਜ਼ੁਰਗ ਅਵਸਥਾ ਵਿਚ ਜਾ ਪੁੱਜੇ, ਜਿਨ੍ਹਾਂ ਵਿਚੋਂ ਕੁਝ ਤਾਂ ਕਈ ਤਰ੍ਹਾਂ ਦੀਆਂ ਬਿਮਾਰੀਆਂ ਦੇ ਵੀ ਸ਼ਿਕਾਰ ਹੋ ਚੁੱਕੇ ਹਨ।

ਸੁਪਰੀਮ ਕੋਰਟ ਨੇ ਪਿੱਛੇ ਜਿਹੇ ਰਾਜੀਵ ਗਾਂਧੀ ਕਤਲ ਕਾਂਡ ਦੇ ਦੋਸ਼ੀਆਂ ਦੀ ਫਾਂਸੀ ਦੀ ਸਜ਼ਾ ਸੁਣਵਾਈ ਵਿਚ ਦੇਰੀ ਕਾਰਨ ਰੱਦ ਕਰ ਦਿੱਤੀ ਗਈ ਸੀ। ਜਿਸ ਪਿੱਛੋਂ ਮੰਗ ਉੱਠਣ ਲੱਗੀ ਹੈ ਕਿ 25 ਸਾਲ ਤੱਕ ਕਿਸੇ ਕੇਸ ਦੀ ਸੁਣਵਾਈ ਲਟਕਾਈ ਰੱਖਣੀ ਤੇ ਫਿਰ ਉਸ ਵਿਚ ਸਜ਼ਾ ਸੁਣਾਉਣੀ ਕਿਵੇਂ ਜਾਇਜ਼ ਹੈ। ਢੋਲੇਵਾਲ ਲੁਧਿਆਣਾ ਦੇ 70 ਸਾਲਾ ਬਜ਼ੁਰਗ ਭਾਈ ਮਾਨ ਸਿੰਘ ਦੀ ਦਿਲ ਦੀ ਬਾਈਪਾਸ ਸਰਜਰੀ ਹੋ ਚੁੱਕੀ ਹੈ। ਆਖਰ ਬੜੀ ਲੰਬੀ ਅਦਾਲਤੀ ਚਾਰਾਜੋਈ ਬਾਅਦ 20 ਨਵੰਬਰ 2012 ਨੂੰ ਉੱਘੇ ਖਾੜਕੂ ਆਗੂ ਭਾਈ ਦਲਜੀਤ ਸਿੰਘ ਬਿੱਟੂ, ਗੁਰਸ਼ਰਨ ਸਿੰਘ ਗਾਮਾ ਸਮੇਤ ਇਨ੍ਹਾਂ 10 ਵਿਅਕਤੀਆਂ ਨੂੰ 10-10 ਸਾਲ ਦੀ ਸਜ਼ਾ ਸੁਣਾ ਦਿੱਤੀ ਗਈ। ਭਾਈ ਬਿੱਟੂ ਤੇ ਗਾਮਾ ਤਾਂ ਪਹਿਲਾਂ ਹੀ 10 ਸਾਲ ਤੋਂ ਵਧੇਰੇ ਸਮਾਂ ਜੇਲ੍ਹ ਵਿਚ ਰਹਿ ਚੁੱਕੇ ਸਨ। ਇਸ ਕਰਕੇ ਉਨ੍ਹਾਂ ਦੀ ਸਜ਼ਾ ਤਾਂ ਪੂਰੀ ਕਰ ਦਿੱਤੀ ਗਈ, ਬਾਕੀ 10 ਜਣੇ ਜੇਲ੍ਹ ਦੀਆਂ ਕਾਲ ਕੋਠੜੀਆਂ ਵਿਚ ਬੰਦ ਹਨ। ਇਨ੍ਹਾਂ ਦਸਾਂ ਵਿਚੋਂ ਬਹੁਤੇ ਬਜ਼ੁਰਗ ਉਹ ਹਨ ਜਿਨ੍ਹਾਂ ਨੇ ਧਰਮ ਯੁੱਧ ਮੋਰਚੇ ਵੇਲੇ ਵੀ ਜੇਲ੍ਹਾਂ ਕੱਟੀਆਂ ਹਨ। ਇਨ੍ਹਾਂ ਦੇ ਪਰਿਵਾਰਾਂ ਅੰਦਰ ਇਸ ਗੱਲੋਂ ਡਾਹਢਾ ਰੋਸ ਹੈ ਕਿ ਅਕਾਲੀ ਲੀਡਰਸ਼ਿਪ ਪੰਜਾਬ ਵਿਚ ਵਾਪਰੇ ਦੁਖਾਂਤ ਉੱਪਰ ਆਪਣੀਆਂ ਰੋਟੀਆਂ ਸੇਕ ਕੇ ਹਕੂਮਤਾਂ ਦਾ ਸੁਖ ਭੋਗ ਰਹੀ ਹੈ, ਪਰ ਇਸ ਦੁਖਾਂਤ ਦਾ ਸ਼ਿਕਾਰ ਹੋਣ ਵਾਲਿਆਂ ਦੀ ਕਿਸੇ ਨੇ ਬਾਂਹ ਨਹੀਂ ਫੜੀ।



ਜੇਲ੍ਹ ਵਿਚ ਬੰਦ (ਉਪਰ, ਖੱਬਿਉਂ) ਆਸਾ ਸਿੰਘ, ਮਾਨ ਸਿੰਘ, ਅਵਤਾਰ ਸਿੰਘ, ਮੋਹਨ ਸਿੰਘ ਤੇ ਹਰਭਜਨ ਸਿੰਘ; (ਥੱਲੇ, ਖੱਬਿਉਂ) ਸੇਵਾ ਸਿੰਘ, ਗੁਰਜੰਟ ਸਿੰਘ, ਸਰੂਪ ਸਿੰਘ, ਬਲਵਿੰਦਰ ਸਿੰਘ ਤੇ ਹਰਜਿੰਦਰ ਸਿੰਘ।

ਟਾਡਾ ਅਦਾਲਤ ਵੱਲੋਂ ਸੁਣਾਈ ਸਜ਼ਾ ਵਿਰੁੱਧ ਇਸ ਸਮੇਂ ਸੁਪਰੀਮ ਕੋਰਟ ਵਿਚ ਕੇਸ ਦਾਇਰ ਕੀਤਾ ਹੋਇਆ ਹੈ, ਪਰ ਸਿਰਫ਼ 94 ਸਾਲ ਦੀ ਉਮਰ ਵਾਲੇ ਡਾ. ਆਸਾ ਸਿੰਘ ਨੂੰ ਸਿਹਤ ਦੇ ਆਧਾਰ 'ਤੇ ਜ਼ਮਾਨਤ ਮਿਲੀ ਹੈ। 94 ਸਾਲਾ ਡਾ. ਆਸਾ ਸਿੰਘ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਵਡਾਲਾ ਮਾਹੀ ਦੇ ਵਸਨੀਕ ਹਨ। ਢੋਲੇਵਾਲ (ਲੁਧਿਆਣਾ) ਦੇ ਵਸਨੀਕ ਭਾਈ ਮਾਨ ਸਿੰਘ ਕਿਸੇ ਸਮੇਂ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੇ ਬੜੇ ਨਜ਼ਦੀਕੀ ਸਨ। ਉਹ ਦਿਲ ਦੀ ਬਿਮਾਰੀ ਤੋਂ ਪੀੜਤ ਤੇ ਕੇਂਦਰੀ ਜੇਲ੍ਹ ਲੁਧਿਆਣਾ ਵਿਚ ਬੰਦ ਹਨ। 76 ਸਾਲਾ ਅਵਤਾਰ ਸਿੰਘ ਜਲੰਧਰ ਨੇੜਲੇ ਪਿੰਡ ਕੁਰਾਲੀ ਦੇ ਵਸਨੀਕ ਤੇ ਜਥੇਦਾਰ ਕੁਲਦੀਪ ਸਿੰਘ ਵਡਾਲਾ ਨਾਲ ਸਰਗਰਮ ਅਕਾਲੀ ਆਗੂਆਂ ਵਿਚ ਸ਼ਾਮਲ ਰਹੇ ਹਨ। ਜਲੰਧਰ ਦੇ ਹੀ ਪੱਤੜ ਕਲਾਂ ਦੇ ਭਾਈ ਮੋਹਨ ਸਿੰਘ (72) ਕੇਂਦਰੀ ਜੇਲ੍ਹ ਕਪੂਰਥਲਾ ਵਿਚ ਬੰਦ ਹਨ। ਹਰਭਜਨ ਸਿੰਘ ਸ਼ਰੀਂਹ ਪਹਿਲਾਂ ਅਕਾਲੀ ਆਗੂ ਤੇ ਫਿਰ ਬਹੁਜਨ ਸਮਾਜ ਪਾਰਟੀ ਵਿਚ ਸਰਗਰਮ ਰਹੇ, ਉਹ 84 ਨੂੰ ਢੁੱਕ ਚੁੱਕੇ ਹਨ ਤੇ ਕਪੂਰਥਲਾ ਜੇਲ੍ਹ ਵਿਚ ਹਨ। ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਚੱਕ ਰਾਜੂ ਸਿੰਘ ਦੇ 73 ਸਾਲਾ ਭਾਈ ਸੇਵਾ ਸਿੰਘ ਵੀ ਕਪੂਰਥਲਾ ਜੇਲ੍ਹ ਵਿਚ ਹਨ। ਉਨ੍ਹਾਂ ਦੀਆਂ ਦੋ ਭਤੀਜੀਆਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀਆਂ ਨੂੰਹਾਂ ਹਨ। ਜਗਰਾਵਾਂ ਨੇੜਲੇ ਕੋਠੇ ਜੰਗ ਰੋਡ ਦੇ ਭਾਈ ਗੁਰਜੰਟ ਸਿੰਘ ਵੀ 72 ਸਾਲਾਂ ਨੂੰ ਟੱਪ ਚੁੱਕੇ ਹਨ ਤੇ ਉਹ ਇਸ ਵੇਲੇ ਨਾਭਾ ਜੇਲ੍ਹ ਵਿਚ ਬੰਦ ਹਨ। ਜ਼ਿਲ੍ਹਾ ਲੁਧਿਆਣਾ ਦੇ ਪਿੰਡ ਲਲਤੋਂ ਕਲਾਂ ਦਾ 55 ਸਾਲਾ ਭਾਈ ਹਰਜਿੰਦਰ ਸਿੰਘ ਇਸ ਵੇਲੇ ਸਖ਼ਤ ਸੁਰੱਖਿਆ ਜੇਲ੍ਹ ਨਾਭਾ ਵਿਚ ਬੰਦ ਹੈ।

ਜਲੰਧਰ ਜ਼ਿਲ੍ਹੇ ਦੇ ਪਿੰਡ ਬਿਸਰਾਮਪੁਰ ਦਾ 66 ਸਾਲਾ ਭਾਈ ਸਰੂਪ ਸਿੰਘ ਤੇ ਜਲੰਧਰ ਜ਼ਿਲ੍ਹੇ ਦੇ ਹੀ ਪਿੰਡ ਟਾਹਲੀ ਦਾ 62 ਸਾਲਾ ਭਾਈ ਬਲਵਿੰਦਰ ਸਿੰਘ ਕੇਂਦਰੀ ਜੇਲ੍ਹ ਕਪੂਰਥਲਾ ਵਿਚ ਹੈ। ਵਰਨਣਯੋਗ ਹੈ ਕਿ ਇਨ੍ਹਾਂ ਸਾਰਿਆਂ ਉੱਪਰ ਡਕੈਤੀ ਵਿਚ ਸ਼ਾਮਲ ਹੋਣ ਦਾ ਕੋਈ ਦੋਸ਼ ਨਹੀਂ। ਇਨ੍ਹਾਂ ਸਾਰਿਆਂ ਕੋਲੋਂ ਡਕੈਤੀ ਵਾਲੀ ਰਕਮ ਵਿਚੋਂ 14 ਲੱਖ ਰੁਪਏ ਬਰਾਮਦ ਕੀਤੇ ਜਾਣ ਦਾ ਦੋਸ਼ ਲਗਾਇਆ ਗਿਆ ਸੀ। ਭਾਈ ਮਾਨ ਸਿੰਘ ਦੇ ਪੁੱਤਰ ਜਸਪਾਲ ਸਿੰਘ ਨੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵੀ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਇਹ ਮਾਮਲਾ ਪੰਜਾਬ ਸਰਕਾਰ ਕੋਲ ਉਠਾਇਆ ਜਾਵੇ।

## ਜਥੇਦਾਰ ਹੁਣ ਬੰਦੀ ਸਿੰਘਾਂ ਲਈ ਹੱਕਾਂ ਦਾ ਇਸਤੇਮਾਲ ਕਰਨ: ਖਾਲਸਾ

**ਕੁਰੂਕਸ਼ੇਤਰ:** ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਤੇ ਸਜ਼ਾ ਭੁਗਤ ਚੁੱਕੇ ਬੰਦੀ ਸਿੱਖਾਂ ਦੀ ਰਿਹਾਈ ਲਈ ਯਤਨ ਕਰ ਰਹੇ ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ ਨੇ ਕਿਹਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਆਪਣੇ ਹੱਕਾਂ ਦਾ ਇਸਤੇਮਾਲ ਸਿੱਖ ਪੰਥ ਦੀ ਭਲਾਈ ਲਈ ਕਰਨਾ ਚਾਹੀਦਾ ਹੈ ਕਿਉਂਕਿ ਇਸ ਸਮੇਂ ਉਹ ਪੰਥ ਦੇ ਸਰਬ ਉੱਚ ਆਹੁਦੇ 'ਤੇ ਬਿਰਾਜਮਾਨ ਹਨ। ਜੇਕਰ ਇਸ ਆਹੁਦੇ 'ਤੇ ਰਹਿੰਦੇ ਹੋਏ ਵੀ ਉਨ੍ਹਾਂ ਨੇ ਕੌਮ ਦਾ ਭਲਾ ਨਾ ਕੀਤਾ ਤਾਂ ਆਉਣ ਵਾਲੀਆਂ ਪੀੜ੍ਹੀਆਂ ਉਨ੍ਹਾਂ ਨੂੰ ਮਾਫ਼ ਨਹੀਂ ਕਰਨਗੀਆਂ।



ਗੁਰਦੁਆਰਾ ਸ੍ਰੀ ਲਖਨੌਰ ਸਾਹਿਬ ਪਾਤਸ਼ਾਹੀ 10ਵੀਂ ਵਿਚ ਭੁੱਖ ਹੜਤਾਲ 'ਤੇ ਬੈਠੇ ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ ਨੇ ਦੱਸਿਆ ਕਿ ਉਹ 19 ਅਕਤੂਬਰ ਨੂੰ ਸਿੰਘ ਸਾਹਿਬ ਨੂੰ ਮਿਲੇ ਸਨ ਤੇ ਉਨ੍ਹਾਂ ਨੇ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਤੇ ਸਜ਼ਾ ਭੁਗਤ ਚੁੱਕੇ 101 ਸਿੱਖ ਕੈਦੀਆਂ ਦੀ ਸੂਚੀ ਸੌਂਪੀ ਸੀ।

ਸੂਚੀ ਵਿਚ ਸੱਤ ਅਜਿਹੇ ਸਿੱਖ ਕੈਦੀ ਹਨ, ਜੋ ਪਿਛਲੇ 20 ਤੋਂ 26 ਸਾਲਾਂ ਤੋਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਹਨ। ਇਨ੍ਹਾਂ ਵਿਚ ਕਈ ਤਾਂ ਸੁਣਾਈ ਸਜ਼ਾ ਤੋਂ ਵੀ 6-7 ਸਾਲ ਵੱਧ ਸਜ਼ਾ ਭੁਗਤ ਚੁੱਕੇ ਹਨ ਤੇ ਹੁਣ ਤੱਕ ਰਿਹਾਅ ਨਹੀਂ ਕੀਤੇ ਜਾ ਰਹੇ ਹਨ। ਭਾਈ ਗੁਰਬਖ਼ਸ਼ ਸਿੰਘ ਨੇ ਦੱਸਿਆ ਕਿ ਭਾਈ ਵਰਿਆਮ ਸਿੰਘ ਬਰੇਲੀ (ਮੱਧ ਪ੍ਰਦੇਸ਼), ਭਾਈ ਗੁਰਦੀਪ ਸਿੰਘ ਖੈਰਾ (ਕਰਨਾਟਕ), ਭਾਈ ਲਾਲ ਸਿੰਘ ਨਾਭਾ ਜੇਲ੍ਹ (ਪੰਜਾਬ), ਭਾਈ ਲਖਵਿੰਦਰ ਸਿੰਘ, ਭਾਈ ਸ਼ਮਸ਼ੇਰ ਸਿੰਘ ਤੇ ਭਾਈ ਗੁਰਮੀਤ ਸਿੰਘ (ਸਾਰੇ ਬੁੜੈਲ ਜੇਲ੍ਹ) ਤੇ ਭਾਈ ਦਵਿੰਦਰ ਸਿੰਘ ਭੁੱਲਰ ਤਿਹਾੜ ਜੇਲ੍ਹ ਵਿਚ ਬੰਦ ਹਨ ਤੇ ਸੁਣਾਈ ਗਈ ਸਜ਼ਾ ਤੋਂ ਵੀ ਵੱਧ ਸਜ਼ਾ ਭੁਗਤ ਚੁੱਕੇ ਹਨ।

### ਭਾਜਪਾ ਵੱਲੋਂ ਵੀ ਸੰਘਰਸ਼ ਦੀ ਹਮਾਇਤ

**ਬਠਿੰਡਾ:** ਭਾਜਪਾ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ ਵੱਲੋਂ ਵਿੱਢੇ ਸੰਘਰਸ਼ ਦੀ ਹਮਾਇਤ ਕਰਨ ਦਾ ਐਲਾਨ ਕਰ ਦਿੱਤਾ। ਭਾਜਪਾ ਦੇ ਸੀਨੀਅਰ ਆਗੂ ਆਰਪੀ ਸਿੰਘ ਮੈਨੀ ਪੰਜਾਬ ਭਾਜਪਾ ਦੇ ਪ੍ਰਧਾਨ ਕਮਲ ਸ਼ਰਮਾ ਦੇ ਦੂਤ ਬਣ ਕੇ ਗੁਰਬਖ਼ਸ਼ ਸਿੰਘ ਖ਼ਾਲਸਾ ਦੇ ਸੰਘਰਸ਼ ਵਾਲੀ ਥਾਂ 'ਤੇ ਪਹੁੰਚੇ ਤੇ ਉਨ੍ਹਾਂ ਦੀ ਹਮਾਇਤ ਕਰਨ ਦਾ ਐਲਾਨ ਕੀਤਾ। ਉਨ੍ਹਾਂ ਵੱਖ-ਵੱਖ ਜੇਲਾਂ ਵਿਚ ਬੰਦੀ ਸਿੰਘਾਂ ਦੀ ਗਿਣਤੀ ਤੇ ਉਨ੍ਹਾਂ ਬਾਰੇ ਸਾਰੀ ਜਾਣਕਾਰੀ ਹਾਸਲ ਕੀਤੀ। ਸ੍ਰੀ ਮੈਨੀ ਨੇ ਕਿਹਾ ਕਿ ਭਾਜਪਾ ਸਿੱਖ ਮਸਲਿਆਂ ਨੂੰ ਪੂਰੀ ਤਰ੍ਹਾਂ ਹੱਲ ਕਰਾਉਣ ਦੀ ਸਥਿਤੀ ਵਿਚ ਹੈ, ਫਿਰ ਕਿਉਂ ਨਾ ਕਰਵਾਏ ਜਾਣ। ਉਨ੍ਹਾਂ ਕਿਹਾ ਕਿ ਕਾਨੂੰਨ ਵੀ ਇਹ ਇਜਾਜ਼ਤ ਨਹੀਂ ਦਿੰਦਾ ਕਿ ਸਜ਼ਾ ਪੂਰੀ ਕਰ ਚੁੱਕੇ ਵਿਅਕਤੀਆਂ ਨੂੰ ਜੇਲ੍ਹ ਵਿਚ ਰੱਖਿਆ ਜਾਵੇ। ਇਸ ਲਈ ਸਜ਼ਾ ਪੂਰੀ ਕਰ ਚੁੱਕੇ ਵਿਅਕਤੀ ਜੇਲਾਂ ਵਿਚੋਂ ਰਿਹਾਅ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਇਹ ਮਾਮਲਾ ਕਮਲ ਸ਼ਰਮਾ ਦੀ ਅਗਵਾਈ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੇ ਧਿਆਨ ਵਿਚ ਲਿਆ ਕੇ ਹੱਲ ਕਰਵਾਇਆ ਜਾਵੇਗਾ।

# ਮੁੜ ਭਖਿਆ ਨਾਨਕਸ਼ਾਹੀ ਕੈਲੰਡਰ ਬਾਰੇ ਵਿਵਾਦ

**ਅੰਮ੍ਰਿਤਸਰ:** ਨਾਨਕਸ਼ਾਹੀ ਕੈਲੰਡਰ ਵਿਵਾਦ ਮੁੜ ਭਖ ਗਿਆ ਹੈ। ਸਿੱਖ ਵਿਦਵਾਨਾਂ ਦਾ ਮਤ ਹੈ ਕਿ ਕੈਲੰਡਰ ਵਿਵਾਦ ਨੂੰ ਹੱਲ ਕਰਨ ਲਈ ਇਸ ਮੁੱਦੇ 'ਤੇ ਮੁੜ ਵਿਚਾਰ ਹੋਣਾ ਚਾਹੀਦਾ ਹੈ। ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਤੇ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ ਇਕੋ ਦਿਨ 28 ਦਸੰਬਰ ਨੂੰ ਆਉਣ ਕਾਰਨ ਪੰਜ ਸਿੰਘ ਸਾਹਿਬਾਨ ਵੱਲੋਂ ਪ੍ਰਕਾਸ਼ ਪੁਰਬ ਸੱਤ ਜਨਵਰੀ ਨੂੰ ਮਨਾਉਣ ਦਾ ਫ਼ੈਸਲਾ ਕੀਤਾ ਗਿਆ ਸੀ ਪਰ ਇਸ ਫ਼ੈਸਲੇ ਨਾਲ ਪ੍ਰਕਾਸ਼ ਪੁਰਬ 28 ਦਸੰਬਰ ਤੇ ਸੱਤ ਜਨਵਰੀ ਤੋਂ ਇਲਾਵਾ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਪੰਜ ਜਨਵਰੀ ਨੂੰ ਵੀ ਮਨਾਇਆ ਜਾਣਾ ਸੀ ਜਿਸ ਕਾਰਨ ਸਿੰਘ ਸਾਹਿਬਾਨ ਨੇ ਆਪਣਾ ਇਹ ਫ਼ੈਸਲਾ ਵਾਪਸ ਲੈ ਲਿਆ ਹੈ। ਇਕ ਗੁਰਪੁਰਬ ਦੀਆਂ ਤਿੰਨ ਤਰੀਕਾਂ ਹੋਣ ਕਾਰਨ ਸਿੱਖ ਕੌਮ ਦੁਵਿਧਾ ਵਿਚ ਹੈ। ਗੁਰਪੁਰਬ ਦੀ ਤਰੀਕ ਵਿਚ ਬਦਲਾਅ ਕੀਤੇ ਜਾਣ ਕਾਰਨ ਇਕ ਵਾਰ ਮੁੜ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਹੀ ਲਾਗੂ ਕਰਨ ਦੀ ਮੰਗ ਉਭਰੀ ਹੈ।

ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਆਖਿਆ ਕਿ ਸੋਧ ਤੋਂ ਬਾਅਦ ਨਾਨਕਸ਼ਾਹੀ ਕੈਲੰਡਰ ਦਾ ਮੂਲ ਰੂਪ ਬਦਲ ਗਿਆ ਹੈ, ਜਿਸ ਕਾਰਨ ਗੁਰਪੁਰਬ, ਸ਼ਹੀਦੀ ਦਿਹਾੜੇ ਤੇ ਜੋਤੀ ਜੋਤ ਸਮਾਉਣ ਆਦਿ ਦਿਵਸ ਇਕੋ ਤਰੀਕਾਂ 'ਤੇ ਆ ਰਹੇ ਹਨ, ਜਿਸ ਨੇ ਮੁੜ ਸਿੱਖ ਕੌਮ ਨੂੰ ਭੰਬਲਭੂਸੇ ਵਿਚ ਪਾ ਦਿੱਤਾ ਹੈ। ਉਨ੍ਹਾਂ ਆਖਿਆ ਕਿ ਇੰਜ ਵਾਰ-ਵਾਰ ਗੁਰਪੁਰਬਾਂ ਦੀਆਂ ਤਰੀਕਾਂ ਬਦਲਣ ਨਾਲ ਇਸ ਮਸਲੇ ਦਾ ਕੋਈ ਸਾਰਥਕ ਹੱਲ ਨਹੀਂ ਨਿਕਲ ਸਕਦਾ। ਇਸ ਮਾਮਲੇ 'ਤੇ ਮੁੜ ਵਿਚਾਰ ਕਰਨ ਦੀ ਲੋੜ ਹੈ ਤੇ ਮੂਲ ਨਾਨਕਸ਼ਾਹੀ ਕੈਲੰਡਰ ਵਿਚ ਜੇਕਰ ਕੋਈ ਖ਼ਾਮੀ ਹੈ ਤਾਂ ਉਸ ਨੂੰ ਦੂਰ ਕਰਕੇ ਮੁੜ ਉਸੇ ਨੂੰ ਅਪਨਾਉਣ ਦੀ ਲੋੜ ਹੈ। ਇਸ ਮਾਮਲੇ ਵਿਚ ਅਕਾਲ ਤਖ਼ਤ ਦੇ ਜਥੇਦਾਰ ਕੌਮ ਦੇ ਸਿੱਖ ਵਿਦਵਾਨਾਂ ਨੂੰ ਸਿਰ ਜੋੜ ਕੇ ਬੈਠਣ ਦੀ ਹਦਾਇਤ ਕਰਨ ਤੇ ਇਹ ਮਾਮਲਾ ਉਨ੍ਹਾਂ ਨੂੰ ਸੌਂਪਣ ਤਾਂ ਜੋ ਇਸ ਮਸਲੇ ਦਾ ਸਾਰਥਕ ਹੱਲ ਕੱਢਿਆ ਜਾ ਸਕੇ।

ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਆਖਿਆ ਕਿ ਸਮੇਂ ਦੀ ਮੰਗ ਹੈ ਕਿ ਕੈਲੰਡਰ ਵਿਵਾਦ ਨੂੰ ਹਮੇਸ਼ਾ ਵਾਸਤੇ ਹੱਲ ਕਰਨ ਲਈ ਇਸ ਮੁੱਦੇ 'ਤੇ ਮੁੜ ਵਿਚਾਰ ਕੀਤਾ ਜਾਵੇ। ਸਿੱਖ ਕੌਮ ਫ਼ੈਸਲਾ ਕਰੇ ਕਿ ਉਹ ਬਿਕਰਮੀ ਕੈਲੰਡਰ ਚਾਹੁੰਦੀ ਹੈ ਜਾਂ ਮੂਲ ਨਾਨਕਸ਼ਾਹੀ ਕੈਲੰਡਰ ਕਿਉਂਕਿ ਹਰ ਵਾਰ ਗੁਰਪੁਰਬਾਂ ਦੀਆਂ ਤਰੀਕਾਂ ਬਦਲ ਕੇ ਇਸ ਸਮੱਸਿਆ ਤੋਂ ਭੱਜਿਆ ਨਹੀਂ ਜਾ ਸਕਦਾ ਹੈ। ਉਨ੍ਹਾਂ ਆਖਿਆ ਕਿ ਇਸ ਮਾਮਲੇ ਵਿਚ ਸੋਧ ਕਰਨ ਸਮੇਂ ਤਕਨੀਕੀ ਪੱਖਾਂ ਨੂੰ ਅਣਡਿੱਠ ਕਰ ਦਿੱਤਾ ਗਿਆ ਸੀ। ਉਸ ਵੇਲੇ ਜੋ ਦੋ ਮੈਂਬਰੀ ਕਮੇਟੀ ਬਣਾਈ ਗਈ ਸੀ, ਉਸ ਵਿਚ ਕੋਈ ਵੀ ਕੈਲੰਡਰ ਵਿਸ਼ੇ ਦਾ ਮਾਹਿਰ ਨਹੀਂ ਸੀ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ ਨੇ ਆਖਿਆ ਕਿ ਹਰ ਵਾਰ ਗੁਰਪੁਰਬ ਦੀਆਂ ਤਰੀਕਾਂ ਵਿਚ ਬਦਲਾਅ ਕਰਨ ਨਾਲੋਂ ਬੇਹਤਰ ਹੈ ਕਿ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕਰ ਦਿੱਤਾ ਜਾਵੇ। ਉਹ ਕੈਲੰਡਰ ਸਿਖ ਪੰਥ ਦੇ ਹਰ ਵਰਗ ਨਾਲ ਡੂੰਘੀ ਵਿਚਾਰ ਚਰਚਾ ਤੋਂ ਬਾਅਦ ਜਾਰੀ ਕੀਤਾ ਗਿਆ ਸੀ ਤੇ ਉਸ ਨੂੰ ਲਾਗੂ ਕਰਨ ਨਾਲ ਗੁਰਪੁਰਬਾਂ ਦੀਆਂ ਤਰੀਕਾਂ ਬਾਰੇ ਕੋਈ ਵਿਵਾਦ ਨਹੀਂ। ਉਨ੍ਹਾਂ ਕਿਹਾ ਕਿ ਸਿੰਘ ਸਾਹਿਬਾਨ ਸਪੱਸ਼ਟ ਕਰਨ ਕਿ ਗੁਰਪੁਰਬਾਂ ਦੀਆਂ ਤਰੀਕਾਂ ਵਾਰ-ਵਾਰ ਬਦਲਣ ਦੀ ਲੋੜ ਕਿਉਂ ਪੈ ਰਹੀ ਹੈ। ਦਿੱਲੀ ਕਮੇਟੀ ਦੇ ਮੌਜੂਦਾ ਪ੍ਰਧਾਨ ਮਨਜੀਤ ਸਿੰਘ ਜੀ.ਕੇ ਨੇ ਆਖਿਆ ਕਿ ਅਕਾਲ ਤਖ਼ਤ ਸਰਵਉਚ ਹੈ ਤੇ ਉਸ ਵੱਲੋਂ ਕੀਤੇ ਫ਼ੈਸਲੇ ਨੂੰ ਪ੍ਰਵਾਨ ਕਰਨਾ ਚਾਹੀਦਾ ਹੈ। ਉਨ੍ਹਾਂ ਇਹ ਵੀ ਖੁਲਾਸਾ ਕੀਤਾ ਹੈ ਕਿ ਦਿੱਲੀ ਕਮੇਟੀ ਵੱਲੋਂ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ 28 ਦਸੰਬਰ ਨੂੰ ਹੀ ਮਨਾਇਆ ਜਾ ਰਿਹਾ ਹੈ। ਅਮਰੀਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੇ.ਐਸ ਹੋਠੀ ਤੇ ਕੁਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਆਖਿਆ ਕਿ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕਰਕੇ ਇਹ ਸਾਰੀਆਂ ਸਮੱਸਿਆਵਾਂ ਨੂੰ ਹੱਲ ਕੀਤਾ ਜਾ ਸਕਦਾ ਹੈ। ਸਮੂਹ ਸਿੱਖ ਜਥੇਬੰਦੀਆਂ ਦੀ ਮੀਟਿੰਗ ਸੱਦ ਕੇ ਇਸ ਮਾਮਲੇ ਨੂੰ ਮੁੜ ਵਿਚਾਰਨਾ ਚਾਹੀਦਾ ਹੈ।

### ਸਿੰਘ ਸਾਹਿਬਾਨ ਨੇ ਪ੍ਰਕਾਸ਼ ਪੁਰਬ ਦੀ ਤਰੀਕ ਬਦਲਣ ਦਾ ਫੈਸਲਾ ਵਾਪਸ ਲਿਆ



### ਨਾਨਕਸ਼ਾਹੀ ਕੈਲੰਡਰ 'ਚ ਸੋਧ ਸੰਭਵ: ਜਥੇਦਾਰ

**ਅੰਮ੍ਰਿਤਸਰ:** ਗੁਰਪੁਰਬਾਂ ਦੀਆਂ ਤਰੀਕਾਂ ਵਿਚ ਬਦਲਾਅ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਉਹ ਖੁਦ ਇਸ ਹਕ ਵਿਚ ਨਹੀਂ ਹਨ ਕਿ ਵਾਰ-ਵਾਰ ਤਰੀਕਾਂ ਬਦਲੀਆਂ ਜਾਣ। ਉਨ੍ਹਾਂ ਕਿਹਾ ਕਿ ਨਾਨਕਸ਼ਾਹੀ ਕੈਲੰਡਰ ਵਿਚ ਮੁੜ ਸੋਧ ਹੋ ਸਕਦੀ ਹੈ ਪਰ ਉਨ੍ਹਾਂ ਕੋਲ ਫਿਲਹਾਲ ਇਸ ਬਾਰੇ ਸਿੱਖ ਸੰਗਤ ਵੱਲੋਂ ਕੋਈ ਸੁਝਾਅ ਨਹੀਂ ਆਏ ਹਨ।

ਜਥੇਦਾਰ ਨੇ ਆਖਿਆ ਕਿ ਨਾਨਕਸ਼ਾਹੀ ਕੈਲੰਡਰ ਵਿਚ ਸੋਧ ਕਰਨ ਲਈ ਦੋ ਮੈਂਬਰੀ ਕਮੇਟੀ ਬਣਾਈ ਗਈ ਸੀ। ਜੇਕਰ ਇਹ ਕਮੇਟੀ ਮੁੜ ਸੋਧ ਦੀ ਲੋੜ ਸਮਝਦੀ ਹੈ ਤਾਂ ਸੋਧ ਲਈ ਰਾਹ ਖੁੱਲ੍ਹਾ ਹੈ।

### ਕੈਲੰਡਰ ਵਿਚ ਸੋਧ ਬਾਰੇ ਜਥੇਦਾਰ ਸਪਸ਼ਟ ਕਰਨ: ਨੰਦਗੜ੍ਹ

**ਤਲਵੰਡੀ ਸਾਬੋ:** ਤਖ਼ਤ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਸਿੰਘ ਸਾਹਿਬ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਨੇ ਕਿਹਾ ਹੈ ਕਿ ਗਿਆਨੀ ਗੁਰਬਚਨ ਸਿੰਘ ਸਿੱਖ ਕੌਮ ਨੂੰ ਇਹ ਦੱਸਣ ਕਿ ਉਹ ਸੋਧ ਨਾਨਕਸ਼ਾਹੀ ਕੈਲੰਡਰ ਵਿਚ ਜਾਂ ਬਿਕਰਮੀ ਕੈਲੰਡਰ ਵਿਚ ਕਰਵਾਉਣਾ ਚਾਹੁੰਦੇ ਹਨ।

ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਨੇ ਕਿਹਾ ਕਿ ਗਿਆਨ ਗੁਰਬਚਨ ਸਿੰਘ ਕੌਮ ਨੂੰ ਭੰਬਲਭੂਸੇ ਵਿਚ ਨਾ ਪਾਉਣ, ਸਗੋਂ ਇਹ ਦੱਸਣ ਦੀ ਖੇਚਲ ਕਰਨ ਕਿ ਉਹ ਕਿਸ ਕੈਲੰਡਰ ਨੂੰ ਨਾਨਕਸ਼ਾਹੀ ਮੰਨਦੇ ਹਨ, ਜਿਸ ਵਿਚ ਉਹ ਸੋਧਾਂ ਦੀ ਗੱਲ ਕਰ ਰਹੇ ਹਨ। ਸਮੇਂ ਦੀ ਵੰਡ ਦਾ ਨਾਮ ਹੀ ਕੈਲੰਡਰ ਹੈ। ਉਨ੍ਹਾਂ ਕਿਹਾ ਕਿ ਗਿਆਨੀ ਗੁਰਬਚਨ ਸਿੰਘ ਕੈਲੰਡਰ ਵਿਚ ਸੋਧਾਂ ਸੰਭਵ ਦੀ ਗੱਲ ਕਹਿ ਰਹੇ ਹਨ ਪਰ ਉਹ ਇਹ ਸਪਸ਼ਟ ਕਰਨ ਕਿ ਸੋਧਾਂ ਕਿਸ ਕੈਲੰਡਰ ਵਿਚ ਕੀਤੀਆਂ ਜਾਣਗੀਆਂ।

## ਨਾਨਕਸ਼ਾਹੀ ਕੈਲੰਡਰ ਦਾ ਪਿਛੋਕੜ

ਪੁਰਾਣੇ ਬਿਕਰਮੀ ਕੈਲੰਡਰ ਨਾਲ ਬਦਲਦੀਆਂ ਸੰਗਰਾਂਦਾਂ ਕਾਰਨ ਧਾਰਮਿਕ ਦਿਹਾੜਿਆਂ ਨੂੰ ਮਿੱਥਣ ਵਿਚ ਝਮੇਲੇ ਦੀ ਨਵਿਰਤੀ ਦੇ ਤਰਕ ਨਾਲ ਕੈਨੇਡੀਅਨ ਸਿੱਖ ਮਾਹਿਰ ਪਾਲ ਸਿੰਘ ਪੁਰੇਵਾਲ ਵੱਲੋਂ 1998-99 ਵਿਚ ਸੂਰਜ ਚਾਲ ਦਾ ਨਾਨਕਸ਼ਾਹੀ ਕੈਲੰਡਰ ਤਿਆਰ ਕੀਤਾ ਤੇ ਇਸ ਦੀ ਸ਼ੁਰੂਆਤ ਪਹਿਲੀ ਪਾਤਸ਼ਾਹੀ ਦੇ ਜਨਮ ਤੋਂ ਕੀਤੀ ਗਈ। ਇਸ ਕੈਲੰਡਰ ਨੂੰ 2003 ਵਿਚ ਅਕਾਲ ਤਖ਼ਤ ਸਾਹਿਬ ਤੋਂ ਮਾਨਤਾ ਤਾਂ ਮਿਲ ਗਈ ਪਰ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੇ ਤਖ਼ਤ ਸ੍ਰੀ ਪਟਨਾ ਸਾਹਿਬ ਵੱਲੋਂ ਬਿਕਰਮੀ ਕੈਲੰਡਰ ਨੂੰ ਹੀ ਮਾਨਤਾ ਜਾਰੀ ਰੱਖਣ ਨਾਲ ਉਲਝਣ ਬਣ ਗਈ, ਜਿਸ ਦਾ ਪ੍ਰਭਾਵ ਆਮ ਲੋਕਾਂ ਦੇ ਮਨਾਂ ਵਿਚ ਬੈਠੇ ਰੋਮਨ ਕੈਲੰਡਰ ਨਾਲ ਨਾਨਕਸ਼ਾਹੀ ਕੈਲੰਡਰ ਦੇ ਸਿੱਧੇ ਤਾਲਮੇਲ ਨਾ ਹੋਣ ਕਾਰਨ ਹੋਰ ਵੱਧ ਗਿਆ। 2010 ਵਿਚ ਸ਼੍ਰੋਮਣੀ ਕਮੇਟੀ ਦੀ ਸਹਿਮਤੀ ਤਹਿਤ ਅਕਾਲ ਤਖ਼ਤ ਸਾਹਿਬ ਵੱਲੋਂ ਨਾਨਕਸ਼ਾਹੀ ਕੈਲੰਡਰ ਵਿਚ ਵਿਸ਼ੇਸ਼ ਕਮੇਟੀ ਰਾਹੀਂ ਕੁਝ ਸੋਧਾਂ ਦਰਜ ਕਰ ਦਿੱਤੀਆਂ ਪਰ ਮਾਹਿਰਾਂ ਦੀ ਪੁਖ਼ਤਾ ਰਾਏ ਤੋਂ ਬਿਨਾਂ ਹੋਈਆਂ ਸੋਧਾਂ ਨੇ ਭਵਿੱਖ ਲਈ ਹੋਰ ਵਾਵੇਲੇ ਖੜ੍ਹੇ ਕਰ ਦਿੱਤੇ। ਜਿਸ ਤਹਿਤ ਹੁਣ ਸਿੱਖ ਬਿਕਰਮੀ, ਮੂਲ ਨਾਨਕਸ਼ਾਹੀ, ਸੋਧਿਆ ਨਾਨਕਸ਼ਾਹੀ ਤੇ ਮੁੜ ਸੋਧਣਯੋਗ ਦੇ ਹਮਾਇਤੀਆਂ ਵਜੋਂ ਚਾਰ ਧਿਰਾਂ ਅੰਦਰ ਵੰਡੀਆਂ ਜਾ ਚੁੱਕੀਆਂ ਹਨ।

# ਉਤਰੀ ਭਾਰਤ ਦੇ ਜਲ ਭੰਡਾਰਾਂ ਵਿਚ ਪਾਣੀ ਦਾ ਪੱਧਰ ਘਟਿਆ

**ਨਵੀਂ ਦਿੱਲੀ:** ਸਾਉਣੀ ਦੇ ਸੀਜ਼ਨ ਦੌਰਾਨ ਇਸ ਵਾਰ ਘੱਟ ਮੀਂਹ ਪੈਣ ਦੀ ਚੁਣੌਤੀ ਨਾਲ ਨਜਿੱਠਣ ਤੋਂ ਬਾਅਦ ਹੁਣ ਹਾੜ੍ਹੀ ਦੇ ਸੀਜ਼ਨ ਦੌਰਾਨ ਹਿਮਾਚਲ ਪ੍ਰਦੇਸ਼, ਪੰਜਾਬ ਤੇ ਰਾਜਸਥਾਨ ਵਿਚ ਡੈਮਾਂ ਵਿਚ ਪਾਣੀ ਦਾ ਪੱਧਰ ਘਟਣ ਦੀ ਚੁਣੌਤੀ ਵੀ ਸਾਹਮਣੇ ਹੈ। ਕੇਂਦਰੀ ਜਲ ਕਮਿਸ਼ਨ ਵੱਲੋਂ ਪਾਣੀ ਦੇ ਭੰਡਾਰਾਂ ਬਾਰੇ ਜਾਰੀ ਅੰਕੜਿਆਂ ਅਨੁਸਾਰ ਪਿਛਲੇ ਸਾਲ ਦੇ ਮੁਕਾਬਲੇ ਜਲ ਭੰਡਾਰਾਂ ਵਿਚ ਪਾਣੀ ਦਾ ਪੱਧਰ ਘੱਟ ਹੈ।

ਕੇਂਦਰੀ ਜਲ ਕਮਿਸ਼ਨ ਵੱਲੋਂ ਜਾਰੀ ਜਾਣਕਾਰੀ ਅਨੁਸਾਰ ਇਨ੍ਹਾਂ ਜਲ ਭੰਡਾਰਾਂ ਦੀ ਕੁੱਲ ਸਮਰੱਥਾ 18.01 ਅਰਬ ਘਣ ਮੀਟਰ ਹੈ ਤੇ ਇਸ ਵੇਲੇ ਇਨ੍ਹਾਂ ਵਿਚ 11.60 ਅਰਬ ਘਣ ਮੀਟਰ ਪਾਣੀ ਜਮ੍ਹਾਂ ਹੈ। ਇਹ ਜ਼ਿਕਰਯੋਗ ਹੈ ਕਿ ਪਿਛਲੇ ਸਾਲ 80 ਫੀਸਦੀ ਪਾਣੀ ਜਮ੍ਹਾਂ ਹੋਇਆ ਹੈ ਤੇ ਪਿਛਲੇ ਦਸ ਸਾਲ ਦੀ ਔਸਤ 70 ਫੀਸਦੀ ਹੈ। ਇਸ ਸਮੇਂ ਪਿਛਲੇ ਸਾਲਾਂ ਦੇ ਮੁਕਾਬਲੇ ਪਾਣੀ ਦੇ ਭੰਡਾਰ ਜਮ੍ਹਾਂ ਹੋਣ ਵਿਚ ਕੇਰਲਾ, ਤਾਮਿਲਨਾਡੂ, ਕਰਨਾਟਕ ਦੀ ਸਥਿਤੀ ਬਿਹਤਰ ਹੈ। ਇਸ ਤੋਂ ਇਲਾਵਾ ਹਿਮਾਚਲ ਪ੍ਰਦੇਸ਼, ਪੱਛਮੀ ਬੰਗਾਲ, ਰਾਜਸਥਾਨ, ਉੱਤਰਾਖੰਡ, ਉੱਤਰ ਪ੍ਰਦੇਸ਼, ਝਾਰਖੰਡ, ਉੜੀਸਾ, ਤ੍ਰਿਪੁਰਾ, ਗੁਜਰਾਤ ਤੇ ਹੋਰ ਸਾਰੇ ਰਾਜਾਂ ਵਿਚ ਪਾਣੀ ਦੇ ਭੰਡਾਰ ਔਸਤ ਨਾਲੋਂ ਘੱਟ ਹਨ। ਦੇਸ਼ ਦੇ ਕੁਲ 85 ਜਲ ਭੰਡਾਰਾਂ ਵਿਚ 20 ਨਵੰਬਰ ਤੱਕ 106.882 ਅਰਬ ਘਣ ਮੀਟਰ ਪਾਣੀ ਜਮ੍ਹਾਂ ਹੈ ਜੋ ਇਨ੍ਹਾਂ ਦੀ ਕੁੱਲ ਸਮਰੱਥਾ ਦਾ 69 ਫੀਸਦੀ ਬਣਦਾ ਹੈ। ਪਾਣੀ ਦੇ ਭੰਡਾਰ ਘੱਟ ਹੋਣ ਕਾਰਨ ਹਾੜ੍ਹੀ ਦੀਆਂ ਫਸਲਾਂ ਕਣਕ, ਛੋਲੇ, ਸਰ੍ਹੋਂ, ਮੱਕੀ ਤੇ ਦਾਲਾਂ ਦੇ ਉਤਪਾਦਨ ਉੱਤੇ ਮਾੜਾ ਅਸਰ ਪੈ ਸਕਦਾ ਹੈ ਤੇ ਇਸ ਦੇ ਨਾਲ ਹੀ ਬਿਜਲੀ ਉਤਪਾਦਨ ਘਟ ਸਕਦਾ ਹੈ। ਪਿਛਲੇ ਦਸ ਸਾਲਾਂ ਦੇ ਮੁਕਾਬਲੇ ਇਸ ਸਾਲ ਪਾਣੀ ਦੀ ਸਥਿਤੀ ਦੇਸ਼ ਵਿਚ ਪਤਲੀ ਹੈ ਤੇ ਇਹ ਪਿਛਲੇ ਸਾਲ ਨਾਲੋਂ ਵੀ ਘੱਟ ਹੈ।

## ਟਾਈਟਲਰ ਵਿਰੁੱਧ ਅਗਲੀ ਸੁਣਵਾਈ 23 ਦਸੰਬਰ ਨੂੰ

**ਨਵੀਂ ਦਿੱਲੀ:** 2009 ਵਿਚ ਉਦੋਂ ਦੇ ਪ੍ਰਧਾਨ ਮੰਤਰੀ ਨੂੰ ਜਾਅਲੀ ਚਿੱਠੀ ਲਿਖਣ ਦੇ ਕੇਸ ਵਿਚ ਕਾਂਗਰਸੀ ਨੇਤਾ ਜਗਦੀਸ਼ ਟਾਇਟਲਰ ਤੇ ਅਭਿਸ਼ੇਕ ਵਰਮਾ ਵਿਰੁੱਧ ਸੀ.ਬੀ.ਆਈ. ਵੱਲੋਂ ਦਾਇਰ ਕੀਤੀ ਐਫ.ਆਈ.ਆਰ. ਵਿਚ ਲਗਾਏ ਦੋਸ਼ਾਂ ਬਾਰੇ ਅਗਲੀ ਸੁਣਵਾਈ ਦਿੱਲੀ ਦੀ ਅਦਾਲਤ ਨੇ 23 ਦਸੰਬਰ 'ਤੇ ਪਾ ਦਿੱਤੀ ਹੈ। ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਗੁਰਵਿੰਦਰਪਾਲ ਸਿੰਘ ਦੀ ਛੁੱਟੀ ਹੋਣ ਕਾਰਨ ਇਸ ਮਾਮਲੇ ਦੀ ਸੁਣਵਾਈ ਦਾ ਦਿਨ ਅੱਗੇ ਪਾਇਆ ਗਿਆ ਹੈ।


ਪੰਜਾਬੀ ਰੇਡੀਓ ਯੂ.ਐਸ.ਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200


# ਡਰੱਗ ਕੇਸ ਵਿਚ ਹੁਣ ਮਜੀਠੀਆ ਤੋਂ ਪੁੱਛ-ਗਿੱਛ ਦੀ ਵਾਰੀ?

## ਭੋਲਾ ਤੇ ਸਾਥੀਆਂ ਦੀ ਸੁਣਵਾਈ 10 ਦਸੰਬਰ 'ਤੇ ਪਈ

**ਚੰਡੀਗੜ੍ਹ (ਬਿਊਰੋ):** ਐਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਸਿੰਥੈਟਿਕ ਡਰੱਗ ਤਸਕਰੀ ਮਾਮਲੇ ਵਿਚ ਮੁੱਖ ਮੁਲਜ਼ਮ ਡੀ.ਐਸ.ਪੀ. ਜਗਦੀਸ਼ ਭੋਲਾ ਵੱਲੋਂ ਦੱਸੇ ਤੇ ਗੋਰਾਇਆ ਦੇ ਵਪਾਰੀ ਚੁੰਨੀ ਲਾਲ ਗਾਬਾ ਦੀ ਡਾਇਰੀ ਵਿਚ ਜ਼ਿਕਰ ਕੀਤੇ ਸਿਆਸਤਦਾਨਾਂ ਤੋਂ ਪੁੱਛ-ਪੜਤਾਲ ਕਰ ਚੁੱਕਾ ਹੈ, ਜਿਨ੍ਹਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਮੰਤਰੀ ਸਰਵਨ ਸਿੰਘ ਫਿਲੌਰ, ਮੁੱਖ ਪਾਰਲੀਮਾਨੀ ਸਕੱਤਰ ਅਵਿਨਾਸ਼ ਚੰਦਰ, ਜਲੰਧਰ ਤੋਂ ਸੰਸਦ ਮੈਂਬਰ ਸੰਤੋਖ ਚੌਧਰੀ ਤੇ ਦਮਨਬੀਰ ਸਿੰਘ ਫਿਲੌਰ ਸ਼ਾਮਲ ਹਨ ਪਰ ਕਾਂਗਰਸ ਵੱਲੋਂ ਰੌਲਾ ਪਾਉਣ ਦੇ ਬਾਵਜੂਦ ਹਾਲੇ ਤੱਕ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਤਲਬ ਨਹੀਂ ਕੀਤਾ ਗਿਆ।

ਐਨਫੋਰਸਮੈਂਟ ਡਾਇਰੈਕਟੋਰੇਟ ਦੇ ਸੂਤਰਾਂ ਦਾ ਕਹਿਣਾ ਹੈ ਕਿ ਏਜੰਸੀ ਨੇ ਮਜੀਠੀਆ ਨੂੰ ਤਲਬ ਕਰਨ ਦੀ ਤਿਆਰੀ ਕਰ ਲਈ ਹੈ ਤੇ ਮੁਲਜ਼ਮਾਂ ਦੇ ਬਿਆਨ ਕਲਮਬੰਦ ਕਰਨ ਸਮੇਤ ਸਾਰੀਆਂ ਰਸਮੀ ਕਾਰਵਾਈਆਂ ਤਕਰੀਬਨ ਪੂਰੀਆਂ ਹਨ। ਇਸ ਬਾਰੇ ਵਿੱਤ ਮੰਤਰਾਲੇ ਤੋਂ ਹਰੀ ਝੰਡੀ ਮਿਲਣ ਦੀ ਉਡੀਕ ਹੈ। ਪਤਾ ਚੱਲਿਆ ਹੈ ਕਿ ਭਾਜਪਾ ਦੇ ਕਈ ਆਗੂਆਂ ਨਾਲ ਨੇੜਲੇ ਸਬੰਧਾਂ ਵਾਲੇ ਸ਼੍ਰੋਮਣੀ ਅਕਾਲੀ ਦਲ ਦੇ ਸ੍ਰੀ ਮਜੀਠੀਆ ਵਰਗੇ ਸੀਨੀਅਰ ਆਗੂ ਨੂੰ ਤਲਬ ਕਰਨ ਬਾਰੇ ਏਜੰਸੀ ਦੁਚਿੱਤੀ ਵਿਚ ਹੈ।



**ਮੁਹਾਲੀ:** ਕੌਮਾਂਤਰੀ ਨਸ਼ਾ ਤਸਕਰੀ ਦੇ ਮਾਮਲੇ ਵਿਚ ਦੋਸ਼ਾਂ ਦਾ ਸਾਹਮਣਾ ਕਰ ਰਹੇ ਪੰਜਾਬ ਪੁਲਿਸ ਦੇ ਸਾਬਕਾ ਡੀ.ਐਸ.ਪੀ. ਜਗਦੀਸ਼ ਸਿੰਘ ਉਰਫ ਭੋਲਾ ਐਸ.ਏ.ਐਸ. ਨਗਰ ਦੀ ਅਦਾਲਤ ਵਿਚ ਪੇਸ਼ ਨਹੀਂ ਹੋਏ ਕਿਉਂਕਿ ਉਨ੍ਹਾਂ ਨਿੱਜੀ ਪੇਸ਼ੀ ਤੋਂ ਛੋਟ ਮੰਗੀ ਹੋਈ ਸੀ ਤੇ ਨਾਲ ਹੀ ਇਹ ਵੀ ਕਿਹਾ ਸੀ ਕਿ ਉਸ ਦੀ ਫਤਿਹਗੜ੍ਹ ਸਾਹਿਬ ਵਿਖੇ ਪੇਸ਼ੀ ਹੈ। ਜੱਜ ਨੇ ਅਰਜ਼ੀ ਮਨਜ਼ੂਰ ਕਰਦੇ ਹੋਏ ਭੋਲਾ ਦੇ ਬਾਕੀ ਸਾਥੀਆਂ ਦੀ ਵੀ ਅਗਲੀ ਪੇਸ਼ੀ 10 ਦਸੰਬਰ ਪਾ ਦਿੱਤੀ। ਪੇਸ਼ੀ ਦੌਰਾਨ ਬਲਜਿੰਦਰ ਸਿੰਘ ਸੋਨੂੰ, ਜਗਜੀਤ ਸਿੰਘ ਚਾਹਲ, ਸਤਿੰਦਰ ਧਾਮਾ ਤੋਂ ਇਲਾਵਾ ਹੋਰ ਵੀ ਅਦਾਲਤ ਵਿਚ ਪੇਸ਼ ਹੋਏ।

ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਨਸ਼ਿਆਂ ਦੀ ਤਸਕਰੀ ਨਾਲ ਜੁੜੇ ਪਰਵਾਸੀ ਭਾਰਤੀਆਂ ਨਾਲ ਸਬੰਧ ਹੋਣ ਦੇ ਦੋਸ਼ਾਂ ਨੂੰ ਨਿਰਆਧਾਰ ਤੇ ਮਨਘੜਤ ਦੱਸਿਆ। ਕੁਝ ਲੋਕ ਆਪਣੇ ਸਵਾਰਥਾਂ ਲਈ ਉਨ੍ਹਾਂ ਦਾ ਨਾਂ ਭੋਲਾ ਡਰੱਗ ਤਸਕਰ ਗਰੋਹ ਨਾਲ ਜੋੜ ਰਹੇ ਹਨ। ਉਨ੍ਹਾਂ ਕਿਹਾ ਕਿ ਕੀ ਪੰਜਾਬ ਨਾਲ ਸਬੰਧਤ ਪਰਵਾਸੀ ਭਾਰਤੀਆਂ ਨਾਲ ਜਾਣ-ਪਛਾਣ ਹੋਣਾ ਉਨ੍ਹਾਂ ਦਾ ਕੋਈ ਕਸੂਰ ਹੈ। ਤਸਕਰੀ ਵਿਚ ਸ਼ਾਮਲ ਪਰਵਾਸੀ ਭਾਰਤੀਆਂ ਦੇ ਉਨ੍ਹਾਂ ਦੇ ਵਿਆਹ ਸਮਾਗਮ ਵਿਚ ਸ਼ਾਮਲ ਹੋਣ ਬਾਰੇ ਸ੍ਰੀ ਮਜੀਠੀਆ ਨੇ ਸਪੱਸ਼ਟੀਕਰਨ ਦਿੱਤਾ ਕਿ ਸਮਾਗਮ ਵਿਚ ਉਨ੍ਹਾਂ ਦੇ ਹਲਕੇ ਮਜੀਠਾ ਤੋਂ ਆਮ ਆਦਮੀ, ਕੈਨੇਡਾ ਤੇ ਹੋਰ ਮੁਲਕਾਂ ਦੇ ਸਿਆਸਤਦਾਨ ਤੱਕ ਸ਼ਾਮਲ ਹੋਏ।

## ਮਜੀਠੀਆ ਨੂੰ ਮੰਤਰੀ ਦੇ ਅਹੁਦੇ ਤੋਂ ਹਟਾਇਆ ਜਾਵੇ: ਮਨਪ੍ਰੀਤ ਬਾਦਲ

**ਰੂਪਨਗਰ:** ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.) ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਪੰਜਾਬ ਦੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਮੰਤਰੀ ਦੇ ਅਹੁਦੇ ਤੋਂ ਹਟਾਉਣ ਦੀ ਮੰਗ ਕੀਤੀ ਹੈ।ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਵੱਲੋਂ ਤਫਤੀਸ਼ ਦੌਰਾਨ ਮਜੀਠੀਆ ਦਾ ਨਾਂ ਲਏ ਜਾਣ ਤੋਂ ਬਾਅਦ ਹੁਣ ਨੈਤਿਕਤਾ ਤੇ ਇਨਸਾਫ ਦਾ ਤਕਾਜ਼ਾ ਇਹ ਹੈ ਕਿ



ਨਿਰਪੱਖ ਜਾਂਚ ਲਈ ਰਾਹ ਪੱਧਰਾ ਕਰਨ ਵਾਸਤੇ ਉਨ੍ਹਾਂ ਨੂੰ ਕੈਬਨਿਟ ਮੰਤਰੀ ਦੇ ਅਹੁਦੇ ਤੋਂ ਹਟਾ ਦਿੱਤਾ ਜਾਵੇ। ਸ੍ਰੀ ਮਜੀਠੀਆ ਦਾ ਨਾਂ ਸਭ ਤੋਂ ਪਹਿਲਾਂ ਨਸ਼ਾ ਤਸਕਰੀ ਕੇਸ ਵਿਚ ਗ੍ਰਿਫਤਾਰ ਕੀਤੇ ਗਏ ਜਗਦੀਸ਼ ਭੋਲਾ ਨੇ ਲਿਆ ਸੀ। ਉਸ ਵੱਲੋਂ ਦਿੱਤੀ ਗਈ ਜਾਣਕਾਰੀ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤੇ ਗਏ ਉਸ ਦੇ ਸਾਥੀਆਂ ਨੇ ਵੀ ਮਜੀਠੀਆ ਦੀ ਸ਼ਮੂਲੀਅਤ ਦਾ ਜ਼ਿਕਰ ਕੀਤਾ ਸੀ। ਸ. ਬਾਦਲ ਨੇ ਕਿਹਾ ਕਿ ਇਸ ਕੇਸ ਦੀ ਜਾਂਚ ਕਰ ਰਹੀ ਏਜੰਸੀ ਐਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਰਾਜਨੀਤਕ ਦਬਾਅ ਕਾਰਨ ਮਜੀਠੀਆ ਨੂੰ ਤਲਬ ਕਰਨ ਲਈ ਪੈਰ ਪਿਛਾਂਹ ਖਿੱਚੇ ਜਾ ਰਹੇ ਹਨ।

## ਅਮਰੀਕੀ ਰੱਖਿਆ ਮੰਤਰੀ ਹੇਜਲ ਵੱਲੋਂ ਅਸਤੀਫ਼ਾ

**ਵਾਸ਼ਿੰਗਟਨ:** ਅਮਰੀਕਾ ਦੇ ਰੱਖਿਆ ਮੰਤਰੀ ਚੱਕ ਹੇਜਲ ਨੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਤਿੰਨ ਹਫਤੇ ਪਹਿਲਾਂ ਮੱਧਕਾਲੀ ਚੋਣਾਂ ਵਿਚ ਡੈਮੋਕਰੈਟਾਂ ਦੇ ਬੁਰੀ ਤਰ੍ਹਾਂ ਖਦੇੜੇ ਜਾਣ ਮਗਰੋਂ ਰਾਸ਼ਟਰਪਤੀ ਬਰਾਕ ਓਬਾਮਾ ਦੇ ਮੰਤਰੀ ਮੰਡਲ ਵਿਚ ਇਹ ਅਹਿਮ ਤਬਦੀਲੀ ਹੈ।

ਰਾਸ਼ਟਰਪਤੀ ਓਬਾਮਾ ਨੇ ਅਸਤੀਫਾ ਪ੍ਰਵਾਨ ਕਰਦਿਆਂ ਦੱਸਿਆ ਕਿ ਹੇਜਲ ਨੇ ਪਿਛਲੇ ਮਹੀਨੇ ਉਨ੍ਹਾਂ ਤੱਕ ਪਹੁੰਚ ਕਰਕੇ ਕਿਹਾ ਸੀ ਕਿ ਇਹ ਉਸ ਦੇ ਜਾਣ ਦਾ ਸਮਾਂ ਹੈ।


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

ਪੰਜਾਬ ਟਾਈਮਜ਼

*ਸਨਿਚਰਵਾਰ, 29 ਨਵੰਬਰ 2014*

## ਡੇਰਿਆਂ ਦਾ ਮੱਕੜ ਜਾਲ

ਹਰਿਆਣਾ ਦੇ ਕਸਬੇ ਬਰਵਾਲਾ ਵਿਚ ਸਤਲੋਕ ਆਸ਼ਰਮ ਵਾਲੀ ਘਟਨਾ ਨੇ ਇਕ ਵਾਰ ਫਿਰ ਡੇਰਿਆਂ ਬਾਰੇ ਚਰਚਾ ਛੇੜ ਦਿੱਤੀ ਹੈ। ਇਸ ਘਟਨਾ ਨੇ ਸਰਕਾਰੀ ਮਸ਼ੀਨਰੀ ਉਤੇ ਵੀ ਵੱਡਾ ਸਵਾਲੀਆ ਨਿਸ਼ਾਨ ਲਗਾਇਆ ਹੈ। ਇਹ ਮਸ਼ੀਨਰੀ ਆਮ ਲੋਕਾਂ ਦਾ ਕਚੂਮਰ ਕੱਢਣ ਲਈ ਤਾਂ ਪੂਰੇ ਲਾਮ-ਲਸ਼ਕਰ ਨਾਲ ਝੱਟ ਹੱਲਾ ਬੋਲ ਦਿੰਦੀ ਹੈ, ਪਰ ਡੇਰਾ ਮੁਖੀ ਰਾਮਪਾਲ ਦਾ ਅਦਾਲਤ ਨਾਲ ਟਕਰਾਅ ਸਾਹਮਣੇ ਆਉਣ ਦੇ ਬਾਵਜੂਦ, ਇਹਤਿਆਤ ਵਜੋਂ ਕੁਝ ਵੀ ਨਾ ਕੀਤਾ ਗਿਆ। ਨਤੀਜਾ ਇਹ ਨਿਕਲਿਆ ਕਿ ਛੇ ਬੇਕਸੂਰ ਜੀਅ ਮੌਤ ਦੇ ਮੂੰਹ ਜਾ ਪਏ। ਪ੍ਰਸ਼ਾਸਕੀ ਨਾ-ਅਹਿਲੀਅਤ ਦਾ ਇਕੋ-ਇਕ ਅਤੇ ਵੱਡਾ ਕਾਰਨ ਇਹੀ ਰਿਹਾ ਹੈ ਕਿ ਸਰਕਾਰ ਚਲਾ ਰਹੀਆਂ ਧਿਰਾਂ ਸਦਾ ਹੀ ਅਜਿਹੇ ਡੇਰਿਆਂ ਨਾਲ ਸਿੱਧੀ ਟੱਕਰ ਤੋਂ ਪਿਛੇ ਹਟਦੀਆਂ ਰਹੀਆਂ ਹਨ। ਅਸਲ ਵਿਚ ਇਹ ਸਿਆਸੀ ਧਿਰਾਂ ਇਨ੍ਹਾਂ ਡੇਰਿਆਂ ਅਤੇ ਇਨ੍ਹਾਂ ਦੇ ਸ਼ਰਧਾਲੂਆਂ ਨੂੰ ਵੋਟ-ਬੈਂਕ ਵਜੋਂ ਹੀ ਦੇਖਦੀਆਂ ਹਨ। ਪਿਛਲੇ ਕੁਝ ਸਮੇਂ ਤੋਂ ਅਜਿਹੇ ਡੇਰਿਆਂ ਅਤੇ ਸਿਆਸੀ ਧਿਰਾਂ ਦੀ ਸਾਂਝ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਡੇਰਿਆਂ ਦੇ ਮੁਖੀ ਆਪਣੇ ਹਿਤਾਂ ਦੇ ਹਿਸਾਬ ਨਾਲ ਸਿਆਸੀ ਚਾਲਾਂ ਚਲਦੇ ਹਨ। ਇਸੇ ਕਰ ਕੇ ਸਿਆਸਤ ਵਿਚ ਅਜਿਹੇ ਡੇਰਿਆਂ ਦਾ ਅਸਰ ਲਗਾਤਾਰ ਵਧ ਰਿਹਾ ਹੈ। ਇਸੇ ਕਾਰਨ ਹੀ ਹਰਿਆਣਾ ਸਰਕਾਰ ਹੱਥ ਉਤੇ ਹੱਥ ਧਰੀ ਬੈਠੀ ਰਹੀ ਅਤੇ ਦੇਖਦਿਆਂ-ਦੇਖਦਿਆਂ ਕੁਝ ਦਿਨਾਂ ਵਿਚ ਹੀ ਡੇਰੇ ਵਿਚ ਇੰਨੇ ਸ਼ਰਧਾਲੂ ਆਣ ਵੜੇ ਕਿ ਮਗਰੋਂ ਇਸ ਲਸ਼ਕਰ ਨਾਲ ਨਜਿੱਠਣਾ ਔਖਾ ਹੋ ਗਿਆ। ਹੁਣ ਸਤਲੋਕ ਦੇ ਡੇਰੇ ਦਾ ਕਿਲ੍ਹਾ ਢਹਿਣ ਤੋਂ ਬਾਅਦ ਜਿਹੜੇ ਤੱਥ ਸਾਹਮਣੇ ਆ ਰਹੇ ਹਨ, ਉਹ ਬਹੁਤੇ ਹੈਰਾਨ ਕਰਨ ਵਾਲੇ ਨਹੀਂ ਹਨ। ਸਭ ਜਾਣਦੇ ਹਨ ਕਿ ਇਨ੍ਹਾਂ ਡੇਰਿਆਂ ਵਿਚ ਅੱਜ ਕੱਲ੍ਹ ਕੀ ਕੁਝ ਹੁੰਦਾ ਹੈ ਅਤੇ ਕਿਸ ਤਰ੍ਹਾਂ ਇਹ ਲੋਕਾਂ ਦਾ ਹਰ ਤਰ੍ਹਾਂ ਨਾਲ ਸ਼ੋਸ਼ਣ ਕਰਦੇ ਹਨ। ਇਨ੍ਹਾਂ ਡੇਰਿਆਂ ਵਿਚ ਲੋਕਾਂ ਦੇ ਮਾਨਸਿਕ ਸ਼ੋਸ਼ਣ ਦੇ ਮਾਮਲੇ ਉਤੇ ਵਾਹਵਾ ਹਿਲਜੁਲ ਹੋਈ ਹੈ। ਇਹ ਤੱਥ ਵੀ ਉਜਾਗਰ ਹੋਏ ਹਨ ਕਿ ਕਿਹੜੇ ਲੋਕ ਅਜਿਹੇ ਡੇਰਿਆਂ ਵੱਲ ਵਹੀਰਾਂ ਘੱਤ ਕੇ ਤੁਰੇ ਰਹਿੰਦੇ ਹਨ। ਪੰਜਾਬ ਤੇ ਹਰਿਆਣਾ ਵਿਚ ਹੀ ਨਹੀਂ, ਭਾਰਤ ਦੇ ਹਰ ਹਿੱਸੇ ਵਿਚ ਅਜਿਹੇ ਡੇਰਿਆਂ ਦੀ ਭਰਮਾਰ ਹੈ। ਅਸਲ ਵਿਚ ਜਿਉਂ-ਜਿਉਂ ਜ਼ਿੰਦਗੀ ਦੀਆਂ ਉਲਝਣਾਂ ਅਤੇ ਸਮੱਸਿਆਵਾਂ ਵਧ ਰਹੀਆਂ ਹਨ, ਅਜਿਹੇ ਡੇਰੇ ਵੀ ਖੂਬ ਵਧ-ਫੁੱਲ ਰਹੇ ਹਨ। ਨਿੱਤ ਦਿਨ ਪਹਾੜ ਬਣ ਕੇ ਟੱਕਰ ਰਹੀਆਂ ਇਨ੍ਹਾਂ ਸਮੱਸਿਆਵਾਂ ਦਾ ਹੱਲ ਲੱਭਣ ਵਿਚ ਭਾਰਤ ਦਾ ਸਮੁੱਚਾ ਢਾਂਚਾ ਨਾ-ਕਾਮਯਾਬ ਰਿਹਾ ਹੈ। ਹਰ ਖੇਤਰ ਵਿਚ ਬੁਰੀ ਤਰ੍ਹਾਂ ਫੇਲ੍ਹ ਹੋਏ ਇਸ ਢਾਂਚੇ ਨੇ ਆਮ ਲੋਕਾਂ ਨੂੰ ਵੀ ਫੇਲ੍ਹ ਕਰ ਕੇ ਰੱਖ ਦਿੱਤਾ ਹੈ। ਇਸ ਮਾਮਲੇ 'ਤੇ ਆਮ ਲੋਕ ਬਿਲਕੁੱਲ ਨਿਆਸਰਾ ਹੋਇਆ ਪਿਆ ਹੈ। ਉਨ੍ਹਾਂ ਨੂੰ ਡੇਰਿਆਂ ਦੇ ਅੰਧ-ਵਿਸ਼ਵਾਸ ਦੀ ਦਲ-ਦਲ ਵਿਚੋਂ ਕੱਢਣ ਲਈ ਕਿਸੇ ਪਾਸੇ ਕੋਈ ਹਿਲਜੁਲ ਨਹੀਂ ਹੈ; ਹਿਲਜੁਲ ਤਾਂ ਇਕ ਪਾਸੇ ਰਹੀ, ਕੋਈ ਇਸ ਬਾਰੇ ਸੋਚ ਤੱਕ ਨਹੀਂ ਰਿਹਾ। ਇਹ ਸਿਤਮਜ਼ਰੀਫੀ ਹੀ ਗਿਣੀ ਜਾਣੀ ਚਾਹੀਦੀ ਹੈ ਕਿ ਸਮੁੱਚੇ ਢਾਂਚੇ ਵਿਚ ਸੁਧਾਰ ਲਈ ਸਿਆਸੀ ਪੱਧਰ ਉਤੇ ਸਰਗਰਮੀ ਦੀ ਲੋੜ ਹੀ ਨਹੀਂ ਸਮਝੀ ਜਾ ਰਹੀ। ਢਾਂਚੇ ਨੂੰ ਬਰਕਰਾਰ ਰੱਖਣ ਦੇ ਯਤਨ ਹੀ ਕੀਤੇ ਜਾ ਰਹੇ ਹਨ।

ਉਂਜ, ਇਸ ਤੋਂ ਵੀ ਵੱਡੀ ਸਿਤਮਜ਼ਰੀਫੀ ਇਕ ਹੋਰ ਹੋਈ ਹੈ। ਕੁਝ ਲੋਕਾਂ ਨੇ ਰਾਮਪਾਲ ਦਾ ਪੱਖ ਪੂਰਿਆ ਹੈ ਅਤੇ ਪੂਰਿਆ ਵੀ ਪੂਰੇ ਧੜੱਲੇ ਨਾਲ ਹੈ। ਇਨ੍ਹਾਂ ਲੋਕਾਂ ਨੇ ਰਾਮਪਾਲ ਨੂੰ ਉਸ ਸੂਰਮੇ ਵਜੋਂ ਪੇਸ਼ ਕੀਤਾ ਹੈ ਜਿਹੜਾ ਆਰ.ਐਸ.ਐਸ. ਦੀ ਹਿੰਦੂਵਾਦੀ ਵਿਚਾਰਧਾਰਾ ਨਾਲ ਲੋਹਾ ਲੈ ਰਿਹਾ ਹੈ। ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਰਾਮਪਾਲ ਹਰਿਆਣੇ ਵਿਚ ਆਰੀਆ ਸਮਾਜੀਆਂ ਨੂੰ ਵੱਡੀ ਪੱਧਰ ਉਤੇ ਟੱਕਰ ਦੇ ਰਿਹਾ ਹੈ ਅਤੇ ਆਰੀਆ ਸਮਾਜ ਆਰ.ਐਸ.ਐਸ. ਨਾਲ ਜੁੜੀ ਜਮਾਤ ਹੈ। ਯਾਦ ਰਹੇ ਕਿ ਰਾਮਪਾਲ ਆਪਣੇ ਆਪ ਨੂੰ ਸੰਤ ਕਬੀਰ ਦਾ ਅਵਤਾਰ ਦੱਸਦਾ ਹੈ ਅਤੇ ਆਪਣੇ ਡੇਰੇ ਨੂੰ ਵੀ ਕਬੀਰਪੰਥੀਆਂ ਦਾ ਡੇਰਾ ਕਹਿੰਦਾ ਹੈ; ਪਰ ਸਤਲੋਕ ਦਾ ਸੱਚ ਲੋਕਾਂ ਦੇ ਸਾਹਮਣੇ ਆ ਹੀ ਚੁੱਕਾ ਹੈ ਅਤੇ ਡੇਰੇ ਵੱਲੋਂ ਛਾਪੀਆਂ ਕਿਤਾਬਾਂ ਪੜ੍ਹ ਕੇ ਪਤਾ ਲੱਗ ਜਾਂਦਾ ਹੈ ਕਿ ਇਸ ਡੇਰੇ ਦਾ ਸੰਤ ਕਬੀਰ ਜਾਂ ਕਿਸੇ ਹੋਰ ਧਰਮ ਨਾਲ ਕਿੰਨਾ ਕੁ ਲਾਗਾ-ਦੇਗਾ ਹੈ। ਸਿਤਮਜ਼ਰੀਫੀ ਤਾਂ ਇਹ ਵੀ ਹੈ ਕਿ ਰਾਮਪਾਲ ਦੀ ਅਜਿਹੀ ਹਮਾਇਤ ਉਨ੍ਹਾਂ ਵਿਦਵਾਨਾਂ ਵੱਲੋਂ ਕੀਤੀ ਗਈ ਹੈ ਜਿਹੜੇ ਸਿਧਾਂਤਕ ਤੌਰ 'ਤੇ ਡੇਰਾਵਾਦ ਦੇ ਖਿਲਾਫ ਬੋਲਦੇ ਥੱਕਦੇ ਨਹੀਂ ਹਨ। ਅਸਲ ਵਿਚ ਇਹ ਉਹ ਵਿਦਵਾਨ ਹਨ ਜਿਹੜੇ ਦੇਸ਼-ਵਿਦੇਸ਼ ਵਿਚ ਵਾਪਰਦੀ ਹਰ ਘਟਨਾ ਨੂੰ ਆਪਣੇ ਬਣਾਏ ਚੌਖਟੇ ਵਿਚ ਝੱਟ ਹੀ ਫਿੱਟ ਕਰ ਲੈਂਦੇ ਹਨ। ਇਸੇ ਕਰ ਕੇ ਰਾਮਪਾਲ ਦਾ ਡੇਰਾ ਵੀ ਉਨ੍ਹਾਂ ਨੂੰ ਹਿੰਦੂਤਵੀ ਤਾਕਤਾਂ ਖਿਲਾਫ ਮੋਰਚਾ ਬੰਨ੍ਹੀਂ ਬੈਠਾ ਨਜ਼ਰ ਆਉਣ ਲੱਗ ਪੈਂਦਾ ਹੈ। ਇਹ ਲੋਕ ਉਕਾ ਹੀ ਭੁੱਲ ਗਏ ਕਿ ਹਰਿਆਣਾ ਵਿਚ ਵਿਧਾਨ ਸਭਾ ਚੋਣਾਂ ਦੌਰਾਨ ਰਾਮਪਾਲ ਦੀਆਂ ਤਸਵੀਰਾਂ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨਾਲ ਵੀ ਬਥੇਰੀਆਂ ਧੁੰਮੀਆਂ ਸਨ। ਉਦੋਂ ਇਸ ਤੱਥ ਨੂੰ ਕਿਸੇ ਨੇ ਗੌਲਿਆ ਨਹੀਂ ਸੀ, ਕਿਉਂਕਿ ਸਾਰਿਆਂ ਲਈ ਹੁਣ ਇਹ ਰੁਟੀਨ ਦੀ ਕਾਰਵਾਈ ਬਣ ਗਈ ਹੋਈ ਹੈ। ਚੋਣਾਂ ਦੇ ਦਿਨੀਂ ਸਿਆਸੀ ਲੀਡਰ ਅਕਸਰ ਹੀ ਜਿਹੀਆਂ ਸਰਗਰਮੀਆਂ ਕਰਦੇ ਹਨ ਤਾਂ ਕਿ ਸ਼ਰਧਾਲੂਆਂ ਨੂੰ ਆਪਣੇ ਹੱਕ ਵਿਚ ਕੀਤਾ ਜਾ ਸਕੇ। ਇਹ ਸੱਚ ਹੈ ਕਿ ਡੇਰੇ ਬਾਰੇ ਜੋ ਕੁਝ ਮੀਡੀਆ ਵਿਚ ਆਇਆ ਹੈ, ਉਹ ਬਹੁਤਾ ਕਰ ਕੇ ਪੁਲਿਸ ਤੇ ਪ੍ਰਸ਼ਾਸਨ ਦਾ ਹੀ ਪੱਖ ਹੈ, ਪਰ ਇਨ੍ਹਾਂ ਤੱਥਾਂ ਤੋਂ ਤਾਂ ਕੋਈ ਇਨਕਾਰੀ ਨਹੀਂ ਕਿ ਰਾਮਪਾਲ ਨੇ ਆਪਣੇ ਸ਼ਰਧਾਲੂਆਂ ਅੰਦਰ ਅੰਧ-ਵਿਸ਼ਵਾਸ ਭਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਇਹ ਕੋਈ ਕਹੀਆਂ-ਸੁਣੀਆਂ ਗੱਲਾਂ ਨਹੀਂ, ਸਗੋਂ ਸਤਲੋਕ ਵਲੋਂ ਛਾਪੇ ਉਹ ਕਿਤਾਬਚੇ ਹਨ ਜਿਹੜੇ ਸ਼ਰਧਾਲੂਆਂ ਨੂੰ ਮੁਫਤ ਵਰਤਾਏ ਜਾਂਦੇ ਹਨ। ਅਪਵਾਦ ਤਾਂ ਖੈਰ ਹਰ ਖੇਤਰ ਵਿਚ ਹੁੰਦੇ ਹਨ, ਪਰ ਸਮਾਜ ਦਾ ਜਿੰਨਾ ਨੁਕਸਾਨ ਡੇਰੇ ਕਰ ਰਹੇ ਹਨ, ਉਹ ਬੇਹਿਸਾਬ ਹੈ। ਆਰ.ਐਸ.ਐਸ. ਦੇ ਵਿਰੋਧ ਦੀ ਧੁਨ ਵਿਚ ਰਾਮਪਾਲ ਨੂੰ ਸੂਰਮਾ ਦੱਸਣ ਵਾਲਿਆਂ ਨੂੰ ਇਹ ਧਿਆਨ ਜ਼ਰੂਰ ਰੱਖ ਲੈਣਾ ਚਾਹੀਦਾ ਹੈ। ਅਜਿਹਾ ਨਾ ਕੀਤਾ ਤਾਂ ਸਾਰੀ 'ਘਾਲ ਕਮਾਈ' ਸਿਰ ਪਰਨੇ ਹੋ ਜਾਵੇਗੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਦਲ ਦਾ ਦਰਦ-ਏ-ਹਾਲ!*

ਗੁੱਡੀ ਚੜ੍ਹੀ ਚੁਤਰਫੀਂ ਹੀ ਦੇਖ ਕੇ ਤੇ ਸੰਖ 'ਵਿਜੈ' ਦਾ ਭਗਵਿਆਂ ਪੂਰਿਆ ਈ।
ਪੇਕੇ 'ਪਤਨੀ' ਦੇ ਜੋਰਾਵਰ ਬਹੁਤ ਹੋ ਗਏ, ਡਰਦਾ 'ਪਤੀ' ਵਿਚਾਰਾ ਹੁਣ ਝੂਰਿਆ ਈ।
ਖਾਲੀ ਕਦੇ 'ਮਤਰੇਈ' ਨਾ ਮੋੜਦੀ ਸੀ, 'ਸਕੀ ਮਾਂ' ਨੇ ਆਉਂਦੇ ਹੀ ਘੂਰਿਆ ਈ।
ਝੱਲ ਹੋਵੇ ਨਾ ਸਿੱਧੂ ਦੀ ਬੋਲ-ਬਾਣੀ, ਜਾਣੋ ਜ਼ਖਮਾਂ 'ਤੇ ਲੂਣ ਬਲੂਰਿਆ ਈ।
ਹਾਲੇ ਜੀਭ ਨਾ ਕਾਲੀ ਦੀ ਵੜੀ ਅੰਦਰ, ਰੱਤ ਹੋਰ ਪੰਜਾਬ ਦੀ ਚੱਖਣੀ ਜੀ।
'ਫੁੱਲ ਕਮਲ' ਦਾ ਛਾਬੇ 'ਚੋਂ ਚੁੱਕਿਓ ਨਾ, ਸਾਡੀ 'ਤੱਕੜੀ' ਕਰਿਓ ਨਾ ਸੱਖਣੀ ਜੀ।

# ਸੰਤ, ਸਿਆਸਤ ਤੇ ਲੋਕ ਮਾਨਸਿਕਤਾ

***ਅੱਜ ਤੱਕ ਦਾ ਮਨੁੱਖੀ ਵਿਕਾਸ ਮਨੁੱਖ ਦੀਆਂ ਲੱਖਾਂ ਪੀੜ੍ਹੀਆਂ ਦੀ ਹੱਥੀਂ ਕੀਤੀ ਅਤੇ ਦਿਮਾਗੀ ਮਿਹਨਤ ਦਾ ਸਿੱਟਾ ਹੈ। ਗੁਰੂ ਸਹਿਬਾਨ ਅਤੇ ਹੋਰ ਮਹਾਨ ਪੁਰਸ਼ਾਂ ਦੀਆਂ ਜੀਵਨੀਆਂ ਦਾ ਸਾਰ-ਤੱਤ ਇਹੀ ਹੈ ਕਿ ਧਰਤੀ ਦੇ ਲੋਕ ਸੰਘਰਸ਼ਸ਼ੀਲ ਬਣਨ, ਉਹ ਕਿਸੇ ਅਡੰਬਰੀ ਸੰਸਾਰ ਲਈ ਨਾ ਜਿਉਣ; ਬਲਕਿ ਇਸ ਧਰਤੀ 'ਤੇ ਮਨੁੱਖ ਦੀਆਂ ਜਿਉਣ ਹਾਲਾਤ ਨੂੰ ਸੁਧਾਰਨ ਲਈ ਜਦੋ-ਜਹਿਦ ਕਰਨ ਤੇ ਆਪਣੇ ਸਮੇਂ ਦੇ ਉਨ੍ਹਾਂ ਬਾਬਰਾਂ ਜਾਬਰਾਂ ਖਿਲਾਫ਼ ਖੜ੍ਹੇ ਹੋਣ ਜਿਨ੍ਹਾਂ ਕਰ ਕੇ ਸਮਾਜ ਵਿਚ ਵੰਡੀਆਂ ਹਨ, ਅਮੀਰੀ ਗ਼ਰੀਬੀ ਦਾ ਪਾੜਾ ਹੈ, ਅਨਿਆਂ ਹੈ, ਅਨਪੜ੍ਹਤਾ ਅਤੇ ਜਹਾਲਤ ਹੈ।***

ਹਰਿਆਣਾ ਪੁਲਿਸ ਵੱਲੋਂ ਕਈ ਦਿਨਾਂ ਦੀ ਜਦੋ-ਜਹਿਦ ਤੋਂ ਬਾਅਦ ਆਖਰਕਾਰ ਸੰਤ ਰਾਮਪਾਲ ਨੂੰ ਫੜ ਲਿਆ ਗਿਆ। ਕੌਣ ਹੈ ਸੰਤ ਰਾਮਪਾਲ? ਬਹੁਤ ਸਾਰੇ ਲੋਕਾਂ ਲਈ ਸ਼ਾਇਦ ਅਜੇ ਵੀ ਇਹ ਬੁਝਾਰਤ ਹੋਵੇ! ਸਤਲੋਕ ਡੇਰੇ ਵਲੋਂ ਪ੍ਰਕਾਸ਼ਤ ਪੁਸਤਕ 'ਹਰ ਆਏ ਹਰਿਆਣੇ ਕੋ' ਅਨੁਸਾਰ 'ਸੰਤ ਰਾਮਪਾਲ ਦਾ ਜਨਮ ਪਿੰਡ ਧਨਾਨਾ, ਜ਼ਿਲ੍ਹਾ ਸੋਨੀਪਤ, ਹਰਿਆਣਾ ਭਾਰਤ ਵਿਚ 8 ਸਤੰਬਰ 1951 ਨੂੰ ਜੱਟ ਕਿਸਾਨ ਪਰਿਵਾਰ ਵਿਚ ਹੋਇਆ।' ਉਹ ਆਪਣੇ ਆਪ ਨੂੰ ਕਬੀਰ ਦਾ ਅਵਤਾਰ ਮੰਨਦਾ ਹੈ। ਉਹਦੀ ਇਸੇ ਕਿਤਾਬ ਅਨੁਸਾਰ ਉਹ ਭਗਵਾਨ ਦਾ ਰੂਪ ਹੈ। ਕਿਤਾਬ

**ਗੁਰਚਰਨ ਸਿੰਘ ਨੂਰਪੁਰ**
**ਫੋਨ: 91-98550-51099**

'ਹਰ ਆਏ ਹਰਿਆਣੇ ਕੋ' ਦੇ ਪੰਨਾ 17 ਅਨੁਸਾਰ- 'ਇਕ ਸਮੇਂ ਭਾਈ ਬਾਲਾ ਤਥਾ ਮਰਦਾਨਾ ਨੂੰ ਸਾਥ ਲੈ ਕੇ ਗੁਰੂ ਨਾਨਕ ਦੇਵ ਜੀ ਭਗਤ ਪ੍ਰਹਿਲਾਦ ਜੀ ਦੇ ਲੋਕ ਵਿਚ ਗਏ ਜੋ ਪ੍ਰਿਥਵੀ ਤੋਂ ਕਈ ਲੱਖ ਕੋਸ ਦੂਰ ਅੰਤਰਿਕਸ਼ ਵਿਚ ਹੈ। ਪ੍ਰਹਿਲਾਦ ਨੇ ਕਿਹਾ- ਹੇ ਨਾਨਕ, ਕਬੀਰ ਜੀ ਆਏ ਸਨ ਜਾਂ ਅੱਜ ਆਪ ਆਏ ਹੋ, ਇਕ ਹੋਰ (ਸੰਤ ਰਾਮਪਾਲ) ਆਏਗਾ ਜੋ ਆਪ ਦੋਵਾਂ ਜੈਸਾ ਹੀ ਮਹਾਂਪੁਰਖ ਹੋਵੇਗਾ। ਇਨ੍ਹਾਂ ਤਿੰਨਾਂ ਦੇ ਅਤਿਰਿਕਤ ਇਥੇ ਮੇਰੇ ਮਾਤ ਲੋਕ 'ਤੇ ਕੋਈ ਨਹੀਂ ਆ ਸਕਦਾ। ਮਰਦਾਨੇ ਨੇ ਪੁੱਛਿਆ- ਹੇ ਪ੍ਰਹਿਲਾਦ ਕਬੀਰ ਜੀ ਜੁਲਾਹਾ ਸਨ, ਨਾਨਕ ਖੱਤਰੀ ਹਨ, ਉਹ ਤੀਜਾ ਕਿਸ ਵਰਣ ਜਾਤੀ ਤੋਂ, ਤਥਾ ਕਿਸ ਧਰਤੀ ਉਪਰ ਪ੍ਰਗਟ ਹੋਵੇਗਾ? ਪ੍ਰਹਿਲਾਦ ਨੇ ਕਿਹਾ- ਨਾਨਕ ਜੀ ਦੇ ਸੱਚਖੰਡ ਜਾਣ ਦੇ ਸੈਂਕੜੇ ਵਰਸ਼ ਪਿੱਛੋਂ ਉਹ ਉਥੇ ਜੱਟ ਵਰਣ ਵਿਚ ਜਨਮ ਲਵੇਗਾ, ਤਥਾ ਉਸ ਦਾ ਪ੍ਰਚਾਰ ਖੇਤਰ ਸ਼ਹਿਰ ਬਰਵਾਲਾ ਹੋਏਗਾ। ਸੰਤ ਰਾਮਪਾਲ ਦਾਸ ਜੀ ਮਹਾਰਾਜ ਉਹ ਹੀ ਅਵਤਾਰ ਹਨ...।' ਇਹ ਸਤਰਾਂ ਉਨ੍ਹਾਂ ਦੇ ਡੇਰੇ ਵੱਲੋਂ ਪ੍ਰਕਾਸ਼ਤ ਕਿਤਾਬ ਦੀਆਂ ਹਨ ਜਿਸ 'ਤੇ ਲੇਖਕ ਦਾ ਨਾਮ ਨਹੀਂ ਹੈ ਅਤੇ ਵੱਡੀ ਤਾਦਾਦ ਵਿਚ ਲੋਕਾਂ ਨੂੰ ਮੁਫ਼ਤ ਵੰਡੀ ਜਾਂਦੀ ਹੈ। ਆਪਣੀ ਦੁਕਾਨਦਾਰੀ ਚਮਕਾਉਣ ਲਈ ਜਿਵੇਂ ਹਰ ਡੇਰੇ ਵੱਲੋਂ ਕਈ ਤਰ੍ਹਾਂ ਦੀਆਂ ਕਰਾਮਾਤੀ ਕਹਾਣੀਆਂ ਦਾ ਪ੍ਰਚਾਰ ਕੀਤਾ ਜਾਂਦਾ ਹੈ, ਇਸੇ ਤਰ੍ਹਾਂ ਸੰਤ ਰਾਮਪਾਲ ਦੀ ਇਸ ਕਿਤਾਬ ਵਿਚ ਵੀ ਉਨ੍ਹਾਂ ਵੱਲੋਂ ਕੀਤੀਆਂ ਗਈਆਂ ਕਈ ਕਰਾਮਾਤਾਂ ਦਾ ਜ਼ਿਕਰ ਹੈ।

ਨਹਿਰ ਮਹਿਕਮੇ ਵਿਚ ਜੂਨੀਅਰ ਇੰਜਨੀਅਰ ਦੀ ਨੌਕਰੀ ਤੋਂ ਬਰਖਾਸਤ ਹੋਣ ਤੋਂ ਬਾਅਦ ਰਾਮਪਾਲ, ਸੰਤ ਬਣ ਗਿਆ ਅਤੇ ਲੋਕਾਂ ਨੂੰ ਭਵਜਲੋਂ ਪਾਰ ਕਰਨ ਦਾ ਕਾਰਜ ਕਰਨ ਲੱਗ ਪਿਆ। ਆਪਣੀਆਂ ਕਈ ਤਰ੍ਹਾਂ ਦੀਆਂ ਕਾਰਵਾਈਆਂ ਕਰ ਕੇ ਉਹ ਅਕਸਰ ਚਰਚਾ ਵਿਚ ਰਿਹਾ। ਸਤਲੋਕ ਆਸ਼ਰਮ ਦੇ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕਾਂ (ਖ਼ਾਸ ਕਰ ਕੇ ਆਰੀਆ ਸਮਾਜ) ਨਾਲ ਉਸ ਦਾ ਅਕਸਰ ਟਕਰਾਅ ਰਿਹਾ ਹੈ। ਮਈ 2013 ਨੂੰ ਹੋਏ ਵਿਵਾਦ ਦੌਰਾਨ ਸਥਾਨਕ ਲੋਕਾਂ ਅਤੇ ਉਸ ਦੇ ਸਮਰਥਕਾਂ ਵਿਚ ਫਾਇਰਿੰਗ ਹੋਈ ਜਿਸ ਵਿਚ ਤਿੰਨ ਲੋਕ ਮਾਰੇ ਗਏ। 2006 ਵਿਚ ਇਸੇ ਤਰ੍ਹਾਂ ਦੇ ਹੋਏ ਖੂਨੀ ਟਕਰਾਅ ਵਿਚ ਇਕ ਨੌਜੁਆਨ ਦੀ ਮੌਤ ਹੋ ਗਈ ਅਤੇ ਰਾਮਪਾਲ 'ਤੇ ਕਤਲ ਦਾ ਕੇਸ ਦਰਜ ਹੋਇਆ। ਉਸ ਨੂੰ 21 ਮਹੀਨੇ ਜੇਲ੍ਹ ਵਿਚ ਰਹਿਣਾ ਪਿਆ। ਉਹ ਹੁਣ ਜ਼ਮਾਨਤ 'ਤੇ ਸੀ।

ਅਗਸਤ 2014 ਵਿਚ ਵੀਡੀਓ ਕਾਨਫਰੰਸ ਰਾਹੀਂ ਹੋਈ ਉਸ ਦੀ ਪੇਸ਼ੀ ਦੌਰਾਨ ਉਸ ਦੇ ਸਮਰਥਕਾਂ ਵੱਲੋਂ ਵਕੀਲਾਂ ਨਾਲ ਬਦਸਲੂਕੀ ਕਰਨ ਅਤੇ ਕੋਰਟ ਦੀ ਕਾਰਵਾਈ ਵਿਚ ਵਿਘਨ ਪਾਉਣ ਤੋਂ ਨਾਰਾਜ਼ ਹੋਏ ਵਕੀਲਾਂ ਨੇ ਉਨ੍ਹਾਂ ਦੀ ਜ਼ਮਾਨਤ ਰੱਦ ਕਰਨ ਦੀ ਅਰਜ਼ੀ ਦੇ ਦਿੱਤੀ ਜਿਸ ਦਾ ਨਤੀਜਾ 5 ਔਰਤਾਂ ਅਤੇ ਬੱਚੇ ਦੇ ਮਾਰੇ ਜਾਣ, ਸੈਂਕੜੇ ਪੁਲਿਸ ਮੁਲਾਜ਼ਮ ਅਤੇ ਹੋਰ ਲੋਕਾਂ ਦੇ ਜ਼ਖ਼ਮੀ ਹੋਣ, ਲੱਖਾਂ ਦੀ ਜਾਇਦਾਦ ਦੇ ਨੁਕਸਾਨ, ਪ੍ਰਸ਼ਾਸਨ ਦੀ ਖੱਜਲ-ਖੁਆਰੀ ਅਤੇ ਕਰੋੜਾਂ ਰੁਪਏ ਦਾ ਖਰਚ ਅਤੇ ਅੰਤ ਉਸ ਦੀ ਗ੍ਰਿਫਤਾਰੀ ਦੇ ਰੂਪ ਵਿਚ ਨਿਕਲਿਆ।

ਕੋਈ ਵੀ ਸੰਤ ਜਿਸ ਨੇ ਦੁਨੀਆਂ ਲਈ ਮਿਸਾਲ ਬਣਨਾ ਹੁੰਦਾ ਹੈ, ਸੰਤ ਜੋ ਦੂਜਿਆਂ ਲਈ ਰਾਹ-ਦਸੇਰਾ ਹੈ, ਉਸ ਉਤੇ ਜੇ ਕਤਲ ਦੇ ਕੇਸ ਦਰਜ ਹੁੰਦੇ ਹਨ, ਬਲਾਤਕਾਰ ਦੇ ਕੇਸ ਬਣਦੇ ਹਨ, ਲੋਕਾਂ ਤੋਂ ਜਬਰੀ ਜ਼ਮੀਨਾਂ ਖੋਹਣ/ਕਬਜ਼ੇ ਕਰਨ ਦੇ ਕੇਸ ਦਰਜ ਹੁੰਦੇ ਹਨ ਤਾਂ ਸਵਾਲ ਹੈ ਕਿ ਉਹ ਬੰਦਾ ਸੰਤ ਮਹਾਤਮਾ ਜਾਂ ਲੋਕਾਂ ਦਾ ਰਹਿਬਰ ਅਖਵਾਉਣ ਦੇ ਕਾਬਲ ਵੀ ਹੈ? ਜਵਾਬ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਪਿਛਲੇ 30-40 ਸਾਲਾਂ ਤੋਂ ਸੰਤ ਦੀ ਪਰਿਭਾਸ਼ਾ ਬਿਲਕੁਲ ਹੀ ਬਦਲ ਗਈ ਹੈ, ਪਰ ਲੋਕ-ਮਾਨਸਿਕਤਾ ਨਹੀਂ ਬਦਲੀ। ਪਹਿਲਾਂ ਸੰਤ ਉਹ ਬੰਦਾ ਹੁੰਦਾ ਸੀ ਜੋ ਮੋਹ-ਮਾਇਆ ਦਾ ਤਿਆਗ ਕਰ ਕੇ ਸੱਚ ਦੇ ਰਸਤੇ 'ਤੇ ਚੱਲ ਪਵੇ। ਸੰਤ ਦਾ ਭਾਵ ਸੱਚਾਈ ਤੋਂ ਹੈ। ਸੰਸਾਰਕ ਵਸਤਾਂ ਤੋਂ ਨਿਰਲੇਪ ਰਹਿਣ ਕਰ ਕੇ ਆਮ ਲੋਕ ਅਜਿਹੇ ਬੰਦਿਆਂ ਨੂੰ ਸਾਧੂ-ਸੰਤ ਕਹਿ ਕੇ ਸਤਿਕਾਰ ਕਰਦੇ। 40 ਕੁ ਸਾਲਾਂ ਤੋਂ ਸੰਤ ਹੁਣ ਉਹ ਸੰਤ ਨਹੀਂ ਰਹੇ। ਇਹ ਹੁਣ ਲੋਕ-ਸ਼ਰਧਾ ਤੋਂ ਮੋਟੀਆਂ ਕਮਾਈਆਂ ਕਰਦੇ ਹਨ। ਇਹ ਹੁਣ ਮੋਹ-ਮਾਇਆ ਦੇ ਤਿਆਗੀ ਨਹੀਂ, ਬਲਕਿ ਮਾਇਆ ਇਕੱਠੀ ਕਰਨ ਵਿਚ ਹੋਰ ਸਭ ਵਰਗਾਂ ਤੋਂ ਅੱਗੇ ਹਨ, ਜ਼ਮੀਨਾਂ-ਜਾਇਦਾਦਾਂ ਖਰੀਦ ਰਹੇ ਹਨ। ਆਪਣੇ ਅਡੰਬਰੀ ਸੰਸਾਰ ਦਾ ਦਿਨ-ਰਾਤ ਫੈਲਾਅ ਕਰ ਰਹੇ ਹਨ। ਲੋਕ-ਸ਼ਰਧਾ ਨੂੰ ਵੋਟਾਂ ਵਿਚ ਤਬਦੀਲ ਕੀਤਾ ਜਾਣ ਲੱਗਿਆ ਹੈ ਜਿਸ ਸਦਕਾ ਸਾਧ-ਸੰਤ ਹੁਣ ਸਰਕਾਰਾਂ ਬਣਾਉਣ ਵਿਚ ਭੂਮਿਕਾ ਨਿਭਾਉਣ ਲੱਗੇ ਹਨ।

ਸਾਧਾਂ-ਸੰਤਾਂ ਅਤੇ ਡੇਰੇਦਾਰਾਂ ਦੀਆਂ ਸਿਆਸਤ ਵਿਚ ਭਿਆਲੀਆਂ ਅਤਿ ਮਾੜਾ ਰੁਝਾਨ ਹੈ ਜਿਸ ਦੇ ਆਉਣ ਵਾਲੇ ਸਮੇਂ ਦੌਰਾਨ ਗੰਭੀਰ ਸਿੱਟੇ ਨਿਕਲ ਸਕਦੇ ਹਨ। ਇਹ ਲੋਕਤੰਤਰ ਲਈ ਇਕ ਤਰ੍ਹਾਂ ਦੀ ਖ਼ਤਰੇ ਦੀ ਘੰਟੀ ਹੈ। ਅੱਜ ਹਕੀਕਤ ਇਹ ਹੈ ਕਿ ਸਰਕਾਰਾਂ ਅਜਿਹੇ ਡੇਰੇਦਾਰਾਂ ਨੂੰ ਇਕ ਤਰ੍ਹਾਂ ਨਾਲ ਪਾਲਦੀਆਂ ਹਨ। ਜਦੋਂ ਇਨ੍ਹਾਂ ਦੀਆਂ ਮਨਮਾਨੀਆਂ ਵਧ ਜਾਂਦੀਆਂ ਹਨ, ਤਾਂ ਫਿਰ ਇਸ ਦਾ ਸਿੱਟਾ ਸਤਲੋਕ ਵਿਚ ਵਾਪਰੇ ਘਟਨਾਕ੍ਰਮ ਦੇ ਰੂਪ ਵਿਚ ਨਿਕਲਦਾ ਹੈ। ਹਾਲਾਤ ਹੁਣ ਇਹ ਹਨ ਕਿ ਬਹੁਤ ਸਾਰੇ ਵਿਧਾਨ ਸਭਾ ਤੇ ਲੋਕ ਸਭਾ ਹਲਕਿਆਂ ਲਈ ਸਿਆਸੀ ਨੇਤਾ, ਪਹਿਲਾਂ ਪਾਰਟੀ ਦੀ ਟਿਕਟ ਹਾਸਲ ਕਰਨ ਲਈ ਪਾਰਟੀ ਆਗੂਆਂ ਕੋਲ ਪਹੁੰਚ ਕਰਦੇ ਹਨ ਅਤੇ ਟਿਕਟ ਲੈਣ ਤੋਂ ਬਾਅਦ ਵੋਟਾਂ ਲਈ ਕਿਸੇ ਡੇਰੇਦਾਰ ਦੀ ਸ਼ਰਨ ਵਿਚ ਜਾਂਦੇ ਹਨ। ਹੋ ਸਕਦਾ ਹੈ ਕਿ ਆਉਣ ਵਾਲੇ ਸਮੇਂ ਦੌਰਾਨ ਬਹੁਤ ਸਾਰੀਆਂ ਥਾਂਵਾਂ 'ਤੇ ਉਮੀਦਵਾਰਾਂ ਲਈ ਟਿਕਟਾਂ ਦੀ ਵੰਡ ਵੀ ਡੇਰੇਦਾਰ ਹੀ ਕਰਨ।

ਵਿਚਾਰਨ ਵਾਲੀ ਗੱਲ ਇਹ ਹੈ ਕਿ, ਕੀ ਲੋਕਾਂ ਦਾ ਸਿਆਸੀ ਭਵਿੱਖ ਹੁਣ ਡੇਰੇਦਾਰ ਤੈਅ ਕਰਨਗੇ। ਸ਼ਰਧਾ ਨੂੰ ਕਾਰੋਬਾਰ ਤਾਂ ਬਣਾ ਹੀ ਲਿਆ ਗਿਆ ਹੈ, ਹੁਣ ਇਸ ਨੂੰ ਸਿਆਸੀ ਤਾਕਤ ਵਜੋਂ ਵਰਤੇ ਜਾਣ ਦੀਆਂ ਉਦਾਹਰਨਾਂ ਵੀ ਸਾਹਮਣੇ ਆ ਰਹੀਆਂ ਹਨ। ਅੱਜ ਜਦੋਂ ਸਤਲੋਕ ਆਸ਼ਰਮ ਦੀਆਂ ਕਾਰਵਾਈਆਂ ਸਬੰਧੀ ਵੱਖ-ਵੱਖ ਸਿਆਸੀ ਪਾਰਟੀਆਂ ਦੇ ਨੇਤਾਵਾਂ ਵੱਲੋਂ ਇਹ ਕਿਹਾ ਜਾ ਰਿਹਾ ਹੈ ਕਿ ਸਤਲੋਕ ਵਿਚ ਜੋ ਕੁਝ ਹੋ ਰਿਹਾ ਸੀ, ਉਸ ਸਬੰਧੀ ਸਰਕਾਰ ਸੁੱਤੀ ਕਿਉਂ ਰਹੀ? ਤਾਂ ਸਵਾਲ ਹੈ ਕਿ ਕੀ ਅਗਾਂਹ ਤੋਂ ਪੰਜਾਬ-ਹਰਿਆਣਾ ਅਤੇ ਹੋਰ ਸੂਬਿਆਂ ਵਿਚ ਲਗਾਤਾਰ ਵਧ ਰਹੇ ਡੇਰਾਵਾਦ ਦੀ ਹਰ ਪੱਖ ਤੋਂ ਪੜਤਾਲ ਕਰਨ ਦੀ ਸਰਕਾਰਾਂ ਜੁਰਅਤ ਕਰਨਗੀਆਂ? ਅੱਜ ਕਲ੍ਹ ਸਾਧਾਂ-ਸੰਤਾਂ ਦੀ ਸਮਾਜ ਵਿਚ ਭੂਮਿਕਾ ਤਾਂ ਪੂਰੀ ਤਰ੍ਹਾਂ ਬਦਲ ਗਈ ਹੈ, ਪਰ ਬਹੁ-ਗਿਣਤੀ ਲੋਕਾਂ ਦੀ ਮਾਨਸਿਕਤਾ ਅੱਜ ਵੀ ਉਥੇ ਦੀ ਉਥੇ ਖੜ੍ਹੀ ਹੈ। ਸਮਾਜ ਦੇ ਬਹੁ-ਗਿਣਤੀ ਲੋਕਾਂ ਦੀ ਮਾਨਸਿਕਤਾ ਕਿਥੇ ਖੜ੍ਹੀ ਹੈ, ਇਸ ਦਾ ਅੰਦਾਜ਼ਾ ਇਸ ਤੋਂ ਲਾਇਆ ਜਾ ਸਕਦਾ ਹੈ ਕਿ ਇਕ ਨਾਬਾਲਗ ਲੜਕੀ ਨਾਲ ਛੇੜ-ਛਾੜ ਦੇ ਮਾਮਲੇ ਵਿਚ ਜੇਲ੍ਹ ਗਏ ਆਸਾ ਰਾਮ ਨੂੰ ਜਦੋਂ ਇਕ ਪੇਸ਼ੀ ਲਈ ਜੋਧਪੁਰ ਜੇਲ੍ਹ ਇਕ ਰਾਤ ਰੱਖਿਆ ਗਿਆ ਤਾਂ ਉਸ ਦੇ ਸ਼ਰਧਾਲੂ ਜੇਲ੍ਹ ਦੇ ਬਾਹਰ ਇਕੱਠੇ ਹੋ ਗਏ। ਉਹ ਜੇਲ੍ਹ ਦੀਆਂ ਕੰਧਾਂ ਨੂੰ ਹੀ ਫੁੱਲਾਂ ਦੀਆਂ ਮਾਲਾਵਾਂ ਪਹਿਨਾਉਣ ਅਤੇ ਧੂਫ ਦੇਣ ਲੱਗ ਪਏ। ਹੁਣ ਜਦੋਂ ਸੰਤ ਰਾਮਪਾਲ ਵਿਵਾਦ ਖੜ੍ਹਾ ਹੋਇਆ ਤਾਂ ਇਨ੍ਹਾਂ ਦੇ ਬਹੁਤ ਸਾਰੇ ਸੇਵਕ ਜਿਨ੍ਹਾਂ ਵਿਚ ਜ਼ਿਆਦਾਤਰ ਪੜ੍ਹੇ-ਲਿਖੇ ਲੋਕ ਸਨ, ਵੀ ਦਿੱਲੀ ਦੇ ਜੰਤਰ-ਮੰਤਰ ਮੈਦਾਨ ਵਿਚ ਪੁਲਿਸ ਕਾਰਵਾਈ ਖਿਲਾਫ਼ ਧਰਨਾ ਦੇਣ ਜਾ ਬੈਠੇ। ਉਹ ਭੁੱਲ ਗਏ ਕਿ ਸਾਧਾਂ-ਸੰਤਾਂ ਨੂੰ ਤਾਂ ਅਜਿਹੇ ਮਾਮਲਿਆਂ ਵਿਚ ਮਿਸਾਲ ਬਣਨਾ ਚਾਹੀਦਾ ਹੈ। ਸੰਤ ਰਾਮਪਾਲ ਬਿਮਾਰੀ ਦਾ ਬਹਾਨਾ ਬਣਾ ਕੇ ਕੋਰਟ ਵਿਚ ਪੇਸ਼ ਹੋਣ ਤੋਂ ਇਨਕਾਰ ਕਰਦਾ ਰਿਹਾ। ਜਦ ਗ੍ਰਿਫ਼ਤਾਰੀ ਤੋਂ ਬਾਅਦ ਡਾਕਟਰੀ ਹੋਈ ਤਾਂ ਉਹ ਬਿਲਕੁਲ ਠੀਕ ਸੀ। ਸੰਤ ਜਿਸ ਨੇ ਆਪ ਸੱਚ ਦੇ ਮਾਰਗ 'ਤੇ ਚੱਲਣਾ ਹੁੰਦਾ ਹੈ, ਆਪ ਹੀ ਇੱਦਾਂ ਕਰਦਾ ਹੈ ਤਾਂ ਉਹ ਸੰਤ ਕਿਵੇਂ ਹੋ ਗਿਆ? ਸਾਡੇ ਸਮਾਜ ਦੀ ਬਹੁ-ਗਿਣਤੀ ਅੱਜ ਵੀ ਲੋਕਾਂ ਦੇ ਸਿਰੋਂ ਧਨਾਢ ਬਣੇ ਇਨ੍ਹਾਂ ਸਾਧਾਂ-ਸੰਤਾਂ ਤੋਂ ਆਪਣੇ ਘਰਾਂ ਦੀ ਗਰੀਬੀ ਕੰਗਾਲੀ ਤੋਂ ਨਿਜਾਤ ਲੋੜਦੀ ਹੈ। ਰੋਜ਼ਾਨਾ ਰੱਬ ਦੇ ਫਿਕਰ ਵਿਚ ਲੱਖਾਂ ਲਿਟਰ ਡੀਜ਼ਲ-ਪੈਟਰੋਲ ਫੂਕਿਆ ਜਾਂਦਾ ਹੈ। ਡੇਰਿਆਂ, ਧਰਮ ਸਥਾਨਾਂ 'ਤੇ ਲੋਕਾਂ ਦੀਆਂ ਭੀੜਾਂ ਦੱਸਦੀਆਂ ਹਨ ਕਿ ਅਸੀਂ ਅੱਜ ਵੀ ਕਿਸੇ ਮੱਧ ਯੁਗ ਵਿਚ ਵਿਚਰ ਰਹੇ ਹਾਂ।

ਦਰਅਸਲ, ਸਾਡੀਆਂ ਮੁਸ਼ਕਿਲਾਂ ਤੇ ਸਮੱਸਿਆਵਾਂ ਭ੍ਰਿਸ਼ਟ ਸਿਸਟਮ ਦੀ ਦੇਣ ਹਨ। ਬਹੁ-ਗਿਣਤੀ ਲੋਕ ਅਤਿ ਮਾੜੀਆਂ ਜਿਉਣ ਹਾਲਾਤ ਵਿਚ ਦਿਨ-ਕਟੀ ਕਰ ਰਹੇ ਹਨ। ਜਿਸ ਸਮਾਜ ਵਿਚ ਲੋਕਾਂ ਦੇ ਜਿਉਣ ਹਾਲਾਤ ਨਿੱਘਰ ਜਾਂਦੇ ਹਨ, ਉਨ੍ਹਾਂ ਸਮਾਜਾਂ ਵਿਚ ਹਰ ਤਰ੍ਹਾਂ ਦੇ ਅੰਧ-ਵਿਸ਼ਵਾਸ ਵਧ ਜਾਂਦੇ ਹਨ। ਲੋਕਾਂ ਦੀ ਟੇਕ ਅਖੌਤੀ ਸਾਧਾਂ-ਸਿਆਣਿਆਂ, ਧਾਰਮਿਕ ਸਥਾਨਾਂ, ਡੇਰਿਆਂ 'ਤੇ ਵਧ ਜਾਂਦੀ ਹੈ। ਇਹ ਵਰਤਾਰਾ ਭਾਰਤ ਵਿਚ ਦਿਨੋ-ਦਿਨ ਤੇਜ਼ੀ ਨਾਲ ਵਧ ਰਿਹਾ ਹੈ। ਅਜਿਹੇ ਹਾਲਾਤ ਭ੍ਰਿਸ਼ਟ ਹੋ ਚੁੱਕੀ ਰਾਜਨੀਤੀ ਅਤੇ ਅਖੌਤੀ ਡੇਰੇਦਾਰਾਂ ਦੇ ਬੜੇ ਅਨੁਕੂਲ ਹੁੰਦੇ ਹਨ। ਘਰੇਲੂ ਕਲੇਸ਼, ਮੁਸ਼ਕਿਲਾਂ, ਸਮੱਸਿਆਵਾਂ, ਬੇਰੁਜ਼ਗਾਰੀ, ਗ਼ਰੀਬੀ ਦੇ ਮੰਝਧਾਰ ਵਿਚ ਫਸੇ ਲੋਕ ਸਮਝਦੇ ਹਨ ਕਿ ਕਿਸੇ ਡੇਰੇ ਨਾਲ ਜੁੜ ਕੇ ਉਨ੍ਹਾਂ ਦੀ ਜ਼ਿੰਦਗੀ ਵਿਚ ਚਮਤਕਾਰ ਵਾਪਰੇਗਾ ਅਤੇ ਉਨ੍ਹਾਂ ਦੀਆਂ ਸਾਰੀਆਂ ਸਮੱਸਿਆਵਾਂ ਦੇ ਹੱਲ ਹੋ ਜਾਣਗੇ। ਮੁਸ਼ਕਿਲਾਂ ਤੇ ਸਮੱਸਿਆਵਾਂ ਵਿਚ ਘਿਰੇ ਲੋਕ ਆਪਣੀਆਂ ਮੁਸ਼ਕਿਲਾਂ ਸਮੱਸਿਆਵਾਂ ਨੂੰ ਕਿਸੇ ਗੈਬੀ ਤਾਕਤ ਦੀ ਕਰੋਪੀ ਸਮਝ ਕੇ ਸਿਸਟਮ ਵਿਰੁਧ ਕੋਈ ਬਹੁਤੀ ਪ੍ਰਤੀਕਿਰਿਆ ਪ੍ਰਗਟ ਨਹੀਂ ਕਰਦੇ ਅਤੇ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਡੇਰਿਆਂ, ਧਰਮ ਸਥਾਨਾਂ ਵਿਚ ਮੱਥੇ ਰਗੜਦੇ ਰਹਿੰਦੇ ਹਨ। ਅਜਿਹਾ ਕਰਦਿਆਂ ਸਾਧਾਂ-ਸੰਤਾਂ ਦੇ ਸ਼ਰਧਾਲੂਆਂ ਦੀ ਜ਼ਿੰਦਗੀ ਵਿਚ ਤਾਂ ਕੋਈ ਚਮਤਕਾਰ ਕਦੇ ਨਹੀਂ ਵਾਪਰਦਾ ਪਰ ਇਸ ਵਰਤਾਰੇ ਨਾਲ ਸਾਧ-ਸੰਤ ਜ਼ਰੂਰ ਅਮੀਰ ਹੋ ਰਹੇ ਹਨ।

ਅੱਜ ਤੱਕ ਦਾ ਮਨੁੱਖੀ ਵਿਕਾਸ ਮਨੁੱਖ ਦੀਆਂ ਲੱਖਾਂ ਪੀੜ੍ਹੀਆਂ ਦੀ ਹੱਥੀਂ ਕੀਤੀ ਅਤੇ ਦਿਮਾਗੀ ਮਿਹਨਤ ਦਾ ਸਿੱਟਾ ਹੈ। ਗੁਰੂ ਸਹਿਬਾਨ ਅਤੇ ਹੋਰ ਮਹਾਨ ਪੁਰਸ਼ਾਂ ਦੀਆਂ ਜੀਵਨੀਆਂ ਦਾ ਸਾਰ-ਤੱਤ ਇਹ ਹੈ ਕਿ ਧਰਤੀ ਦੇ ਲੋਕ ਸੰਘਰਸ਼ਸ਼ੀਲ ਬਣਨ, ਉਹ ਕਿਸੇ ਅਡੰਬਰੀ ਸੰਸਾਰ ਲਈ ਨਾ ਜਿਉਣ; ਬਲਕਿ ਇਸ ਧਰਤੀ 'ਤੇ ਮਨੁੱਖ ਦੀਆਂ ਜਿਉਣ ਹਾਲਾਤ ਨੂੰ ਸੁਧਾਰਨ ਲਈ ਜੱਦੋ-ਜਹਿਦ ਕਰਨ ਅਤੇ ਆਪਣੇ ਸਮੇਂ ਦੇ ਉਨ੍ਹਾਂ ਬਾਬਰਾਂ ਜਾਬਰਾਂ ਖਿਲਾਫ਼ ਖੜ੍ਹੇ ਹੋਣ ਜਿਨ੍ਹਾਂ ਕਰ ਕੇ ਸਮਾਜ ਵਿਚ ਵੰਡੀਆਂ ਹਨ, ਅਮੀਰੀ ਗ਼ਰੀਬੀ ਦਾ ਪਾੜਾ ਹੈ, ਅਨਿਆਂ ਹੈ, ਅਨਪੜ੍ਹਤਾ ਅਤੇ ਜਹਾਲਤ ਹੈ।

# ਅਫਸਪਾ ਵਿਚ ਤਰਮੀਮ ਅਤੇ ਸੰਵਿਧਾਨ

**2008-09 ਵਿਚ ਕਸ਼ਮੀਰ ਘਾਟੀ ਵਿਚ 3000 ਕਬਰਾਂ ਦਾ ਪਰਦਾਫਾਸ਼ ਹੋਇਆ ਜਿਨ੍ਹਾਂ ਨੂੰ ਫ਼ੌਜ ਨੇ ਕਤਲ ਕਰ ਕੇ ਅਤੇ ਫਿਰ ਬੇਪਛਾਣ ਕਹਿ ਕੇ ਦਫ਼ਨਾ ਦਿੱਤਾ ਸੀ। ਕੁਨਨ ਪੌਸ਼ਪੁਰਾ, ਪਥਰੀਬਲ ਵਰਗੇ ਵਾਰ-ਵਾਰ ਚਰਚਾ ਦਾ ਵਿਸ਼ਾ ਬਣਨ ਵਾਲੇ ਬੇਸ਼ੁਮਾਰ ਕਾਂਡ ਕੋਈ ਮਾੜੇ-ਮੋਟੇ ਨਹੀਂ , ਸਗੋਂ ਦਿਲ ਦਹਿਲਾ ਦੇਣ ਵਾਲੇ ਕਾਂਡ ਸਨ ਜਿਨ੍ਹਾਂ ਨੂੰ ਕਾਂਗਰਸ ਹਕੂਮਤ ਇਕ ਵਾਢਿਓਂ ਖਾਰਜ ਕਰਦੀ ਰਹੀ ਹੈ। ਇਸ ਹਕੂਮਤ ਦੇ ਦਸ ਸਾਲਾਂ ਕਾਰਜਕਾਲ ਦੌਰਾਨ ਅਫਸਪਾ ਹੇਠਲੇ ਅਤੇ ਹੋਰ 'ਅਤਿਵਾਦ ਪ੍ਰਭਾਵਿਤ' ਇਲਾਕਿਆਂ ਵਿਚ ਬੇਕਸੂਰਾਂ ਦੀ ਕਤਲੋਗਾਰਤ ਕਰਨ ਵਾਲੀਆਂ ਫੌਜੀ/ਨੀਮ ਫੌਜੀ ਤਾਕਤਾਂ ਦੇ ਖਿਲਾਫ ਕਾਰਵਾਈ ਦੀਆਂ ਸਿਫਾਰਸ਼ਾਂ ਦੀਆਂ ਮਿਸਲਾਂ ਗ੍ਰਹਿ ਮੰਤਰਾਲੇ ਕੋਲ ਮਨਜ਼ੂਰੀ ਲਈ ਘੱਟੇ ਰੁਲ਼ਦੀਆਂ ਰਹੀਆਂ। ਚਿਦੰਬਰਮ ਦੇ ਰਾਜ ਵਿਚ ਕਸੂਰਵਾਰ ਅਧਿਕਾਰੀਆਂ ਖਿਲਾਫ ਕਾਰਵਾਈ ਦੀ ਬਜਾਏ ਉਲਟਾ ਫਰਜ਼ੀ ਮੁਕਾਬਲਿਆਂ ਦੇ 'ਵਿਸ਼ੇਸ਼ ਮਾਹਰ' ਅਧਿਕਾਰੀਆਂ ਨੂੰ ਤਰੱਕੀਆਂ ਅਤੇ ਬਹਾਦਰੀ ਦੇ ਵਿਸ਼ੇਸ਼ ਮੈਡਲ ਦਿੱਤੇ ਜਾਂਦੇ ਰਹੇ।**

ਨਵੰਬਰ ਦੇ ਸ਼ੁਰੂ ਵਿਚ ਸ੍ਰੀਨਗਰ ਤੋਂ ਵੀਹ ਕਿਲੋਮੀਟਰ ਦੂਰ ਕਸ਼ਮੀਰ ਘਾਟੀ ਵਿਚ ਹਿੰਦੁਸਤਾਨੀ ਫ਼ੌਜ ਦੀ ਅੰਨ੍ਹੇਵਾਹ ਫਾਇਰਿੰਗ ਵਿਚ ਦੋ ਕਸ਼ਮੀਰੀ ਨੌਜਵਾਨਾਂ ਦੀ ਮੌਤ ਦੇ ਖਿਲਾਫ ਸਮੁੱਚੀ ਘਾਟੀ ਵਿਚ ਉਠੇ ਰੋਹ ਦੇ ਤੂਫ਼ਾਨ ਅਤੇ 2010 ਦੇ ਮਛੀਲ ਮਾਮਲੇ ਵਿਚ ਫ਼ੌਜੀ ਅਥਾਰਟੀ ਵਲੋਂ ਆਪਣੇ ਪੰਜ ਫ਼ੌਜੀਆਂ ਨੂੰ ਉਮਰ ਕੈਦ ਦੀ ਸਜ਼ਾ ਦੇਣ ਦੀ ਸਿਫ਼ਾਰਸ਼ ਨਾਲ ਅਫਸਪਾ (ਆਰਮਡ ਫੋਰਸਿਜ਼ ਸਪੈਸ਼ਲ ਪਾਵਰ ਐਕਟ-1958) ਇਕ ਵਾਰ ਫਿਰ ਸੁਰਖ਼ੀਆਂ ਵਿਚ ਹੈ। ਮੀਡੀਆ ਅੰਦਰਲੀ ਮੁੱਖਧਾਰਾ ਸਿਆਸਤ ਦੀ ਹਾਲੀਆ ਸਰਗਰਮੀ ਤੋਂ ਇਕ ਤੱਥ ਐਨ ਸਪਸ਼ਟ ਹੈ ਕਿ ਹਾਕਮ ਜਮਾਤੀ ਪਾਰਟੀਆਂ ਮਹਿਜ਼ ਵੋਟ ਸਿਆਸਤ ਦੀ ਖ਼ੁਦਗਰਜ਼ੀ ਵਿਚੋਂ, ਖ਼ਾਸ ਕਰ ਕੇ ਜੰਮੂ-ਕਸ਼ਮੀਰ ਵਿਚ ਹੋ ਰਹੀਆਂ ਚੋਣਾਂ ਦੇ ਮੱਦੇਨਜ਼ਰ ਅਫਸਪਾ ਉਪਰ ਘਿਨਾਉਣੀ ਸਿਆਸਤ ਖੇਡ ਰਹੀਆਂ ਹਨ। ਇਨ੍ਹਾਂ ਦਾ ਇਸ ਜ਼ਾਲਮ ਕਾਨੂੰਨ ਬਾਰੇ ਨਜ਼ਰਸਾਨੀ ਕਰਨ ਦਾ ਕੋਈ ਇਰਾਦਾ ਨਹੀਂ ਹੈ। ਚੇਤੇ ਰਹੇ, ਹਿੰਦੁਸਤਾਨ ਦੇ ਮੂਲ ਰੂਪ

**ਬੂਟਾ ਸਿੰਘ**
**ਫੋਨ: 91-94634-74342**

ਬਸਤੀਵਾਦੀ ਸੰਵਿਧਾਨਕ ਚੌਖਟੇ ਵਿਚ ਅਫਸਪਾ ਵਰਗੇ ਕਿਸੇ 'ਖ਼ਾਸ' ਕਾਨੂੰਨ ਨੂੰ ਲਾਗੂ ਕਰਨ ਦੀ ਕੋਈ ਸਮਾਂ ਹੱਦ ਹੀ ਨਹੀਂ ਹੈ। ਮਨੀਪੁਰ ਅਤੇ ਉਤਰ-ਪੂਰਬ ਦੇ ਕੁਝ ਇਲਾਕਿਆਂ ਵਿਚ ਇਹ 55 ਸਾਲ ਤੋਂ ਲਾਗੂ ਹੈ ਪਰ 'ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ' ਵਿਚ ਹੁਕਮਰਾਨਾਂ ਨੂੰ ਇਹ ਪੁੱਛਣ ਦੀ ਨਾਗਰਿਕਾਂ ਕੋਲ ਕੋਈ ਸੰਵਿਧਾਨਕ ਤਾਕਤ ਹੀ ਨਹੀਂ ਹੈ ਕਿ ਐਨਾ ਲੰਮਾ ਅਰਸਾ ਅਜਿਹਾ ਬੇਮਿਸਾਲ ਜ਼ਾਲਮ ਕਾਨੂੰਨ ਲਾਗੂ ਕਰਨ ਨਾਲ ਉਥੇ ਹਾਲਤ 'ਚ ਕੀ ਸੁਧਾਰ ਹੋਇਆ ਜਿਸ ਲਈ ਇਹ ਖ਼ਾਸ ਕਾਨੂੰਨ ਥੋਪਿਆ ਗਿਆ ਸੀ। ਜੇ ਕੋਈ ਸੁਧਾਰ ਹੀ ਨਹੀਂ, ਤਾਂ ਕਿਉਂ ਨਾ ਹੁਕਮਰਾਨਾਂ ਨੂੰ ਮੁਜਰਮਾਂ ਵਜੋਂ ਕਟਹਿਰੇ ਵਿਚ ਖੜ੍ਹਾ ਕੀਤਾ ਜਾਵੇ?

ਇਸ ਸੰਵਿਧਾਨਕ ਚੌਖਟੇ ਤਹਿਤ ਹਿੰਦੁਸਤਾਨ ਦੀ ਫ਼ੌਜ ਹਮੇਸ਼ਾ ਆਪਣੇ ਹੀ ਲੋਕਾਂ ਵਿਰੁਧ ਹਥਿਆਰਬੰਦ ਕਾਰਵਾਈਆਂ ਵਿਚ ਵਧੇਰੇ ਰੁੱਝੀ ਰਹਿਣ ਵਾਲੀ ਫ਼ੌਜ ਹੈ। ਲਗਭਗ ਅੱਧੀ ਫ਼ੌਜ (ਜੰਮੂ-ਕਸ਼ਮੀਰ ਵਿਚ 3.37 ਲੱਖ ਅਤੇ ਉਤਰ-ਪੂਰਬ ਵਿਚ 2.80 ਲੱਖ) ਸਰਹੱਦਾਂ ਦੇ ਅੰਦਰ ਆਵਾਮ ਦੇ ਖਿਲਾਫ ਲਗਾਈ ਹੋਈ ਹੈ ਜਦਕਿ ਇਸ ਨੂੰ ਸਰਹੱਦਾਂ ਦੀ ਰਾਖੀ ਦੇ ਉਦੇਸ਼ ਨਾਲ ਬਣਾਇਆ ਗਿਆ ਸੀ। ਇਹ ਸਟੇਟ ਦੀ ਇਕ ਖ਼ਾਸ ਹਾਲਤ ਹੁੰਦੀ ਹੈ ਜਿਸ ਵਿਚ ਸਿਵਲ ਪ੍ਰਸ਼ਾਸਨ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ ਸਗੋਂ ਨਾਗਰਿਕਾਂ ਦੀ ਰੋਜ਼ਮਰਾ ਜ਼ਿੰਦਗੀ ਰਾਜ ਦੀਆਂ ਹਥਿਆਰਬੰਦ ਤਾਕਤਾਂ ਦੀ ਮੁੱਠੀ 'ਚ ਹੁੰਦੀ ਹੈ। ਉਨ੍ਹਾਂ ਦੇ ਰਹਿਮ-ਕਰਮ 'ਤੇ ਮੁਨੱਸਰ ਕਰਦਾ ਹੈ ਕਿ ਕਿਸ ਨੂੰ ਜਿਉਣ ਦਾ ਹੱਕ ਦੇਣਾ ਹੈ ਅਤੇ ਕਿਸ ਦੀ ਜ਼ਿੰਦਗੀ ਖੋਹਣੀ ਹੈ।

ਕਸ਼ਮੀਰ ਅਤੇ ਸਮੁੱਚੇ ਉਤਰ-ਪੂਰਬ ਵਿਚੋਂ ਅਫਸਪਾ ਨੂੰ ਹਟਾਏ ਜਾਣ ਦੀ ਪੁਰਜ਼ੋਰ ਮੰਗ ਅਤੇ ਪੂਰੇ ਮੁਲਕ ਦੇ ਜਮਹੂਰੀਅਤ-ਪਸੰਦ ਲੋਕਾਂ ਵਲੋਂ ਇਸ ਦੀ ਹਮਾਇਤ ਦੇ ਬਾਵਜੂਦ ਦੋਵੇਂ ਮੁੱਖ ਸਿਆਸੀ ਪਾਰਟੀਆਂ- ਕਾਂਗਰਸ ਅਤੇ ਭਾਜਪਾ ਇਸ ਸਵਾਲ ਨੂੰ ਦਰਕਿਨਾਰ ਕਰਦੀਆਂ ਰਹੀਆਂ ਹਨ। ਹੋਰ ਨਿੱਕੀਆਂ ਵੱਡੀਆਂ ਪਾਰਟੀਆਂ ਦੀ ਕਾਰਗੁਜ਼ਾਰੀ ਵੀ ਇਨ੍ਹਾਂ ਤੋਂ ਅਲਹਿਦਾ ਨਹੀਂ ਹੈ। ਇਨ੍ਹਾਂ ਦੇ ਐਨ ਨੱਕ ਹੇਠ ਅਫਸਪਾ ਨੂੰ ਹਟਾਏ ਜਾਣ ਦੀ ਮੰਗ ਨੂੰ ਲੈ ਕੇ 14 ਸਾਲ ਤੋਂ ਆਪਣੀ ਜ਼ਿੰਦਗੀ ਦਾਅ 'ਤੇ ਲਾਈ ਬੈਠੀ ਇਰੋਮ ਸ਼ਰਮੀਲਾ ਦੇ ਖਿਲਾਫ ਖ਼ੁਦਕੁਸ਼ੀ ਦੇ ਮੁਕੱਦਮੇ ਦਰਜ ਹੁੰਦੇ ਆ ਰਹੇ ਹਨ ਅਤੇ ਅਦਾਲਤ ਵਲੋਂ ਉਸ ਦੇ ਖਿਲਾਫ ਅਜਿਹੇ ਘਿਨਾਉਣੇ ਮੁਕੱਦਮੇ ਖਾਰਜ ਕਰਨ ਦੇ ਬਾਵਜੂਦ ਪੁਲਿਸ ਉਸ ਨੂੰ ਦੁਬਾਰਾ ਗ੍ਰਿਫ਼ਤਾਰ ਕਰ ਲੈਂਦੀ ਹੈ। ਗ਼ੈਰ-ਕਾਨੂੰਨੀ ਢੰਗ ਨਾਲ ਕਤਲ ਕੀਤੇ ਵਿਅਕਤੀਆਂ ਦੇ ਪਰਿਵਾਰ ਮੈਂਬਰਾਂ ਦੀ ਸਭਾ ਵਲੋਂ ਸੀਨੀਅਰ ਵਕੀਲ ਕੌਲਿਨ ਗੌਂਸਾਲਵੇਸ ਜ਼ਰੀਏ 2012 ਵਿਚ ਸੁਪਰੀਮ ਕੋਰਟ ਵਿਚ ਪਾਈ ਜਨ-ਹਿੱਤ ਪਟੀਸ਼ਨ ਅਜੇ ਤਾਈਂ ਕਿਸੇ ਤਣ-ਪੱਤਣ ਨਹੀਂ ਲੱਗੀ ਜਿਸ ਵਿਚ 1980 ਤੋਂ ਲੈ ਕੇ 2012 ਦਰਮਿਆਨ ਦੇ ਅਜਿਹੇ 1590 ਕਤਲਾਂ ਦੀ ਪੜਤਾਲ ਲਈ ਵਿਸ਼ੇਸ਼ ਜਾਂਚ ਟੀਮ ਬਣਾਏ ਜਾਣ ਦੀ ਮੰਗ ਕੀਤੀ ਗਈ ਸੀ। ਇਨ੍ਹਾਂ ਵਿਚੋਂ ਛੇ ਵੱਖੋ-ਵੱਖਰੇ ਮਾਮਲਿਆਂ ਦੀ ਵਿਸ਼ੇਸ਼ ਅਦਾਲਤੀ ਕਮਿਸ਼ਨ ਵਲੋਂ ਜਾਂਚ ਵਿਚ ਹਥਿਆਰਬੰਦ ਤਾਕਤਾਂ ਦੀ ਮੁਜਰਮਾਨਾ ਭੂਮਿਕਾ ਸਾਹਮਣੇ ਆ ਚੁੱਕੀ ਹੈ, ਪਰ ਇਨ੍ਹਾਂ ਸਿਆਸੀ ਪਾਰਟੀਆਂ ਨੇ ਇਸ ਬਾਰੇ ਕਦੇ ਜ਼ਬਾਨ ਨਹੀਂ ਖੋਲ੍ਹੀ। ਲਿਹਾਜ਼ਾ ਇਨ੍ਹਾਂ ਦੀ ਤਾਜ਼ਾ ਬਿਆਨਬਾਜ਼ੀ ਨਿਹਾਇਤ ਮੌਕਾਪ੍ਰਸਤੀ ਅਤੇ ਬੇਹਯਾ ਸਿਆਸੀ ਸਟੰਟ ਤੋਂ ਵੱਧ ਕੁਝ ਨਹੀਂ।

ਹੁਣ ਜਦੋਂ ਕਾਂਗਰਸ ਸੱਤਾ ਵਿਚ ਨਹੀਂ ਤਾਂ ਸਾਬਕਾ ਗ੍ਰਹਿ ਮੰਤਰੀ ਪੀ. ਚਿਦੰਬਰਮ (14 ਨਵੰਬਰ) ਬਿਆਨ ਦਿੰਦਾ ਹੈ ਕਿ ਅਫਸਪਾ 'ਘਿਨਾਉਣਾ ਕਾਨੂੰਨ ਹੈ ਜਿਸ ਲਈ ਆਧੁਨਿਕ, ਤਹਿਜ਼ੀਬਯਾਫ਼ਤਾ ਮੁਲਕ ਵਿਚ ਕੋਈ ਜਗ੍ਹਾ ਨਹੀਂ' ਹੈ। 'ਇਸ ਵਿਚ ਤਰਮੀਮ ਕਰਨ ਲਈ ਕੇਂਦਰੀ ਹਕੂਮਤ ਨੂੰ ਸੰਸਦ ਦੇ ਸਰਦ-ਰੁੱਤ ਸੈਸ਼ਨ ਵਿਚ ਬਿੱਲ ਪੇਸ਼ ਕਰਨਾ ਚਾਹੀਦਾ ਹੈ। ਸਾਨੂੰ ਜੁਰਮ ਅਤੇ ਸੁਰੱਖਿਆ ਕਾਨੂੰਨਾਂ ਵਿਚ ਤਰਮੀਮਾਂ ਕਰਨ ਅਤੇ ਇਨ੍ਹਾਂ ਨੂੰ ਮਨੁੱਖੀ ਹੱਕਾਂ ਦੇ ਆਲਮੀ ਪੱਧਰ ਦੇ ਮਿਆਰਾਂ ਦੇ ਅਨੁਸਾਰੀ ਬਣਾਉਣ ਦੀ ਲੋੜ ਹੈ।' ਉਹ ਇੰਜ ਪੇਸ਼ ਕਰ ਰਿਹਾ ਹੈ ਜਿਵੇਂ ਉਹ ਤਾਂ ਅਫਸਪਾ ਦੀਆਂ ਖ਼ਾਸ ਜਾਬਰ ਮੱਦਾਂ ਨੂੰ ਖ਼ਤਮ ਕਰਨ ਲਈ ਬਹੁਤ ਯਤਨਸ਼ੀਲ ਰਿਹਾ, ਪਰ ਰੱਖਿਆ ਮੰਤਰਾਲੇ ਵਲੋਂ ਲਾਏ ਅੜਿੱਕੇ ਅਤੇ ਫ਼ੌਜ ਦੇ ਹੱਠੀ ਵਿਰੋਧ ਕਾਰਨ ਉਸ ਦੀ ਕੋਈ ਪੇਸ਼ ਨਹੀਂ ਗਈ।




ਅਫਸਪਾ ਖਤਮ ਕਰਨ ਖਿਲਾਫ ਚਲਾਈ ਚੇਤਨਾ ਮੁਹਿੰਮ ਦੀ ਝਲਕ।

ਸ਼ਾਇਦ ਹੀ ਕਿਸੇ ਨੂੰ ਕਾਂਗਰਸੀ ਲੀਡਰਸ਼ਿਪ, ਖ਼ਾਸ ਕਰ ਕੇ ਚਿਦੰਬਰਮ ਦੇ ਘਿਨਾਉਣੇ ਕਿਰਦਾਰ ਬਾਰੇ ਸ਼ੱਕ ਹੋਵੇ। ਇਹੀ ਚਿਦੰਬਰਮ ਹਿੰਦੁਸਤਾਨੀ ਸਟੇਟ ਦੀ ਆਵਾਮ ਦੇ ਹਰ ਜਮਹੂਰੀ ਵਿਰੋਧ ਨੂੰ ਫ਼ੌਜੀ ਤਾਕਤ ਦੇ ਜ਼ੋਰ ਕੁਚਲਣ ਦੀ ਫਾਸ਼ੀਵਾਦੀ ਨੀਤੀ ਦਾ ਸਭ ਤੋਂ ਉਭਰਵਾਂ ਵਕੀਲ ਰਿਹਾ ਹੈ ਜਿਸ ਦੀ ਸਿੱਧੀ ਦੇਖਰੇਖ ਹੇਠ ਨਾ ਸਿਰਫ਼ ਚੋਟੀ ਦੇ ਮਾਓਵਾਦੀ ਆਗੂਆਂ ਨੂੰ ਗੱਲਬਾਤ ਦੇ ਬਹਾਨੇ ਬੁਲਾ ਕੇ ਕਤਲ ਕੀਤਾ ਜਾਂਦਾ ਰਿਹਾ। ਇਹੀ ਨਹੀਂ, ਸਗੋਂ ਮਾਓਵਾਦੀ ਲਹਿਰ ਦੇ ਸਭ ਤੋਂ ਵੱਧ ਰਸੂਖ਼ ਵਾਲੇ 10 ਸੂਬਿਆਂ ਤੋਂ ਲੈ ਕੇ ਕਸ਼ਮੀਰ ਅਤੇ ਉਤਰ-ਪੂਰਬ ਤਕ ਅਵਾਮ ਦਾ ਘਾਣ ਕਰਵਾਉਣ 'ਚ ਇਸ ਸ਼ਖਸ ਦਾ ਸਿੱਧਾ ਹੱਥ ਰਿਹਾ ਹੈ। ਅੱਜ ਚਿਦੰਬਰਮ 2010 ਦੇ ਮਛੀਲ ਕਾਂਡ ਵਿਚ ਤਿੰਨ ਬੇਕਸੂਰਾਂ ਨੂੰ ਕਤਲ ਕਰਨ ਵਾਲੇ ਫ਼ੌਜੀਆਂ ਨੂੰ ਸਜ਼ਾ ਦੇਣ ਦਾ ਸਵਾਗਤ ਕਰ ਰਿਹਾ ਹੈ ਅਤੇ ਉਤਰ-ਪੂਰਬ ਦੇ ਜੱਗ-ਜ਼ਾਹਰ ਕਤਲ ਕਾਂਡਾਂ ਵਿਚ ਕੋਈ ਜਾਂਚ ਨਾ ਕੀਤੇ ਜਾਣ ਉਪਰ ਫ਼ਿਕਰਮੰਦੀ ਦਰਸਾ ਰਿਹਾ ਹੈ। ਇਹ ਜ਼ਿਆਦਾਤਰ ਕਾਂਡ ਕਾਂਗਰਸ ਦੇ ਰਾਜ, ਖ਼ਾਸ ਕਰ ਕੇ ਇਸੇ ਦੇ ਗ੍ਰਹਿ ਮੰਤਰੀ ਹੋਣ ਵਕਤ ਹੋਏ ਅਤੇ ਉਹ ਖ਼ੁਦ ਫ਼ੌਜ ਦੇ ਜੁਰਮਾਂ ਨੂੰ ਜਾਇਜ਼ ਠਹਿਰਾਉਣ ਵਿਚ ਸਭ ਤੋਂ ਅੱਗੇ ਹੁੰਦਾ ਸੀ। ਅਜੇ ਦੋ ਸਾਲ ਪਹਿਲਾਂ ਹੀ ਦਿੱਲੀ ਦੇ 'ਨਿਰਭੈ ਕਾਂਡ' ਪਿੱਛੋਂ ਔਰਤਾਂ ਖਿਲਾਫ ਹਿੰਸਾ ਨੂੰ ਠੱਲਣ ਲਈ ਬਣਾਏ ਜਸਟਿਸ ਵਰਮਾ ਕਮਿਸ਼ਨ ਦੀ ਮੁੱਖ ਸਿਫ਼ਾਰਸ ਅਫਸਪਾ ਬਾਰੇ ਮੁੜ ਵਿਚਾਰ ਕਰਨ ਦੀ ਸੀ, ਪਰ ਕਾਂਗਰਸ ਹਕੂਮਤ ਵਲੋਂ ਫਰਵਰੀ 2013 ਵਾਲਾ ਆਰਡੀਨੈਂਸ ਲਿਆਉਣ ਵਕਤ ਸਭ ਤੋਂ ਵੱਧ ਵਿਰੋਧ ਇਸ ਸਿਫ਼ਾਰਸ਼ ਦਾ ਕੀਤਾ ਗਿਆ। ਇਸੇ ਕਾਂਗਰਸ ਹਕੂਮਤ ਨੇ ਅਫਸਪਾ ਦੇ ਰਿਵਿਊ ਲਈ ਸੰਨ 2004 ਵਿਚ ਬਣਾਈ ਜਸਟਿਸ ਜੀਵਨ ਰੈਡੀ ਦੀ ਇਸ ਕਾਨੂੰਨ ਨੂੰ ਵਾਪਸ ਲੈਣ ਦੀ ਇਕਮੱਤ ਰਿਪੋਰਟ ਬਾਰੇ ਕਦੇ ਸੰਸਦ ਵਿਚ ਬਹਿਸ ਕਰਾਉਣ ਦੀ ਵੀ ਲੋੜ ਨਹੀਂ ਸਮਝੀ। 2008-09 ਵਿਚ ਕਸ਼ਮੀਰ ਘਾਟੀ ਵਿਚ 3000 ਕਬਰਾਂ ਦਾ ਪਰਦਾਫਾਸ਼ ਹੋਇਆ ਜਿਨ੍ਹਾਂ ਨੂੰ ਫ਼ੌਜ ਨੇ ਕਤਲ ਕਰ ਕੇ ਅਤੇ ਫਿਰ ਬੇਪਛਾਣ ਕਹਿ ਕੇ ਦਫ਼ਨਾ ਦਿੱਤਾ ਸੀ। ਕੁਨਨ ਪੌਸ਼ਪੁਰਾ, ਪਥਰੀਬਲ ਵਰਗੇ ਵਾਰ-ਵਾਰ ਚਰਚਾ ਦਾ ਵਿਸ਼ਾ ਬਣਨ ਵਾਲੇ ਬੇਸ਼ੁਮਾਰ ਕਾਂਡ ਕੋਈ ਮਾੜੇ-ਮੋਟੇ ਨਹੀਂ ਸਗੋਂ ਦਿਲ ਦਹਿਲਾ ਦੇਣ ਵਾਲੇ ਕਾਂਡ ਸਨ ਜਿਨ੍ਹਾਂ ਨੂੰ ਕਾਂਗਰਸ ਹਕੂਮਤ ਇਕ ਵਾਢਿਓਂ ਖਾਰਜ ਕਰਦੀ ਰਹੀ ਹੈ। ਇਸ ਹਕੂਮਤ ਦੇ ਦਸ ਸਾਲਾਂ ਕਾਰਜਕਾਲ ਦੌਰਾਨ ਅਫਸਪਾ ਹੇਠਲੇ ਅਤੇ ਹੋਰ 'ਅਤਿਵਾਦ ਪ੍ਰਭਾਵਿਤ' ਇਲਾਕਿਆਂ ਵਿਚ ਬੇਕਸੂਰਾਂ ਦੀ ਕਤਲੋਗ਼ਾਰਤ ਕਰਨ ਵਾਲੀਆਂ ਫ਼ੌਜੀ/ਨੀਮ ਫ਼ੌਜੀ ਤਾਕਤਾਂ ਦੇ ਖਿਲਾਫ ਕਾਰਵਾਈ ਦੀਆਂ ਸਿਫ਼ਾਰਸ਼ਾਂ ਦੀਆਂ ਮਿਸਲਾਂ ਗ੍ਰਹਿ ਮੰਤਰਾਲੇ ਕੋਲ ਮਨਜ਼ੂਰੀ ਲਈ ਘੱਟੇ ਰੁਲ਼ਦੀਆਂ ਰਹੀਆਂ। ਚਿਦੰਬਰਮ ਦੇ ਰਾਜ ਵਿਚ ਕਸੂਰਵਾਰ ਅਧਿਕਾਰੀਆਂ ਖਿਲਾਫ ਕਾਰਵਾਈ ਦੀ ਬਜਾਏ ਉਲਟਾ ਫ਼ਰਜ਼ੀ ਮੁਕਾਬਲਿਆਂ ਦੇ 'ਵਿਸ਼ੇਸ਼ ਮਾਹਰ' ਅਧਿਕਾਰੀਆਂ ਨੂੰ ਤਰੱਕੀਆਂ ਅਤੇ ਬਹਾਦਰੀ ਦੇ ਵਿਸ਼ੇਸ਼ ਮੈਡਲ ਦਿੱਤੇ ਜਾਂਦੇ ਰਹੇ।

ਦੂਜੇ ਪਾਸੇ, ਦਹਿਸ਼ਤਗਰਦੀ ਪ੍ਰਤੀ ਨਰਮਗੋਸ਼ਾ ਰੱਖਣ ਲਈ ਕਾਂਗਰਸ ਨੂੰ ਪਾਣੀ ਪੀ-ਪੀ ਕੇ ਕੋਸਣ ਅਤੇ ਹਰ ਮਸਲੇ ਨੂੰ ਵੱਧ ਤੋਂ ਵੱਧ ਫ਼ੌਜੀ ਤਾਕਤ ਇਸਤੇਮਾਲ ਕਰ ਕੇ 'ਹੱਲ ਕਰਨ' ਦੇ ਪੁਰਜੋਸ਼ ਵਕੀਲ ਭਗਵੇਂ ਬ੍ਰਿਗੇਡ ਦੇ ਰਾਜ ਵਿਚ ਜੇ ਅੱਜ ਫ਼ੌਜੀ ਅਥਾਰਟੀ ਵਲੋਂ ਸਿਆਸੀ ਇਸ਼ਾਰੇ 'ਤੇ ਮਹਿਜ਼ ਪੰਜ ਫ਼ੌਜੀਆਂ ਨੂੰ ਸਜ਼ਾ ਦੇਣ ਲਈ ਇਕ ਖ਼ਾਸ ਮੌਕਾ ਚੁਣਿਆ ਗਿਆ ਹੈ, ਜਦੋਂ ਕਸ਼ਮੀਰ ਵਾਦੀ ਫ਼ੌਜ ਵਲੋਂ ਕੀਤੀ ਜਾ ਰਹੀ ਕਤਲੋਗ਼ਾਰਤ ਖਿਲਾਫ ਗੁੱਸੇ ਨਾਲ ਖੌਲ਼ ਰਹੀ ਹੈ ਤਾਂ ਹਿੰਦੂਤਵੀਆਂ ਦੀਆਂ ਚੋਣ ਮਜਬੂਰੀਆਂ ਸਮਝ ਆਉਂਦੀਆਂ ਹਨ ਜਿਨ੍ਹਾਂ ਦਾ ਇਕੋ-ਇਕ ਮਨੋਰਥ ਸੱਤਾਧਾਰੀ ਉਮਰ ਅਬਦੁੱਲਾ ਅਤੇ ਕਾਂਗਰਸ ਤੋਂ ਕਸ਼ਮੀਰੀ ਆਵਾਮ ਦੀ ਬਦਜ਼ਨੀ ਦਾ ਲਾਹਾ ਲੈ ਕੇ ਇੱਥੋਂ ਦੀ ਰਾਜ ਸੱਤਾ ਉਪਰ ਕਾਬਜ਼ ਹੋ ਕੇ ਮਨਮਾਨੀਆਂ ਦਾ ਸੰਵਿਧਾਨਕ ਲਾਇਸੈਂਸ ਹਾਸਲ ਕਰਨਾ ਹੈ।

ਦਰਅਸਲ, ਮਾਮਲਾ ਮਹਿਜ਼ ਮਛੀਲ ਕਤਲਾਂ 'ਚ ਸ਼ਜਾ ਦਾ ਜਾਂ ਅਫਸਪਾ ਦੀ ਕਿਸੇ ਖ਼ਾਸ ਇੰਤਹਾ ਘਿਨਾਉਣੀ ਮੱਦ ਵਿਚ ਤਰਮੀਮ ਦਾ ਨਹੀਂ ਹੈ, ਸਗੋਂ ਬੇਮਿਸਾਲ ਜ਼ਾਲਮ ਤੇ ਜਾਬਰ ਕਾਨੂੰਨਾਂ ਦੇ ਪੂਰੇ ਸਿਲਸਿਲੇ ਨੂੰ ਖ਼ਤਮ ਕਰਨ ਅਤੇ ਹਿੰਦੁਸਤਾਨੀ ਰਾਜ ਦੀ ਕੁਟਲ-ਨੀਤੀ ਨੂੰ ਕਟਹਿਰੇ ਵਿਚ ਖੜ੍ਹਾ ਕਰਨ ਦਾ ਹੈ ਜੋ ਦਰ ਅਸਲ ਅਣਐਲਾਨਿਆ ਫ਼ੌਜੀ ਰਾਜ ਹੈ, ਜਿਸ ਦਾ ਇਕੋ-ਇਕ ਉਦੇਸ਼ ਦੱਬੇ-ਕੁਚਲੇ ਅਤੇ ਸਥਾਪਤੀ ਦੇ ਲਤਾੜੇ ਅਵਾਮ ਦੀ ਹਰ ਵਾਜਬ ਹੱਕ-ਜਤਾਈ ਅਤੇ ਜਮਹੂਰੀ ਵਿਰੋਧ ਨੂੰ ਮੁਲਕ ਦੀ 'ਅੰਦਰੂਨੀ ਸੁਰੱਖਿਆ ਲਈ ਖ਼ਤਰਾ' ਐਲਾਨ ਕੇ ਵਿਦੇਸ਼ੀ ਧਾੜਵੀ ਗਰੋਹਾਂ ਵਾਂਗ ਜਾਨੀ ਅਤੇ ਮਾਲੀ ਤਬਾਹੀ ਨੂੰ ਅੰਜਾਮ ਦੇਣਾ ਅਤੇ ਦਹਿਸ਼ਤਗਰਦੀ ਦੀ ਮਿੱਥ ਦੇ ਬਹਾਨੇ ਬੇਕੂਸਰਾਂ ਦੀ ਕਤਲੋਗ਼ਾਰਤ ਨੂੰ ਪੂਰੀ ਬੇਸ਼ਰਮੀ ਨਾਲ ਜਾਇਜ਼ ਠਹਿਰਾਉਣਾ ਹੈ, ਜਿਸ ਤਹਿਤ ਫ਼ੌਜ-ਨੀਮ ਫ਼ੌਜ ਅਤੇ ਵਿਸ਼ੇਸ਼ ਪੁਲਿਸ ਦੇ ਕਾਨੂੰਨੀ ਲਸ਼ਕਰਾਂ ਅਤੇ ਬਲੈਕ ਕੈਟ, ਸਲਵਾ ਜੁਡਮ ਵਰਗੇ ਬੇਸ਼ੁਮਾਰ ਗ਼ੈਰਕਾਨੂੰਨੀ ਹਥਿਆਰਬੰਦ ਗਰੋਹਾਂ ਨੂੰ ਬੇਲਗਾਮ ਅਧਿਕਾਰ ਦੇ ਕੇ ਮਨਮਾਨੀਆਂ ਕਰਨ ਦੀ ਪੂਰੀ ਖੁੱਲ੍ਹ ਦਿੱਤੀ ਜਾਂਦੀ ਹੈ। ਇਸ ਤੋਂ ਵੀ ਅੱਗੇ ਮੁੱਖ ਸਵਾਲ ਉਸ ਸੰਵਿਧਾਨ ਨੂੰ ਰੱਦ ਕਰਨ ਦਾ ਹੈ ਜਿਸ ਦੀ ਬੁਨਿਆਦ ਅੰਗਰੇਜ਼ ਬਸਤੀਵਾਦੀਆਂ ਦਾ ਬਣਾਇਆ ਦਮਨਕਾਰੀ ਸੰਵਿਧਾਨਕ ਚੌਖਟਾ ਹੈ; ਜਿਸ ਵਿਚ ਗੌਰਮਿੰਟ ਆਫ ਇੰਡੀਆ ਐਕਟ 1935 ਦੀਆਂ 185 ਧਾਰਾਵਾਂ ਸਿੱਧੇ ਤੌਰ 'ਤੇ ਸ਼ਾਮਲ ਹਨ; ਜਿਨ੍ਹਾਂ ਦਾ ਸਿੱਧਾ ਉਦੇਸ਼ ਹੀ ਹਿੰਦੁਸਤਾਨੀ ਅਵਾਮ ਦੀ ਆਜ਼ਾਦੀ ਦੀ ਰੀਝ ਨੂੰ ਹਥਿਆਰਬੰਦ ਰਾਜਕੀ ਦਮਨ ਰਾਹੀਂ ਕੁਚਲਣਾ ਸੀ। ਇਸ ਦੀ ਖ਼ਾਸ ਮਿਸਾਲ ਰਾਜ-ਧ੍ਰੋਹ ਅਤੇ ਰਾਜ ਵਿਰੁੱਧ ਜੰਗ ਛੇੜਨ ਦੀਆਂ ਧਾਰਾਵਾਂ (120, 124, 124-ਏ) ਹਨ; ਜੋ ਜਿਵੇਂ ਅੰਗਰੇਜ਼ਾਂ ਦੇ ਰਾਜ ਵਿਚ ਗ਼ਦਰੀ ਤੇ ਹੋਰ ਇਨਕਲਾਬੀ ਦੇਸ਼ਭਗਤਾਂ ਵਿਰੁਧ ਥੋਕ ਪੱਧਰ 'ਤੇ ਇਸਤੇਮਾਲ ਕੀਤੀਆਂ ਗਈਆਂ, ਉਹੀ ਬਸਤੀਵਾਦੀ ਪੇਸ਼ਬੰਦੀ ਉਸ ਤੋਂ ਵੀ ਕਿਤੇ ਵਸੀਹ ਪੈਮਾਨੇ 'ਤੇ ਪਿਛਲੇ ਸਾਢੇ ਛੇ ਦਹਾਕਿਆਂ ਵਿਚ ਇਸ ਸਰਜ਼ਮੀਨ ਦੇ ਹਰ ਉਸ ਜਥੇਬੰਦ ਹਿੱਸੇ ਦੇ ਦਮਨ ਲਈ ਵਰਤੀ ਗਈ ਜਿਨ੍ਹਾਂ ਨੇ ਇਸ ਦੰਭੀ ਤੇ ਜਾਅਲੀ ਜਮਹੂਰੀਅਤ ਦੇ ਦਾਅਵਿਆਂ ਨੂੰ ਚੁਣੌਤੀ ਦੇਣ ਦੀ ਜੁਅਰਤ ਕੀਤੀ। ਉਸ ਵਕਤ ਸੰਵਿਧਾਨ ਅੰਦਰ ਆਵਾਮ ਦੀਆਂ ਬਸਤੀਵਾਦੀ ਅਤੇ ਸਮਾਜੀ ਦਾਬੇ ਤੋਂ ਆਜ਼ਾਦੀ ਦੀਆਂ ਰੀਝਾਂ ਦੇ ਨੁਮਾਇੰਦਾ ਅੰਦੋਲਨਾਂ ਅਤੇ ਕੌਮਾਂਤਰੀ ਹਾਲਤ ਦੇ ਦਬਾਅ ਹੇਠ ਕੁਝ ਕਲਿਆਣਕਾਰੀ ਪਹਿਲੂ ਜ਼ਰੂਰ ਸ਼ਾਮਲ ਕਰ ਲਏ ਗਏ ਪਰ ਜਿਨ੍ਹਾਂ ਨੂੰ ਇਸ ਸਟੇਟ ਦਾ ਮੂਲ ਫਾਸ਼ੀਵਾਦੀ ਸੁਭਾਅ ਇਕੋ ਝਟਕੇ ਨਾਲ ਝਟਕਾ ਦੇਣ ਦੀ ਬੇਲਗਾਮ ਤਾਕਤ ਰੱਖਦਾ ਹੈ। ਸਵਾਲ ਇਹ ਹੈ ਕਿ ਜਿਥੇ ਅਵਾਮ ਦੀ ਹੋਣੀ ਨਾਲ ਸਬੰਧਤ ਕਾਨੂੰਨਾਂ ਬਾਰੇ ਫ਼ੈਸਲੇ ਲੈਣ ਦੀ ਤਾਕਤ 'ਚੁਣੀ ਹੋਈ' ਸੰਵਿਧਾਨ-ਘੜਨੀ ਸਭਾ ਦੀ ਥਾਂ ਫ਼ੌਜੀ ਅਧਿਕਾਰੀਆਂ ਦੇ ਹੱਥ ਵਿਚ ਹੈ ਉਹ ਤਾਂ ਮੁੱਢਲੀ ਜਮਹੂਰੀਅਤ ਵੀ ਨਹੀਂ! ਲਿਹਾਜ਼ਾ ਅਸਲ ਸਵਾਲ ਹਿੰਦੁਸਤਾਨ ਦੇ ਸੰਵਿਧਾਨ ਨੂੰ ਆਵਾਮ ਦੀਆਂ ਰੀਝਾਂ ਅਨੁਸਾਰ ਨਵੇਂ ਸਿਰਿਓਂ ਲਿਖੇ ਜਾਣ ਦਾ ਹੈ ਜਿਸ ਨੂੰ ਲਿਖਣ ਦਾ ਹੱਕ ਲਤਾੜੇ ਹੋਏ ਆਵਾਮ ਦੇ ਕੋਲ ਹੋਵੇ। ਆਵਾਮੀ ਲਹਿਰ ਇਸ ਬਾਰੇ ਉਸਾਰਨ ਦੀ ਲੋੜ ਹੈ।

# ਕਿਸਾਨ-ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ

ਕਿਸਾਨਾਂ ਤੇ ਖੇਤ ਮਜ਼ਦੂਰਾਂ ਵੱਲੋਂ ਖ਼ੁਦਕੁਸ਼ੀਆਂ ਕਰਨ ਦਾ ਰੁਝਾਨ ਦੋ ਦਹਾਕਿਆਂ ਤੋਂ ਜਾਰੀ ਹੈ। ਹਾੜ੍ਹੀ ਅਤੇ ਸਾਉਣੀ ਦੇ ਸੀਜ਼ਨ ਮੌਕੇ ਇਹ ਰੁਝਾਨ ਵੱਧ ਵੇਖਿਆ ਗਿਆ ਹੈ। ਇਸ ਦਾ ਵੱਡਾ ਕਾਰਨ ਬੈਂਕਾਂ ਅਤੇ ਸ਼ਾਹੂਕਾਰਾਂ ਦਾ ਹਿਸਾਬ ਕਰਨ ਤੋਂ ਬਾਅਦ ਪੱਲੇ ਕੁਝ ਨਾ ਪੈਣਾ ਅਤੇ ਕਰਜ਼ੇ ਦੀ ਪੰਡ ਦਾ ਹੋਰ ਭਾਰੀ ਹੋਣਾ ਮੰਨਿਆ ਜਾਂਦਾ ਹੈ। ਭਾਵੇਂ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਆਰਥਿਕ ਮਦਦ ਕਰਨ ਦੀ ਯੋਜਨਾ ਤਿਆਰ ਕੀਤੀ ਜਾਂਦੀ ਹੈ ਪਰ ਉਹ ਯੂਨੀਵਰਸਿਟੀਆਂ ਤਕ ਹੀ ਸੀਮਤ ਹੈ। ਖੇਤੀਬਾੜੀ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦੇ ਕਾਰਨ ਲੱਭਣ ਲਈ ਲੱਖਾਂ ਰੁਪਏ ਦੇ ਫੰਡ ਜਾਰੀ ਕੀਤੇ ਗਏ ਸਨ, ਪਰ ਕਿਸਾਨਾਂ ਦੇ ਪਰਿਵਾਰਾਂ ਨੂੰ ਨਾਂ-ਮਾਤਰ ਮਦਦ ਹੀ ਦਿੱਤੀ ਗਈ ਹੈ। ਕਈ ਪਿੰਡਾਂ ਵਿਚ ਕਰਜ਼ੇ ਦੇ ਮਾਰੇ ਕਿਸਾਨਾਂ ਦੀਆਂ ਜ਼ਮੀਨਾਂ ਸ਼ਾਹੂਕਾਰਾਂ ਦੇ ਕਬਜ਼ੇ ਹੇਠ ਹਨ। ਕਿਸਾਨ ਮੁਜਾਰੇ ਦੇ ਤੌਰ 'ਤੇ ਕੰਮ ਕਰ ਰਹੇ ਹਨ। ਖ਼ੁਦਕੁਸ਼ੀਆਂ ਕਰਨ ਵਾਲੇ ਪਰਿਵਾਰਾਂ ਦੇ ਸਰਵੇਖਣ ਵਿਚ ਖ਼ੁਦਕੁਸ਼ੀਆਂ ਦੀ ਗਿਣਤੀ ਬਹੁਤ ਘੱਟ ਵਿਖਾਈ ਜਾਂਦੀ ਹੈ।

ਪੰਜਾਬ ਸਰਕਾਰ ਨੇ ਸਾਲ 2000 ਤੋਂ ਲੈ ਕੇ 2008 ਤਕ ਖ਼ੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਗਿਣਤੀ ਦਾ ਪਤਾ ਲਾਉਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਬਠਿੰਡਾ ਅਤੇ ਸੰਗਰੂਰ ਜ਼ਿਲ੍ਹਿਆਂ ਦਾ ਸਰਵੇਖਣ ਕਰਵਾਇਆ ਸੀ ਅਤੇ ਇਨ੍ਹਾਂ ਤੋਂ ਬਾਅਦ ਪੂਰੇ ਪੰਜਾਬ ਦਾ ਸਰਵੇਖਣ ਕਰਵਾਉਣ ਦਾ ਵਾਅਦਾ ਕੀਤਾ ਸੀ। ਯੂਨੀਵਰਸਿਟੀਆਂ ਨੇ ਸਾਲ 2009 ਵਿਚ ਦੋਹਾਂ ਜ਼ਿਲ੍ਹਿਆਂ ਦਾ ਸਰਵੇਖਣ ਪੂਰਾ ਕਰ ਕੇ ਸਰਕਾਰ ਨੂੰ ਰਿਪੋਰਟ ਦੇ ਦਿੱਤੀ ਸੀ। ਇਸ ਵਿਚ 2890 ਖ਼ੁਦਕੁਸ਼ੀਆਂ ਦੀ ਸੂਚੀ ਦਿੱਤੀ ਗਈ ਸੀ ਜਦੋਂਕਿ ਖ਼ੁਦਕੁਸ਼ੀ ਕਰਨ ਵਾਲਿਆਂ ਦੀ ਗਿਣਤੀ ਪੰਜਾਹ ਹਜ਼ਾਰ ਤੋਂ ਵੀ ਵੱਧ ਹੈ। ਇਨ੍ਹਾਂ ਨੂੰ ਪ੍ਰਤੀ ਪਰਿਵਾਰ ਪੰਜ ਲੱਖ ਰੁਪਏ ਮੁਆਵਜ਼ਾ ਅਤੇ ਬੱਚਿਆਂ ਨੂੰ ਮੁਫ਼ਤ ਪੜ੍ਹਾਈ ਦੇਣ ਤੋਂ ਇਲਾਵਾ ਘਰੇਲੂ ਖ਼ਰਚਾ ਵੀ ਦੇਣਾ ਬਣਦਾ ਸੀ ਪਰ ਅਜਿਹਾ ਕੁਝ ਨਹੀਂ ਹੋਇਆ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੂੰ ਛੇ ਜ਼ਿਲ੍ਹੇ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੂੰ ਸੱਤ-ਸੱਤ ਜ਼ਿਲ੍ਹਿਆਂ ਦਾ ਸਰਵੇਖਣ ਕਰਨ ਨੂੰ ਕਿਹਾ ਗਿਆ ਸੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੂੰ ਮੋਗਾ, ਬਰਨਾਲਾ, ਮਾਨਸਾ, ਲੁਧਿਆਣਾ ਜ਼ਿਲ੍ਹੇ ਦਿੱਤੇ ਗਏ ਸਨ ਜਿਨ੍ਹਾਂ ਵਿਚੋਂ ਸੰਗਰੂਰ ਅਤੇ ਬਠਿੰਡੇ ਦਾ ਸਰਵੇਖਣ ਹੋ ਚੁੱਕਿਆ ਸੀ। ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਫ਼ਰੀਦਕੋਟ, ਸ੍ਰੀ ਮੁਕਤਸਰ ਸਾਹਿਬ, ਮੁਹਾਲੀ, ਰੋਪੜ, ਫ਼ਿਰੋਜ਼ਪੁਰ, ਫ਼ਤਹਿਗੜ੍ਹ ਸਾਹਿਬ ਅਤੇ ਪਟਿਆਲਾ, ਗੁਰੂ ਨਾਨਕ ਦੇਵ ਯੂਨੀਵਰਸਿਟੀ-ਅੰਮ੍ਰਿਤਸਰ ਨੂੰ ਤਰਨਤਾਰਨ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ ਨਵਾਂਸ਼ਹਿਰ ਅਤੇ ਕਪੂਰਥਲਾ ਜ਼ਿਲ੍ਹਿਆਂ ਦਾ ਸਰਵੇਖਣ ਕਰਨ ਲਈ ਪੈਸੇ ਦਿੱਤੇ ਗਏ ਸਨ ਪਰ ਇਹ ਸਰਵੇਖਣ ਵੀ ਬਹੁਤਾ ਕਾਮਯਾਬ ਨਹੀਂ ਹੋ ਸਕਿਆ, ਕਿਉਂਕਿ ਪੰਜਾਬ ਦੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਅਸਲ ਜ਼ਿੰਦਗੀ ਦਾ ਸਰਵੇਖਣ ਕੀਤਾ ਹੀ ਨਹੀਂ ਗਿਆ ਕਿ ਕਿਵੇਂ ਹਰਾ ਇਨਕਲਾਬ ਲਿਆਉਣ ਦੇ ਚੱਕਰ ਵਿਚ ਕਿਸਾਨ ਤੇ ਖੇਤ ਮਜ਼ਦੂਰ ਬਰਬਾਦ ਹੋ ਗਏ।

ਹਲਕਾ ਲਹਿਰਾਗਾਗਾ ਦਾ ਪੂਰਾ ਇਲਾਕਾ ਹੀ ਖ਼ੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਨਾਲ ਭਰਿਆ ਪਿਆ ਹੈ। ਜ਼ਿਲ੍ਹਾ ਸੰਗਰੂਰ ਦੇ ਪਿੰਡ ਬੱਲਰਾਂ ਦੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਕਹਾਣੀ ਬਹੁਤ ਦਰਦਨਾਕ ਹੈ। ਇਹ ਖ਼ੁਸ਼ਹਾਲ ਮੰਨੇ ਜਾਂਦੇ ਪੰਜਾਬ ਦਾ ਅਜਿਹਾ ਪਿੰਡ ਹੈ ਜਿੱਥੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਸੈਂਕੜਾ ਪਾਰ ਕਰ ਚੁੱਕੀਆਂ ਹਨ। ਦੋ ਦਰਜਨ ਤੋਂ ਵੱਧ ਵਿਅਕਤੀ ਪਿੰਡ ਵਿਚੋਂ ਗਾਇਬ ਹਨ ਜਿਹੜੇ ਵਾਪਸ ਨਹੀਂ ਆਏ।

**-ਬ੍ਰਿਸ਼ ਭਾਨ ਬੁਜਰਕ**

# ਓਬਾਮਾ ਐਗਜ਼ੀਕਿਊਟਿਵ ਆਰਡਰ ਤੋਂ ਮਿਲਣ ਵਾਲੀਆਂ ਰਾਹਤਾਂ

ਰਾਸ਼ਟਰਪਤੀ ਬਰਾਕ ਓਬਾਮਾ ਵਲੋਂ ਲੰਘੀ 20 ਨਵੰਬਰ ਨੂੰ ਜਾਰੀ ਕੀਤੇ ਗਏ ਐਗਜ਼ੀਕਿਊਟਿਵ ਆਰਡਰ ਨਾਲ ਅਮਰੀਕਾ ਵਿਚ ਬਿਨਾ ਕਾਗਜ਼ਾਤ ਤੋਂ ਰਹਿ ਰਹੇ ਲੱਖਾਂ ਲੋਕਾਂ ਨੂੰ ਆਰਜ਼ੀ ਰਾਹਤ ਮਿਲੇਗੀ। ਇਸ ਹੁਕਮ ਦਾ ਕਿਸੇ ਨੂੰ ਕਿੰਨਾ ਕੁ ਲਾਭ ਹੋਵੇਗਾ, ਇਹ ਅਜੇ ਦੇਖਣਾ ਬਣਦਾ ਹੈ। ਹਾਲ ਦੀ ਘੜੀ ਅਸੀਂ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰਦੇ ਹਾਂ ਕਿ ਇਸ

ਜਗਦੀਪ ਸਿੰਘ, ਐਸਕ.
ਫੋਨ: 916-832-3144

ਐਗਜ਼ੀਕਿਊਟਿਵ ਆਰਡਰ ਦਾ ਅਰਥ ਕੀ ਹੈ ਅਤੇ ਕਿਨ੍ਹਾਂ ਨੂੰ ਇਸ ਦਾ ਲਾਭ ਹੋ ਸਕਦਾ ਹੈ।

**ਇਹ ਤੁਹਾਡੇ 'ਤੇ ਲਾਗੂ ਨਹੀਂ ਹੁੰਦਾ**

ਪਹਿਲੀ ਅਤੇ ਬਹੁਤ ਅਹਿਮ ਗੱਲ ਇਹ ਹੈ ਕਿ ਇਹ ਹੁਕਮ ਆਰਜ਼ੀ ਯਾਨਿ 2017 ਤੱਕ ਹੀ ਹੈ। ਕੋਈ ਵੀ ਐਗਜ਼ੀਕਿਊਟਿਵ ਆਰਡਰ ਉਦੋਂ ਤੱਕ ਹੀ ਲਾਗੂ ਰਹਿੰਦਾ ਹੈ ਜਦੋਂ ਤੱਕ ਕਿ ਆਰਡਰ ਕਰਨ ਵਾਲਾ ਰਾਸ਼ਟਰਪਤੀ ਅਹੁਦੇ 'ਤੇ ਰਹਿੰਦਾ ਹੈ ਜਾਂ ਫਿਰ ਉਦੋਂ ਤੱਕ ਜਦੋਂ ਤੱਕ ਇਹ ਨਵਾਂ ਰਾਸ਼ਟਰਪਤੀ ਇਸ ਆਰਡਰ ਨੂੰ ਵਧਾਉਣ ਦਾ ਫੈਸਲਾ ਕਰਦਾ ਹੈ। ਇਸ ਸਮੇਂ ਕਾਂਗਰਸ ਦੇ ਦੋਵਾਂ ਸਦਨਾਂ ਵਿਚ ਰਿਪਬਲਿਕਨ ਬਹੁਮਤ ਵਿਚ ਹਨ ਜਿਸ ਕਰਕੇ ਇਸ ਆਰਡਰ ਦੀ ਉਮਰ ਬਹੁਤ ਛੋਟੀ ਹੋਵੇਗੀ। ਦੂਜੀ ਗੱਲ, ਇਹ ਆਰਡਰ ਸਿਟੀਜ਼ਨਸ਼ਿਪ ਜਾਂ ਗਰੀਨ ਕਾਰਡ ਲਈ ਕੋਈ ਅਮਨੈਸਟੀ (ਆਮ ਮੁਆਫੀ) ਨਹੀਂ ਹੈ। ਜੋ ਲੋਕ ਇਸ ਆਰਡਰ ਅਧੀਨ ਅਰਜ਼ੀ ਦੇਣਗੇ, ਉਹ ਇਥੋਂ ਦੇ ਸਥਾਈ ਬਾਸ਼ਿੰਦੇ ਨਹੀਂ ਬਣ ਸਕਣਗੇ ਪਰ ਉਨ੍ਹਾਂ ਨੂੰ ਆਰਜ਼ੀ ਤੌਰ 'ਤੇ ਕੰਮ ਕਰਨ ਦਾ ਵਰਕ ਪਰਮਿਟ ਅਤੇ ਸੋਸ਼ਲ ਸਕਿਉਰਿਟੀ ਕਾਰਡ ਮਿਲ ਜਾਵੇਗਾ। ਇਸ ਤੋਂ ਇਲਾਵਾ ਰਾਸ਼ਟਰਪਤੀ ਦੇ ਇਸ ਹੁਕਮ ਤਹਿਤ ਬਿਨ ਕਾਗਜ਼ ਵਿਅਕਤੀ ਡਿਪੋਰਟ ਨਹੀਂ ਕੀਤੇ ਜਾਣਗੇ।

ਤੀਜੀ ਗੱਲ, ਮੁਜਰਮਾਨਾ ਰਿਕਾਰਡ ਵਾਲਾ ਕੋਈ ਵੀ ਵਿਅਕਤੀ ਇਸ ਆਰਡਰ ਦਾ ਫਾਇਦਾ ਨਹੀਂ ਉਠਾ ਸਕੇਗਾ। ਇਹ ਐਗਜ਼ੀਕਿਊਟਿਵ ਆਰਡਰ ਆਪਣਾ ਜ਼ੋਰ ਦੇਸ਼ ਦੇ ਸਮੁੱਚੇ ਇਮੀਗਰੇਸ਼ਨ ਇਨਫੋਰਸਮੈਂਟ ਢਾਂਚੇ ਦਾ ਧਿਆਨ ਪਰਵਾਸੀਆਂ ਦੇ ਇਕ ਛੋਟੇ ਜਿਹੇ ਹਿੱਸੇ ਉਤੇ ਕੇਂਦਰਿਤ ਕਰਦਾ ਹੈ ਅਤੇ ਇਹ ਹਿੱਸਾ ਹੈ, ਮੁਜਰਮਾਨਾ ਯਾਨਿ ਕ੍ਰਿਮੀਨਲ ਰਿਕਾਰਡ ਵਾਲੇ, ਅਤਿਵਾਦੀ ਜਥੇਬੰਦੀਆਂ ਤੇ ਗੈਂਗਾਂ ਨਾਲ ਸਬੰਧ ਰੱਖਣ ਵਾਲੇ ਲੋਕ ਅਤੇ ਉਹ ਲੋਕ ਜਿਹੜੇ ਪਿਛਲੇ ਸਾਲ ਬਾਰਡਰ ਲੰਘ ਕੇ ਅਮਰੀਕਾ ਦਾਖਲ ਹੋਏ ਹਨ। ਕੋਈ ਵੀ ਵਿਅਕਤੀ ਜਿਸ ਦਾ ਅਤਿਵਾਦੀ ਰਿਕਾਰਡ ਹੈ ਜਾਂ ਜੋ ਪਿਛਲੇ ਸਾਲਾਂ ਵਿਚ ਦੇਸ਼ ਅੰਦਰ ਗੈਰ ਕਾਨੂੰਨੀ ਤੌਰ 'ਤੇ ਦਾਖਲ ਹੋਇਆ, ਉਸ ਨੂੰ ਡਿਪੋਰਟ ਕੀਤਾ ਜਾਵੇਗਾ।

ਚੌਥੇ, ਆਪਣੀ ਤਕਰੀਰ ਵਿਚ ਰਾਸ਼ਟਰਪਤੀ ਓਬਾਮਾ ਨੇ ਇਹ ਗੱਲ ਬਿਲਕੁਲ ਸਪਸ਼ਟ ਕਰ ਦਿੱਤੀ ਸੀ ਕਿ ਕੋਈ ਵੀ ਵਿਅਕਤੀ ਜੋ ਅਮਰੀਕਾ ਵਿਚ ਹੁਣ ਜਾਂ ਭਵਿੱਖ ਵਿਚ ਗੈਰ ਕਾਨੂੰਨੀ ਤੌਰ 'ਤੇ ਦਾਖਲ ਹੋਣਾ ਚਾਹੁੰਦਾ ਹੈ, ਉਨ੍ਹਾਂ ਦੇ ਫੜੇ ਜਾਣ ਅਤੇ ਵਾਪਸ ਭੇਜੇ ਜਾਣ ਦੇ ਚਾਂਸ ਪਹਿਲਾਂ ਨਾਲੋਂ ਕਿਤੇ ਵੱਧ ਹਨ। ਇਹ ਜ਼ਿਕਰਯੋਗ ਹੈ ਕਿ ਰਾਸ਼ਟਰਪਤੀ ਬਣਨ ਤੋਂ ਬਾਅਦ ਸ੍ਰੀ ਓਬਾਮਾ ਦੀ ਹਕੂਮਤ ਵਲੋਂ 1,974,688 ਵਿਅਕਤੀ ਡਿਪੋਰਟ ਕੀਤੇ ਜਾ ਚੁਕੇ ਹਨ ਅਤੇ 1,609,055 ਵਾਪਸ ਮੋੜੇ ਜਾ ਚੁਕੇ ਹਨ। ਇਹ ਗਿਣਤੀ ਹੁਣ ਤੱਕ ਦੇ ਕਿਸੇ ਵੀ ਰਾਸ਼ਟਰਪਤੀ ਦੀ ਹਕੂਮਤ ਅੰਦਰ ਸਭ ਤੋਂ ਵੱਡੀ ਹੈ। ਹੁਣ ਜਾਰੀ ਕੀਤੇ ਗਏ ਐਗਜ਼ੀਕਿਊਟਿਵ ਆਰਡਰ ਅਧੀਨ ਇਹ ਗਿਣਤੀ ਪਹਿਲਾਂ ਦੇ ਮੁਕਾਬਲੇ ਹੋਰ ਵਧਣ ਦੀ ਸੰਭਾਵਨਾ ਹੈ।

**ਕੀ ਇਹ ਤੁਹਾਡੇ 'ਤੇ ਲਾਗੂ ਹੁੰਦਾ ਹੈ**

**1. ਡੀ ਏ ਸੀ ਏ:** ਅਮਰੀਕਾ ਵਿਚ ਗੈਰ ਕਾਨੂੰਨੀ ਤੌਰ 'ਤੇ ਲਿਆਂਦੇ ਗਏ ਬੱਚਿਆਂ ਲਈ ਉਮਰ ਦੀ ਹੱਦ ਖਤਮ ਕਰ ਦਿੱਤੀ ਗਈ ਹੈ। ਸਾਲ 2012 ਵਿਚ ਰਾਸ਼ਟਰਪਤੀ ਓਬਾਮਾ ਨੇ ਇਕ ਐਗਜ਼ੀਕਿਊਟਿਵ ਆਰਡਰ ਜਾਰੀ ਕੀਤਾ ਸੀ ਜਿਸ ਨੂੰ ਬਚਪਨ ਵਿਚ ਅਮਰੀਕਾ ਪਹੁੰਚਣ ਵਾਲੇ ਬੱਚਿਆਂ ਵਿਰੁਧ ਕਾਰਵਾਈ ਪਿਛੇ ਪਾਉਣਾ ਯਾਨਿ ਡੇਫਰਡ ਐਕਸ਼ਨ ਫਾਰ ਚਾਈਲਡਹੁਡ ਅਰਾਈਵਲਸ (ਡੀ ਏ ਸੀ ਏ) ਕਿਹਾ ਜਾਂਦਾ ਹੈ। ਇਸ ਯੋਜਨਾ ਤਹਿਤ 30 ਸਾਲ ਜਾਂ ਇਸ ਤੋਂ ਘੱਟ ਉਮਰ ਦੇ ਲੋਕਾਂ, ਜਿਨ੍ਹਾਂ ਨੂੰ ਉਨ੍ਹਾਂ ਦੇ ਮਾਪੇ ਉਨ੍ਹਾਂ ਦੇ 16ਵੇਂ ਜਨਮ ਦਿਨ ਤੋਂ ਪਹਿਲਾਂ ਅਤੇ 2007 ਤੋਂ ਪਹਿਲਾਂ ਗੈਰ ਕਾਨੂੰਨੀ ਤੌਰ 'ਤੇ ਇਸ ਦੇਸ਼ ਵਿਚ ਲੈ ਕੇ ਆਏ ਸਨ, ਨੂੰ ਡਿਪੋਰਟੇਸ਼ਨ ਤੋਂ ਛੋਟ ਦੇਣ ਦਾ ਵਾਅਦਾ ਕਰਦੀ ਸੀ। ਹੁਣ ਜਾਰੀ ਕੀਤੇ ਗਏ ਐਗਜ਼ੀਕਿਊਟਿਵ ਆਰਡਰ ਵਿਚ ਡੀ ਏ ਸੀ ਏ ਉਮਰ ਹੱਦ ਖਤਮ ਕਰ ਦਿਤੀ ਗਈ ਹੈ ਅਤੇ ਇਸ ਪ੍ਰੋਗਰਾਮ ਨੂੰ ਉਨ੍ਹਾਂ ਲੋਕਾਂ ਲਈ ਵੀ ਖੋਲ੍ਹ ਦਿੱਤਾ ਗਿਆ ਹੈ ਜੋ ਸੰਨ 2010 ਤੋਂ ਪਹਿਲਾਂ ਇਸ ਦੇਸ਼ ਵਿਚ ਦਾਖਲ ਹੋਏ ਸਨ ਪਰੰਤੂ ਇਸ ਯੋਜਨਾ ਵਿਚ ਡੀ ਏ ਸੀ ਏ ਦੇ ਲਾਭਪਾਤਰੀਆਂ ਦੇ ਮਾਪਿਆਂ ਨੂੰ ਕੋਈ ਰਾਹਤ ਨਹੀਂ ਦਿੱਤੀ ਗਈ ਅਤੇ ਨਾ ਹੀ ਉਨ੍ਹਾਂ ਬੇਔਲਾਦ, ਬਿਨ ਕਾਗਜ਼ ਮਾਪਿਆਂ ਨੂੰ ਹੀ ਕੋਈ ਛੋਟ ਦਿੱਤੀ ਗਈ ਹੈ ਜਿਹੜੇ ਇਕ ਲੰਮੇ ਸਮੇਂ ਤੋਂ ਇਸ ਦੇਸ਼ ਵਿਚ ਰਹਿੰਦੇ ਆ ਰਹੇ ਹਨ। ਡੀ ਏ ਸੀ ਏ ਤਹਿਤ ਵਰਕ ਪਰਮਿਟ ਹਾਸਲ ਕਰਨ ਵਾਲੇ ਕਿਸੇ ਬੱਚੇ ਦਾ ਗੈਰ ਕਾਨੂੰਨੀ ਤੌਰ 'ਤੇ ਰਹਿਣ ਵਾਲਾ ਮਾਂ ਜਾਂ ਪਿਓ ਇਸ ਆਰਡਰ ਤਹਿਤ ਕੋਈ ਲਾਭ ਹਾਸਲ ਨਹੀਂ ਕਰ ਸਕੇਗਾ ਕਿਉਂਕਿ ਬੱਚਾ ਡੀ ਏ ਸੀ ਏ ਤਹਿਤ ਲਾਭ ਲੈਣ ਲਈ ਅਰਜ਼ੀ ਦੇ ਚੁਕਾ ਹੈ ਇਸ ਕਰਕੇ ਗੈਰ ਕਾਨੂੰਨੀ ਰਹਿਣ ਵਾਲਾ ਮਾਂ-ਪਿਓ ਇਹ ਲਾਭ ਲੈਣ ਦੇ ਅਯੋਗ ਬਣ ਚੁਕਾ ਹੈ।

**2. ਅਮਰੀਕਾ ਵਿਚ ਗੈਰ ਕਾਨੂੰਨੀ ਤੌਰ 'ਤੇ ਰਹਿ ਰਹੇ ਮਾਪੇ:** ਅਮਰੀਕਾ ਵਿਚ ਜਨਮੇ ਜਾਂ ਫਿਰ ਗਰੀਨ ਕਾਰਡ ਹੋਲਡਰ ਬੱਚਿਆਂ ਦੇ ਅਮਰੀਕਾ ਵਿਚ ਬਿਨ ਕਾਗਜ਼ਾਤ ਰਹਿੰਦੇ ਮਾਪਿਆਂ ਨੂੰ ਇਥੇ ਰਹਿਣ ਦੀ ਇਜਾਜ਼ਤ ਹੋਵੇਗੀ ਬਸ਼ਰਤੇ ਕਿ ਮਾਪੇ ਇਹ ਸਾਬਤ ਕਰ ਸਕਣ ਕਿ ਉਹ ਪਿਛਲੇ ਪੰਜ ਸਾਲ ਜਾਂ ਇਸ ਤੋਂ ਵੱਧ ਸਮੇਂ ਤੋਂ ਅਮਰੀਕਾ ਰਹਿੰਦੇ ਆ ਰਹੇ ਹਨ, ਆਪਣੇ ਆਪ ਨੂੰ ਰਜਿਸਟਰ ਕਰਾਉਣ, ਆਪਣਾ ਮੁਜਰਮਾਨਾ (ਕ੍ਰਿਮੀਨਲ) ਪਿਛੋਕੜ ਚੈਕ ਕਰਾਉਣ ਅਤੇ ਟੈਕਸ ਅਦਾ ਕਰਨ। ਜਾਰੀ ਕੀਤੇ ਗਏ ਇਸ ਆਰਡਰ ਅਧੀਨ ਗੈਰ ਕਾਨੂੰਨੀ ਤੌਰ 'ਤੇ ਰਹਿੰਦੇ ਮਾਪੇ ਸਿਰਫ ਤਿੰਨ ਸਾਲ ਤੱਕ ਹੀ ਕਾਨੂੰਨੀ ਤੌਰ 'ਤੇ ਇਥੇ ਰਹਿ ਸਕਣਗੇ ਅਤੇ ਕੰਮ ਕਰ ਸਕਣਗੇ।

**3. ਹਾਈਟੈਕ ਵੀਜ਼ੇ:** ਨਵੀਂ ਯੋਜਨਾ ਵਿਚ ਹਾਈਟੈਕ ਖੇਤਰਾਂ ਵਿਚ ਯੋਗਤਾ ਪ੍ਰਾਪਤ ਵਿਦੇਸ਼ੀ ਵਰਕਰਾਂ ਨੂੰ ਦੇਸ਼ ਅੰਦਰ ਦਾਖਲ ਹੋਣ ਅਤੇ ਕੰਮ ਕਰਨ ਦੀ ਇਜਾਜ਼ਤ ਦੇਣ ਲਈ ਕਾਇਦੇ ਕਾਨੂੰਨਾਂ ਵਿਚ ਬਹੁਤ ਸਾਰੀਆਂ ਤਬਦੀਲੀਆਂ ਕੀਤੀਆਂ ਗਈਆਂ ਹਨ। ਪਹਿਲੀ ਤਬਦੀਲੀ, ਉਚ ਯੋਗਤਾ ਪ੍ਰਾਪਤ ਵੀਜ਼ਾ ਵਰਕਰ ਗਰੀਨ ਕਾਰਡ ਲਈ ਅਰਜ਼ੀ ਮਨਜ਼ੂਰ ਹੋਣ ਦੇ ਸਮੇਂ ਦੌਰਾਨ ਆਪਣਾ ਰੁਜ਼ਗਾਰਦਾਤਾ (ਇੰਪਲਾਇਰ) ਬਦਲ ਸਕਣਗੇ। ਦੂਜੀ, ਗਰੀਨ ਕਾਰਡ ਦਰਖਾਸਤ ਮਨਜ਼ੂਰ ਹੋਣ 'ਤੇ ਐਚ-1ਬੀ ਵਰਕਰਾਂ ਦੇ ਜੀਵਨ ਸਾਥੀ (ਪਤੀ/ਪਤਨੀ) ਕੰਮ ਕਰਨ ਦੀ ਇਜਾਜ਼ਤ ਹਾਸਲ ਕਰ ਸਕਣਗੇ।

**4. ਨਿਵੇਸ਼ਕਾਰ ਵੀਜ਼ਾ:** ਵਿਦੇਸ਼ੀ ਉਦਮੀਆਂ ਲਈ ਮੌਜੂਦਾ ਕਾਇਦੇ ਕਾਨੂੰਨਾਂ ਤਹਿਤ ਉਦਮੀਆਂ ਨੂੰ ਪੇਸ਼ਗੀ ਨਿਵੇਸ਼ ਦਿਖਾਉਣਾ ਪੈਂਦਾ ਹੈ, ਜੋ ਇਕ ਮਿਲੀਅਨ ਡਾਲਰ ਤੱਕ ਦਾ ਹੋ ਸਕਦਾ ਹੈ ਅਤੇ ਇਹ ਵੀ ਗਾਰੰਟੀ ਦੇਣੀ ਪੈਂਦੀ ਹੈ ਕਿ ਉਹ ਇਕ ਖਾਸ ਗਿਣਤੀ ਵਿਚ ਨੌਕਰੀਆਂ ਪੈਦਾ ਕਰਨਗੇ। ਨਵੇਂ ਐਗਜ਼ੀਕਿਊਟਿਵ ਆਰਡਰ ਤਹਿਤ ਵਿਦੇਸ਼ੀ ਨਿਵੇਸ਼ਕਾਰ ਅਮਰੀਕਨ ਨਿਵੇਸ਼ਕਾਰਾਂ ਵਲੋਂ ਇਕ ਮਿਲੀਅਨ ਡਾਲਰ ਤੱਕ ਨਿਵੇਸ਼ ਕਰਨ ਦੇ ਕੀਤੇ ਗਏ ਵਾਅਦੇ ਦੇ ਆਧਾਰ ਉਤੇ ਯੋਗਤਾ ਹਾਸਲ ਕਰ ਸਕੇਗਾ।

**ਦਰਖਾਸਤ ਕਦੋਂ ਦਿੱਤੀ ਜਾ ਸਕਦੀ ਹੈ**

ਵ੍ਹਾਈਟ ਹਾਊਸ ਵਲੋਂ ਜਾਰੀ ਕੀਤੇ ਗਏ ਪ੍ਰੈਸ ਬਿਆਨ ਅਨੁਸਾਰ ਵੱਖ ਵੱਖ ਕਾਰਵਾਈਆਂ ਉਤੇ ਅਮਲ ਲਈ ਵੱਖੋ ਵੱਖ ਸਮਾਂ ਹੱਦਾਂ ਹਨ। ਪਿਛੇ ਪਾਏ ਗਏ ਅਮਲ ਆਉਂਦੇ ਬਸੰਤ ਰੁੱਤ (ਸਪਰਿੰਗ) ਤੱਕ ਸ਼ੁਰੂ ਹੋ ਸਕਦੇ ਹਨ। ਡੀ ਏ ਸੀ ਏ ਵਿਆਖਿਆਵਾਂ ਅਗਲੀ ਸਪਰਿੰਗ ਤੋਂ ਸ਼ੁਰੂ ਹੋ ਸਕਦੀਆਂ ਹਨ। ਹਾਈਟੈਕ ਅਤੇ ਉਦਮੀ ਵੀਜ਼ਿਆਂ ਨੂੰ ਕਾਨੂੰਨ ਬਣਾਏ ਜਾਣ ਦੀ ਇਕ ਪ੍ਰਕ੍ਰਿਆ ਵਿਚੋਂ ਲੰਘਣਾ ਪਵੇਗਾ ਜਿਸ ਨੂੰ ਇਕ ਸਾਲ ਤੋਂ ਡੇਢ ਸਾਲ ਲੱਗ ਸਕਦਾ ਹੈ।

# ਰਾਸ਼ਟਰਪਤੀ ਓਬਾਮਾ ਦੇ ਐਲਾਨ ਦੇ ਮੁਖ ਨੁਕਤੇ

20 ਨਵੰਬਰ ਨੂੰ ਰਾਸ਼ਟਰਪਤੀ ਬਰਾਕ ਓਬਾਮਾ ਨੇ 'ਦੇਸ਼ ਦੇ ਇਮੀਗਰੇਸ਼ਨ ਦੇ ਟੁੱਟੇ-ਫੁੱਟੇ ਸਿਸਟਮ' ਨੂੰ ਰਾਸ਼ਟਰਪਤੀ ਦੇ ਕਾਰਜਕਾਰੀ ਅਧਿਕਾਰ ਦਾ ਇਸਤੇਮਾਲ ਕਰਦਿਆਂ ਹੇਠ ਲਿਖੇ ਐਲਾਨ ਕੀਤੇ ਹਨ:

-ਦੇਸ਼ ਦੇ ਬਾਰਡਰ 'ਤੇ ਕਾਨੂੰਨ ਲਾਗੂ ਕਰਨ ਲਈ ਹੋਰ ਕਾਨੂੰਨ ਅਧਿਕਾਰੀ ਤੇ ਸਾਜ਼ੋ-ਸਮਾਨ ਲਗਾਇਆ ਜਾਏਗਾ ਤਾਂ ਜੋ ਗੈਰਕਾਨੂੰਨੀ ਢੰਗ ਨਾਲ ਬਾਰਡਰ ਪਾਰ ਕਰਨ ਵਾਲਿਆਂ ਨੂੰ ਰੋਕਿਆ ਜਾ ਸਕੇ ਅਤੇ ਜਿਹੜੇ ਪਾਰ ਕਰ ਵੀ ਲੈਣ ਉਨ੍ਹਾਂ ਨੂੰ ਜਲਦੀ ਹੀ ਡਿਪੋਰਟ ਕੀਤਾ ਜਾ ਸਕੇ।

-ਉਚ ਦਰਜੇ ਦੇ ਮਾਹਰ ਆਵਾਸੀ, ਗਰੈਜੂਏਟ ਅਤੇ ਉਦਯੋਗੀ ਵਿਅਕਤੀ ਇਥੇ ਰਹਿ ਕੇ ਦੇਸ਼ ਦੇ ਅਰਥਚਾਰੇ ਵਿਚ ਉਸਾਰੂ ਹਿੱਸਾ ਪਾ ਸਕਣ।

-ਉਹ ਮਾਂ ਬਾਪ ਜਿਨ੍ਹਾਂ ਦੇ ਬੱਚੇ ਅਮਰੀਕੀ ਨਾਗਰਿਕ ਜਾਂ ਕਾਨੂੰਨੀ ਪੱਕੇ ਰਿਹਾਇਸ਼ੀ ਹਨ



ਅਤੇ ਲੋੜੀਂਦੀਆਂ ਸ਼ਰਤਾਂ ਪੂਰੀਆਂ ਕਰਦੇ ਹਨ, ਉਨ੍ਹਾਂ ਦੇ ਖਿਲਾਫ ਕਾਰਵਾਈ ਡੈਪ (DAP: Deferred Action For Parents) ਤਹਿਤ ਪਿਛੇ ਪਾ ਦਿਤੀ ਜਾਵੇਗੀ।

-ਬੱਚਿਆਂ ਦੇ ਪ੍ਰੋਗਰਾਮ ਡਾਕਾ (DACA: Deferred Action For Childhood Arrivals) ਤਹਿਤ ਉਮਰ ਵਧਾਈ ਜਾਵੇਗੀ ਅਤੇ ਉਪਰਲੀ ਉਮਰ ਦੀ ਹੱਦ ਖਤਮ ਕੀਤੀ ਜਾਵੇਗੀ। ਜਿਹੜੇ ਪਹਿਲੀ ਜਨਵਰੀ 2010 ਤੋਂ ਲਗਾਤਾਰ ਇਥੇ ਰਹਿ ਰਹੇ ਹਨ, ਉਨ੍ਹਾਂ ਨੂੰ ਤਿੰਨ ਸਾਲ ਤਕ ਇਥੇ ਰਹਿਣ ਅਤੇ ਕੰਮ ਕਰਨ ਦੀ ਮਨਜ਼ੂਰੀ ਦਿਤੀ ਜਾਵੇਗੀ।

-ਜਿਹੜੇ ਉਦਯੋਗਪਤੀ ਇਹ ਯਕੀਨ ਦੇਣਗੇ ਕਿ ਉਨ੍ਹਾਂ ਪਾਸ ਲੋੜੀਂਦੇ ਨਿਵੇਸ਼ਕਾਰ ਹਨ, ਉਨ੍ਹਾਂ ਨੂੰ ਅਮਰੀਕਾ ਵਿਚ ਉਦਯੋਗ ਸਥਾਪਤ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ।

-ਪੱਕੇ ਵਸਨੀਕਾਂ ਦੇ ਪਤੀ ਜਾਂ ਪਤਨੀ ਅਤੇ ਬੱਚਿਆਂ ਨੂੰ ਅਮਰੀਕਾ ਵਿਚ ਰਹਿੰਦੇ ਹੋਏ ਗੈਰਕਾਨੂੰਨੀ ਹਾਜਰ ਵੇਵਰ ਲਈ ਅਰਜ਼ੀ ਦੇਣ ਦੀ ਇਜਾਜ਼ਤ ਮਿਲੇਗੀ ਅਤੇ ਇਨ੍ਹਾਂ ਅਰਜ਼ੀਆਂ ਦਾ ਫੈਸਲਾ ਯੋਗ ਪੈਮਾਨੇ 'ਤੇ ਕੀਤਾ ਜਾਵੇਗਾ।

-ਜੋ ਵਿਅਕਤੀ ਪੈਰੋਲ (Parole-in-place) ਦਾ ਇਸਤੇਮਾਲ ਕਰ ਕੇ ਫੌਜ ਵਿਚ ਭਰਤੀ ਹੁੰਦੇ ਹਨ ਉਨ੍ਹਾਂ ਦੇ ਪਰਿਵਾਰਾਂ ਨੂੰ ਕਾਨੂੰਨੀ ਦਰਜਾ ਦਿਤਾ ਜਾਵੇਗਾ।

-ਸਟੇਟਸ ਨੂੰ ਠੀਕ ਕਰਨ ਲਈ ਜੋ ਆਵਾਸੀ ਇਮੀਗਰੇਸ਼ਨ ਬਲਾਕ ਸਿਸਟਮ ਵਿਚ ਫਸੇ ਹੋਏ ਹਨ, ਉਹ ਵਿਅਕਤੀ ਆਪਣੀਆਂ ਅਰਜ਼ੀਆਂ ਦੇ ਸਕਣਗੇ ਅਤੇ ਉਨ੍ਹਾਂ ਦੀ ਆਖਰੀ ਕਾਰਵਾਈ ਸ਼ੁਰੂ ਹੋ ਸਕੇਗੀ।

ਜਿਹੜੇ ਗੈਰਕਾਨੂੰਨੀ ਪਰਵਾਸੀ ਸਮਝਦੇ ਹਨ ਕਿ ਉਨ੍ਹਾਂ ਨੂੰ ਰਾਸ਼ਟਰਪਤੀ ਓਬਾਮਾ ਵਲੋਂ ਕੀਤੇ ਗਏ ਐਲਾਨ ਦਾ ਲਾਭ ਹੋ ਸਕਦਾ ਹੈ, ਉਹ ਹੇਠਾਂ ਲਿਖੇ ਕਾਗਜ਼ਾਤ ਤਿਆਰ ਕਰਕੇ ਰੱਖਣ:


1. ਸ਼ਨਾਖਤੀ ਦਸਤਾਵੇਜ਼
2. ਅਮਰੀਕੀ ਨਾਗਰਿਕ ਜਾਂ ਕਾਨੂੰਨਨ ਪੱਕੇ ਵਸਨੀਕ ਰਿਸ਼ਤੇਦਾਰ ਦੇ ਸਬੰਧੀ ਹੋਣ ਬਾਰੇ ਦਸਤਾਵੇਜ਼
3. ਅਮਰੀਕਾ ਵਿਚ ਪਿਛਲੇ ਘੱਟੋ ਘੱਟ ਪੰਜ ਸਾਲ ਜਾਂ ਉਸ ਤੋਂ ਵੱਧ ਲਗਾਤਾਰ ਰਹਿਣ ਦਾ ਸਬੂਤ

**ਚਿਤਾਵਨੀ:** ਸਬੰਧਿਤ ਵਿਅਕਤੀ ਇਸ ਗੱਲ ਦਾ ਖਾਸ ਖਿਆਲ ਰਖਣ ਕਿ ਕਿਸੇ ਬਿਨ ਲਾਈਸੈਂਸ ਸਲਾਹਕਾਰ ਦੇ ਹੱਥ ਨਾ ਚੜ੍ਹਨ, ਜੋ ਕਿ ਰਾਸ਼ਟਰਪਤੀ ਦੇ ਐਲਾਨ ਦਾ ਗਲਤ ਫਾਇਦਾ ਉਠਾ ਕੇ ਤੁਹਾਨੂੰ ਗੁਮਰਾਹ ਕਰਨ ਅਤੇ ਤੁਹਾਡੇ ਤੋਂ ਨਾਜਾਇਜ਼ ਪੈਸੇ ਵਸੂਲਣ। ਸੱਚਾਈ ਇਹ ਹੈ ਕਿ ਅਜੇ ਤਕ ਕੋਈ ਫਾਰਮ ਜਾਂ ਕਾਰਜ ਪ੍ਰਣਾਲੀ ਤਿਆਰ ਨਹੀਂ ਹੋਈ, ਇਨ੍ਹਾਂ ਗੱਲਾਂ 'ਤੇ ਸੋਚ ਵਿਚਾਰਾਂ ਕੀਤੀਆਂ ਜਾ ਰਹੀਆਂ ਹਨ। ਉਮੀਦ ਹੈ ਕਿ ਅਗਲੇ 90 ਦਿਨਾਂ ਵਿਚ ਕੁਝ ਕਦਮ ਚੁਕੇ ਜਾਣਗੇ ਅਤੇ ਇਸ ਮਾਮਲੇ ਬਾਰੇ ਸਾਰੀ ਕਾਰਵਾਈ ਲਿਖਤੀ ਰੂਪ ਵਿਚ ਸਪਸ਼ਟ ਕੀਤੀ ਜਾਵੇਗੀ। ਇਹ ਵੀ ਉਮੀਦ ਕੀਤੀ ਜਾ ਸਕਦੀ ਹੈ ਕਿ ਰਾਸ਼ਟਰਪਤੀ ਦੇ ਉਲੀਕੇ ਪ੍ਰੋਗਰਾਮ ਨੂੰ ਜਲਦ ਹੀ ਲਾਗੂ ਕੀਤਾ ਜਾਵੇਗਾ। ਕੁਝ ਕੁ ਕਾਰਵਾਈਆਂ ਨੂੰ ਕੁਝ ਮਹੀਨੇ ਜਾਂ ਉਸ ਤੋਂ ਜ਼ਿਆਦਾ ਵੀ ਸਮਾਂ ਲਗ ਸਕਦਾ ਹੈ। ਪਰ ਉਚ ਪੱਧਰ 'ਤੇ ਇਹ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਇਸ ਸਾਰੇ ਮਸਲੇ ਨੂੰ 2016 ਤਕ ਹੱਲ ਕਰ ਦਿਤਾ ਜਾਵੇ।

*-ਅਟਾਰਨੀ ਮਨਪ੍ਰੀਤ ਸਿੰਘ ਗਾਹਰਾ*
*ਫੋਨ: 916-924-1617*

# ਅਮਰੀਕੀ ਸਿੱਖਾਂ ਦੇ ਹੱਕਾਂ ਲਈ ਡਟ ਕੇ ਖੜ੍ਹਦੇ ਸਨ ਹੇਜਲ

**ਵਾਸ਼ਿੰਗਟਨ:** ਅਮਰੀਕਾ ਦੇ ਰੱਖਿਆ ਮੰਤਰੀ ਚੱਕ ਹੇਜਲ ਜਿਨ੍ਹਾਂ ਨੂੰ ਰਾਸ਼ਟਰਪਤੀ ਬਰਾਕ ਓਬਾਮਾ ਨਾਲ ਮਤਭੇਦਾਂ ਦੌਰਾਨ ਅਹੁਦਾ ਛੱਡਣਾ ਪਿਆ, ਨੂੰ ਭਾਰਤ ਲਈ ਰਣਨੀਤਕ ਪੱਖੋਂ ਬਹੁਤ ਅਹਿਮ ਸਮਝਿਆ ਜਾਂਦਾ ਸੀ ਤੇ ਉਨ੍ਹਾਂ ਨੇ ਅਮਰੀਕੀ ਫੌਜ ਵਿਚ ਸਿੱਖਾਂ ਦਾ ਦਾਖਲਾ ਥੋੜ੍ਹਾ ਵਧਾਇਆ ਸੀ। 68 ਸਾਲਾ ਹੇਜਲ ਨੇ 27 ਮਹੀਨੇ ਦੇ ਆਪਣੇ ਕਾਰਜਕਾਲ ਦੌਰਾਨ ਅਮਰੀਕੀ ਸੈਨਾ ਵਿਚ ਸਿੱਖਾਂ ਦਾ ਦਾਖਲਾ ਸੰਭਵ ਬਣਾਇਆ, ਜੋ ਭਾਰਤੀ-ਅਮਰੀਕੀਆਂ ਦੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਮੰਗ ਸੀ। ਉਨ੍ਹਾਂ ਦੀ ਮੰਗ ਸੀ ਕਿ ਸਿੱਖਾਂ ਨੂੰ ਆਪਣੇ ਧਾਰਮਿਕ ਚਿੰਨ੍ਹਾਂ ਕਕਾਰਾਂ ਸਮੇਤ ਸੈਨਾ ਵਿਚ ਕੰਮ ਕਰਨ ਦੀ ਮਨਜ਼ੂਰੀ ਦਿੱਤੀ ਜਾਵੇ। ਇਸ ਸਾਲ ਜਾਰੀ ਕੀਤੇ ਇਕ ਹੁਕਮ ਵਿਚ ਹੇਜਲ ਨੇ ਸਿੱਖਾਂ ਨੂੰ ਕੇਸ-ਦਰ-ਕੇਸ ਆਧਾਰਤ ਸੈਨਿਕ ਸੇਵਾਵਾਂ ਵਿਚ ਸ਼ਾਮਲ



ਹੋਣ ਤੇ ਉਨ੍ਹਾਂ ਦੇ ਧਾਰਮਿਕ ਚਿੰਨ੍ਹ, ਉਦੋਂ ਤੱਕ ਧਾਰਨ ਕਰੀਂ ਰੱਖਣ ਦੀ ਮਨਜ਼ੂਰੀ ਦੇ ਦਿੱਤੀ ਸੀ, ਜਦੋਂ ਤੱਕ ਇਹ ਉਨ੍ਹਾਂ ਦੇ ਕੰਮ ਵਿਚ ਰੁਕਾਵਟ ਨਹੀਂ ਪਾਉਂਦੇ।

ਸਿੱਖ ਆਗੂਆਂ ਨੇ ਇਸ ਕਦਮ ਨੂੰ ਸਹੀ ਦਿਸ਼ਾ ਵਿਚ ਕੀਤਾ ਗਿਆ ਉਪਰਾਲਾ ਕਿਹਾ ਸੀ। ਪੈਂਟਾਗਨ ਨੇ ਤੱਥਸ਼ੀਟ 'ਤੇ ਹੇਜਲ ਦੀ ਮੁੱਖ ਪ੍ਰਾਪਤੀ, "ਭਾਰਤ ਨਾਲ ਰਣਨੀਤਕ ਸਬੰਧ ਗਹਿਰੇ ਕਰਨ" ਨੂੰ ਕਿਹਾ ਹੈ। ਹੇਜਲ ਦੇ ਸਹਾਇਕਾਂ ਅਨੁਸਾਰ ਉਨ੍ਹਾਂ ਨੂੰ ਭਾਰਤ-ਅਮਰੀਕਾ ਸੈਨਾ ਨਾਲ ਸਬੰਧਾਂ ਦੀ ਅਹਿਮੀਅਤ ਤੇ ਏਸ਼ੀਆ ਪ੍ਰਸ਼ਾਂਤ ਖਿੱਤੇ ਵਿਚ ਉੱਭਰ ਰਹੇ ਨਵੇਂ ਭੂ-ਸਿਆਸੀ ਦ੍ਰਿਸ਼ਾਂ ਤਹਿਤ ਭਾਰਤ ਦੇ ਸਥਾਨ ਦਾ ਅਹਿਮ ਸੀ। ਇਸੇ ਕਰਕੇ ਨਵੀਂ ਭਾਰਤੀ ਸਰਕਾਰ ਦੇ 100 ਦਿਨਾਂ ਵਿਚ ਹੀ ਉਹ ਭਾਰਤ ਪੁੱਜ ਗਏ ਸਨ।

# ਅਮਰੀਕੀ ਜਥੇਬੰਦੀ ਵੱਲੋਂ ਪੰਜਾਬ ਵਿਚ ਪਾਣੀ ਦੇ ਡਿੱਗਦੇ ਪੱਧਰ 'ਤੇ ਚਿੰਤਾ ਪ੍ਰਗਟ

**ਵਾਸ਼ਿੰਗਟਨ:** ਅਮਰੀਕਾ ਦੀ ਵਾਤਾਵਰਨ ਨਾਲ ਸਬੰਧਤ ਇਕ ਜਥੇਬੰਦੀ ਨੇ ਖੇਤੀਬਾੜੀ ਵਾਲੇ ਸੂਬੇ ਪੰਜਾਬ ਸਮੇਤ ਉੱਤਰੀ ਭਾਰਤ ਦੇ ਹਿੱਸਿਆਂ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਬਹੁਤ ਨੀਵਾਂ ਚਲੇ ਜਾਣ 'ਤੇ ਫਿਕਰ ਜ਼ਾਹਰ ਕੀਤਾ ਹੈ। ਇਸ ਹਫਤੇ ਸੀ.ਬੀ.ਐਸ. ਨਿਊਜ਼ ਦੇ ਨਾਮਵਰ ਖਬਰ ਪ੍ਰੋਗਰਾਮ "60 ਮਿਨਟਸ" ਵਿਚ ਉਪਗ੍ਰਹਿ ਤੇ ਨਵੇਂ ਢੰਗ-ਤਰੀਕਿਆਂ ਰਾਹੀਂ ਧਰਤੀ ਹੇਠਲੇ ਪਾਣੀ ਦੀ ਮਾਤਰਾ ਬਾਰੇ ਸਾਹਮਣੇ ਆਏ ਤੱਥ ਪੇਸ਼ ਕੀਤੇ ਗਏ। 'ਈਕੋ ਸਿੱਖ' ਨੇ ਇਕ ਬਿਆਨ ਵਿਚ ਕਿਹਾ ਹੈ ਕਿ ਪੰਜਾਬ ਤੇ ਬਾਕੀ ਦੇ ਭਾਰਤ ਵਿਚ ਚੌਂਕਾ ਦੇਣ ਵਾਲੀ ਤੇਜ਼ੀ ਨਾਲ ਧਰਤੀ ਹੇਠਲਾ ਪਾਣੀ ਖਤਮ ਹੋ ਰਿਹਾ ਹੈ ਤੇ ਵੱਡਾ ਜੋਖਮ ਖੜ੍ਹਾ ਹੋ ਰਿਹਾ ਹੈ।

ਜਥੇਬੰਦੀ ਦੇ ਪ੍ਰਧਾਨ ਰਾਜਵੰਤ ਸਿੰਘ ਨੇ ਕਿਹਾ ਕਿ ਇਹ ਸਾਫ ਹੈ ਕਿ ਭਾਰਤ ਦਾ ਅੰਨ ਭੰਡਾਰ (ਪੰਜਾਬ) ਗੰਭੀਰ ਸੰਕਟ ਵਿਚ ਹੈ ਤੇ ਇਸ ਮੁੱਦੇ ਨਾਲ ਫੌਰੀ ਨਜਿੱਠ ਕੇ ਫੌਰੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਇਸ ਲਈ ਇਕ ਵਿਆਪਕ ਚੇਤਨਾ ਲਹਿਰ ਦੇ ਨਾਲ-ਨਾਲ ਜਲ ਸਰੋਤਾਂ ਦੇ ਪ੍ਰਬੰਧਨ ਤੇ ਪਾਣੀ ਦੀ ਵਰਤੋਂ ਨੂੰ ਨਿਯਮਿਤ ਕੀਤੇ ਜਾਣ ਦੀ ਵੀ ਲੋੜ ਹੈ। ਈਕੋ ਸਿੱਖ ਦੀ ਪੰਜਾਬ ਟੀਮ ਸਰਗਰਮੀਆਂ ਨਾਲ ਕੰਮ ਕਰ ਰਹੀ ਹੈ ਤੇ ਸਥਾਨਕ ਲੋਕਾਂ ਨੂੰ "ਪਾਣੀ ਬਚਾਉਣਾ ਕਿਉਂ ਜ਼ਰੂਰੀ ਤੇ ਕਿਉਂ ਧਰਤੀ ਨਾਲ ਇਕ-ਮਿਕ ਹੋ ਕੇ ਰਹਿਣਾ ਲਾਜ਼ਮੀ ਹੈ", ਬਾਰੇ ਦੱਸ ਰਹੀ ਹੈ। ਜਥੇਬੰਦੀ ਵੱਲੋਂ ਜਾਰੀ ਬਿਆਨ ਅਨੁਸਾਰ ਇਸ ਦਾ ਗਰੀਨ ਨਗਰ ਕੀਰਤਨ ਲੋਕਾਂ ਨੂੰ ਪਾਣੀ ਬਚਾਉਣ ਦਾ ਉਪਰਾਲਾ ਕਰਨ ਦਾ ਤਰੀਕਾ ਦੱਸਦਾ ਹੈ।

# ਸਿੱਖ ਕਤਲੇਆਮ: ਖੋਖਰ ਤੇ ਭਾਗਮੱਲ ਦੀ ਅਰਜ਼ੀ 'ਤੇ ਸੀ.ਬੀ.ਆਈ. ਨੂੰ ਨੋਟਿਸ

**ਨਵੀਂ ਦਿੱਲੀ:** 1984 ਦੇ ਸਿੱਖ ਕਤਲੇਆਮ ਵਿਚ ਇਕ ਪਰਿਵਾਰ ਦੇ ਪੰਜ ਜੀਆਂ ਦੀ ਹੱਤਿਆ ਦੇ ਦੋਸ਼ ਵਿਚ ਉਮਰ ਕੈਦ ਭੁਗਤ ਰਹੇ ਤਿੰਨ ਵਿਚੋਂ ਦੋ ਦੋਸ਼ੀਆਂ ਬਲਵਾਨ ਖੋਖਰ ਤੇ ਭਾਗਮੱਲ ਦੀ ਅੰਤ੍ਰਿਮ ਜ਼ਮਾਨਤ ਉਤੇ ਸੁਣਵਾਈ ਲਈ ਅਦਾਲਤ ਨੇ ਸੀ.ਬੀ.ਆਈ. ਦਾ ਪੱਖ ਜਾਣਨ ਲਈ ਨੋਟਿਸ ਜਾਰੀ ਕੀਤਾ ਹੈ। ਦਿੱਲੀ ਹਾਈਕੋਰਟ ਦੇ ਜਸਟਿਸ ਪਰਦੀਪ ਨੰਦਰਾਜੋਗ ਤੇ ਮੁਕਤਾ ਗੁਪਤਾ ਨੇ 1984 ਦੇ ਸਿੱਖ ਕਤਲੇਆਮ ਵਿਚ ਇਕ ਪਰਿਵਾਰ ਦੇ ਪੰਜ ਜੀਆਂ ਨੂੰ ਮਾਰਨ ਦੇ ਦੋਸ਼ ਵਿਚ ਉਮਰ ਕੈਦ ਭੁਗਤ ਰਹੇ ਤਿੰਨ ਵਿਚੋਂ ਦੋ ਦੋਸ਼ੀਆਂ ਵੱਲੋਂ ਅੰਤ੍ਰਿਮ ਜ਼ਮਾਨਤ ਲਈ ਦਾਇਰ ਅਰਜ਼ੀ ਦੇ ਜਵਾਬ ਵਿਚ ਸੀ.ਬੀ.ਆਈ. ਨੂੰ ਸਟੇਟਸ ਰਿਪੋਰਟ ਫਾਈਲ ਕਰਨ ਲਈ ਕਿਹਾ ਹੈ।

# ਅਪਰਾਧੀ 'ਸੰਤਾਂ' ਦੇ ਜਾਲ 'ਚ ਫਸੀ ਸ਼ਰਧਾਲੂ ਜਨਤਾ

## ਸਿਆਸਤ ਦਾ ਪਿੜ




**ਜਤਿੰਦਰ ਪਨੂੰ**
ਫੋਨ: 91-98140-68455

ਅਸੀਂ 'ਪਰਸੂ, ਪਰਸਾ, ਪਰਸ ਰਾਮ' ਦਾ ਮੁਹਾਵਰਾ ਚਿਰਾਂ ਤੋਂ ਸੁਣਦੇ ਆਏ ਸਾਂ। ਪਿਛਲੇ ਸਾਲਾਂ ਵਿਚ ਭਾਰਤ ਦੇ ਲੋਕਾਂ ਨੇ 'ਆਸੂ ਮੱਲ' ਨੂੰ ਆਸਾ ਰਾਮ ਤੋਂ ਬਾਅਦ 'ਬਾਪੂ ਆਸਾ ਰਾਮ' ਬਣਦਾ ਵੀ ਵੇਖ ਲਿਆ। ਹੁਣ ਆਸਾ ਰਾਮ ਜੇਲ੍ਹ ਵਿਚ ਬੈਠਾ ਹੈ। ਜਿਸ ਤਰ੍ਹਾਂ ਉਹ ਜੇਲ੍ਹ ਵਿਚ ਹੈ, ਉਸੇ ਤਰ੍ਹਾਂ ਹੁਣ ਇੱਕ ਹੋਰ ਸੰਤ ਭੇਖ ਵਾਲਾ ਰਾਮਪਾਲ ਵੀ ਜੇਲ੍ਹ ਵਿਚ ਜਾ ਪਹੁੰਚਿਆ ਹੈ। ਰਾਮਪਾਲ ਦੀ ਚੜ੍ਹਤ ਦਾ ਕਿੱਸਾ 'ਪਰਸੂ, ਪਰਸਾ, ਪਰਸ ਰਾਮ' ਦੀ ਲਗਾਤਾਰ ਚੜ੍ਹਤਲ ਦਾ ਨਾ ਹੋ ਕੇ ਇਸ ਦੀ ਥਾਂ 'ਬਾਬਾ ਰਾਮਪਾਲ, ਭਗਵਾਨ ਰਾਮਪਾਲ ਤੇ ਮੁਲਜ਼ਮ ਰਾਮਪਾਲ' ਦਾ ਸਫਰ ਕਰਦਾ ਹੈ। ਆਸਾ ਰਾਮ ਹੋਵੇ ਜਾਂ ਰਾਮਪਾਲ, ਦੋਵਾਂ ਉਤੇ ਕੇਸ ਵੱਖੋ-ਵੱਖ ਕਿਸਮ ਦੇ ਹਨ, ਪਰ ਬੇਸ਼ਰਮੀ ਦੋਵਾਂ ਦੇ ਪੱਲੇ ਪਈ ਹੈ। ਸਿਰਫ ਇਨ੍ਹਾਂ ਦੋ ਜਣਿਆਂ ਦੇ ਨਹੀਂ, ਭਾਰਤ ਵਿਚ ਕਈ ਹੋਰ ਸਾਧਾਂ ਦੇ ਪੱਲੇ ਵੀ ਇਹੋ ਜਿਹੀ ਬੇਸ਼ਰਮੀ ਪੈ ਚੁੱਕੀ ਹੈ, ਪਰ ਭਾਰਤ ਦੀ ਜਨਤਾ ਨਾ ਇਸ ਵਰਤਾਰੇ ਨੂੰ ਸਮਝ ਸਕੀ ਹੈ ਤੇ ਨਾ ਸਮਝਣ ਦੀ ਬਹੁਤੀ ਇੱਛਾ ਹੀ ਰੱਖਦੀ ਜਾਪਦੀ ਹੈ।

ਰਾਮਪਾਲ ਨਾਂ ਦਾ ਇਹ ਬੰਦਾ ਹੈ ਕੀ ਸੀ? ਹਰਿਆਣੇ ਦੀ ਸਰਕਾਰ ਦਾ ਇੱਕ ਜੂਨੀਅਰ ਇੰਜੀਨੀਅਰ। ਇੱਕ ਵਾਰੀ ਚਰਚਾ ਚੱਲ ਪਈ ਕਿ ਇਸ ਨੂੰ ਸਰਕਾਰ ਨੌਕਰੀ ਤੋਂ ਕੱਢਣ ਦਾ ਖਿਆਲ ਬਣਾ ਰਹੀ ਹੈ। ਰਾਮਪਾਲ ਨੇ ਵਕਤ ਤੋਂ ਪਹਿਲਾਂ ਅਸਤੀਫਾ ਦਿੱਤਾ ਤੇ ਸੰਤ ਬਣ ਗਿਆ। ਉਸ ਨੇ ਪ੍ਰਚਾਰ ਇਹ ਕੀਤਾ ਕਿ ਸੰਤ ਬਣਨ ਲਈ ਸਰਕਾਰੀ ਨੌਕਰੀ ਨੂੰ ਲੱਤ ਮਾਰੀ ਹੈ। ਇੱਕ ਬੀਬੀ ਤੋਂ ਚਾਰ ਏਕੜ ਜ਼ਮੀਨ ਮੁੱਲ ਲੈ ਲਈ, ਪਰ ਪ੍ਰਚਾਰ ਇਹ ਕੀਤਾ ਕਿ ਬੀਬੀ ਨੇ ਜ਼ਮੀਨ ਸੰਤ ਰਾਮਪਾਲ ਦੀ ਮਹਿਮਾ ਤੋਂ ਪ੍ਰਭਾਵਤ ਹੋ ਕੇ ਦਾਨ ਦੇ ਦਿੱਤੀ ਹੈ। ਆਪਣੀ ਕਾਲੀ ਕਮਾਈ ਉਸ ਜ਼ਮੀਨ ਦੀ ਖਰੀਦ ਵਿਚ ਛੁਪਾ ਕੇ ਖਰਚ ਕੀਤੀ, ਬੀਬੀ ਨੂੰ ਬਲੈਕ ਮਨੀ ਕਮਾਉਣ ਲਈ ਮੌਕਾ ਦੇ ਦਿੱਤਾ ਤੇ ਸਾਰੇ ਹਰਿਆਣੇ ਵਿਚ ਗੁੱਡੀ ਚੜ੍ਹ ਗਈ ਕਿ ਇੱਕ ਇਹੋ ਜਿਹਾ ਸੰਤ ਪੈਦਾ ਹੋਇਆ ਹੈ, ਜਿਸ ਦੇ ਤਪ-ਤੇਜ਼ ਤੋਂ ਪ੍ਰਭਾਵਤ ਹੋ ਕੇ ਇੱਕ ਬੀਬੀ ਨੇ ਚਾਰ ਏਕੜ ਜ਼ਮੀਨ ਦਾਨ ਦੇ ਦਿੱਤੀ ਹੈ। ਆਸਾ ਰਾਮ ਵੀ ਇਹੋ ਜਿਹੇ ਡਰਾਮੇ ਕਰਦਾ ਸੀ, ਪਰ ਥੋੜ੍ਹੇ ਫਰਕ ਨਾਲ। ਇੱਕ ਥਾਂ ਉਸ ਦੇ ਚੇਲਿਆਂ ਨੇ ਇੱਕ ਰਾਜ ਘਰਾਣੇ ਦੀ ਔਰਤ ਨੂੰ ਕਿਹਾ ਕਿ ਰਾਜ ਪਰਿਵਾਰ ਦੇ ਜਾਇਦਾਦ ਦੇ ਝਗੜੇ ਵਿਚ ਆਸਾ ਰਾਮ ਤੇਰੀ ਮਦਦ ਕਰੇਗਾ, ਤੂੰ ਸਤਿਸੰਗ ਵਿਚ ਚਲੀ ਜਾਹ। ਉਥੇ ਕਥਾ ਕਰਦਿਆਂ ਆਸਾ ਰਾਮ ਨੇ ਉਸ ਬੀਬੀ ਦਾ ਨਾਂ ਲੈ ਕੇ ਪੁਕਾਰਿਆ ਤੇ ਜਦੋਂ ਉਹ ਬੀਬੀ ਉਠੀ ਤਾਂ ਆਸਾ ਰਾਮ ਕਹਿਣ ਲੱਗ ਪਿਆ ਕਿ ਇਸ ਮਹਾਰਾਣੀ ਸਾਹਿਬਾ ਨੇ ਸਾਰੀ ਜਾਇਦਾਦ ਸਾਡੇ ਆਸ਼ਰਮ ਦੇ ਨਾਂ ਦਾਨ ਕਰ ਦਿੱਤੀ ਹੈ। ਰਾਣੀ ਨਹੀਂ-ਨਹੀਂ ਕਹਿ ਕੇ ਲੋਕਾਂ ਨੂੰ ਸੱਚ ਦੱਸਣ ਲੱਗੀ ਤਾਂ ਉਸ ਦੀ ਆਵਾਜ਼ ਦੱਬਣ ਲਈ ਉਚੀ ਆਵਾਜ਼ ਵਿਚ ਜੈਕਾਰੇ ਛੱਡ ਰਹੇ ਆਸਾ ਰਾਮ ਦੇ ਗੁੰਡੇ ਉਸ ਨੂੰ ਬਾਂਹੋਂ ਫੜ ਕੇ ਬਾਹਰ ਲੈ ਗਏ। ਅੱਜ ਦੇ ਸੰਤ ਆਪਣੇ ਭਗਤਾਂ ਤੋਂ ਦਾਨ ਵੀ ਇਸ ਤਰ੍ਹਾਂ ਧੱਕੇ ਨਾਲ ਕਰਵਾ ਲੈਂਦੇ ਹਨ।

ਆਪਣੇ ਆਪ ਨੂੰ ਸੰਤ ਕਬੀਰ ਦਾ ਪੈਰੋਕਾਰ ਕਹਿਣ ਵਾਲੇ ਰਾਮਪਾਲ ਨੇ ਹਰ ਤਰ੍ਹਾਂ ਦਾ ਸੰਸਾਰੀ ਸੁਖ ਮਾਣਨ ਦੇ ਨਾਲ ਆਪਣੇ ਪਿਛਲੱਗਾਂ ਦੀ ਸ਼ਰਧਾ ਨੂੰ ਵੀ ਆਪਣੀ ਮਾਨਸਿਕ ਤ੍ਰਿਪਤੀ ਵਾਸਤੇ ਰੱਜ ਕੇ ਵਰਤਿਆ। ਜਿਸ ਆਲੀਸ਼ਾਨ ਮਹੱਲ ਵਿਚ ਉਹ ਰਹਿੰਦਾ ਸੀ, ਉਥੋਂ ਇੱਕ ਸੁਰੰਗ ਉਸ ਆਸ਼ਰਮ ਦੇ ਹਰ ਕਮਰੇ ਦੇ ਕੋਲੋਂ ਜਾਂ ਹੇਠੋਂ ਦੀ ਬਣਾਈ ਗਈ ਸੀ, ਜਿਸ ਦੇ ਗੁਪਤ ਦਰਵਾਜ਼ੇ ਜਾਂ ਮਘੋਰੇ ਕਮਰਿਆਂ ਵਿਚ ਨਿਕਲਦੇ ਸਨ। ਚਰਚਾ ਇਹ ਹੈ ਕਿ ਉਨ੍ਹਾਂ ਰਾਹੀਂ ਰਾਮਪਾਲ ਮਨ-ਪਸੰਦ ਸ਼ਰਧਾਲੂ ਔਰਤਾਂ ਨੂੰ ਆਪਣੇ ਕੋਲ ਦਿਵਿਆ-ਦਰਸ਼ਨ ਦੇ ਬਹਾਨੇ ਬੁਲਾ ਲਿਆ ਕਰਦਾ ਸੀ। ਰਾਮਪਾਲ ਦੇ ਖਿਲਾਫ ਕੇਸ ਬਣੇ, ਜਿਨ੍ਹਾਂ ਵਿਚ ਕਤਲ ਦਾ ਮਾਮਲਾ ਵੀ ਸੀ। ਉਹ ਜ਼ਮਾਨਤ ਕਰਵਾ ਕੇ ਬਾਹਰ ਆ ਗਿਆ। ਇਸ ਪਿੱਛੋਂ ਉਸ ਨੇ ਅਦਾਲਤ ਜਾਣਾ ਬੰਦ ਕਰ ਦਿੱਤਾ। ਨਾ ਪੁਲਸ ਸਖਤੀ ਕਰੇ, ਨਾ ਸਰਕਾਰ ਕਰਨ ਦੇਵੇ। ਅਦਾਲਤ ਇਸ ਗੱਲੋਂ ਨਾਰਾਜ਼ ਹੋ ਕੇ ਪੁਲਿਸ ਨੂੰ ਪਈ ਤਾਂ ਕਾਰਵਾਈ ਕਰਨੀ ਮਜਬੂਰੀ ਬਣ ਗਈ, ਪਰ ਇਸ ਵਿਚ ਵੀ ਜੱਕੋ-ਤੱਕੇ ਦੀ ਲੰਮੀ ਕਹਾਣੀ ਹੈ। ਭਾਜਪਾ ਮੁੱਖ ਮੰਤਰੀ ਕਾਰਵਾਈ ਕਰਨ ਨੂੰ ਮੰਨਦਾ ਨਹੀਂ ਸੀ। ਜਦੋਂ ਡੇਰੇ ਵਿਚੋਂ ਪੁਲਿਸ ਉਤੇ ਗੋਲੀ ਚਲਾ ਦਿੱਤੀ ਗਈ, ਉਦੋਂ ਮੁੱਖ ਮੰਤਰੀ ਕੋਲ ਕੋਈ ਰਾਹ ਨਹੀਂ ਸੀ ਰਹਿ ਗਿਆ। ਉਸ ਨੇ ਫਿਰ ਵੀ ਕੁਝ ਕਰਨ ਤੋਂ ਪਹਿਲਾਂ ਰਾਜ ਦੇ ਮੰਤਰੀ ਮੰਡਲ ਦੀ ਮੀਟਿੰਗ ਤੋਂ ਪ੍ਰਵਾਨਗੀ ਲਈ ਸੀ, ਕਿਉਂਕਿ ਉਸ ਨੂੰ ਡਰ ਸੀ ਕਿ ਭਾਜਪਾ ਵਿਚਲੇ ਉਸ ਦੇ ਵਿਰੋਧੀ ਇਸ ਕਾਰਵਾਈ ਨੂੰ ਹਿੰਦੂ ਸੰਤ ਦੀ ਬੇਇੱਜ਼ਤੀ ਦਾ ਮੁੱਦਾ ਬਣਾ ਸਕਦੇ ਹਨ।



*ਅਖੌਤੀ ਸੰਤ ਰਾਮਪਾਲ ਪੰਚਕੂਲਾ (ਹਰਿਆਣਾ) ਵਿਚ ਪੁਲਿਸ ਹਿਰਾਸਤ ਦੌਰਾਨ*

ਇਨ੍ਹਾਂ ਦਿਨਾਂ ਵਿਚ ਇੱਕ ਹੈਰਾਨੀ ਜਨਕ ਕਿੱਸਾ ਵਾਪਰਿਆ। ਜਿਸ ਦਿਨ ਹਰਿਆਣਾ ਪੁਲਿਸ ਨੇ ਹਾਈ ਕੋਰਟ ਨੂੰ ਬਹਾਨਾ ਕੀਤਾ ਕਿ ਰਾਮਪਾਲ ਬਿਮਾਰ ਹੈ, ਸਰਕਾਰ ਦੇ ਬੁਲਾਰੇ ਨੇ ਉਸ ਦਾ ਨਾਂ 'ਰਾਮਪਾਲ ਜੀ ਮਹਾਰਾਜ' ਸੱਦਿਆ। ਕਾਰਵਾਈ ਲਈ ਘੇਰਾ ਪੈ ਚੁੱਕਣ ਮਗਰੋਂ ਸਰਕਾਰ ਦਾ ਬੁਲਾਰਾ 'ਸੰਤ ਰਾਮਪਾਲ' ਕਹਿੰਦਾ ਰਿਹਾ ਤੇ ਅਗਲੇ ਦਿਨ ਜਦੋਂ ਕਾਰਵਾਈ ਹੋਣ ਲੱਗ ਪਈ, ਉਦੋਂ ਰਾਜ ਦੇ ਪੁਲਿਸ ਮੁਖੀ ਨੇ ਪਹਿਲੀ ਵਾਰੀ 'ਅਭਿਯੁਕਤ ਰਾਮਪਾਲ' ਦੇ ਸ਼ਬਦ ਚੁਣ ਕੇ ਵਰਤੇ, ਜਿਸ ਦਾ ਪੰਜਾਬੀ ਵਿਚ ਮਤਲਬ 'ਦੋਸ਼ੀ ਰਾਮਪਾਲ' ਹੁੰਦਾ ਹੈ। ਫਿਰ ਉਸ ਦੇ ਡੇਰੇ ਦੀ ਤਲਾਸ਼ੀ ਹੋਈ ਤਾਂ ਜਿੰਨੇ ਮੂੰਹ, ਓਨੀਆਂ ਗੱਲਾਂ। ਜਿੰਨੇ ਮੀਡੀਆ ਚੈਨਲਾਂ ਤੇ ਅਖਬਾਰਾਂ ਦੇ ਰਿਪੋਰਟਰ, ਓਨੇ ਤਰ੍ਹਾਂ ਦੇ ਕੀੜੇ ਜਾ ਲੱਭੇ। ਸਾਦਗੀ ਦੇ ਉਪਦੇਸ਼ ਦੇਣ ਵਾਲੇ ਰਾਮਪਾਲ ਦਾ ਬਾਹਰੋਂ ਧਾਰਮਿਕ ਦਿੱਸਦਾ ਡੇਰਾ ਅੰਦਰੋਂ ਦੌਲਤ ਦਾ ਢੇਰ ਅਤੇ ਅੱਯਾਸ਼ੀ ਦਾ ਅੱਡਾ ਨਿਕਲਿਆ। ਬੇਸ਼ਰਮੀ ਇਥੋਂ ਤੱਕ ਕਿ ਔਰਤਾਂ ਦੇ ਬਾਥਰੂਮ ਉਤੇ ਕੈਮਰੇ ਲਾ ਕੇ ਅੰਦਰ ਵੱਲ ਨੂੰ ਘੁੰਮਾਏ ਹੋਏ ਸਨ।

ਭਾਰਤ ਦੀ ਰਾਜਨੀਤੀ ਦੁਸਹਿਰੇ ਮਨਾਉਣ ਦੀ ਸ਼ੌਕੀਨ ਹੈ। ਇਹ ਪਹਿਲਾਂ ਇੱਕ ਰਾਵਣ ਦੇ ਬੁੱਤ ਦੀ ਸਿਰਜਣਾ ਕਰਦੀ ਹੈ। ਜਦੋਂ ਉਹ ਅਸਲੀ ਰਾਵਣ ਤੋਂ ਵੱਧ ਡਰਾਉਣਾ ਜਾਪਣ ਲੱਗ ਪਵੇ, ਫਿਰ ਉਸ ਦੇ ਵਿਰੁਧ ਅਗਨੀ ਦੇ ਬਾਣ ਚਲਾ ਕੇ 'ਬਦੀ ਉਤੇ ਨੇਕੀ ਦੀ ਜਿੱਤ' ਦਾ ਪ੍ਰਭਾਵ ਦਿੰਦੀ ਹੈ। ਜਿਵੇਂ ਹਰ ਵਰ੍ਹੇ ਹਰ ਕਿਸੇ ਸ਼ਹਿਰ ਵਿਚ ਨਵੇਂ ਸਿਰਿਓਂ ਬਣਾ ਕੇ ਰਾਵਣ ਦਾ ਬੁੱਤ ਸਾੜਿਆ ਜਾਂਦਾ ਹੈ, ਇਵੇਂ ਹੀ ਭਾਰਤੀ ਰਾਜਨੀਤੀ ਏਦਾਂ ਦੇ ਰਾਵਣ ਆਪਣੇ ਆਪ ਸਿਰਜਦੀ ਤੇ ਫਿਰ ਰਾਜਸੀ ਲੋੜ ਦਾ ਮਹੂਰਤ ਨਿਕਲੇ ਤੋਂ ਸਾੜਦੀ ਰਹਿੰਦੀ ਹੈ। ਜਦੋਂ ਇਹ ਬਾਬੇ ਕਿਸੇ ਡੇਰੇ ਦੀ ਉਸਾਰੀ ਕਰਦੇ ਤੇ ਉਸ ਵਿਚ ਸੁਰੰਗਾਂ-ਭੋਰੇ ਪੁੱਟਣ ਤੋਂ ਹਥਿਆਰਾਂ ਦਾ ਭੰਡਾਰ ਕਰਨ ਤੱਕ ਦੇ ਕੰਮ ਕਰਦੇ ਹਨ, ਉਦੋਂ ਸਿਆਸੀ ਆਗੂ ਇਨ੍ਹਾਂ ਕੋਲ ਜਾਂਦੇ ਅਤੇ ਪੈਰੀਂ ਹੱਥ ਲਾ ਕੇ ਸ਼ਰਧਾ ਦਾ ਪ੍ਰਗਟਾਵਾ ਕਰਦੇ ਹਨ। ਜਿਵੇਂ ਇੱਕ ਬੀਬੀ ਵੱਲੋਂ ਜ਼ਮੀਨ ਦਾਨ ਕਰਨ ਦੀ ਕਹਾਣੀ ਸੁਣ ਕੇ ਕਈ ਅੰਨ੍ਹੇ ਸ਼ਰਧਾਲੂ ਏਦਾਂ ਦਾਨ ਕਰਨ ਲੱਗ ਜਾਂਦੇ ਹਨ, ਉਵੇਂ ਹੀ ਬਾਬੇ ਅੱਗੇ ਲੀਡਰਾਂ ਨੂੰ ਲੇਟਦਾ ਵੇਖ ਕੇ ਆਮ ਲੋਕਾਂ ਦੀ ਕਤਾਰ ਉਧਰ ਨੂੰ ਲੰਮੀ ਹੋ ਜਾਂਦੀ ਹੈ। ਲੰਮੀ ਕਥਾ ਹੈ ਇਸ ਤਰ੍ਹਾਂ ਦੇ ਬਾਬਿਆਂ ਦੀ, ਜਿਹੜੇ ਉਭਰ ਕੇ ਕਿਸੇ ਹਵਾਈ ਵਾਂਗ ਅਸਮਾਨ ਵੱਲ ਚੜ੍ਹੇ ਤੇ ਫਿਰ ਜ਼ਮੀਨ ਉਤੇ ਆ ਗਏ ਸਨ।

ਅਸੀਂ ਧੀਰੇਂਦਰ ਬ੍ਰਹਮਚਾਰੀ ਦੀ ਕਹਾਣੀ ਨਹੀਂ ਪਾਵਾਂਗੇ, ਜਿਹੜਾ ਕਿਸੇ ਸਮੇਂ ਇੰਦਰਾ ਗਾਂਧੀ ਦੇ ਲਈ ਰਾਜਸੀ ਨੁਸਖੇ ਤਿਆਰ ਕਰਦਾ ਹੁੰਦਾ ਸੀ। ਚੰਦਰਾ ਸਵਾਮੀ ਦਾ ਚੇਤਾ ਵੀ ਬਹੁਤਾ ਨਹੀਂ ਕਰਾਉਣਾ ਚਾਹੁੰਦੇ, ਜਿਹੜਾ ਕਿਸੇ ਸਮੇਂ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਦੇ ਪ੍ਰੋਹਤ ਤੋਂ ਲੈ ਕੇ ਸੱਤਾ ਦੇ ਦਲਾਲ ਤੱਕ ਦਾ ਕੰਮ ਕਰਦਾ ਰਿਹਾ ਸੀ। ਰਾਮਦੇਵ ਦੀ ਕਹਾਣੀ ਵੀ ਦੱਸਣ ਦੀ ਲੋੜ ਨਹੀਂ, ਜਿਹੜਾ ਪਹਿਲਾਂ ਕਾਂਗਰਸੀਆਂ ਦਾ ਜੋੜੀਦਾਰ ਸੀ, ਫਿਰ ਉਥੋਂ ਲੋੜ ਜੋਗਾ ਘੱਟਾ ਝਾੜੇ ਜਾਣ ਪਿੱਛੋਂ ਹੁਣ ਭਾਜਪਾ ਨਾਲ ਜੁੜਿਆ ਪਿਆ ਹੈ। ਅਗਨੀਵੇਸ਼ ਦੀ ਚਰਚਾ ਕਰਨ ਦੀ ਵੀ ਲੋੜ ਨਹੀਂ, ਜਿਹੜਾ ਕਈ ਮਾਮਲਿਆਂ ਵਿਚ ਆਪ ਵੀ ਚਰਚਿਤ ਹੈ ਤੇ ਉਸ ਦੀ ਸਮਾਜ-ਸੇਵੀ ਸੰਸਥਾ ਵੀ। ਸੋਨੇ ਦੀ ਚੱਪਲ ਪਾਉਣ ਵਾਲੇ ਸੱਤਿਆ ਸਾਈਂ ਬਾਬਾ ਦੀ ਚਰਚਾ ਵੀ ਬੇਲੋੜੀ ਹੈ ਤੇ ਸ਼ੰਕਰਾਚਾਰੀਆ ਜੈਇੰਦਰ ਦੀ ਚਰਚਾ ਵੀ ਕੀਤੀ ਤਾਂ ਅਦਾਲਤਾਂ ਦੇ ਪੁਰਾਣੇ ਕੇਸਾਂ ਦੇ ਖਿੱਦੋ ਦੀਆਂ ਲੀਰਾਂ ਫੋਲਣੀਆਂ ਪੈਣਗੀਆਂ। ਇੱਕ ਗੱਲ ਹੋਰ ਇਹ ਹੈ ਕਿ ਇਨ੍ਹਾਂ ਵਿਚੋਂ ਜਿਸ ਕਿਸੇ ਨੂੰ ਕਦੇ ਕਾਨੂੰਨ ਵੱਲੋਂ ਹੱਥ ਪਾਇਆ ਗਿਆ, ਉਸ ਵੇਲੇ ਕਦੀ ਕਾਂਗਰਸ ਵਾਲਿਆਂ ਨੇ ਵੀ ਵਿਰੋਧ ਕੀਤਾ ਹੋਵੇਗਾ, ਬਹੁਤੀ ਵਾਰੀ ਭਾਜਪਾ ਨੇ ਇਸ ਨੂੰ ਹਿੰਦੂ ਸੰਤਾਂ ਦੀ ਬੇਇੱਜ਼ਤੀ ਕਰਾਰ ਦਿੱਤਾ ਹੈ, ਤੇ ਜਦੋਂ ਭਾਜਪਾ ਨੂੰ ਕਦੇ ਖੁਦ ਨੂੰ ਇਹੋ ਜਿਹੇ ਹਾਲਾਤ ਦਾ ਸਾਹਮਣਾ ਕਰਨਾ ਪਿਆ, ਇਨ੍ਹਾਂ ਹਿੰਦੂ ਸੰਤਾਂ ਨੂੰ ਉਸ ਦੀ ਸਰਕਾਰ ਨੇ ਵੀ ਫੜਿਆ ਹੈ। ਇਸ ਸਬੰਧ ਵਿਚ ਵੀ ਸੰਤਾਂ ਦੀਆਂ ਗ੍ਰਿਫਤਾਰੀਆਂ ਦੀ ਇੱਕ ਲੰਮੀ ਲੜੀ ਪੇਸ਼ ਕੀਤੀ ਜਾ ਸਕਦੀ ਹੈ।

ਦੱਖਣ ਦਾ ਇੱਕ ਸੰਤ ਨਿੱਤਿਆਨੰਦ ਇੱਕ ਵਾਰੀ ਕਈ ਪੁੱਠੇ-ਸਿੱਧੇ ਚੱਕਰਾਂ ਵਿਚ ਉਲਝ ਗਿਆ ਤਾਂ ਕਾਨੂੰਨ ਦਾ ਸਾਹਮਣਾ ਕਰਨ ਦੀ ਥਾਂ ਫਰਾਰ ਹੋ ਗਿਆ। ਇਹ ਕੇਸ ਕਰਨਾਟਕਾ ਵਿਚ ਉਦੋਂ ਦਰਜ ਹੋਏ ਸਨ, ਜਦੋਂ ਭਾਜਪਾ ਆਗੂ ਯੇਦੀਯੁਰੱਪਾ ਦੀ ਸਰਕਾਰ ਸੀ, ਗ੍ਰਿਫਤਾਰੀ ਵੀ ਉਦੋਂ ਹੋਈ ਤੇ ਫੜਿਆ ਉਸ ਨੂੰ ਉਸ ਹਿਮਾਚਲ ਪ੍ਰਦੇਸ਼ ਤੋਂ ਗਿਆ ਸੀ, ਜਿੱਥੇ ਭਾਜਪਾ ਦੇ ਪ੍ਰੇਮ ਕੁਮਾਰ ਧੂਮਲ ਦੀ ਸਰਕਾਰ ਹੁੰਦੀ ਸੀ। ਸਵਾਮੀ ਜੈਇੰਦਰ ਸਰਸਵਤੀ ਦੀ ਗ੍ਰਿਫਤਾਰੀ ਦਾ ਕੰਮ ਤਾਮਿਲਨਾਡੂ ਦੀ ਜੈਲਲਿਤਾ ਸਰਕਾਰ ਨੇ ਕੀਤਾ ਸੀ ਤੇ ਦਿੱਲੀ ਵਿਚ ਜੰਤਰ ਮੰਤਰ ਵਾਲੀ ਰੈਲੀ ਵਿਚ ਭਾਜਪਾ ਲੀਡਰਾਂ ਨੇ ਇਹ ਕਿਹਾ ਸੀ ਕਿ ਇਹ ਗ੍ਰਿਫਤਾਰੀ ਸੋਨੀਆ ਗਾਂਧੀ ਨੇ ਕਹਿ ਕੇ ਕਰਵਾਈ ਹੈ। ਜਦੋਂ ਨਿੱਤਿਆਨੰਦ ਦੀ ਗ੍ਰਿਫਤਾਰੀ ਕਰਨ ਦੀ ਨੌਬਤ ਆਈ, ਉਦੋਂ ਕਰਨਾਟਕਾ ਤੇ ਹਿਮਾਚਲ ਪ੍ਰਦੇਸ਼- ਦੋਵਾਂ ਰਾਜਾਂ ਦੇ ਮੁੱਖ ਮੰਤਰੀ ਭਾਜਪਾ ਦੇ ਹੋਣ ਕਰ ਕੇ ਇਹੋ ਜਿਹਾ ਕੋਈ ਮੁੱਦਾ ਨਹੀਂ ਸੀ ਬਣ ਸਕਿਆ, ਜਿਵੇਂ ਹੁਣ ਰਾਮਪਾਲ ਦਾ ਵੀ ਨਹੀਂ ਬਣ ਸਕਿਆ।

ਆਸੂ ਮੱਲ ਤੋਂ ਬਾਪੂ ਆਸਾ ਰਾਮ ਬਣ ਕੇ ਜਿਸ ਬੰਦੇ ਨੇ ਭਾਜਪਾ ਲਈ ਕਈ ਚੋਣਾਂ ਵਿਚ ਮੁਹਿੰਮ ਚਲਾਈ ਹੋਈ ਸੀ, ਉਸ ਦੇ ਕੀਤੇ ਜੁਰਮਾਂ ਦੇ ਪਹਿਲੇ ਕੇਸ ਮੱਧ ਪ੍ਰਦੇਸ਼ ਤੇ ਗੁਜਰਾਤ ਦੀਆਂ ਭਾਜਪਾ ਸਰਕਾਰਾਂ ਨੇ ਦਰਜ ਕੀਤੇ ਸਨ ਤੇ ਉਸ ਦਾ ਗੁਜਰਾਤ ਵਾਲਾ ਆਸ਼ਰਮ ਵੀ ਨਰਿੰਦਰ ਮੋਦੀ ਦੀ ਸਰਕਾਰ ਨੇ ਢਾਹਿਆ ਸੀ। ਜਦੋਂ ਦਿੱਲੀ ਵਿਚੋਂ ਉਸੇ ਆਸਾ ਰਾਮ ਨੂੰ ਗ੍ਰਿਫਤਾਰ ਕੀਤਾ ਗਿਆ, ਉਥੇ ਉਦੋਂ ਪੁਲਿਸ ਕਿਉਂਕਿ ਕਾਂਗਰਸੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਅਧੀਨ ਸੀ, ਇਸ ਲਈ ਸਾਧਵੀ ਉਮਾ ਭਾਰਤੀ ਵੀ ਭੜਕ ਪਈ। ਆਸਾ ਰਾਮ ਨੂੰ ਰਾਜਸਥਾਨ ਸਰਕਾਰ ਨੂੰ ਸੌਂਪਿਆ ਗਿਆ ਤਾਂ ਉਥੇ ਇਸ ਗ੍ਰਿਫਤਾਰੀ ਦੇ ਵਿਰੋਧ ਵਿਚ ਤਿੰਨ ਭਾਜਪਾ ਵਿਧਾਇਕਾਂ ਦੀ ਅਗਵਾਈ ਹੇਠ ਰੋਸ ਪ੍ਰਗਟਾਵੇ ਵੀ ਹੋ ਗਏ, ਪਰ ਜਦੋਂ ਇਹ ਵੇਖਿਆ ਕਿ ਭਾਜਪਾ ਲੀਡਰਸ਼ਿਪ ਹੀ ਆਸਾ ਰਾਮ ਨੂੰ ਜੇਲ੍ਹ ਵਿਚ ਰੱਖਣ ਦੇ ਪੱਖ ਵਿਚ ਹੈ, ਫਿਰ ਭਾਜਪਾ ਦੇ ਉਹ ਸਾਰੇ ਵਿਧਾਇਕ ਚੁੱਪ ਵੱਟ ਗਏ, ਜਿਨ੍ਹਾਂ ਵਿਚ ਇੱਕ ਬੀਬੀ ਵੀ ਸੀ।

ਸਵਾਲ ਫਿਰ ਇਹ ਪੈਦਾ ਹੁੰਦਾ ਹੈ ਕਿ ਇਸ ਨਾਲ ਫਰਕ ਕੀ ਪਿਆ? ਰਾਮਪਾਲ ਫੜਿਆ ਜਾਣ ਪਿੱਛੋਂ ਵੀ ਉਸ ਦੇ ਚੇਲੇ ਕਹਿੰਦੇ ਹਨ ਕਿ ਭਗਵਾਨ ਨੂੰ ਕੌਣ ਫੜ ਸਕਦਾ ਹੈ, ਆਪਣੀ ਮਰਜ਼ੀ ਨਾਲ ਜੇਲ੍ਹ ਵਿਚ ਗਿਆ ਹੈ ਤੇ ਜਦੋਂ ਉਸ ਦਾ ਦਿਲ ਕਰੇਗਾ, ਸਾਡੇ ਵਿਚਾਲੇ ਆਣ ਦਰਸ਼ਨ ਦੇਵੇਗਾ। ਆਸਾ ਰਾਮ ਦੇ ਸ਼ਰਧਾਲੂ ਫਿਰ ਉਸ ਦੇ ਨਾਲ ਖੜੇ ਹਨ ਅਤੇ ਖੜੇ ਰਹਿਣ ਦਾ ਐਲਾਨ ਕਰੀ ਜਾਂਦੇ ਹਨ। ਨਿੱਤਿਆਨੰਦ ਦੇ ਸਾਹਮਣੇ ਖਾਂਦੇ-ਪੀਂਦੇ ਘਰਾਂ ਦੀਆਂ ਪੜ੍ਹੀਆਂ-ਲਿਖੀਆਂ ਔਰਤਾਂ ਸਮਾਧੀ ਲਾ ਕੇ ਅੱਜ ਵੀ ਬੈਠਦੀਆਂ ਹਨ ਤੇ ਮਿਰਗੀ ਦੇ ਮਰੀਜ਼ ਵਾਂਗ ਹਲੂਣੇ ਮਾਰਨ ਤੋਂ ਸ਼ੁਰੂ ਕਰ ਕੇ ਸਾਰੇ ਤਰ੍ਹਾਂ ਦੇ ਕੁਚੱਜ ਕਰੀ ਜਾਂਦੀਆਂ ਹਨ। ਚੰਦਰਾ ਸਵਾਮੀ ਜਿੱਥੇ ਜਾਂਦਾ ਹੈ, ਉਸ ਦੇ ਭਗਤਾਂ ਦੀ ਭੀੜ ਹੁੰਦੀ ਹੈ। ਪੰਜਾਬ ਦਾ ਅਜੋਕਾ ਮੁੱਖ ਮੰਤਰੀ ਵੀ ਕੁਝ ਸਾਲ ਪਹਿਲਾਂ ਚੰਦਰਾ ਸਵਾਮੀ ਤੋਂ ਹਵਨ ਕਰਾਉਣ ਦੇ ਕਾਰਨ ਚਰਚਿਤ ਰਿਹਾ ਸੀ। ਏਨੇ ਪੱਕੇ ਗਾਹਕਾਂ ਵਾਲਾ ਸੰਤਗਿਰੀ ਦਾ ਇਹ ਧੰਦਾ ਭਾਰਤ ਵਿਚ ਚੱਲਦਾ ਹੈ ਤੇ ਚੱਲਦਾ ਹੀ ਰਹਿਣਾ ਹੈ। ਭਲਾ ਕਿਉਂ?

ਇੱਕ ਪੁਰਾਣਾ ਕਿੱਸਾ ਹੈ ਕਿ ਇੱਕ ਮੇਲੇ ਵਿਚ ਆ ਕੇ ਇੱਕ ਸਾਧ ਨੇ ਪਹਿਲਾਂ ਸਮਾਧੀ ਲਈ, ਫਿਰ ਜਦੋਂ ਲੋਕਾਂ ਦੀ ਭੀੜ ਜੁੜੀ ਵੇਖ ਲਈ ਤਾਂ ਉਠ ਕੇ ਐਲਾਨ ਕਰ ਦਿੱਤਾ ਕਿ ਹਿਮਾਲੀਆ ਪਹਾੜ ਉਤੇ ਮੈਂ ਸਮਾਧੀ ਲਾਈ ਸੀ, ਉਥੇ ਇੱਕ ਬ੍ਰਹਮ ਰਿਸ਼ੀ ਮਿਲੇ ਸਨ। ਉਹ ਮੈਨੂੰ ਇੱਕ ਮੰਤਰ ਦੇ ਗਏ ਸਨ। ਜਿਹੜਾ ਬੰਦਾ ਇਸ ਮੰਤਰ ਨੂੰ ਤੜਕੇ ਉਠ ਕੇ ਇਸ਼ਨਾਨ ਕਰ ਕੇ ਪੰਜ ਵਾਰ ਪੜ੍ਹੇਗਾ, ਉਸ ਦੇ ਘਰ ਦੌਲਤ ਦੇ ਢੇਰ ਲੱਗ ਜਾਣਗੇ, ਮੰਤਰ ਇਹ ਬਹੁਤਾ ਮਹਿੰਗਾ ਨਹੀਂ, ਸੰਤਾਂ ਨੇ ਇਸ ਦੀ ਕੀਮਤ ਸਿਰਫ ਸੌ ਰੁਪਏ ਰੱਖੀ ਸੀ। ਏਨੇ ਸੌਖੇ ਰੇਟ ਉਤੇ ਕਿਸਮਤ ਖੁੱਲ੍ਹਦੀ ਵੇਖ ਕੇ ਭੀੜ ਵਿਚੋਂ ਦੋ ਕੁ ਸੌ ਬੰਦਿਆਂ ਨੇ ਸੌ-ਸੌ ਰੁਪਏ ਦਾ ਮੰਤਰ ਖਰੀਦ ਲਿਆ। ਸੰਤ ਨੇ ਪੱਕੀ ਕਰ ਦਿੱਤੀ ਕਿ ਕੱਲ੍ਹ ਤੜਕੇ ਖੋਲ੍ਹਣਾ ਹੈ, ਜੇ ਕਿਸੇ ਨੇ ਪਹਿਲਾਂ ਖੋਲ੍ਹਿਆ ਤਾਂ ਅਨਰਥ ਹੋ ਜਾਵੇਗਾ। ਲੋਕ ਮੰਤਰ ਲੈ ਕੇ ਚਲੇ ਗਏ। ਅਗਲੇ ਦਿਨ ਸਭ ਨੇ ਤੜਕੇ ਉਠ ਕੇ ਇਸ਼ਾਨਾਨ ਕੀਤਾ ਤੇ ਮੰਤਰ ਵਾਲਾ ਕਾਗਜ਼ ਖੋਲ੍ਹ ਕੇ ਪੜ੍ਹਨ ਲੱਗ ਪਏ, ਉਸ ਉਤੇ ਲਿਖਿਆ ਸੀ: 'ਹਿੰਦੁਸਤਾਨ ਵਿਚ ਮੂਰਖਾਂ ਦੀ ਕਮੀ ਤਾਂ ਹੈ ਨਹੀਂ, ਮੂਰਖ ਬਣਾਉਣਾ ਵਾਲਾ ਹੋਣਾ ਚਾਹੀਦਾ ਹੈ।' ਇਹ ਜਿੰਨੇ ਵੀ ਸਾਧ ਆਪਣੇ ਭਗਤਾਂ ਦੀ ਭੀੜ ਨਾਲ ਠੱਗੀਆਂ ਮਾਰਨ ਦਾ ਚੱਕਰ ਚਲਾ ਰਹੇ ਹਨ, ਇਸ ਲਈ ਚਲਾ ਰਹੇ ਹਨ ਕਿ ਉਨ੍ਹਾਂ ਨੇ ਠੱਗੀ ਦਾ ਉਹ ਮੰਤਰ ਪੜ੍ਹ ਰੱਖਿਆ ਹੈ। ਜਦੋਂ ਤੱਕ ਭਾਰਤ ਦੇ ਲੋਕ ਤਰਕਸ਼ੀਲਤਾ ਦੇ ਰਾਹ ਨਹੀਂ ਤੁਰ ਪੈਂਦੇ, ਉਨ੍ਹਾਂ ਦੀਆਂ ਅੱਖਾਂ ਉਤੇ ਸ਼ਰਧਾ ਦੀ ਪੱਟੀ ਬੰਨ੍ਹ ਕੇ ਸੰਤ ਅਤੇ ਸਿਆਸੀ ਆਗੂ ਏਦਾਂ ਹੀ ਉਨ੍ਹਾਂ ਨੂੰ ਲੁੱਟਦੇ ਰਹਿਣਗੇ।



ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

*24/7 Customer Service Available*

*Same rate for lanline and mobile.*

ਟੋਲ ਫਰੀ ਨੰਬਰ 1-888-652-6268
732-983-4332/4333

# ਹਰਪ੍ਰੀਤ ਮਾਨ ਬਣਿਆ ਮਿਡਵੈਸਟ ਬਾਡੀ ਬਿਲਡਿੰਗ ਦਾ ਲੋਹ-ਪੁਰਸ਼

ਜਦੋਂ ਵੀ ਕੋਈ ਪੰਜਾਬੀ ਕਿਤੇ ਮੱਲਾਂ ਮਾਰਦਾ ਹੈ, ਉਸ ਨਾਲ ਜਿਥੇ ਮਾਤਾ-ਪਿਤਾ ਦਾ ਨਾਂ ਰੌਸ਼ਨ ਹੁੰਦਾ ਹੈ, ਉਥੇ ਕੌਮ ਦਾ ਵੀ ਮਾਣ ਨਾਲ ਸਿਰ ਉਚਾ ਹੁੰਦਾ ਹੈ। ਅਜਿਹਾ ਹੀ ਕਾਰਨਾਮਾ ਕੀਤਾ ਹਰਪ੍ਰੀਤ ਸਿੰਘ ਮਾਨ ਨੇ ਜਿਸ ਨੇ ਮਿਡਵੈਸਟ ਬਾਡੀ ਬਿਲਡਿੰਗ (ਅਮਰੀਕਾ) ਵਿਚ ਲੋਹ-ਪੁਰਸ਼ ਦਾ ਖਿਤਾਬ ਜਿੱਤ ਕੇ ਮਾਣਮੱਤਾ ਸਥਾਨ ਹਾਸਿਲ ਕੀਤਾ ਹੈ। ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ-ਸ਼ਿਕਾਗੋ ਦੇ ਪ੍ਰਧਾਨ ਰਹੇ ਪਰਸਨ ਸਿੰਘ ਮਾਨ ਦੇ ਘਰ ਜਸਬੀਰ ਕੌਰ ਮਾਨ ਦੀ ਕੁਖੋਂ 1988 ਵਿਚ ਜਨਮੇ ਹਰਪ੍ਰੀਤ ਮਾਨ ਨੂੰ ਖੇਡਾਂ ਦੀ ਗੁੜ੍ਹਤੀ ਆਪਣੇ ਘਰ ਵਿਚੋਂ ਹੀ ਮਿਲੀ। ਉਸ ਦੇ ਮਾਪੇ ਪੰਜਾਬ ਵਿਚ ਸਰੀਰਕ ਸਿਖਿਆ ਦੇ ਟੀਚਰ ਰਹੇ ਹਨ।

'ਹੋਣਹਾਰ ਬਿਰਵਾ ਕੇ ਚਿਕਨੇ ਚਿਕਨੇ ਪਾਤ' ਦੀ ਕਹਾਵਤ ਅਨੁਸਾਰ ਹਰਪ੍ਰੀਤ ਨੇ ਬਚਪਨ ਵਿਚ ਹੀ ਸ਼ਿਕਾਗੋ ਦੀਆਂ ਲਗਭਗ ਸਾਰੀਆਂ ਸਭਿਆਚਾਰਕ ਸਟੇਜਾਂ 'ਤੇ ਭੰਗੜੇ ਦਾ ਕਮਾਲ ਦਿਖਾ ਕੇ ਵਾਹ ਵਾਹ ਹਾਸਿਲ ਕੀਤੀ। ਫਿਰ ਆਪਣੇ ਭਰਾ ਗੁਰਪ੍ਰੀਤ ਮਾਨ ਨਾਲ ਮਿਲ ਕੇ ਭੰਗੜਾ ਅਕੈਡਮੀ ਬਣਾਈ ਤੇ ਆਪਣੇ ਹਮਉਮਰ ਸਾਥੀਆਂ ਤੇ ਬੱਚਿਆਂ ਨੂੰ ਭੰਗੜਾ ਸਿਖਾਇਆ।

ਸਭਿਆਚਾਰਕ ਪ੍ਰੋਗਰਾਮਾਂ ਵਿਚ ਸਫਲਤਾ ਦੇ ਅਨੇਕਾਂ ਝੰਡੇ ਗੱਡਣ ਦੇ ਨਾਲ ਨਾਲ ਹਰਪ੍ਰੀਤ ਪੜ੍ਹਾਈ ਵਿਚ ਵੀ ਮੋਹਰੀ ਰਿਹਾ ਅਤੇ ਪੜ੍ਹਾਈ ਦੌਰਾਨ ਹਾਈ ਆਨਰ ਰੋਲ ਹਾਸਿਲ ਕੀਤਾ। ਯੂਨੀਵਰਸਿਟੀ ਵਿਚ "ਹੂ ਇਜ਼ ਹੂ" ਸੰਸਥਾ ਦੀ ਸਰਪ੍ਰਸਤੀ ਕਰਕੇ ਆਪਣੇ ਲੀਡਰਸ਼ਿਪ ਗੁਣਾਂ ਨਾਲ ਵਾਹ ਵਾਹ ਖੱਟੀ।

ਇਥੇ ਹੀ ਬੱਸ ਨਹੀਂ, ਉਸ ਦੇ ਨਾਂ 'ਤੇ ਹੋਰ ਵੀ ਕਾਰਨਾਮੇ ਦਰਜ ਹਨ। ਅਲ੍ਹੜ ਉਮਰੇ ਹੀ ਆਪਣੇ ਸੰਗੀਤਕਾਰ ਦੋਸਤ ਅਜੈ ਰੰਧਾਵਾ ਨਾਲ ਮਿਲ ਕੇ ਉਸ ਨੇ ਗਾਇਕ ਕਲਾਕਾਰਾਂ ਲਈ ਸੰਗੀਤਕ ਧੁਨਾਂ ਤਿਆਰ ਕੀਤੀਆਂ ਤੇ ਕਈ ਪ੍ਰੋਫੈਸ਼ਨਲ ਮਿਊਜ਼ਿਕ ਵੀਡੀਓ ਬਣਾ ਕੇ ਕਲਾ ਦੇ ਮੈਦਾਨ ਵਿਚ ਵੀ ਪ੍ਰਸ਼ੰਸਾ ਹਾਸਿਲ ਕੀਤੀ।

ਸਾਲ 2012 ਵਿਚ ਸ਼ਿਕਾਗੋ ਦੇ ਮਿਲੇਨੀਅਮ ਪਾਰਕ ਵਿਚ ਮਸ਼ਹੂਰ ਫਿਲਮ ਅਦਾਕਾਰ ਆਮਿਰ ਖਾਨ, ਕੈਟਰੀਨਾ ਕੈਫ ਤੇ ਵੈਭਵੀ ਫਿਲਮ "ਧੂਮ-3" ਦੀ ਸ਼ੂਟਿੰਗ ਕਰ ਰਹੇ ਸਨ। ਸ਼ੂਟਿੰਗ ਦੌਰਾਨ ਜਦੋਂ ਆਮਿਰ ਖਾਨ ਨੇ ਸੀਨ ਲਈ ਲੋੜੀਂਦੀ ਐਕਸਰਸਾਈਜ਼ ਬ੍ਰੇਕ ਲਈ ਤਾਂ ਆਮਿਰ ਖਾਨ ਦਾ ਐਕਸਰਸਾਈਜ਼ ਇੰਸਟ੍ਰਕਟਰ ਹੋਰ ਕੋਈ ਨਹੀਂ ਬਲਕਿ ਬਾਡੀ ਬਿਲਡਰ ਨੌਜਵਾਨ ਹਰਪ੍ਰੀਤ ਸਿੰਘ ਮਾਨ ਹੀ ਸੀ।

ਪਿਛਲੇ ਦਿਨੀਂ ਗੇਟਵੇਅ ਥਿਏਟਰ, ਸ਼ਿਕਾਗੋ ਵਿਚ ਹੋਏ ਮਿਡਵੈਸਟ ਆਇਰਨਮੈਨ ਬਾਡੀ ਬਿਲਡਿੰਗ ਚੈਂਪੀਅਨਸ਼ਿਪ ਮੁਕਾਬਲੇ ਵਿਚ ਉਸ ਨੇ 293 ਉਮੀਦਵਾਰਾਂ ਨੂੰ ਪਛਾੜ ਕੇ ਪਹਿਲਾ ਸਥਾਨ ਹਾਸਿਲ ਕੀਤਾ ਅਤੇ 'ਆਇਰਨਮੈਨ' (ਲੋਹ-ਪੁਰਸ਼) ਦਾ ਟਾਈਟਲ ਆਪਣੇ ਨਾਂ ਕੀਤਾ।

ਖਿਤਾਬ ਜਿੱਤਣ ਤੋਂ ਬਾਅਦ ਹਰਪ੍ਰੀਤ ਮਾਨ ਨੂੰ ਜਦੋਂ ਪੁਛਿਆ ਕਿ ਭੰਗੜਾ ਤੇ ਸੰਗੀਤ ਵਰਗੀਆਂ ਕੋਮਲ ਕਲਾਵਾਂ ਵਿਚ ਝੰਡੀ ਗੱਡਣ ਤੋਂ ਬਾਅਦ ਬਾਡੀ ਬਿਲਡਿੰਗ ਵਰਗੀ ਸਖਤ ਫਿਟਨੈਸ ਵਾਲੀ ਖੇਡ ਵੱਲ ਕਿਵੇਂ ਝੁਕਾਅ ਹੋਇਆ ਤਾਂ ਹਰਪ੍ਰੀਤ ਨੇ ਦੱਸਿਆ, ਮੈਨੂੰ ਛੋਟੇ ਹੁੰਦਿਆਂ ਤੋਂ ਹੀ ਸਰੀਰ ਬਣਾਉਣ ਦਾ ਸ਼ੌਂਕ ਸੀ ਅਤੇ ਪੰਜਵੀਂ ਜਮਾਤ ਵਿਚ ਹੀ ਮੈਂ ਕੁਸ਼ਤੀ ਲੜਨੀ ਸ਼ੁਰੂ ਕਰ ਦਿੱਤੀ ਸੀ। ਇਸ ਤੋਂ ਇਲਾਵਾ ਫੁਟਬਾਲ, ਟੈਨਿਸ, ਟਰੈਕ ਅਤੇ ਫੀਲਡ ਖੇਡਾਂ ਵਿਚ ਹਾਈ ਸਕੂਲ ਵਿਚ ਪੜ੍ਹਦਿਆਂ ਹੀ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ। ਮੇਰੇ ਮਾਪਿਆਂ ਨੇ ਮੈਨੂੰ ਜੋ ਜਾਬਤਾ ਸਿਖਾਇਆ ਅਤੇ ਉਪਰ ਦੱਸੀਆਂ ਖੇਡਾਂ ਨੇ ਮੇਰੇ ਅੰਦਰ ਇਕ ਖਾਸ ਜੋਸ਼ ਭਰਿਆ- ਮੈਂ ਸਮਝਦਾ ਹਾਂ ਕਿ ਇਸੇ ਸਭ ਕੁਝ ਨੇ ਮੈਨੂੰ ਸਰੀਰ ਬਣਾਉਣ ਦੇ ਰਾਹ ਤੋਰਿਆ।

ਬਾਡੀ ਬਿਲਡਿੰਗ ਵਿਚ ਤੁਹਾਡਾ ਇੰਸਟ੍ਰਕਟਰ ਕੌਣ ਹੈ? ਬਾਡੀ ਬਿਲਡਿੰਗ ਵਿਚ ਫਰੰਟ ਡਬਲ ਬ੍ਰੇਕ ਪੋਜ, ਸਾਈਡ ਚੈਸਟ ਪੋਜ, ਬੈਕ ਲੈਟ ਸਪਰੈਡ ਪੋਜ ਆਦਿ ਕਈ ਪੋਜ ਹਨ। ਕਿਸ ਨੇ ਗਾਈਡ ਕੀਤਾ ਤੇ ਕਿਸ ਪੋਜ ਵਿਚ ਜਿਆਦਾ ਨੰਬਰ ਲੈਣ ਦੀ ਉਮੀਦ ਸੀ? ਕੀ ਰਣਨੀਤੀ ਸੀ ਤੇ ਤਹਾਨੂੰ ਕਿਸੇ ਨੇ ਇਸ ਪ੍ਰਤੀਯੋਗਤਾ ਵਿਚ ਸਪਾਂਸਰ ਕੀਤਾ ਸੀ? ਪੁਛਣ 'ਤੇ ਹਰਪ੍ਰੀਤ ਨੇ ਕਿਹਾ, ਮੇਰੇ ਮਾਪੇ, ਭਰਾ, ਦੋਸਤ ਅਤੇ ਪਰਿਵਾਰ ਮੇਰੇ ਟਰੇਨਰ ਹਨ। ਮੇਰੇ ਖਿਆਲ ਵਿਚ ਟਰੇਨਰ ਉਹ ਹੈ ਜੋ ਤੁਹਾਨੂੰ ਕਿਸੇ ਗੱਲ ਲਈ ਪ੍ਰੇਰਿਤ ਕਰਦਾ ਹੈ ਅਤੇ ਉਨ੍ਹਾਂ ਮਿਆਰਾਂ ਨੂੰ ਜੋ ਤੁਸੀਂ ਆਪਣੇ ਲਈ ਤੈਅ ਕੀਤੇ ਹਨ, ਪ੍ਰਤੀ ਜਵਾਬਦੇਹ ਬਣਾਉਂਦਾ ਹੈ। ਜਿਥੋਂ ਤੱਕ ਸਰੀਰ ਬਣਾਉਣ ਦਾ ਸਵਾਲ ਹੈ, ਮੈਂ ਖੁਦ ਹੀ ਆਪਣਾ ਟਰੇਨਰ ਹਾਂ। ਸਿੱਖ ਧਰਮ ਤੁਹਾਨੂੰ ਆਪਣੇ ਸੁਪਨਿਆਂ ਦਾ ਸਿਰਜਕ ਬਣਾਉਂਦਾ ਹੈ ਅਤੇ ਮੈਂ ਆਪਣੇ ਸਰੀਰ ਅਤੇ ਮਨ ਨੂੰ ਆਪਣਾ ਅਕਸ ਬਣਾਉਂਦਾ ਹਾਂ। ਜਿਥੋਂ ਤੱਕ ਮੈਨੂੰ ਸਪਾਂਸਰ ਕਰਨ ਦਾ ਸਵਾਲ ਹੈ, ਪੰਜਾਬ ਸਪੋਰਟਸ ਕਲੱਬ ਮਿਡਵੈਸਟ (ਸ਼ਿਕਾਗੋ) ਨੇ ਮੇਰੀ ਟਰੇਨਿੰਗ ਅਤੇ ਹੋਰ ਸਭ ਖਰਚੇ ਉਠਾਏ। ਮੈਂ ਉਨ੍ਹਾਂ ਦਾ ਇਸ ਸਪਾਂਸਰਸ਼ਿਪ ਲਈ ਬਹੁਤ ਬਹੁਤ ਧੰਨਵਾਦੀ ਹਾਂ ਅਤੇ ਮੈਨੂੰ ਉਮੀਦ ਹੈ ਕਿ ਭਵਿੱਖ ਵਿਚ ਵੀ ਉਨ੍ਹਾਂ ਦਾ ਸਹਿਯੋਗ ਮਿਲਦਾ ਰਹੇਗਾ।

ਪ੍ਰਤੀਯੋਗਤਾ ਸ਼ੁਰੂ ਹੋਣ ਤੋਂ ਪਹਿਲਾ ਸਟੇਜ 'ਤੇ ਵੱਡੀ ਗਿਣਤੀ ਬਾਡੀ ਬਿਲਡਰ ਪ੍ਰਤੀਯੋਗੀਆਂ ਦੇ ਸਖਤ ਮੁਕਾਬਲੇ ਦੀ ਚੁਣੌਤੀ ਦੇਖ ਕੇ ਤੁਸੀਂ ਮਾਨਸਿਕ ਤੌਰ 'ਤੇ ਕਿਸ ਤਰ੍ਹਾਂ ਮਹਿਸੂਸ ਕਰ ਰਹੇ ਸੀ? ਕੀ ਤੁਹਾਨੂੰ ਯਕੀਨ ਸੀ ਕਿ ਇਹ ਚੈਂਪੀਅਨਸ਼ਿਪ ਜਿੱਤ ਜਾਉਗੇ? ਦੇ ਜਵਾਬ ਵਿਚ ਹਰਪ੍ਰੀਤ ਨੇ ਕਿਹਾ, ਮੁਕਾਬਲੇ ਵਾਲੇ ਦਿਨ ਮੈਂ ਬਹੁਤ ਸਵੈ-ਭਰੋਸੇ ਵਿਚ ਸਾਂ। ਨਾਮ ਸਿਮਰਨ ਹਮੇਸ਼ਾ ਤੁਹਾਡੇ ਮਨੋਬਲ ਨੂੰ ਮਜਬੂਤ ਕਰਦਾ ਹੈ। ਜੋ ਪੈਕੇਜ ਲੈ ਕੇ ਮੈਂ ਸਟੇਜ 'ਤੇ ਜਾ ਰਿਹਾ ਸਾਂ, ਮੈਨੂੰ ਉਸ 'ਤੇ ਬਹੁਤ ਖੁਸ਼ੀ ਸੀ ਕਿਉਂਕਿ ਹੁਣ ਤੱਕ ਦਾ ਮੇਰਾ ਇਹ ਬਿਹਤਰੀਨ ਪੈਕੇਜ ਸੀ। ਮੇਰਾ ਮੁਕਾਬਲਾ ਖੁਦ ਆਪਣੇ ਨਾਲ ਸੀ ਅਤੇ ਮੈਨੂੰ ਪੂਰਾ ਭਰੋਸਾ ਸੀ ਕਿ ਮੈਂ ਚੰਗੀ ਕਾਰਗੁਜ਼ਾਰੀ ਦਿਖਾਉਣ ਲਈ ਲੋੜੀਂਦੀ ਤਿਆਰੀ ਅਤੇ ਸਖਤ ਮਿਹਨਤ ਕੀਤੀ ਹੈ।

ਵੈਸੇ ਹਰ ਖੇਡ ਵਿਚ ਖੁਰਾਕ ਦਾ ਅਹਿਮ ਰੋਲ ਹੁੰਦਾ ਹੈ ਪਰ ਬਾਡੀ ਬਿਲਡਿੰਗ ਲਈ ਸਰੀਰ ਨੂੰ ਤੰਦਰੁਸਤ ਤੇ ਰਿਸ਼ਟ-ਪੁਸ਼ਟ ਬਣਾਉਣ ਲਈ ਖੁਰਾਕ ਦਾ ਹੋਰ ਵੀ ਵੱਧ ਮਹੱਤਵ ਹੈ। ਆਪਣੀ ਖੁਰਾਕ ਬਾਰੇ ਚਾਨਣਾ ਪਾਉ। ਇਸ ਸੰਦਰਭ ਵਿਚ ਵੀ ਕਿ ਅੰਤਰਰਾਸ਼ਟਰੀ ਬਾਡੀ ਬਿਲਡਰ ਵਰਿੰਦਰ ਸਿੰਘ ਘੁਮਾਣ ਵੈਸ਼ਨੂੰ ਹੈ।

ਹਰਪ੍ਰੀਤ ਨੇ ਦੱਸਿਆ ਕਿ ਉਸ ਦੀ ਖੁਰਾਕ ਬਹੁਤ ਹੀ ਸਾਦਾ ਹੈ। ਕੋਈ ਭੇਦ ਨਹੀਂ, ਬਸ ਅਸਲੀ ਭਰਪੂਰ ਖੁਰਾਕ। ਆਪਣੇ ਮੁਕਾਬਲੇ ਦੀ ਤਿਆਰੀ ਦੇ ਆਖਰੀ ਦਿਨਾਂ ਵਿਚ ਸਰੀਰ ਵਿਚੋਂ ਵਾਧੂ ਫੈਟ ਅਤੇ ਪਾਣੀ ਨੂੰ ਕੱਢਣ ਲਈ ਉਹ ਵਿਚ ਵਿਚ ਵਰਤ ਵੀ ਰੱਖਦਾ ਰਿਹਾ ਪਰ ਸਮੁੱਚੇ ਤੌਰ 'ਤੇ ਉਸ ਨੇ ਆਪਣੇ ਆਪ ਨੂੰ ਕਿਸੇ ਖਾਸ ਖੁਰਾਕ ਤੱਕ ਸੀਮਤ ਨਹੀਂ ਰੱਖਿਆ। ਉਸ ਦੱਸਿਆ, ਮੈਂ ਉਹ ਸਭ ਕੁਝ ਖਾਂਦਾ ਰਿਹਾ ਹਾਂ ਜੋ ਖਾਣ ਨੂੰ ਮੇਰਾ ਜੀਅ ਕਰਦਾ ਸੀ ਪਰੰਤੂ ਮੈਂ ਜੋ ਵੀ ਖਾਂਦਾ, ਉਸ ਦਾ ਹਿਸਾਬ-ਕਿਤਾਬ ਜ਼ਰੂਰ ਰੱਖਿਆ। ਮੇਰੀ ਖੁਰਾਕ ਵਿਚ ਮੁੱਖ ਤੌਰ 'ਤੇ ਅੰਡੇ, ਬਦਾਮ, ਕਾਜੂ, ਅਖਰੋਟ, ਪਿਸਤਾ, ਐਲਮੰਡ ਬਟਰ, ਪੀਨਟ ਬਟਰ, ਪ੍ਰੋਟੀਨ ਸ਼ੇਕ, ਚਿਕਨ/ਮੱਛੀ ਅਤੇ ਬਹੁਤ ਸਾਰੀਆਂ ਭਾਂਤ-ਸੁਭਾਂਤੀਆਂ ਸਬਜ਼ੀਆਂ ਸ਼ਾਮਲ ਹਨ। ਬਹੁਤ ਹੀ ਸਾਦਾ ਬੁਨਿਆਦ। ਜੇ ਮੇਰਾ ਕਿਸੇ ਹੋਰ ਚੀਜ਼ ਖਾਣ ਨੂੰ ਜੀਅ ਕਰਦਾ ਹੈ, ਮੈਂ ਇਸ ਦਾ ਟਰੇਨਿੰਗ ਦੇ ਸਮੇਂ ਦੇ ਆਸ-ਪਾਸ ਜ਼ਰੂਰ ਸਵਾਦ ਚਖਦਾ ਹਾਂ।

ਜਦੋਂ ਉਸ ਨੂੰ ਪੁੱਛਿਆ ਕਿ ਸਾਬਕਾ ਮਿਸਟਰ ਯੂਨੀਵਰਸ (ਕੈਲੀਫੋਰਨੀਆ ਦੇ ਸਾਬਕਾ ਗਵਰਨਰ) ਅਰਨੋਲਡ ਸ਼ਵਾਰਜਨੇਗਰ ਅਤੇ ਵਰਿੰਦਰ ਘੁਮਾਣ ਨੂੰ ਕਈ ਪ੍ਰੋਡਕਟ ਕੰਪਨੀਆਂ ਨੇ ਆਪਣੇ ਅੰਬੈਸਡਰ ਵਜੋਂ ਅਤੇ ਕਈ ਫਿਲਮ ਪ੍ਰੋਡਿਊਸਰਾਂ ਨੇ ਫਿਲਮਾਂ ਵਿਚ ਕੰਮ ਕਰਨ ਲਈ ਸਾਈਨ ਕੀਤਾ ਹੈ। ਕੀ ਤਹਾਨੂੰ ਕੋਈ ਆਫਰ ਆਈ ਹੈ? ਜੇ ਆਈ ਤਾਂ ਕੀ ਸਵੀਕਾਰ ਕਰੋਗੇ?


ਜਿੱਤੀ ਟਰਾਫੀ ਨਾਲ ਹਰਪ੍ਰੀਤ ਮਾਨ

ਹਰਪ੍ਰੀਤ ਦਾ ਜਵਾਬ ਸੀ, ਨਹੀਂ ਅਜੇ ਤੱਕ ਦਾ ਕੋਈ ਆਫਰ ਨਹੀਂ ਆਈ ਪਰ ਜੇ ਅਜਿਹਾ ਕੋਈ ਮੌਕਾ ਮਿਲਿਆ ਤਾਂ ਬਹੁਤ ਵਧੀਆ ਗੱਲ ਹੋਵੇਗੀ।

ਇਸ ਸਵਾਲ ਕਿ ਭਵਿਖ ਵਿਚ ਕੀ ਪ੍ਰੋਗਰਾਮ ਹੈ? ਦੇ ਜਵਾਬ ਵਿਚ ਉਸ ਕਿਹਾ, ਇਸੇ ਸਾਲ ਨੈਸ਼ਨਲ ਪੱਧਰ 'ਤੇ ਹੋ ਰਹੇ ਬਾਡੀ ਬਿਲਡਿੰਗ ਮੁਕਾਬਲੇ ਵਿਚ ਹਿੱਸਾ ਲੈਣ ਜਾ ਰਿਹਾ ਹਾਂ, ਵਾਹਿਗੁਰੂ ਮਿਹਰ ਕਰੇ, ਇੱਛਾ ਤਾਂ ਮਿਸਟਰ ਯੂਨੀਵਰਸ ਤੇ ਮਿਸਟਰ ਉਲਪਿੰਕ ਬਣਨ ਦੀ ਹੈ।

ਨਵੇਂ ਖਿਡਾਰੀਆਂ ਲਈ ਕੋਈ ਸੰਦੇਸ਼? ਉਸ ਜਵਾਬ ਦਿੱਤਾ, ਚੰਗਾ ਖਾਓ, ਖੂਬ ਕਸਰਤ ਕਰੋ ਅਤੇ ਆਪਣੇ ਸਰੀਰ ਨੂੰ ਫਿਟ ਰੱਖੋ। ਨੌਜਵਾਨ ਪੀੜੀ ਨੂੰ ਮੇਰਾ ਸੁਨੇਹਾ ਹੈ ਕਿ ਨਸ਼ਿਆਂ ਦੇ ਰਾਹ ਪੈਣ ਦੀ ਥਾਂ, ਖੇਡਾਂ ਦੇ ਰਾਹ ਪਓ।

ਗੁਰਦੁਆਰਾ ਪੈਲਾਟਾਈਨ ਸ਼ਿਕਾਗੋ ਦੇ ਪ੍ਰਬੰਧਕਾਂ ਨੇ ਹਰਪ੍ਰੀਤ ਨੂੰ ਇਨ੍ਹਾਂ ਪ੍ਰਾਪਤੀਆਂ ਲਈ ਗੁਰੂ ਘਰ ਵਲੋਂ ਸਿਰੋਪਾਓ ਦੀ ਬਖਸ਼ਿਸ਼ ਕਰਕੇ ਉਸ ਦਾ ਮਾਣ-ਸਨਮਾਨ ਕੀਤਾ। ਇਸੇ ਦੌਰਾਨ ਹਰਪ੍ਰੀਤ ਸਿੰਘ ਮਾਨ ਦੀ ਇਸ ਪ੍ਰਾਪਤੀ 'ਤੇ ਪੰਜਾਬ ਸਪੋਰਟਸ ਕਲੱਬ ਮਿਡਵੈਸਟ-ਸ਼ਿਕਾਗੋ ਨੇ ਖੁਸ਼ੀ ਪ੍ਰਗਟ ਕਰਦਿਆਂ ਹਰਪ੍ਰੀਤ ਨੂੰ ਵਧਾਈ ਦਿੱਤੀ ਹੈ ਅਤੇ ਆਸ ਪ੍ਰਗਟਾਈ ਹੈ ਕਿ ਉਹ ਭਵਿੱਖ ਵਿਚ ਵੀ ਇਸੇ ਤਰ੍ਹਾਂ ਮੱਲਾਂ ਮਾਰਦਾ ਰਹੇਗਾ।

*-ਸੁਰਿੰਦਰ ਸਿੰਘ ਭਾਟੀਆ*



# ਅਮਰੀਕੀ ਫ਼ੌਜ ਅਫ਼ਗਾਨਿਸਤਾਨ ਵਿਚ ਇਕ ਸਾਲ ਹੋਰ ਰਹੇਗੀ

**ਵਾਸ਼ਿੰਗਟਨ:** ਅਮਰੀਕੀ ਫ਼ੌਜ ਅਫ਼ਗਾਨਿਸਤਾਨ ਵਿਚ ਇਕ ਸਾਲ ਹੋਰ ਰਹੇਗੀ ਤੇ ਉਹ ਇਸ ਦੇਸ਼ ਦੀ ਫ਼ੌਜੀ ਕਾਰਵਾਈ ਵਿਚ ਹਿੱਸਾ ਲੈਂਦੀ ਰਹੇਗੀ।

ਨਿਊ ਯਾਰਕ ਟਾਈਮਜ਼ ਦੀ ਇਕ ਖ਼ਬਰ ਅਨੁਸਾਰ ਰਾਸ਼ਟਰਪਤੀ ਬਰਾਕ ਓਬਾਮਾ ਨੇ ਹਾਲ ਹੀ ਦੇ ਹਫ਼ਤੇ ਵਿਚ ਇਹ ਫ਼ੈਸਲਾ ਲਿਆ। ਇਸ ਤੋਂ ਪਹਿਲਾਂ ਸ੍ਰੀ ਓਬਾਮਾ ਨੇ ਕਿਹਾ ਸੀ ਕਿ ਅਮਰੀਕੀ ਅਗਵਾਈ ਵਾਲੀ ਨਾਟੋ ਫ਼ੌਜ ਇਸ ਸਾਲ ਦੇ ਅੰਤ ਤੱਕ ਅਫ਼ਗਾਨਿਸਤਾਨ ਵਿਚ ਅਪਣੇ ਫ਼ੌਜ ਕਾਰਜ ਪੂਰਾ ਕਰ ਲਵੇਗੀ।

ਇਸ ਤੋਂ ਬਾਅਦ ਇਕ ਜਨਵਰੀ ਤੋਂ ਅਮਰੀਕਾ ਦੇ 9800 ਤੇ ਜਰਮਨੀ, ਇਟਲੀ ਤੇ ਹੋਰ ਦੇਸ਼ਾਂ ਦੇ 3000 ਫ਼ੌਜੀ ਅਫ਼ਗਾਨਿਸਤਾਨ ਵਿਚ ਰੁਕਣਗੇ ਤੇ ਉਹ ਤਾਲਿਬਾਨ ਵਿਰੁੱਧ ਅਫ਼ਗਾਨਿਸਤਾਨੀ ਫ਼ੌਜ ਦੀ ਕਾਰਵਾਈ ਵਿਚ ਉਸ ਦਾ ਸਾਥ ਦੇਣਗੇ।


M.K. Nijjar DDS
Ruchi Nijjar DDS


*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*
*Treatments & Prevention of Gum Diseases New Patients & Children Welcome*

510-794-7058
WWW.DRNIJJAR.COM
*(Across From Washigton Hospital & Bart)*
*1895 Mowry Ave. Ste 104 Fremont*

Business Cash Advance

- ਇਕ ਮਿਲੀਅਨ ਡਾਲਰ ਤੱਕ ਕੈਸ਼ ਐਡਵਾਂਸ
- ਪ੍ਰਾਪਰਟੀ ਦੀ ਲੋੜ ਨਹੀਂ
- ਘੱਟ ਪੇਮੈਂਟਾਂ
- ਕੈਸ਼ ਤੁਹਾਡੇ ਬੈਂਕ ਅਕਾਊਂਟ 'ਚ ਇਕ ਹਫਤੇ ਦੇ ਅੰਦਰ








ਗੈਸ ਸਟੇਸ਼ਨ/ਸਰਵਿਸ ਸਟੇਸ਼ਨ
ਗਰੋਸਰੀ ਸਟੋਰ/ਲਿਕਰ ਸਟੋਰ
ਰਿਟੇਲ ਅਤੇ ਹੋਲਸੇਲ ਬਿਜਨਸ

ਅੱਜ ਹੀ ਕਾਲ ਕਰੋ, ਸੁਮਨ
ਫੋਨ: 916-745-8797

TRS Investments LLC
suman@trsdevp.com
www.trsdevp.com




GROW YOUR BUSINESS
WITH NEW TREND
FULL COLOR




Digital Display
&
Message Board

LICENSED Contractor
GAS SIGNS
HOTEL/MOTEL SIGNS




We install anywhere in california



RF Remote
LCD Remote

ELECTRIC SIGN COMPANY
for more info: Call Sukhpal
1-661-586-1106
email: esigncompany@gmail.com

HIGH DEFINITION
Surveillance
SYSTEMS
By
FOR COMMERCIAL & RESIDENTIAL
2 YEAR WARRANTY
1080P
VISTA HD SOLUTION
WE INSTALL ANYWHERE IN CALIFORNIA
HD QUALITY & ECONOMICAL PRICE
17 YEAR SURVEILLANCE BUSINESS
TRAINED & PROFESSIONAL TECH. SUPPORT



Call Sukhpal
1-661-586-5080
commvision@sbcglobal.net

# ਵੈਂਕਟੇਸ਼ ਅਸ਼ੋਕ ਸੈਨ ਫਰਾਂਸਿਸਕੋ ਵਿਚ ਨਵੇਂ ਕੌਂਸਲ ਜਨਰਲ

**ਸੈਨ ਫਰਾਂਸਿਸਕੋ (ਬਿਊਰੋ):** ਸੈਨ ਫਰਾਂਸਿਸਕੋ ਸਥਿਤ ਭਾਰਤੀ ਕੌਂਸਲੇਟ ਵਿਖੇ ਸ੍ਰੀ ਵੈਂਕਟੇਸ਼ ਅਸ਼ੋਕ ਨੂੰ ਕੌਂਸਲ ਜਨਰਲ ਦਾ ਇੰਚਾਰਜ ਬਣਾਇਆ ਗਿਆ ਹੈ। ਇਸ ਤੋਂ ਪਹਿਲਾਂ ਉਹ ਹਾਂਗਕਾਂਗ ਮਲੇਸ਼ੀਆ, ਚੀਨ ਆਸਟਰੇਲੀਆ ਅਤੇ ਸ੍ਰੀਲੰਕਾ ਤੋਂ ਇਲਾਵਾ ਵਿਦੇਸ਼ ਵਿਭਾਗ ਵਿਚ ਵੱਖ-ਵੱਖ ਅਹੁਦਿਆਂ ਉਤੇ ਰਹਿ ਚੁੱਕੇ ਹਨ। ਜ਼ਿੰਬਾਬਵੇ ਅਤੇ ਚੈਕ ਰਿਪਬਲਿਕ ਵਿਖੇ ਉਨ੍ਹਾਂ ਭਾਰਤ ਦੇ ਰਾਜਦੂਤ ਵਜੋਂ ਡਿਊਟੀ ਨਿਭਾਈ। ਉਨ੍ਹਾਂ 1982 ਵਿਚ ਆਈ.ਐਫ਼.ਐਸ. ਵਿਚ ਦਾਖ਼ਲਾ ਲਿਆ ਸੀ। ਉਨ੍ਹਾਂ ਦਾ ਜਨਮ 8 ਅਕਤੂਬਰ 1958 ਨੂੰ ਉੜੀਸਾ ਵਿਚ ਹੋਇਆ ਸੀ ਅਤੇ ਉਨ੍ਹਾਂ ਨਵੀਂ ਦਿੱਲੀ ਦੀ ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ ਤੋਂ ਸਿਵਲ ਇੰਜੀਨੀਅਰਿੰਗ ਕੀਤੀ ਸੀ।

ਸ੍ਰੀ ਅਸ਼ੋਕ ਨੇ 21 ਨਵੰਬਰ ਤੋਂ ਸੈਨ ਫਰਾਂਸਿਸਕੋ ਵਿਖੇ ਆਪਣਾ ਨਵਾਂ ਅਹੁਦਾ ਸੰਭਾਲ ਲਿਆ ਹੈ। ਉਹ ਕਈ ਭਾਰਤੀ ਭਾਸ਼ਾਵਾਂ ਤੋਂ ਇਲਾਵਾ ਚੀਨੀ ਅਤੇ ਅੰਗਰੇਜ਼ੀ ਵਿਚ ਖਾਸ ਮੁਹਾਰਤ ਰੱਖਦੇ ਹਨ। ਕਈ ਲੇਖਾਂ ਤੋਂ ਇਲਾਵਾ ਉਨ੍ਹਾਂ ਇਕ ਕਿਤਾਬ ਵੀ ਲਿਖੀ ਹੈ। ਪੜ੍ਹਨਾ ਅਤੇ ਸੰਗੀਤ ਸੁਣਨਾ ਉਨ੍ਹਾਂ ਦਾ ਸ਼ੌਕ ਹੈ।


WEBSITE: DHOLRADIO.ORG

Dholradio.org

Dhol Radio

ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ

Request Song



Listen On Phone

Live Calls: USA 1-951-824-6365
Canada 1-604-210-1955
Skype: DHOLRADIO.ORG
1PM to 3PM
9:30PM To 11:30PM (IST)
Listen By Call: USA 702-489-0211
UK 44-20-3519-1210

Music 24/7

Application for android and iPhone- Dhol Radio

# ਫਿਲਮ 'ਰਹਿਮਤ' ਦਾ ਪੋਸਟਰ ਜਾਰੀ ਕਰਨ ਮੌਕੇ ਲੱਗੀ ਗੀਤਾਂ ਦੀ ਛਹਿਬਰ

**ਫਰਿਜ਼ਨੋ (ਬਿਊਰੋ):** ਲੇਖਕ ਸ਼ਿਵਚਰਨ ਜੱਗੀ ਕੁੱਸਾ ਦੀ ਲਿਖੀ ਕਹਾਣੀ 'ਬਲਦੇ ਸਿਵਿਆ ਦਾ ਸੇਕ' ਉਤੇ ਆਧਾਰਤ ਪੰਜਾਬੀ ਟੈਲੀ ਫਿਲਮ 'ਰਹਿਮਤ' ਬਣ ਕੇ ਤਿਆਰ ਹੋ ਚੁਕੀ




ਹੈ। ਇਸ ਫਿਲਮ ਦੀ ਕਹਾਣੀ ਉਨ੍ਹਾਂ ਪੰਜਾਬੀ ਨੌਜੁਆਨਾਂ ਦੀ ਹੈ ਜੋ ਪੱਛਮੀ ਸੱਭਿਆਚਾਰ ਦੀ ਪਕੜ ਵਿਚ ਫਸ ਜਾਂਦੇ ਹਨ। ਇਹ ਫਿਲਮ ਉਨ੍ਹਾਂ ਨੂੰ ਸੇਧ ਦੇਣ ਦੀ ਹੀ ਗੱਲ ਕਰਦੀ ਹੈ। ਇਸ ਫਿਲਮ ਦੇ ਕੋ-ਨਿਰਦੇਸ਼ਕ ਮਨਿੰਦਰ ਮੋਗਾ ਹਨ ਜਦਕਿ ਸੰਗੀਤ ਗੁਰਸ਼ੇਰ ਚਾਨਾ ਦਾ ਹੈ।

ਫਿਲਮ ਦੀ ਪ੍ਰਮੋਸਨ ਲਈ ਸਥਾਨਕ ਬੰਬੇ ਬਿਜਨਸ ਪਾਰਕ ਵਿਚ ਇਕ ਸਾਦਾ ਸਮਾਗਮ ਕਰਵਾਇਆ ਗਿਆ ਜਿੱਥੇ ਪਤਵੰਤੇ ਸੱਜਣਾਂ ਨੇ ਫਿਲਮ ਦਾ ਪੋਸਟਰ ਜਾਰੀ ਕੀਤਾ ਅਤੇ ਆਪਣੇ ਵਿਚਾਰ ਰੱਖੇ। ਬੁਲਾਰਿਆਂ ਨੇ ਸ਼ਿਵਚਰਨ ਜੱਗੀ ਕੁੱਸਾ ਦੀਆਂ ਲਿਖਤਾਂ ਦੀ ਤਰੀਫ ਕੀਤੀ ਅਤੇ ਆਸ ਪ੍ਰਗਟਾਈ ਕਿ ਫਿਲਮ 'ਰਹਿਮਤ' ਵੀ ਉਹਦੀਆਂ ਲਿਖਤਾਂ ਵਾਂਗ ਪੰਜਾਬੀਆਂ ਦੇ ਦਿਲਾਂ ਉਤੇ ਅਮਿੱਟ ਛਾਪ ਛੱਡੇਗੀ। ਇਸ ਮੌਕੇ ਸਥਾਨਕ ਕਲਾਕਾਰਾਂ- ਅਵਤਾਰ ਗਰੇਵਾਲ, ਬਹਾਦਰ ਸਿੱਧੂ, ਰਾਣੀ ਗਿੱਲ ਆਦਿ ਹੋਰਨਾਂ ਕਲਾਕਾਰਾਂ ਅਤੇ ਭਾਰਤ ਤੋਂ ਆਏ ਯਮਲਾ ਜੱਟ ਦੇ ਪੁੱਤਰ ਜਸਦੇਵ ਯਮਲਾ ਨੇ ਰੰਗਾ-ਰੰਗ ਪ੍ਰੋਗਰਾਮ ਪੇਸ਼ ਕੀਤਾ।

Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu
*Doctor of Chiropractic*
Ph: 510-940-8236
1090 La Playa Dr., Hayward CA 94545

Dhillon Truck Stop
Dhillon Road Service
Interstate 40, exit 356, San Jon, NM

ਗਿੱਲ ਮੰਜ ਗੁਰਦਾਸਪੁਰ ਵਾਲੇ




ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 575-815-8536

The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁੱਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available


AN OFFER THAT KEEPS EVERYONE SMILING!
Enjoy the best in Punjabi and Hindi TV with Dish.
Punjabi Mega Pack
$24.99/mo
Hindi Elite Pack
3 MONTHS FREE
APPLIES TO THE 4TH, 5TH AND 6TH MONTHS
EVERYDAY PRICE
gPunjab
TASHAN
jus punjabi
PTC PUNJABI
WILLOW HD
StarPlusHD
ZEE TV
aapka colors
Life OK
TV ASIA HD
SAB
one
NEW rishtey
Requires 24-month commitment, credit qualification, and subscription to qualifying American programming.
FREE
100+ Bollywood Movies On Demand
Professional Installation in up to 6 rooms
All offers require 24-month commitment and credit qualification. Monthly fees apply based on number of rooms.
LIMITED-TIME OFFER.
ORDER NOW!
1-888-621-5401
MUST MENTION OFFER CODE AT TIME OF ORDER
SAVE 3
Cannot be combined with other Offer Codes
dish
International programming requires additional $10/mo International Basic package or any America's Top package.
Important Terms and Conditions: International 4th, 5th, and 6th Months Free: Valid for activation and installation of qualifying DISH service. Requires subscription to a qualifying American or DishLATINO package in addition to a qualifying International package. For the 4th, 5th, and 6th months you will receive a monthly credit equal to the cost of the selected package. You will be responsible for any monthly or upfront costs beyond the value of the credit. Promotional Offers: Must provide Promotional Code at time of order. All prices, fees, charges, packages, programming, features, functionality and offers subject to change without notice. After any applicable promotional period, then-current everyday monthly price applies and is subject to change. ETF: If you cancel service during first 24 months, early termination fee of $20 for each month remaining applies.
Additional Requirements: Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply. Miscellaneous: Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply. Offer ends 1/14/15.
© 2014 DISH Network L.L.C. All rights reserved.

# ਚਿੱਤਰਕਾਰੀ ਦੇ ਰੰਗ

## ਰਿਕਾਰਡ ਕਮਾਈ ਪਰ ਕਿਸ ਕੀਮਤ 'ਤੇ?

ਕਲਾ ਪਰਿਕਰਮਾ

*ਅਮਰੀਕੀ ਚਿੱਤਰਕਾਰ ਜਾਰਜੀਆ ਓ'ਕੀਫ਼ੀ ਦੀ ਫੁੱਲ ਵਾਲੀ ਪੇਂਟਿੰਗ ਦੀ ਰਿਕਾਰਡਤੋੜ ਕਮਾਈ ਨੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਪਹਿਲਾ ਸਵਾਲ ਤਾਂ ਇਹੀ ਹੈ ਕਿ ਜਿਸ ਮਿਊਜ਼ੀਅਮ ਨੇ ਚਿੱਤਰਕਾਰ ਦੇ ਚਿੱਤਰ ਸਾਂਭਣੇ ਸਨ, ਉਸ ਦੇ ਪ੍ਰਬੰਧਕਾਂ ਨੇ ਹੀ ਚਿੱਤਰ ਦੀ ਬੋਲੀ ਲਾ ਦਿੱਤੀ। ਦੂਜੇ, ਔਰਤਾਂ ਵੱਲੋਂ ਬਣਾਏ ਚਿੱਤਰ ਮਰਦਾਂ ਦੇ ਚਿੱਤਰਾਂ ਜਿੰਨੇ ਮਹਿੰਗੇ ਨਹੀਂ ਵਿਕਦੇ। ਇਸ ਲੇਖ ਵਿਚ ਇਨ੍ਹਾਂ ਸਵਾਲਾਂ ਬਾਰੇ ਚਰਚਾ ਕੀਤੀ ਗਈ ਹੈ। -ਸੰਪਾਦਕ*





*ਕਿਰਤ ਵਿਚ ਰੁੱਝੀ ਜਾਰਜੀਆ ਓ'ਕੀਫ਼ੀ ਅਤੇ (ਸੱਜੇ) ਜਿਮਸਨ ਵੀਡ/ਵਾਈਟ ਫਲਾਵਰ ਨੰਬਰ 1 ਦੀ ਤਸਵੀਰ।*

ਅਮਰੀਕੀ ਚਿੱਤਰਕਾਰ ਜਾਰਜੀਆ ਓ'ਕੀਫ਼ੀ ਦੀ ਫੁੱਲ ਵਾਲੀ ਪੇਂਟਿੰਗ ਨੇ ਕਮਾਈ ਦੇ ਪੱਖ ਤੋਂ ਰਿਕਾਰਡ ਬਣਾ ਦਿੱਤਾ। ਉਂਜ, ਇਹ ਰਿਕਾਰਡ ਸਿਰਫ ਔਰਤ ਚਿੱਤਰਕਾਰਾਂ ਦੇ ਪ੍ਰਸੰਗ ਵਿਚ ਹੈ। ਇਹ ਪੇਂਟਿੰਗ 44.4 ਮਿਲੀਅਨ ਡਾਲਰ ਵਿਚ ਵਿਕੀ ਹੈ। ਇਸ ਤੋਂ ਪਹਿਲਾਂ ਜੌਨ ਮਿਸ਼ੇਲ ਦੀ ਪੇਂਟਿੰਗ ਪਿਛਲੀ ਮਈ ਦੌਰਾਨ ਰਿਕਾਰਡ 11.9 ਮਿਲੀਅਨ ਡਾਲਰ ਦੀ ਵਿਕੀ ਸੀ। ਅਸਲ ਵਿਚ ਓ'ਕੀਫ਼ੀ ਦੀ ਪੇਂਟਿੰਗ ਦੀ ਨਿਲਾਮੀ ਮੌਕੇ 2 ਬੰਦਿਆਂ ਵਿਚਕਾਰ ਮੁਕਾਬਲਾ ਚੱਲ ਪਿਆ ਅਤੇ ਇਹ ਪੇਂਟਿੰਗ ਜਿਸ ਦੀ ਕੀਮਤ ਦਾ ਅੰਦਾਜ਼ਾ 15 ਮਿਲੀਅਨ ਡਾਲਰ ਲਾਇਆ ਗਿਆ ਸੀ, 3 ਗੁਣਾ ਵੱਧ ਭਾਅ ਉਤੇ ਵਿਕ ਗਈ। ਓ'ਕੀਫ਼ੀ ਦੀ ਇਸ ਪੇਂਟਿੰਗ ਦਾ ਨਾਂ 'ਜਿਮਸਨ ਵੀਡ/ਵ੍ਹਾਈਟ ਫ਼ਲਾਵਰ ਨੰਬਰ 1' ਹੈ ਅਤੇ ਇਸ ਦੀ ਨਿਲਾਮੀ ਨਿਊ ਮੈਕਸੀਕੋ ਵਿਚ ਸਥਿਤ ਓ'ਕੀਫ਼ੀ ਮਿਊਜ਼ੀਅਮ ਨੇ ਕੀਤੀ ਸੀ। ਓ'ਕੀਫ਼ੀ ਨੇ ਇਹ ਪੇਂਟਿੰਗ 1932 ਵਿਚ ਬਣਾਈ ਸੀ।

ਓ'ਕੀਫ਼ੀ ਦੀ ਇਸ ਪੇਂਟਿੰਗ ਦੀ ਕੀਮਤ ਦੀ ਸੰਸਾਰ ਭਰ ਵਿਚ ਚਰਚਾ ਤਾਂ ਹੋਈ ਹੀ ਹੈ, ਪਰ ਨਾਲ ਹੀ ਇਹ ਸਵਾਲ ਵੀ ਉਭਰ ਕੇ ਸਾਹਮਣੇ ਆ ਗਿਆ ਹੈ ਕਿ ਜਿਸ ਮਿਊਜ਼ੀਅਮ ਨੇ ਚਿੱਤਰਕਾਰ ਦੀਆਂ ਪੇਂਟਿੰਗਜ਼ ਸੰਭਾਲ ਕੇ ਰੱਖਣੀਆਂ ਸਨ, ਉਸ ਨੇ ਹੀ ਓ'ਕੀਫ਼ੀ ਦੀ ਪੇਂਟਿੰਗ ਦੀ ਨਿਲਾਮੀ ਕਿਉਂ ਕੀਤੀ? ਯਾਦ ਰਹੇ ਕਿ ਓ'ਕੀਫ਼ੀ ਮਿਊਜ਼ੀਅਮ ਇਸ ਚਿੱਤਰਕਾਰ ਦੀਆਂ ਪੇਂਟਿੰਗਜ਼ ਦੀ ਸਾਂਭ-ਸੰਭਾਲ ਲਈ ਹੀ ਬਣਾਇਆ ਗਿਆ ਸੀ।

ਇਸ ਚਰਚਾ ਨਾਲ ਮਿਲਦਾ-ਜੁਲਦਾ ਇਕ ਹੋਰ ਤੱਥ ਇਹ ਵੀ ਹੈ ਕਿ ਔਰਤ ਚਿੱਤਰਕਾਰਾਂ ਦੀਆਂ ਕਿਰਤਾਂ ਦੀ ਕੀਮਤ ਮਰਦ ਚਿੱਤਰਕਾਰਾਂ ਜਿੰਨੀ ਕਿਉਂ ਨਹੀਂ ਪੈਂਦੀ? ਇਹ ਸਵਾਲ 1971 ਵਿਚ ਚਿੱਤਰਕਾਰੀ ਬਾਰੇ ਇਤਿਹਾਸਕਾਰ ਲਿੰਡਾ



*ਐਲਫ੍ਰੈਡ ਵੱਲੋਂ 1918 ਵਿਚ ਖਿੱਚੀ ਓ'ਕੀਫ਼ੀ ਦੇ ਹੱਥਾਂ ਦੀ ਤਸਵੀਰ।*

ਲੋਕਲਿਨ ਨੇ ਉਠਾਇਆ ਸੀ ਅਤੇ ਉਸ ਦੇ ਇਸ ਸਵਾਲ ਦਾ ਅੱਜ ਤੱਕ ਜਵਾਬ ਨਹੀਂ ਮਿਲਿਆ। ਅੱਜ ਔਰਤ ਭਾਵੇਂ ਸਮਾਜ ਵਿਚ ਬਹੁਤ ਅੱਗੇ ਵਧ ਗਈ ਹੈ ਪਰ ਚਿੱਤਰਕਾਰੀ ਦੀ ਦੁਨੀਆਂ ਵਿਚ ਕਮਾਈ ਪੱਖੋਂ ਔਰਤ ਮਰਦ ਤੋਂ ਅੱਗੇ ਨਹੀਂ ਨਿਕਲ ਸਕੀ। ਅਸਲ ਵਿਚ ਚਿੱਤਰਕਾਰੀ ਦੀ ਦੁਨੀਆਂ ਉਤੇ ਇਕ ਤਰ੍ਹਾਂ ਨਾਲ ਮਰਦ ਪ੍ਰਬੰਧਕਾਂ ਦਾ ਹੀ ਕਬਜ਼ਾ ਰਿਹਾ ਹੈ। ਕਲਾ ਆਲੋਚਕਾਂ ਦਾ ਇਹ ਮੰਨਣਾ ਹੈ ਕਿ ਅਜਿਹੇ ਪ੍ਰਬੰਧਾਂ ਦਾ ਅਸਰ ਚਿੱਤਰਾਂ ਦੀ ਨੁਮਾਇਸ਼, ਚਰਚਾ ਤੇ ਕੀਮਤ ਉਤੇ ਬਾਕਾਇਦਾ ਪੈਂਦਾ ਹੈ।

ਓ'ਕੀਫ਼ੀ ਦਾ ਜਨਮ 15 ਨਵੰਬਰ 1887 ਨੂੰ ਹੋਇਆ ਸੀ ਅਤੇ ਉਸ ਦਾ ਦੇਹਾਂਤ 6 ਮਾਰਚ 1986 ਨੂੰ ਹੋ ਗਿਆ। ਉਹਨੇ ਆਪਣੀ ਜ਼ਿੰਦਗੀ ਦਾ ਮੁੱਢਲਾ ਹਿੱਸਾ ਅਮਰੀਕਾ ਦੇ ਸ਼ਹਿਰ ਨਿਊ ਯਾਰਕ ਵਿਚ ਗੁਜ਼ਾਰਿਆ ਸੀ ਅਤੇ ਬਾਅਦ ਵਿਚ ਉਹ ਨਿਊ ਮੈਕਸੀਕੋ ਚਲੇ ਗਈ ਸੀ ਅਤੇ ਫਿਰ ਉਥੇ ਹੀ ਪੱਕਾ ਟਿਕਾਣਾ ਬਣਾ ਲਿਆ। ਉਥੇ ਉਸ ਨੇ ਲੈਂਡਸਕੇਪਸ ਦੀਆਂ ਵਿਸ਼ਾਲ ਪੇਂਟਿੰਗਜ਼ ਬਣਾਈਆਂ ਜੋ ਚਰਚਾ ਦਾ ਵਿਸ਼ਾ ਬਣੀਆਂ। ਉਸ ਨੇ ਚਿੱਤਰਕਾਰੀ ਦੀ ਦੁਨੀਆਂ ਵਿਚ ਸਭ ਤੋਂ ਪਹਿਲਾਂ 1916 ਵਿਚ ਧਿਆਨ ਖਿੱਚਿਆ ਸੀ। ਉਸ ਵੱਲੋਂ ਬਣਾਈਆਂ ਫੁੱਲਾਂ ਦੀਆਂ ਤਸਵੀਰਾਂ ਉਸ ਦੀ ਆਪਣੀ ਸ਼ਖਸੀਅਤ ਵਾਂਗ ਖਿੜੀਆਂ ਹੋਈਆਂ ਸਨ। ਉਸ ਨੇ ਇਨ੍ਹਾਂ ਫੁੱਲਾਂ ਦੇ ਕਲੋਜ਼ਅੱਪ ਚਿੱਤਰ ਕੇ ਇਨ੍ਹਾਂ ਨੂੰ ਫੁੱਲਾਂ ਨਾਲੋਂ ਵੀ ਸੋਹਣੀ ਦਿਖ ਬਖ਼ਸ਼ ਦਿੱਤੀ ਸੀ। ਉਸ ਦੀ ਇੰਨੀ ਧੁੰਮ ਪਈ ਕਿ ਉਸ ਨੂੰ ਅਮਰੀਕੀ ਆਧੁਨਿਕਤਾ ਦੀ ਮਾਂ ਮੰਨਿਆ ਗਿਆ।

***-ਗੁਰਬਖਸ਼ ਸਿੰਘ ਸੋਢੀ***





*ਚਿੱਤਰਕਾਰ ਜਾਰਜੀਆ ਓ'ਕੀਫ਼ੀ ਵੱਲੋਂ ਫੁੱਲਾਂ ਦੇ ਬਣਾਏ ਚਿੱਤਰ।*

## ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 6 ਦਸੰਬਰ 2014 ਹੈ। -ਸੰਪਾਦਕ

### ਕੈਪਸ਼ਨ ਮੁਕਾਬਲਾ-145




*ਮਿੱਟੀ ਦੀ ਵੀ ਸੱਸ ਬੁਰੀ ਹੁੰਦੀ, ਇੰਜ ਕਹਿਣ ਨੂੰਹਾਂ,*
*'ਕੁੱਟਣੀ ਸੰਦੂਕਾਂ ਓਹਲੇ' ਗੀਤ ਨਾਲੇ ਗਾਉਂਦੀਆਂ।*
*ਐਸੀਆਂ ਵੀ ਹੈਗੀਆਂ ਨੇ ਅੱਜ ਦੇ ਜ਼ਮਾਨੇ ਵਿਚ,*
*ਪੈਰ ਧੋ ਧੋ ਸੱਸ ਜੀ ਦੇ ਦਿਲ ਨੂੰ ਜੋ ਭਾਉਂਦੀਆਂ।*

### ਕੈਪਸ਼ਨ ਮੁਕਾਬਲਾ-143



ਸਾਉਣੀ ਦੀ ਇਹ ਫਸਲ ਸੁਨਹਿਰੀ
ਸਭ ਦੇ ਮਨ ਨੂੰ ਭਾਵੇ।
ਗੁੱਲਾ ਨਾਲੋਂ ਅੱਡ ਕਰਨ ਲਈ
ਢੇਰੀ ਜੱਟ ਲਗਾਵੇ।
ਸੋਟਿਆਂ ਦੀ ਥਾਂ ਮਸ਼ੀਨ ਆ ਗਈ
ਝੱਟ ਪਟ ਕੰਮ ਮੁਕਾਵੇ।
ਤੌੜੀ ਵਿਚਲਾ ਸਾਗ ਉਡੀਕੇ
ਕਦ ਆਟਾ ਬਣ ਕੇ ਆਵੇ।

*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਰਲ ਮਿਲ ਸਾਰੇ ਟੱਬਰ ਨੇ
ਕੱਢ ਕੱਢ ਛੱਲੀਆਂ ਭਰ ਲਿਆ ਵਿਹੜਾ।
ਤੱਕ ਚੜ੍ਹ ਆਉਂਦਾ ਬੱਦਲ ਉਪਰੋਂ
ਛੇਤੀ ਕੱਢ ਦਾਣੇ ਕਰੀਏ ਨਿਬੇੜਾ।
ਲੱਸੀ, ਦਹੀਂ ਤੇ ਮੱਕੀ ਦੀ ਰੋਟੀ
ਸਾਗ ਸਰੋਂ 'ਚ ਮੱਖਣ ਦਾ ਪੇੜਾ।
ਮੁਰਗ ਮੁਸੱਲਮ ਭੁੱਲ ਜਾਂਦੇ ਸਭ
ਜਦੋਂ ਖਾ ਮੁੱਖੜੇ 'ਤੇ ਆਵੇ ਖੇੜਾ।

*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*

---

ਛੱਲੀਆਂ ਕੁੱਟ ਕੇ ਦਾਣੇ ਵੱਖ ਕਰ ਲਓ
ਹੁੰਦਾ ਜਾਪੇ ਮੌਸਮ ਵੀ ਖਰਾਬ ਜੀਓ।
ਕਰੋ ਹਿੰਮਤ ਤੇ ਮਾਰੋ ਹੰਭਲਾ ਰਲ ਕੇ
ਹੋ ਜਾਣੈ ਨਹੀਂ ਤਾਂ
ਨੁਕਸਾਨ ਬੇਹਿਸਾਬ ਜੀਓ।

*-ਪਰਸ਼ੋਤਮ ਸਿੰਘ ਯੂਬਾ ਸਿਟੀ*

---

ਕੱਢ ਕੇ ਛੱਲੀਆਂ, ਪਾ ਕੇ ਧੁੱਪੇ
ਮਾਰ ਮਾਰ ਕੇ ਮੁੰਗਲੇ ਕਰਨੇ ਵੱਖ ਦਾਣੇ।
ਇਹ ਬੀਤੇ ਦੀਆਂ ਹੋ ਗਈਆਂ ਗੱਲਾਂ
ਪਹਿਲਾਂ ਕੁੱਟ ਕੁੱਟ ਕੱਢਦੇ ਸੀ ਦਾਣੇ।
ਮਸ਼ੀਨਾਂ ਨਾਲ ਕੰਮ ਹੋ ਗਿਆ ਸੁਖਾਲਾ
ਹੁਣ ਲੋਕ ਹੋ ਗਏ ਸਿਆਣੇ।

*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-690-8403*

## ਕਾਵਿ-ਵਿਅੰਗ

### *ਹਲਵਾਈ*


ਹੈਪੀ ਰਾਮ ਹਲਵਾਈ ਦੀ ਸ਼ਾਪ ਉਤੋਂ, ਇੱਕ ਦਿਨ ਖਾਣ ਨੂੰ ਕੀਤਾ ਕੁਝ ਮਨ ਬਾਬਾ।
ਵੀਹ ਰੁਪਏ ਇੱਕ ਸਮੋਸੇ ਦਾ ਰੇਟ ਸੁਣ ਕੇ, ਕੰਬ ਗਿਆ ਖੜ੍ਹੇ ਖੜ੍ਹੋਤੇ ਦਾ ਤਨ ਬਾਬਾ।
ਵੱਧ ਰੇਟ ਲਈ ਜਦੋਂ ਮੈਂ ਸਵਾਲ ਕੀਤਾ, ਮਿਲਿਆ ਉਤਰ 'ਸਮੋਸਾ ਹੈ ਏ ਵੰਨ' ਬਾਬਾ।
ਉਚੀ ਦੁਕਾਨ ਤੋਂ ਫਿੱਕਾ ਪਕਵਾਨ ਖਾ ਕੇ, 'ਚੋਹਲੇ ਵਾਲਾ' ਨਾ ਹੋਇਆ ਪ੍ਰਸੰਨ ਬਾਬਾ।

***-ਰਮੇਸ਼ ਬੱਗਾ ਚੋਹਲਾ, ਫੋਨ: 91-94631-32719***

# ਦਵਿੰਦਰ ਦਮਨ ਦਾ ਨਾਟਕ 'ਕਾਮਾਗਾਟਾ ਮਾਰੂ ਸਫਰ ਜਾਰੀ ਹੈ'

**ਐਸ. ਅਸ਼ੋਕ ਭੌਰਾ**

ਕਈ ਵਾਰ ਕੁਝ ਕੰਮਾਂ ਨੇ ਪਛੜ ਕੇ ਹੀ ਮੁਕੰਮਲ ਹੋਣਾ ਹੁੰਦਾ ਹੈ। ਕੈਲੀਫੋਰਨੀਆ ਵਿਚ ਭਾਵੇਂ ਪਿਛਲੇ ਵਰ੍ਹੇ ਗਦਰ ਲਹਿਰ ਦੇ ਇਤਿਹਾਸ ਦੀ ਬਾਤ ਪਾਉਣ ਵਾਲੀਆਂ ਸਾਰੀਆਂ ਸੰਸਥਾਵਾਂ ਨੇ ਗਦਰ ਸ਼ਤਾਬਦੀ 'ਤੇ ਵੱਡੇ ਮੇਲੇ ਲਾਉਣ ਦਾ



ਦਵਿੰਦਰ ਦਮਨ

ਯਤਨ ਕੀਤਾ ਹੈ, ਪਰ ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ ਵਲੋਂ ਦੋ ਹੋਰ ਸੰਸਥਾਵਾਂ ਇੰਡੋ-ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਬੇ-ਏਰੀਆ ਅਤੇ ਇੰਡੋ-ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ ਨੂੰ ਨਾਲ ਜੋੜ ਕੇ ਤਿੰਨ ਸ਼ਹਿਰਾਂ ਵਿਚ ਦਵਿੰਦਰ ਦਮਨ ਦੇ ਰਚੇ ਅਤੇ ਨਿਰਦੇਸ਼ਨ ਕੀਤੇ ਨਾਟਕ 'ਕਾਮਾਗਾਟਾ ਮਾਰੂ ਸਫਰ ਜਾਰੀ ਹੈ' ਦਾ ਮੰਚਨ ਕਰਵਾਇਆ ਜਾ ਰਿਹਾ ਹੈ। ਨਿਸ਼ਚੇ ਹੀ ਸਲਾਹੁਣਯੋਗ ਤੇ ਖਾਸ ਗੱਲ ਇਹ ਹੋਵੇਗੀ ਕਿ ਸਹੀ ਅਰਥਾਂ ਵਿਚ ਨਾ ਸਿਰਫ ਗਦਰ ਲਹਿਰ ਦੀ ਗੱਲ ਤੁਰੇਗੀ, ਸਗੋਂ ਆਜ਼ਾਦੀ ਲਈ ਕੁਰਬਾਨ ਹੋਣ ਵਾਲੀ ਖੂਨੀ ਗਾਥਾ ਦੀ ਨਾਟਕੀ ਪੇਸ਼ਕਾਰੀ ਨਾਲ ਉਦੇਸ਼ ਤੇ ਆਦਰਸ਼ ਵੀ ਸਪਸ਼ਟ ਹੋ ਜਾਣਗੇ ਤੇ ਆਉਣ ਵਾਲੀਆਂ ਨਸਲਾਂ ਨੂੰ ਇਤਿਹਾਸ ਦੀ ਵਿਥਿਆ ਵਿਚ ਜੋੜਨ ਦੀ ਸਾਰਥਕ ਪਹੁੰਚ ਵੀ ਸਫਲ ਹੋਵੇਗੀ।

ਪ੍ਰੋਗਰੈਸਿਵ ਆਰਟ ਐਸੋਸੀਏਸ਼ਨ ਆਫ ਅਲਬਰਟਾ ਵਲੋਂ ਨਾਟਕ ਦੇ ਖੇਤਰ ਦੀ ਮੁਕੰਮਲ ਹਸਤੀ ਦਵਿੰਦਰ ਦਮਨ ਦੇ ਨਿਰਦੇਸ਼ਨਾ ਹੇਠ ਪੇਸ਼ ਇਸ ਨਾਟਕ ਵਿਚ ਸਾਮਰਾਜਵਾਦ ਦੀਆਂ ਪਰਤਾਂ ਖੋਲ੍ਹਣ ਦੇ ਨਾਲ-ਨਾਲ ਨਸਲੀ ਭਿੰਨ ਦਾ ਜ਼ੁਲਮ ਸਹਿਣ ਕਰਨ ਵਾਲੇ ਸੂਰਬੀਰਾਂ ਦੀਆਂ ਕੁਰਬਾਨੀਆਂ ਮੂੰਹੋਂ ਬੋਲਣਗੀਆਂ। ਦਵਿੰਦਰ ਦਮਨ ਨੇ ਮੁਲਾਕਾਤ ਦੌਰਾਨ ਦੱਸਿਆ ਕਿ ਭਾਰਤੀ ਹੁਕਮਰਾਨਾਂ ਵੱਲੋਂ ਦੇਸ਼ ਵਾਸੀਆਂ ਦੇ ਬਾਹਰ ਜਾਣ 'ਤੇ ਇਕ ਤਰ੍ਹਾਂ ਨਾਲ ਪਾਬੰਦੀ ਸੀ ਤਾਂ ਕਿ ਉਹ ਆਜ਼ਾਦੀ ਦਾ ਅਨੁਭਵ ਹੀ ਨਾ ਮਾਣ ਸਕਣ ਅਤੇ ਕਲਕੱਤਾ ਬੰਦਰਗਾਹ ਤੋਂ ਇਕ ਤਰ੍ਹਾਂ ਨਾਲ ਅਜਿਹਾ ਕਰਨਾ ਅਸੰਭਵ ਹੀ ਸੀ। ਬਾਬਾ ਗੁਰਦਿੱਤ ਸਿੰਘ ਨੇ ਕਾਮਾਗਾਟਾ ਮਾਰੂ ਜਹਾਜ਼ ਭਾਵੇਂ ਵਪਾਰ ਦੇ ਨਜ਼ਰੀਏ ਤੋਂ ਹੀ ਚਾਰਟਰਡ ਰੂਪ ਵਿਚ ਚਲਾਇਆ ਗਿਆ ਸੀ, ਪਰ ਅਸਲ ਵਿਚ ਇਹ ਆਜ਼ਾਦੀ ਦਾ ਪਹਿਲਾ ਮਿਸ਼ਨ ਤੇ ਬੀਜ ਸੀ ਜਿਸ ਨਾਲ ਗਦਰ ਲਹਿਰ ਸਿਖ਼ਰ 'ਤੇ ਪੁੱਜੀ।

ਦਮਨ ਅਨੁਸਾਰ ਘੱਟੋ-ਘੱਟ ਹਰ ਪੰਜਾਬੀ ਪਰਿਵਾਰ ਨੂੰ ਇਹ ਨਾਟਕ ਇਸ ਕਰ ਕੇ ਵੇਖਣਾ ਚਾਹੀਦਾ ਹੈ ਕਿ ਕੈਨੇਡਾ ਵਰਗੀਆਂ ਸਰਕਾਰਾਂ ਭਾਵੇਂ ਮੁਆਫੀ ਕਿਉਂ ਨਹੀਂ ਮੰਗ ਰਹੀਆਂ, ਪਰ ਅੰਦਰੋਂ ਮਜ਼ਾਕ ਹੀ ਹੈ, ਕਿਉਂਕਿ ਇਹ ਮੁਲਕ ਨਸਲਵਾਦ ਤੇ ਸਾਮਰਾਜਵਾਦ ਤੋਂ ਹਾਲੇ ਮੁਕਤ ਨਾ ਹੋਣ ਦਾ ਹੀ ਕਾਰਨ ਹੈ ਕਿ ਨਾਗਰਿਕਤਾ ਦੇਣ ਤੋਂ ਬਾਅਦ ਵੀ ਇਹ ਕਿਸੇ ਨੂੰ ਵੀ ਦੇਸ਼ ਨਿਕਾਲਾ ਦੇ ਸਕਦੇ ਹਨ। ਨਾਟਕ ਦਰਸਾਏਗਾ ਕਿ ਕਿਵੇਂ ਬਜ ਬਜ ਘਾਟ ਵਿਚ ਗੋਲੀਆਂ ਚੱਲੀਆਂ ਤੇ ਖੂਨੀ ਸਾਕਾ ਵਾਪਰ ਗਿਆ। ਉਨ੍ਹਾਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਨਾਟਕ ਨਾ ਸਿਰਫ ਨਵੀਂ ਪੀੜ੍ਹੀ ਨੂੰ ਮਹਾਨ ਵਿਰਾਸਤ ਨਾਲ ਜੋੜੇਗਾ, ਸਗੋਂ ਕੁਰਬਾਨ ਹੋਣ ਤੋਂ ਪਹਿਲਾਂ ਜਿਹੜੇ ਦੁੱਖ ਤਕਲੀਫ ਤੇ ਕਸ਼ਟ ਝੱਲ ਕੇ ਗਦਰੀ ਬਾਬਿਆਂ ਨੇ ਸ਼ਹਾਦਤਾਂ ਦਿੱਤੀਆਂ,

## ਕੁਝ ਖਾਸ

ਉਨ੍ਹਾਂ ਦਾ ਵਰਤਮਾਨ ਪ੍ਰਸੰਗ ਵਿਚ ਕਿੰਨਾ ਮਹੱਤਵ ਹੈ, ਇਸ ਬਾਰੇ ਵੀ ਦੱਸੇਗਾ।

ਪ੍ਰੋਗਰੈਸਿਵ ਆਰਟ ਐਸੋਸੀਏਸ਼ਨ ਦੇ ਮੁੱਖ ਸੰਚਾਲਕ ਜੋਗਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਉਹ ਚਿਰ ਤੋਂ ਥੀਏਟਰ ਨਾਲ ਜੁੜੇ ਹੋਏ ਹਨ। ਉਨ੍ਹਾਂ ਨੇ ਪੁਨਰ ਜਨਮ, ਮੰਜੀ ਕੁਰਸੀ, ਹਵਾ 'ਚ ਲਟਕਦੇ ਲੋਕ, ਉਠਣ ਦਾ ਵੇਲਾ ਆਦਿ ਦਰਜਨਾਂ ਨਾਟਕ ਹੀ ਨਹੀਂ ਖੇਡੇ ਸਗੋਂ ਆਰਟ ਤੇ ਲੋਕ



ਕਲਾਵਾਂ ਨਾਲ ਜੁੜੇ ਲੋਕਾਂ ਦਾ ਮਾਣ ਸਨਮਾਨ, ਸੈਮੀਨਾਰ ਤੇ ਗੋਸ਼ਟੀਆਂ ਵੀ ਕੀਤੀਆਂ ਹਨ। ਦਵਿੰਦਰ ਦਮਨ ਦੇ ਨਾਟਕ 'ਛਿਪਣ ਤੋਂ ਪਹਿਲਾਂ' ਅਤੇ 'ਨਿਸ਼ਾਨ-ਏ-ਗਦਰ' ਵੀ ਪਿਛਲੇ ਵਰ੍ਹੇ ਸ਼ਤਾਬਦੀ 'ਤੇ ਖੇਡਣ ਦਾ ਜਸ ਵੀ ਖੱਟਿਆ। ਉਸ ਦੀ ਟੀਮ ਵਿਚ ਸਾਹਿਬ ਸਿੰਘ ਤੇ ਭਾਜੀ ਗੁਰਸ਼ਰਨ ਨਾਲ ਕੰਮ ਕਰ ਚੁੱਕੇ ਗੁਰਜੀਤ ਕੰਗ ਵਰਗਾ ਅਦਾਕਾਰ ਵੀ ਹੈ ਤੇ ਮਾਂ ਦਾ ਕਿਰਦਾਰ ਨਿਭਾਉਣ ਵਾਲੀ ਬਖ਼ਸ਼ ਸੰਘਾ ਵੀ, ਤੇ ਉਹ ਖੁਦ ਬਾਬਾ ਗੁਰਦਿੱਤ ਸਿੰਘ ਦੀ ਭੂਮਿਕਾ ਨਿਭਾਅ ਰਹੇ ਹਨ। ਨਾਟਕ ਦੀ ਸਮੁੱਚੀ ਪੰਦਰਾਂ ਮੈਂਬਰੀ ਟੀਮ ਇਕ-ਦੂਜੇ ਤੋਂ ਅੱਗੇ ਹੈ।

ਅਵਤਾਰ ਤਾਰੀ ਤੇ ਸੁਰਿੰਦਰ ਮੰਢਾਲੀ ਅਨੁਸਾਰ ਨਾਟਕ 'ਕਾਮਾਗਾਟਾ ਮਾਰੂ ਸਫਰ ਜਾਰੀ ਹੈ' ਜੂਨੀਅਰ ਮਾਰਟਿਨ ਲੂਥਰ ਮਿਡਲ ਸਕੂਲ ਹੇਵਰਡ ਵਿਚ ਅਤੇ ਪ੍ਰਫਾਰਮਿੰਗ ਆਰਟ ਸੈਂਟਰ ਸਨੀ ਸਾਈਡ ਸਕੂਲ ਫਰਿਜ਼ਨੋ 'ਚ ਕ੍ਰਮਵਾਰ 5 ਦਸੰਬਰ ਅਤੇ 7 ਦਸੰਬਰ ਨੂੰ ਸ਼ਾਮ 6 ਵਜੇ ਅਤੇ 2 ਵਜੇ ਦੁਪਹਿਰ ਹੋਵੇਗਾ। ਵਿਚਕਾਰਲੇ ਦਿਨ 6 ਦਸੰਬਰ ਨੂੰ ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ ਵੱਲੋਂ ਆਪਣੇ ਸਾਲਾਨਾ ਮੇਲੇ ਦੌਰਾਨ ਇਹ ਨਾਟਕ ਖੇਡਿਆ ਜਾਵੇਗਾ। ਕੁਲਦੀਪ ਸਿੰਘ ਅਟਵਾਲ ਤੇ ਸੁਰਜੀਤ ਸਿੰਘ ਅਟਵਾਲ ਨੇ ਸੈਕਰਾਮੈਂਟੋ ਵਿਚ ਸਾਰਿਆਂ ਨੂੰ ਪਹੁੰਚਣ ਦੀ ਬੇਨਤੀ ਕਰਦਿਆਂ ਕਿਹਾ ਕਿ ਪੰਮੀ ਮਾਨ, ਅਨੂਪ ਚੀਮਾ, ਅਮਰਜੀਤ ਦੁਲਾਈ, ਤਰਲੋਕ ਸਿੰਘ ਤੇ ਸੰਨੀ ਬੱਬਰ ਦੇ ਇਨਕਲਾਬੀ ਗੀਤਾਂ ਦੀ ਪੇਸ਼ਕਾਰੀ ਤੋਂ ਸਿਵਾ ਡਾਕਟਰ ਗੁਰਮੇਲ ਸਿੱਧੂ, ਚਰਨ ਜੱਜ ਤੇ ਕੁਲਵੰਤ ਸਿੰਘ ਢੇਸੀ ਵਿਚਾਰ ਰੱਖਣਗੇ ਤੇ ਉਪਰੰਤ 'ਕਾਮਾਗਾਟਾ ਮਾਰੂ ਸਫਰ ਜਾਰੀ ਹੈ' ਖੇਡਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਨਾ ਸਿਰਫ ਮੁਫ਼ਤ ਦਾਖਲਾ ਹੈ, ਸਗੋਂ ਸਮੁੱਚੇ ਮੇਲੇ ਦੌਰਾਨ ਕੋਜਿਊਮਨਜ਼ ਓਕ ਹਾਈ ਸਕੂਲ ਦੇ ਐਲਕ ਗਰੋਵ ਦੇ ਪ੍ਰਫਾਰਮਿੰਗ ਆਰਟ ਸੈਂਟਰ ਵਿਚ ਸਵੇਰੇ 11 ਵਜੇ ਤੋਂ ਸ਼ਾਮ 6 ਵਜੇ ਤੱਕ ਮੁਫਤ ਫਰੂਟ ਤੇ ਖਾਣਾ ਵੀ ਮਿਲੇਗਾ।

## ਭਾਰਤ ਤੇ ਨੇਪਾਲ ਵੱਲੋਂ 10 ਸਮਝੌਤਿਆਂ 'ਤੇ ਸਹੀ

**ਕਾਠਮੰਡੂ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਨੇਪਾਲ ਦੇ ਹਮਰੁਤਬਾ ਸਤੀਸ਼ ਕੋਇਰਾਲਾ ਨਾਲ ਮੁੱਖ ਰਣਨੀਤਕ ਮੁੱਦਿਆਂ 'ਤੇ ਗੱਲਬਾਤ ਕੀਤੀ ਤੇ ਨੇਪਾਲ ਨੂੰ ਇਕ ਅਰਬ ਡਾਲਰ ਦੀ ਸਹਾਇਤਾ ਸਮੇਤ 10 ਸਮਝੌਤਿਆਂ 'ਤੇ ਦਸਤਖਤ ਕੀਤੇ।

ਦੁਵੱਲੇ ਸਬੰਧਾਂ ਦੀ ਗੱਲ ਕਰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਜਦੋਂ ਅਸੀਂ ਇਕ ਦੂਸਰੇ 'ਤੇ ਭਰੋਸਾ ਕਰਦੇ ਹਾਂ ਤਾਂ ਬਹੁਤ ਤੇਜ਼ੀ ਨਾਲ ਅੱਗੇ ਵਧ ਸਕਦੇ ਹਾਂ। ਕਾਠਮੰਡੂ ਦੇ ਬੀੜ ਹਸਪਤਾਲ ਵਿਖੇ ਭਾਰਤ ਵੱਲੋਂ ਬਣਾਏ ਟਰੋਮਾ ਸੈਂਟਰ ਦਾ ਉਦਘਾਟਨ ਕਰਦਿਆਂ ਉਨ੍ਹਾਂ ਕਿਹਾ ਕਿ 25 ਸਾਲਾਂ ਤੋਂ ਲਟਕ ਰਹੇ ਪ੍ਰਾਜੈਕਟ ਅੱਗੇ ਵਧ ਰਹੇ ਹਨ। ਇਸ ਮੌਕੇ ਉਨ੍ਹਾਂ ਨੇਪਾਲ ਦੇ ਸੰਵਿਧਾਨ ਦਾ ਖਰੜਾ ਛੇਤੀ ਤਿਆਰ ਕਰਨ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਜੇਕਰ ਨੇਪਾਲ ਅਜਿਹਾ ਕਰਨ ਵਿਚ ਨਾਕਾਮ ਰਿਹਾ ਤਾਂ ਉਸ ਲਈ ਮੁਸ਼ਕਲਾਂ ਵਧਣਗੀਆਂ। ਦੋਵਾਂ ਨੇਤਾਵਾਂ ਵਿਚਕਾਰ ਗੱਲਬਾਤ ਪਿੱਛੋਂ ਦੋਵੇਂ ਧਿਰਾਂ ਨੇ ਨੇਪਾਲ ਦੇ ਬੁਨਿਆਦੀ ਢਾਂਚੇ ਲਈ ਇਕ ਅਰਬ ਡਾਲਰ ਦੀ ਸਹਾਇਤਾ ਦੀਆਂ ਸ਼ਰਤਾਂ ਨੂੰ ਅੰਤਿਮ ਰੂਪ ਦਿੱਤਾ। ਭਾਰਤ ਤੇ ਨੇਪਾਲ ਨੇ ਮੋਟਰ ਵਹੀਕਲ ਸਮਝੌਤੇ 'ਤੇ ਦਸਤਖਤ ਕੀਤੇ ਜਿਸ ਤਹਿਤ ਇਕ ਦੂਸਰੇ ਦੇਸ਼ ਵਿਚ ਨਿਰਧਾਰਤ ਰੂਟਾਂ 'ਤੇ ਮੋਟਰ ਗੱਡੀਆਂ ਚਲਾਉਣ ਦੀ ਇਜਾਜ਼ਤ ਹੋਵੇਗੀ।


ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ

Punjab Truck Wash & Repair 2301 Simpson Street, Kingsburg, CA 93631

ਫਰੀਵੇ ਦੇ ਬਹੁਤ ਨਜ਼ਦੀਕ- 99 ਨਾਰਥ ਤੋਂ ਐਗਜ਼ਿਟ 112, 99 ਸਾਊਥ ਤੋਂ ਐਗਜ਼ਿਟ 114





*ਨਵੇਂ ਪੁਰਾਣੇ ਟਾਇਰ *ਬਰੇਕ
*ਆਇਲ ਚੇਂਜ *ਰੀਅਰਐਂਡ
*ਸਸਪੈਂਸ਼ਨ *ਇੰਸ਼ਪੈਕਸ਼ਨ
*ਕਲੱਚ *ਵੈਲਡਿੰਗ

Oil Change Special $179.99
Labour $55 per hour
All major and minor repairs.

ਤਸੱਲੀਬਖ਼ਸ਼ ਕੰਮ
ਵਾਜਬ ਰੇਟ

Free Parking






ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ
ਫੋਨ: 559-897-2323, ਸੈਲ: 209-923-1110

# ਮਹਿੰਗੀਆਂ ਪਈਆਂ ਉਦਯੋਗਿਕ ਘਰਾਣਿਆਂ ਨਾਲ ਵਫਾਦਾਰੀਆਂ

**ਚੰਡੀਗੜ੍ਹ:** ਮਾਲੀ ਤੰਗੀ ਨਾਲ ਦੋ ਹੱਥ ਕਰ ਰਹੀ ਪੰਜਾਬ ਸਰਕਾਰ ਉਦਯੋਗਿਕ ਘਰਾਣਿਆਂ ਨਾਲ ਵਫਾਦਾਰੀਆਂ ਪੁਗਾਉਣ ਲੱਗੀ ਹੈ। ਸਰਕਾਰ ਦੀ ਇਹ ਵਫਾਦਾਰੀ ਸਬੰਧਤ ਵਿਭਾਗਾਂ ਨੂੰ ਕਾਫੀ ਮਹਿੰਗੀ ਪੈ ਰਹੀ ਹੈ ਕਿਉਂਕਿ ਵਿਭਾਗਾਂ ਦੀ ਜ਼ਮੀਨ ਉਨ੍ਹਾਂ ਦੀ ਮਰਜ਼ੀ ਖਿਲਾਫ ਇਨ੍ਹਾਂ ਘਰਾਣਿਆਂ ਨੂੰ ਮੁਫਤੋਂ ਮੁਫਤ ਦਾਨ ਕੀਤੀ ਜਾ ਰਹੀ ਹੈ। ਸਰਕਾਰ ਵੱਲੋਂ ਪੰਜਾਬ ਰਾਜ ਹੌਜ਼ਰੀ ਨਿਟਵਿਅਰ ਵਿਕਾਸ ਨਿਗਮ ਲਿਮਟਿਡ ਦੀ ਉਦਯੋਗਿਕ ਫੋਕਲ ਪੁਆਇੰਟ ਲੁਧਿਆਣਾ ਸਥਿਤ 85 ਕਰੋੜ ਰੁਪਏ ਦੀ ਜਾਇਦਾਦ 'ਹੀਰੋ ਗਰੁੱਪ' ਨੂੰ ਮੁਫ਼ਤ ਦਿੱਤੀ ਜਾ ਰਹੀ ਹੈ।

ਉਦਯੋਗ ਵਿਭਾਗ ਨੇ ਇਸ ਬਾਰੇ ਪ੍ਰਸਤਾਵ ਮੁੱਖ ਮੰਤਰੀ ਦਫ਼ਤਰ ਨੂੰ ਭੇਜ ਦਿੱਤਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਇੱਛਾ ਮੁਤਾਬਕ ਹੀਰੋ ਗਰੁੱਪ ਵੱਲੋਂ ਇਸ ਸਰਕਾਰੀ ਜ਼ਮੀਨ 'ਤੇ 'ਸਕਿਲ ਡਿਵੈਲਪਮੈਂਟ ਸੈਂਟਰ' ਖੋਲ੍ਹੇ ਜਾਣ ਦੀ ਤਜਵੀਜ਼ ਹੈ। ਉਦਯੋਗ ਵਿਭਾਗ ਵੱਲੋਂ ਇਸ ਜ਼ਮੀਨ ਦੀ ਕੀਮਤ 85 ਕਰੋੜ 75 ਲੱਖ ਰੁਪਏ ਦੱਸੀ ਗਈ ਹੈ। ਇਸ ਬਾਰੇ ਆਮਦਨ ਕਰ ਦੀ ਅਦਾਇਗੀ ਵੀ ਸਰਕਾਰ ਵੱਲੋਂ ਕੀਤੀ ਜਾ ਰਹੀ ਹੈ।

ਆਮਦਨ ਕਰ ਦੀ ਅਦਾਇਗੀ ਬਾਰੇ ਵਿੱਤ ਵਿਭਾਗ ਵੱਲੋਂ ਭਾਵੇਂ ਉਜ਼ਰ ਕੀਤਾ ਜਾ ਰਿਹਾ ਹੈ ਪਰ ਮੁੱਖ ਮੰਤਰੀ ਜ਼ਮੀਨ ਦੇਣ ਲਈ ਬਜ਼ਿੱਦ ਹਨ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਜ਼ਮੀਨ ਉਦਯੋਗਿਕ ਘਰਾਣੇ ਦੇ ਨਾਂ ਤਬਦੀਲ ਕਰਨ ਦੀਆਂ ਹਦਾਇਤਾਂ ਕੀਤੀਆਂ। ਮਿਲੀ ਜਾਣਕਾਰੀ ਮੁਤਾਬਕ ਹੀਰੋ ਗਰੁੱਪ ਵੱਲੋਂ 5500 ਵਰਗ ਮੀਟਰ ਥਾਂ ਦੀ ਮੰਗ ਕੀਤੀ ਗਈ ਹੈ। ਨਿਗਮ ਦੀ ਸਾਰੀ ਜ਼ਮੀਨ ਜੋ ਕਿ 34300 ਵਰਗ ਗਜ਼ ਬਣਦੀ ਹੈ, ਉਦਯੋਗਿਕ ਘਰਾਣੇ ਦੇ ਨਾਂ ਤਬਦੀਲ ਕਰਨ ਲਈ ਪ੍ਰਸਤਾਵ ਤਿਆਰ ਹੋ ਗਿਆ।

### ਹੀਰੋ ਗਰੁੱਪ ਨੂੰ 85 ਕਰੋੜ ਦੀ ਜਾਇਦਾਦ ਮੁਫ਼ਤ ਦੇਣ ਦੀ ਤਿਆਰੀ



ਉਦਯੋਗ ਤੇ ਮਾਲ ਵਿਭਾਗ ਦੇ ਅਧਿਕਾਰੀਆਂ ਦੀ 19 ਅਗਸਤ ਨੂੰ ਲੁਧਿਆਣਾ ਵਿਚ ਹੋਈ ਮੀਟਿੰਗ ਦੌਰਾਨ ਜ਼ਿਲ੍ਹਾ ਮਾਲ ਅਫ਼ਸਰ ਲੁਧਿਆਣਾ ਨੇ ਦੱਸਿਆ ਕਿ ਬਾਜ਼ਾਰ ਵਿਚ ਇਸ ਜ਼ਮੀਨ ਦੀ ਕੀਮਤ 85 ਕਰੋੜ 75 ਲੱਖ ਰੁਪਏ ਬਣਦੀ ਹੈ। ਇਸ ਜ਼ਮੀਨ ਦਾ ਕੁਲੈਕਟਰ ਰੇਟ 8200 ਰੁਪਏ ਵਰਗ ਗਜ਼ ਹੈ। ਇਹ ਜ਼ਮੀਨ ਪੰਜਾਬ ਸਮਾਲ ਸਕੇਲ ਇੰਡਸਟਰੀਜ਼ ਨਿਗਮ ਵੱਲੋਂ ਖ਼ਰੀਦ ਕੇ ਹੌਜ਼ਰੀ ਨਿਗਮ ਨੂੰ 23 ਦਸੰਬਰ 1977 ਨੂੰ 99 ਸਾਲਾ ਪਟੇ 'ਤੇ ਦਿੱਤੀ ਗਈ ਸੀ। ਹੌਜ਼ਰੀ ਨਿਗਮ ਕਈ ਸਾਲਾਂ ਤੋਂ ਬੰਦ ਹੈ। ਹੌਜ਼ਰੀ ਨਿਗਮ ਦੀ 2005-2006 ਦੀ ਬੈਲੈਂਸ ਸ਼ੀਟ ਮੁਤਾਬਕ ਨਿਗਮ ਦੀਆਂ 11 ਕਰੋੜ 19 ਲੱਖ 59 ਹਜ਼ਾਰ 785 ਰੁਪਏ ਦੀਆਂ ਦੇਣਦਾਰੀਆਂ ਵੀ ਹਨ। ਨਿਯਮਾਂ ਮੁਤਾਬਕ ਹੌਜ਼ਰੀ ਨਿਗਮ ਵੱਲੋਂ ਉਦਯੋਗ ਵਿਭਾਗ ਨੂੰ ਇਹ ਜ਼ਮੀਨ ਤਬਦੀਲ ਕੀਤੀ ਜਾਵੇਗੀ ਤੇ ਉਸ ਤੋਂ ਬਾਅਦ ਵਿਭਾਗ ਵੱਲੋਂ ਹੀਰੋ ਗਰੁੱਪ ਨੂੰ ਜ਼ਮੀਨ ਲੀਜ਼ 'ਤੇ ਦਿੱਤੀ ਜਾਵੇਗੀ। ਜ਼ਮੀਨ ਦੀ ਅਦਲਾ ਬਦਲੀ ਦੌਰਾਨ ਛੇ ਕਰੋੜ 11 ਲੱਖ ਰੁਪਏ ਦਾ ਆਮਦਨ ਕਰ ਭਰਨ ਦਾ ਵੀ ਪ੍ਰਸਤਾਵ ਹੈ। ਮਾਲੀ ਸੰਕਟ ਕਾਰਨ ਵਿੱਤ ਵਿਭਾਗ ਨੇ ਆਮਦਨ ਕਰ ਦੀ ਅਦਾਇਗੀ ਸਰਕਾਰੀ ਖ਼ਜ਼ਾਨੇ ਵਿਚੋਂ ਕਰਨ 'ਤੇ ਇਤਰਾਜ਼ ਵੀ ਕੀਤਾ ਹੈ।

ਉਦਯੋਗ ਵਿਭਾਗ ਪੰਜਾਬ ਦੇ ਡਾਇਰੈਕਟਰ ਰਾਮਿੰਦਰ ਸਿੰਘ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਲੁਧਿਆਣਾ ਵਿਚ ਸਕਿਲ ਡਿਵੈਲਪਮੈਂਟ ਸੈਂਟਰ ਖੋਲ੍ਹਣ ਲਈ ਹੀਰੋ ਗਰੁੱਪ ਨੂੰ ਜ਼ਮੀਨ ਦੇਣ ਖਾਤਰ ਵਿਭਾਗ ਵੱਲੋਂ ਲੋੜੀਂਦਾ ਪ੍ਰਸਤਾਵ ਮੁੱਖ ਮੰਤਰੀ ਦਫ਼ਤਰ ਨੂੰ ਅਗਲੀ ਕਾਰਵਾਈ ਲਈ ਭੇਜ ਦਿੱਤਾ ਗਿਆ ਹੈ।

## ਨਿੱਜੀ ਵਰਤੋਂ ਲਈ ਦਿੱਤੀ ਜਾ ਰਹੀ ਹੈ ਜ਼ਮੀਨ

ਹੀਰੋ ਗਰੁੱਪ ਵੱਲੋਂ ਘੱਟ ਜ਼ਮੀਨ ਮੰਗਣ ਦੇ ਬਾਵਜੂਦ ਮੁੱਖ ਮੰਤਰੀ ਸਾਰੀ ਜ਼ਮੀਨ ਸੌਂਪਣ ਲਈ ਤਿਆਰ ਬਰ ਤਿਆਰ ਹਨ। ਇਹ ਵੀ ਖ਼ਦਸ਼ਾ ਪ੍ਰਗਟਾਇਆ ਜਾ ਰਿਹਾ ਹੈ ਕਿ ਇਸ ਉਦਯੋਗਿਕ ਘਰਾਣੇ ਨੂੰ ਸਰਕਾਰ ਦੀ ਕਰੋੜਾਂ ਰੁਪਏ ਦੀ ਜ਼ਮੀਨ ਨਿੱਜੀ ਵਰਤੋਂ ਲਈ ਹੀ ਦਿੱਤੀ ਜਾ ਰਹੀ ਹੈ। ਉਦਯੋਗ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਲੁਧਿਆਣਾ ਵਿਚ ਸਕਿਲ ਡਿਵੈਲਪਮੈਂਟ ਸੈਂਟਰ ਖੋਲ੍ਹਣ ਦਾ ਐਲਾਨ ਕੀਤਾ ਗਿਆ ਸੀ। ਹੀਰੋ ਗਰੁੱਪ ਵੱਲੋਂ ਪ੍ਰਸਤਾਵਿਤ ਸਕਿਲ ਡਿਵੈਲਪਮੈਂਟ ਸੈਂਟਰ ਵਿਚ ਨੌਜਵਾਨਾਂ ਨੂੰ ਜਿਨ੍ਹਾਂ ਕੋਰਸਾਂ ਦੀ ਸਿਖਲਾਈ ਦੇਣ ਦੀ ਯੋਜਨਾ ਹੈ, ਉਨ੍ਹਾਂ ਕੋਰਸਾਂ ਦੀਆਂ ਸੀਟਾਂ ਪੰਜਾਬ ਦੇ ਇੰਜਨੀਅਰਿੰਗ ਕਾਲਜਾਂ ਤੇ ਉਦਯੋਗਿਕ ਸਿਖਲਾਈ ਕੇਂਦਰਾਂ ਵਿਚ ਖਾਲ੍ਹੀ ਰਹਿੰਦੀਆਂ ਹਨ।

## ਬਹੁ-ਕੌਮੀ ਕੰਪਨੀਆਂ ਬਦਲ ਸਕਦੀਆਂ ਤਕਦੀਰ: ਸੁਖਬੀਰ

**ਚੰਡੀਗੜ੍ਹ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਕਹਿਣਾ ਹੈ ਕਿ ਆਰਥਿਕ ਵਿਕਾਸ ਲਈ ਬਹੁ-ਕੌਮੀ ਕੰਪਨੀਆਂ ਦਾ ਸਾਥ ਜ਼ਰੂਰੀ ਹੈ ਤੇ ਕੇਂਦਰ ਸਰਕਾਰ ਨੇ ਵੀ ਰੀਅਲ ਅਸਟੇਟ ਤੇ ਨਿਰਮਾਣ ਖੇਤਰਾਂ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਦੇ ਨਿਯਮਾਂ ਵਿਚ ਢਿੱਲ ਦੇ ਦਿੱਤੀ ਹੈ।

ਪੰਜਾਬ ਸਰਕਾਰ ਨੇ ਇਨ੍ਹਾਂ ਕੰਪਨੀਆਂ ਨੂੰ ਅਜਿਹੇ ਸਮਾਰਟ ਸ਼ਹਿਰ ਉਸਾਰਨ ਦਾ ਸੱਦਾ ਦਿੱਤਾ ਜਿਨ੍ਹਾਂ ਵਿਚ ਅਤਿ ਆਧੁਨਿਕ ਆਵਾਜਾਈ ਪ੍ਰਣਾਲੀ, ਸੁਰੱਖਿਆ ਤੇ ਮਨੋਰੰਜਨ ਲਈ ਢੁਕਵੀਆਂ ਸਹੂਲਤਾਂ ਦੇ ਨਾਲ ਉਥੇ ਰਹਿਣ ਵਾਲੇ ਲੋਕਾਂ ਤੇ ਵਪਾਰੀਆਂ ਲਈ ਢੁਕਵੀਆਂ ਸਿਹਤ ਤੇ ਸਿੱਖਿਆ ਦੀਆਂ ਸੁਵਿਧਾਵਾਂ ਵੀ ਹੋਣ। ਉਨ੍ਹਾਂ ਕਿਹਾ ਕਿ ਇਨ੍ਹਾਂ ਕੰਪਨੀਆਂ ਨੂੰ ਸੂਬੇ ਵੱਲ ਖਿੱਚਣ ਲਈ ਲਾਜ਼ਮੀ ਹੈ ਕਿ ਉਨ੍ਹਾਂ ਨੂੰ ਵੱਧ ਤੋਂ ਵੱਧ ਰਿਆਇਤਾਂ ਦਿੱਤੀਆਂ ਜਾਣ।

# ਫੂਲਕਾ ਨੂੰ ਧਮਕਾਉਣ ਵਾਲੀ ਵੀਡੀਓ ਅਦਾਲਤ ਵਿਚ ਵਿਖਾਈ

**ਨਵੀਂ ਦਿੱਲੀ:** ਵਕੀਲ ਐਚ.ਐਸ. ਫੂਲਕਾ ਵੱਲੋਂ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਦਾਇਰ ਮਾਣਹਾਨੀ ਮੁਕੱਦਮੇ ਦੀ ਸੁਣਵਾਈ ਦੌਰਾਨ ਦਿੱਲੀ ਦੀ ਅਦਾਲਤ ਨੇ ਦੋਵਾਂ ਧਿਰਾਂ ਦੀ ਹਾਜ਼ਰੀ ਵਿਚ ਵੀਸੀਆਰ ਉੱਤੇ ਇੰਟਰਵਿਊ ਦੀ ਉਹ ਟੇਪ ਦੇਖੀ ਜਿਸ ਵਿਚ ਜਗਦੀਸ਼ ਟਾਈਟਲਰ ਵਕੀਲ ਫੂਲਕਾ ਨੂੰ ਧਮਕਾਉਂਦਾ ਦੱਸਿਆ ਗਿਆ ਹੈ। ਸ. ਫੂਲਕਾ ਦੀ ਵਕੀਲ ਕਾਮਨਾ ਵੋਹਰਾ ਨੇ ਦੱਸਿਆ ਕਿ ਇਕ ਨਿੱਜੀ ਚੈਨਲ 'ਤੇ ਪ੍ਰਸਾਰਤ ਇੰਟਰਵਿਊ ਨੂੰ ਜਦੋਂ ਅਦਾਲਤ ਨੇ ਦੇਖਿਆ ਤਾਂ ਸ. ਫੂਲਕਾ ਤੇ ਜਗਦੀਸ਼ ਟਾਈਟਲਰ ਵੀ ਉੱਥੇ ਮੌਜੂਦ ਸਨ। ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 10 ਦਸੰਬਰ 'ਤੇ ਪਾ ਦਿੱਤੀ ਹੈ।



ਦੋਸ਼ ਲਾਇਆ ਗਿਆ ਸੀ ਕਿ ਇਸ ਇੰਟਰਵਿਊ ਵਿਚ ਟਾਈਟਲਰ ਨੇ ਸ. ਫੂਲਕਾ ਨੂੰ ਧਮਕਾਇਆ ਸੀ। ਕਾਮਨਾ ਵੋਹਰਾ ਨੇ ਅਦਾਲਤ ਨੂੰ ਦੱਸਿਆ ਕਿ ਇਹ ਧਮਕੀ ਦੇਣ ਦਾ ਮਾਮੂਲੀ ਮੁਕੱਦਮਾ ਨਹੀਂ ਹੈ ਸਗੋਂ ਆਜ਼ਾਦ ਭਾਰਤ ਵਿਚ ਵੱਡੇ ਪੱਧਰ 'ਤੇ ਹੋਏ ਕਤਲੇਆਮ ਨਾਲ ਜੁੜਿਆ ਮਾਮਲਾ ਵੀ ਹੈ।

ਉਨ੍ਹਾਂ ਕਿਹਾ ਕਿ ਟਾਈਟਲਰ ਨੇ ਸਿਰਫ਼ ਸ. ਫੂਲਕਾ ਦੀ ਮਾਣਹਾਨੀ ਹੀ ਨਹੀਂ ਕੀਤੀ ਸਗੋਂ ਸਿੱਖ ਭਾਈਚਾਰੇ ਦੇ ਪੀੜਤਾਂ ਦੀ ਵੀ ਬੇਇੱਜ਼ਤੀ ਕੀਤੀ ਹੈ ਜੋ ਸ. ਫੂਲਕਾ ਨੂੰ ਆਪਣਾ ਆਦਰਸ਼ ਮੰਨਦੇ ਹਨ। ਅਦਾਲਤ ਨੇ ਵੀਸੀਆਰ ਤੇ ਟੀਵੀ ਦਾ ਪ੍ਰਬੰਧ ਕਰਨ ਲਈ ਹੁਕਮ ਦਿੱਤੇ ਸਨ ਤਾਂ ਜੋ ਹਿੰਦੀ ਤੇ ਅੰਗਰੇਜ਼ੀ ਦੀ ਟੇਪ ਸੁਣੀ ਜਾ ਸਕੇ।

# ਬਾਦਲ ਨੂੰ ਘੇਰਾ ਪਾਉਣਗੇ ਬੇਰੁਜ਼ਗਾਰ ਅਧਿਆਪਕ

**ਚੰਡੀਗੜ੍ਹ:** ਪੰਜਾਬ ਵਿਚ ਮੁਲਾਜ਼ਮਾਂ ਦੀਆਂ ਹਜ਼ਾਰਾਂ ਅਸਾਮੀਆਂ ਖਾਲੀ ਹੋਣ ਦੇ ਬਾਵਜੂਦ ਉਚ ਯੋਗਤਾ ਪ੍ਰਾਪਤ ਬੇਰੁਜ਼ਗਾਰ ਨੌਕਰੀਆਂ ਉਡੀਕਦੇ ਨਿਰਧਾਰਿਤ ਉਮਰ ਦੀ ਹੱਦ ਟੱਪਦੇ ਜਾ ਰਹੇ ਹਨ। ਇਸ ਹਾਲਾਤ ਤੋਂ ਔਖੇ ਹੋਏ ਬੇਰੁਜ਼ਗਾਰ ਅਧਿਆਪਕਾਂ ਨੇ 30 ਨਵੰਬਰ ਨੂੰ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਹੈ। ਯਾਦ ਰਹੇ ਕਿ ਪੰਜਾਬ ਸਰਕਾਰ ਨੇ ਸਰਕਾਰੀ ਖ਼ਰਚਿਆਂ ਵਿਚ ਕਿਫਾਇਤ ਕਰਨ ਦੇ ਮਕਸਦ ਨਾਲ ਮੁਲਾਜ਼ਮਾਂ ਤੇ ਅਧਿਕਾਰੀਆਂ ਦੀਆਂ ਨਵੀਆਂ ਅਸਾਮੀਆਂ ਦੀ ਰਚਨਾ ਕਰਨ ਉਪਰ ਰੋਕ ਲਾਈ ਹੋਈ ਹੈ। ਬੇਰੁਜ਼ਗਾਰ ਅਧਿਆਪਕ ਯੂਨੀਅਨ ਦੇ ਜਨਰਲ ਸਕੱਤਰ ਰਘਬੀਰ ਸਿੰਘ ਮੁਤਾਬਕ ਸਰਕਾਰ ਨੇ ਟੀ.ਈ.ਟੀ. ਪਾਸ 5078 ਅਧਿਆਪਕਾਂ ਨੂੰ ਭਰਤੀ ਕਰਨ ਦੀ ਪ੍ਰਕਿਰਿਆ ਚਲਾਈ ਸੀ, ਪਰ ਮਸਾਂ 1800 ਉਮੀਦਵਾਰਾਂ ਨੂੰ ਹੀ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ।

# ਵਿਪਸਾ ਵਲੋਂ ਸਲਾਨਾ ਕਾਨਫਰੰਸ ਸਫਲਤਾ ਪੂਰਵਕ ਸਪੰਨ

**ਯੂਨੀਅਨ ਸਿਟੀ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਵਿਪਸਾ) ਵਲੋਂ ਰਾਜਾ ਸਵੀਟਸ ਰੈਸਟੋਰੈਂਟ ਵਿਚ ਬੀਤੇ ਦਿਨੀ ਇਕ ਰੋਜ਼ਾ ਕਾਨਫਰੰਸ ਕੀਤੀ ਗਈ। ਪ੍ਰੋਗਰਾਮ ਦੀ ਸ਼ੁਰੂਆਤ ਸੁਖਦੇਵ ਸਾਹਿਲ ਦੇ ਸੂਫੀਆਨਾ ਗਾਇਨ ਨਾਲ ਹੋਈ।

ਇਸ ਮੌਕੇ ਗੁਲਸ਼ਨ ਦਿਆਲ ਨੇ ਪ੍ਰੈਸ ਦੀ ਆਜ਼ਾਦੀ ਤੇ ਅਮਰੀਕਾ ਦੀ ਪੱਤਰਕਾਰੀ ਉਤੇ ਭਾਵਪੂਰਤ ਪੇਪਰ ਪੜ੍ਹਿਆ ਜਿਸ ਵਿਚ ਉਨ੍ਹਾਂ ਕਿਹਾ ਕਿ ਪ੍ਰੈਸ ਕਿਸੇ ਵੀ ਮੁਲਕ ਦੀ ਜੀਵਨ ਧੜਕਨ ਦਾ ਅਕਸ ਹੁੰਦਾ ਹੈ ਜਿਸ ਨੂੰ ਕੋਈ ਪ੍ਰਤੀਬਧ ਮਨੁੱਖ ਹੀ ਨਿਭਾ ਸਕਦਾ ਹੈ। ਅਮਰੀਕਾ ਵਿਚ ਪੰਜਾਬੀ ਪੱਤਰਕਾਰੀ ਆਪਣੇ ਆਪਣੇ ਵਿਤ ਅਨੁਸਾਰ ਹਿੱਸਾ ਪਾ ਰਹੀ ਹੈ। ਬਲਬੀਰ ਸਿੰਘ ਐਮ ਏ ਨੇ ਕਿਹਾ ਕਿ ਮਾਂ ਬੋਲੀ ਨੂੰ ਸਮਰਪਤ ਪੱਤਰਕਾਰੀ ਦੀਆਂ ਆਪਣੀਆਂ ਸਮੱਸਿਆਵਾਂ ਹਨ। ਕੌਮ ਨੂੰ ਵੱਡੇ ਮੋਰਚੇ ਲਾਉਣ ਦੀ ਲੋੜ ਨਹੀਂ, ਚੰਗੇ ਮਾਹੌਲ ਦੀ ਲੋੜ ਹੈ।

ਪੱਤਰਕਾਰ ਸਿੱਧੂ ਦਮਦਮੀ ਨੇ ਕਿਹਾ ਕਿ ਅਮਰੀਕਾ ਵਿਚ ਪੱਤਰਕਾਰੀ ਇਕ ਸ਼ੁਗਲ ਹੈ। ਕਿਉਂਕਿ ਸਭ ਅਖਬਾਰਾਂ ਮੁਫਤ ਹਨ ਇਸ ਲਈ ਇਸ਼ਤਿਹਾਰ ਦੇਣ ਵਾਲਿਆਂ ਦਾ ਵੀ ਦਬਾਓ ਰਹਿੰਦਾ ਹੈ। ਜਗਤਾਰ ਗਿੱਲ ਨੇ ਕਿਹਾ ਕਿ ਸਮੇਂ ਦੀ ਪਾਬੰਦੀ ਹਰ ਕਿਸੇ ਉਪਰ ਹੋਣੀ ਚਾਹੀਦੀ ਹੈ ਤੇ ਪੱਤਰਕਾਰੀ ਵਿਚ ਅਸੀਂ ਤਾਂ ਹੀ ਨਵੀਆਂ ਲੀਹਾਂ ਪਾ ਸਕਦੇ ਹਾਂ ਜੇ ਸਾਡੀ ਕਲਮ ਜੀਵਨ ਦੇ ਸੱਚ ਤੇ ਰਿਸ਼ਤਿਆਂ ਦੀ ਪਾਕੀਜ਼ਗੀ ਨੂੰ ਸਮਝੇ।

ਅਕੈਡਮੀ ਦੇ ਚੇਅਰਮੈਨ ਸੁਖਵਿੰਦਰ ਕੰਬੋਜ ਨੇ ਅਮਰੀਕੀ ਪੰਜਾਬੀ ਕਵਿਤਾ ਸਾਰ ਤੇ ਸੁਭਾਅ ਬਾਰੇ ਪਰਚਾ ਪੜ੍ਹਦਿਆਂ ਕਿਹਾ ਕਿ ਆਪਣੇ ਸਮੇਂ ਦੇ ਮੁਖ ਵਿਰੋਧਾਂ ਨੂੰ ਸੰਬੋਧਨ ਕਰਦੀ ਕਵਿਤਾ ਹੀ ਵੱਡੀ ਕਵਿਤਾ ਹੁੰਦੀ ਹੈ। ਨੀਲਮ ਸੈਣੀ ਨੇ ਅਮਰੀਕੀ ਪੰਜਾਬੀ ਕਹਾਣੀ ਬਾਰੇ ਸੰਖੇਪ ਚਰਚਾ ਕਰਦਿਆਂ ਸ਼ਾਮਿਲ ਕਹਾਣੀਕਾਰਾਂ ਨੂੰ ਆਪਣੀ ਰਚਨਾ ਪ੍ਰਕਿਰਿਆ ਬਾਰੇ ਬੋਲਣ ਲਈ ਕਿਹਾ। ਤਾਰਾ ਸਾਗਰ, ਮਨਜੀਤ ਸੇਖੋਂ, ਸੁਰਿੰਦਰ ਸੀਰਤ, ਅਮਰਜੀਤ ਪਨੂੰ ਅਤੇ ਰਾਠੇਸ਼ਵਰ ਸਿੰਘ ਸੂਰਾਪੁਰੀ ਨੇ ਸੰਖੇਪ ਵਿਚ ਆਪਣੀ ਰਚਨਾ ਪ੍ਰਕਿਰਿਆ ਅਤੇ ਜੀਵਨ ਅਨੁਭਵ ਸਰੋਤਿਆਂ ਨਾਲ ਸਾਂਝੇ ਕੀਤੇ। ਸੁਰਿੰਦਰ ਸੀਰਤ ਨੇ 'ਮਰੇ ਬੰਦੇ ਦੀ ਕਹਾਣੀ', ਰਾਠੇਸ਼ਵਰ ਸਿੰਘ ਸੂਰਾਪੁਰੀ ਨੇ 'ਕਮਜਾਤ' ਅਤੇ ਨੀਲਮ ਸੈਣੀ ਨੇ 'ਸਿਟੀਜਨਸ਼ਿਪ' ਬਾਰੇ ਚਰਚਾ ਕੀਤੀ। ਇਸ ਉਪਰੰਤ ਅਸ਼ੋਕ ਟਾਂਗਰੀ ਅਤੇ ਰੇਅ ਵਾਲੀਆ ਨੂੰ 'ਧੀਆਂ ਮਰਜਾਣੀਆਂ', ਲੇਖਕ ਅਤੇ ਨਿਰਦੇਸ਼ਕ ਸੁਰਿੰਦਰ ਧਨੋਆ ਨੂੰ 'ਉਮਰਾਂ ਲੰਘੀਆਂ ਪੱਬਾਂ ਭਾਰ' ਲਈ ਸਨਮਾਨਿਤ ਕੀਤਾ ਗਿਆ।

ਇਸ ਪ੍ਰੋਗਰਾਮ ਵਿਚ ਖਾਸ ਤੌਰ 'ਤੇ ਸਿੱਧੂ ਦਮਦਮੀ ਦੀ ਨਿਰਦੇਸ਼ਨਾ ਹੇਠ ਤਿਆਰ ਕੀਤੀ ਪੰਜਾਬ ਦੇ ਪ੍ਰਸਿਧ ਰੰਗਕਰਮੀ ਤੇ ਨਾਟਕ ਲੇਖਕ ਗੁਰਸ਼ਰਨ ਸਿੰਘ ਭਾਜੀ ਦੀ ਇਕ ਭਾਵਪੂਰਤ ਡਾਕੂਮੈਂਟਰੀ ਦਿਖਾਈ ਗਈ। ਅੰਤ ਵਿਚ ਕਵੀ ਦਰਬਾਰ ਦਾ ਅਯੋਜਨ ਕੀਤਾ ਗਿਆ ਜਿਸ ਦਾ ਮੰਚ ਸੰਚਾਲਨ ਸੁਰਿੰਦਰ ਸੀਰਤ ਨੇ ਕੀਤਾ।

ਕਵੀ ਦਰਬਾਰ ਵਿਚ ਕੁੰਦਨ ਲਾਲ, ਡਾ. ਅਸ਼ਰਫ ਖੁਆਜਾ, ਗੁਰਦਿਆਲ ਸਿੰਘ ਨੂਰਪੁਰੀ, ਹਰਜਿੰਦਰ ਕੰਗ, ਸੁਖਵਿੰਦਰ ਕੰਬੋਜ, ਨੱਨੂ ਨੂਰ, ਹਰਿਭਜਨ ਢਿਲੋਂ, ਰਮੇਸ਼ ਬੰਗੜ, ਬਿੱਕਰ ਕੰਮੇਆਣਾ, ਮੱਖਣ ਲੁਹਾਰ, ਤਾਰਾ ਸਾਗਰ, ਨੀਲਮ ਸੈਣੀ, ਤਰਲੋਚਨ ਦਪਾਲਪੁਰੀ, ਕਮਲਦੇਵ ਪਾਲ, ਅਰਚਨਾ ਪਾਂਡੇ, ਪੰਕਜ, ਮਾਸਟਰ ਰਿੰਕੂ, ਅਮਰਜੀਤ ਜੌਹਲ, ਸੁਰਿੰਦਰ ਸੀਰਤ, ਸਤੀਸ਼ ਗੁਲਾਟੀ, ਗੁਰੂਮੇਲ ਸਿੱਧੂ ਅਤੇ ਮਹਿੰਦਰਦੀਪ ਗਰੇਵਾਲ ਨੇ ਹਿਸਾ ਲਿਆ।

# ਵਧੀਆ ਸੇਵਾਵਾਂ ਵਾਲੇ ਸ਼ਹਿਰਾਂ ਵਿਚ ਅੰਮ੍ਰਿਤਸਰ ਵੀ ਸ਼ੁਮਾਰ

**ਮੁੰਬਈ:** ਭਾਰਤ ਦੇ ਤਿੰਨ ਸ਼ਹਿਰਾਂ ਅੰਮ੍ਰਿਤਸਰ, ਜੈਸਲਮੇਰ ਤੇ ਤਿਰੂਵਨੰਤਪੁਰਮ ਨੂੰ ਉਨ੍ਹਾਂ 100 ਸ਼ਹਿਰਾਂ ਦੀ ਸਾਲ 2015 ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ ਜੋ ਹੋਟਲਾਂ ਵਿਚ ਵਧੀਆ ਸੇਵਾਵਾਂ ਦੇ ਕੇ ਪੈਸੇ ਦਾ ਪੂਰਾ ਮੁੱਲ ਪਾਉਂਦੇ ਹਨ। ਇਹ ਸੂਚੀ ਦੁਨੀਆਂ ਦੇ ਹੋਟਲਾਂ ਬਾਰੇ ਖੋਜ ਕਰਨ ਵਾਲੀ ਇਕ ਵੈੱਬਸਾਈਟ ਟ੍ਰੀਵਾਗੋ ਵੱਲੋਂ ਜਾਰੀ ਕੀਤੀ ਗਈ ਹੈ। ਇਸ ਸੂਚੀ ਵਿਚ ਭਾਰਤ ਤੋਂ ਪੇਰੂ ਤੇ ਅਮਰੀਕਾ ਤੋਂ ਲੈ ਕੇ ਆਸਟ੍ਰੇਲੀਆ ਤੱਕ ਸ਼ਹਿਰਾਂ ਦੀ ਬਾਰੀਕੀ ਨਾਲ ਖੋਜ ਕੀਤੀ ਗਈ। ਇਸ ਵੈੱਬਸਾਈਟ ਮੁਤਾਬਕ ਇਸ ਸੂਚੀ ਵਿਚ ਸ਼ਾਮਲ ਸ਼ਹਿਰਾਂ ਵਿਚ ਘੱਟ ਖ਼ਰਚੇ 'ਤੇ ਵਧੀਆ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ।

ਟ੍ਰੀਵਾਗੋ ਦੇ ਅਭਿਨਵ ਕੁਮਾਰ ਨੇ ਕਿਹਾ ਕਿ ਸੂਚੀ ਵਿਚ ਸਪਸ਼ਟ ਹੈ ਕਿ ਪੂਰੀ ਦੁਨੀਆ ਵਿਚ ਛੋਟੇ ਸ਼ਹਿਰ ਸੈਲਾਨੀਆਂ ਦੇ ਧਿਆਨ ਵਿਚ ਆ ਰਹੇ ਹਨ ਤੇ ਛੋਟੇ ਸ਼ਹਿਰਾਂ ਦੇ ਹੋਟਲ ਘੱਟ ਪੈਸੇ ਵਿਚ ਵਧੀਆ ਸੇਵਾਵਾਂ ਮੁਹੱਈਆ ਕਰਵਾ ਰਹੇ ਹਨ। ਇਸ ਸੂਚੀ ਵਿਚ ਪੰਜਾਬ ਦੇ ਸ਼ਹਿਰ ਅੰਮ੍ਰਿਤਸਰ ਨੂੰ 96.52 ਅੰਕਾਂ ਨਾਲ 6ਵੇਂ ਸਥਾਨ 'ਤੇ ਰੱਖਿਆ ਗਿਆ ਹੈ ਜਦੋਂ ਕਿ ਰਾਜਸਥਾਨ ਦਾ ਸ਼ਹਿਰ ਜੈਸਲਮੇਰ 96.37 ਅੰਕਾਂ ਨਾਲ 12 ਸਥਾਨ 'ਤੇ ਹੈ। ਤਿਰੂਵਨੰਤਪੁਰਮ ਨੂੰ 96.19 ਅੰਕਾਂ ਨਾਲ 15ਵਾਂ ਸਥਾਨ ਦਿੱਤਾ ਗਿਆ ਹੈ।

# ਕੇਂਦਰੀ ਚੋਣ ਫੰਡ ਵੀ ਡੱਕਾਰ ਗਈ ਸਰਕਾਰ

**ਬਠਿੰਡਾ:** ਪੰਜਾਬ ਸਰਕਾਰ ਨੇ ਲੋਕ ਸਭਾ ਚੋਣਾਂ ਲਈ ਆਏ ਕੇਂਦਰੀ ਫੰਡਾਂ ਵਿਚ ਹੇਰਫੇਰ ਕਰਕੇ ਕਿਸੇ ਹੋਰ ਹੀ ਪਾਸੇ ਲਾ ਦਿੱਤੇ। ਨਤੀਜੇ ਵਜੋਂ ਸੈਂਕੜੇ ਫਰਮਾਂ ਦੇ ਕਰੋੜਾਂ ਰੁਪਏ ਦੇ ਬਿੱਲ ਖ਼ਜ਼ਾਨਾ ਦਫ਼ਤਰਾਂ ਵਿਚ ਫਸ ਗਏ ਹਨ। ਵਿੱਤ ਵਿਭਾਗ ਵੱਲੋਂ ਫੰਡ ਜਾਰੀ ਨਾ ਕੀਤੇ ਜਾਣ ਕਾਰਨ ਜ਼ਿਲ੍ਹਾ ਚੋਣ ਦਫ਼ਤਰਾਂ ਦਾ ਪੈਸਾ ਸਾਢੇ ਪੰਜ ਮਹੀਨੇ ਤੋਂ ਅੜਿਆ ਹੋਇਆ ਹੈ। ਪੰਜਾਬ ਸਰਕਾਰ ਨੇ ਦੂਜੇ ਸੂਬਿਆਂ ਵਿਚੋਂ ਕਿਰਾਏ 'ਤੇ ਲਿਆਂਦੀਆਂ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਦਾ ਕਿਰਾਇਆ ਵੀ ਅਜੇ ਨਹੀਂ ਤਾਰਿਆ।

ਮਿਲੀ ਜਾਣਕਾਰੀ ਮੁਤਾਬਕ ਕੇਂਦਰ ਸਰਕਾਰ ਨੇ ਪੰਜਾਬ ਦੇ ਮੁੱਖ ਚੋਣ ਅਫ਼ਸਰ ਨੂੰ ਲੋਕ ਸਭਾ ਚੋਣਾਂ ਵੇਲੇ ਸਾਰੇ ਫੰਡ ਸਮੇਂ ਸਿਰ ਭੇਜ ਦਿੱਤੇ ਸਨ। ਮੁੱਖ ਚੋਣ ਅਫ਼ਸਰ ਨੇ ਹਰ ਜ਼ਿਲ੍ਹੇ ਨੂੰ ਬਣਦੇ ਫੰਡ ਅਲਾਟ ਕਰ ਦਿੱਤੇ। ਜ਼ਿਲ੍ਹਾ ਚੋਣ ਦਫ਼ਤਰਾਂ ਵੱਲੋਂ ਖ਼ਜ਼ਾਨਾ ਦਫ਼ਤਰਾਂ ਵਿਚ ਬਿੱਲ ਜਮ੍ਹਾਂ ਕਰਾ ਦਿੱਤੇ ਗਏ ਪਰ ਖ਼ਜ਼ਾਨਾ ਦਫ਼ਤਰਾਂ ਵੱਲੋਂ ਅਜੇ ਤੱਕ ਇਹ ਰਕਮ ਜਾਰੀ ਨਹੀਂ ਕੀਤੀ ਗਈ। ਸੂਤਰਾਂ ਮੁਤਾਬਕ ਪੰਜਾਬ ਸਰਕਾਰ ਨੇ ਇਹ ਪੈਸਾ ਹੋਰ ਕੰਮਾਂ ਲਈ ਵਰਤ ਲਿਆ ਹੈ। ਪੰਜਾਬ ਵਿਚ ਸਭ ਤੋਂ ਜ਼ਿਆਦਾ 90 ਲੱਖ ਰੁਪਏ ਜ਼ਿਲ੍ਹਾ ਲੁਧਿਆਣਾ ਤੇ 80 ਲੱਖ ਰੁਪਏ ਜ਼ਿਲ੍ਹਾ ਬਠਿੰਡਾ ਦੇ ਫਸੇ ਪਏ ਹਨ। ਇਸੇ ਤਰ੍ਹਾਂ ਅੰਮ੍ਰਿਤਸਰ ਦੇ 52 ਲੱਖ ਰੁਪਏ, ਜਲੰਧਰ ਦੇ 48 ਲੱਖ ਰੁਪਏ, ਮੋਗਾ ਦੇ 30 ਲੱਖ ਰੁਪਏ, ਸੰਗਰੂਰ ਦੇ 13 ਲੱਖ ਰੁਪਏ ਤੇ ਪਠਾਨਕੋਟ ਦੇ 13 ਲੱਖ ਰੁਪਏ ਦੇ ਬਿੱਲ ਖ਼ਜ਼ਾਨਾ ਦਫ਼ਤਰਾਂ ਵਿਚੋਂ ਕਲੀਅਰ ਨਹੀਂ ਹੋ ਰਹੇ। ਸੂਬੇ ਦੇ ਮੁੱਖ ਚੋਣ ਦਫ਼ਤਰ ਦੇ ਤਕਰੀਬਨ ਛੇ ਕਰੋੜ ਰੁਪਏ ਦੇ ਬਿੱਲ ਵੀ ਫਸੇ ਹੋਏ ਹਨ। ਮੁੱਖ ਦਫ਼ਤਰ ਵੱਲੋਂ ਆਂਧਰਾ ਪ੍ਰਦੇਸ਼ ਤੇ ਪੱਛਮੀ ਬੰਗਾਲ ਵਿਚੋਂ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਕਿਰਾਏ 'ਤੇ ਲਿਆਂਦੀਆਂ ਗਈਆਂ ਸਨ, ਜਿਨ੍ਹਾਂ ਦਾ ਕਿਰਾਇਆ ਅਜੇ ਤੱਕ ਨਹੀਂ ਤਾਰਿਆ ਗਿਆ। ਬੈਲਟ ਪੇਪਰਾਂ ਦੀ ਛਪਾਈ ਦੇ ਬਿੱਲ ਵੀ ਖ਼ਜ਼ਾਨਾ ਦਫ਼ਤਰਾਂ ਵਿਚ ਅੜੇ ਹੋਏ ਹਨ। ਹਰ ਜ਼ਿਲ੍ਹੇ ਦੇ ਵੱਡੇ ਬਿੱਲਾਂ ਜਿਵੇਂ ਬੱਸਾਂ-ਕਾਰਾਂ, ਵੀਡੀਓਗਰਾਫੀ, ਟੈਂਟ ਤੇ ਤੇਲ ਦੇ ਬਿੱਲਾਂ ਦੀ ਅਦਾਇਗੀ ਅਜੇ ਤੱਕ ਨਹੀਂ ਹੋਈ ਹੈ। ਬਠਿੰਡਾ ਜ਼ਿਲ੍ਹੇ ਦੇ ਟੈਂਟ ਤੇ ਵੀਡੀਓਗਰਾਫੀ ਦੇ ਬਿੱਲਾਂ ਦੀ ਤਕਰੀਬਨ 40.86 ਲੱਖ ਰਕਮ ਦੀ ਅਦਾਇਗੀ ਨਹੀਂ ਹੋ ਸਕੀ ਹੈ।

ਮਿਲੀ ਜਾਣਕਾਰੀ ਅਨੁਸਾਰ ਬੱਸਾਂ ਤੇ ਟੈਕਸੀਆਂ ਦੇ ਤਕਰੀਬਨ 10.36 ਲੱਖ ਦੇ ਬਿੱਲ ਬਕਾਇਆ ਪਏ ਹਨ, ਜਦੋਂਕਿ ਤੇਲ ਦੇ 5.76 ਲੱਖ ਦੇ ਬਿੱਲ ਬਕਾਇਆ ਖੜ੍ਹੇ ਹਨ। ਮਿੰਨੀ ਬੱਸ ਅਪਰੇਟਰ ਯੂਨੀਅਨ ਬਠਿੰਡਾ ਦੇ ਪ੍ਰਧਾਨ ਬਲਤੇਜ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਚੋਣ ਪ੍ਰਸ਼ਾਸਨ ਨੂੰ ਪੋਲਿੰਗ ਪਾਰਟੀਆਂ ਤੇ ਸੁਰੱਖਿਆ ਦਸਤਿਆਂ ਲਈ ਮਿੰਨੀ ਬੱਸਾਂ ਦਿੱਤੀਆਂ ਸਨ, ਜਿਨ੍ਹਾਂ ਦਾ ਤਕਰੀਬਨ ਪੰਜ ਲੱਖ ਰੁਪਏ ਦਾ ਕਿਰਾਇਆ ਅਜੇ ਤੱਕ ਨਹੀਂ ਤਾਰਿਆ ਗਿਆ ਹੈ। ਉਹ ਦਫ਼ਤਰਾਂ ਦੇ ਚੱਕਰ ਕੱਟ-ਕੱਟ ਕੇ ਥੱਕ ਗਏ ਹਨ ਤੇ ਅਫ਼ਸਰ ਬਜਟ ਨਾ ਹੋਣ ਦੀ ਗੱਲ ਕਹਿ ਕੇ ਉਨ੍ਹਾਂ ਨੂੰ ਵਾਪਸ ਭੇਜ ਦਿੰਦੇ ਹਨ। ਇਥੋਂ ਦੇ ਗੁਰੂ ਨਾਨਕ ਟੈਂਟ ਹਾਊਸ ਤੇ ਗੋਇਲ ਟੈਂਟ ਹਾਊਸ ਤੋਂ ਬਿਨਾਂ ਤਲਵੰਡੀ ਸਾਬੋ ਤੇ ਮੌੜ ਮੰਡੀ ਦੇ ਟੈਂਟ ਹਾਊਸ ਦੇ ਬਕਾਏ ਵੀ ਖੜ੍ਹੇ ਹਨ। ਵਧੀਕ ਮੁੱਖ ਚੋਣ ਅਫ਼ਸਰ ਰਮਿੰਦਰ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪੰਜ ਕਰੋੜ ਰੁਪਏ ਦੇ ਬਿੱਲਾਂ ਦੀ ਅਦਾਇਗੀ ਵਿੱਤ ਵਿਭਾਗ ਨੇ ਅਜੇ ਤੱਕ ਨਹੀਂ ਕੀਤੀ ਪਰ ਕੇਂਦਰ ਸਰਕਾਰ ਵੱਲੋਂ ਇਹ ਰਾਸ਼ੀ ਆ ਚੁੱਕੀ ਹੈ। ਉਹ ਵਿੱਤ ਵਿਭਾਗ ਨਾਲ ਕਈ ਵਾਰ ਰਾਬਤਾ ਕਾਇਮ ਕਰ ਚੁੱਕੇ ਹਨ ਪਰ ਵਿਭਾਗ ਵੱਲੋਂ ਫੰਡ ਛੇਤੀ ਜਾਰੀ ਕਰਨ ਦਾ ਲਾਰਾ ਲਾ ਦਿੱਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਉਹ ਤਿੰਨ ਕਰੋੜ ਰੁਪਏ ਦੇ ਫੰਡ ਕੇਂਦਰ ਸਰਕਾਰ ਤੋਂ ਹੋਰ ਵੀ ਮੰਗ ਰਹੇ ਹਨ।

# ਭਲਾ ਕਰਨ ਜੋਗਾ ਨਾ ਰਿਹਾ ਪੰਜਾਬ ਦਾ ਭਲਾਈ ਵਿਭਾਗ

## ਮਾਲੀ ਤੰਗੀ ਕਾਰਨ ਅਧਵਾਟੇ ਰੁਕੀਆਂ ਕਈ ਸਕੀਮਾਂ




**ਬਠਿੰਡਾ:** ਪੰਜਾਬ ਸਰਕਾਰ ਦਾ ਭਲਾਈ ਵਿਭਾਗ ਹੁਣ ਆਮ ਲੋਕਾਂ ਦਾ ਭਲਾ ਕਰਨ ਜੋਗਾ ਨਹੀਂ ਰਿਹਾ। ਮਾਲੀ ਤੰਗੀ ਕਾਰਨ ਲੋਕ ਭਲਾਈ ਦੀਆਂ ਜ਼ਿਆਦਾਤਰ ਸਕੀਮਾਂ ਨੂੰ ਬਰੇਕਾਂ ਲੱਗ ਗਈਆਂ ਹਨ। ਇਥੋਂ ਤੱਕ ਕਿ ਸੂਬੇ ਵਿਚ ਤਕਰੀਬਨ ਦਸ ਹਜ਼ਾਰ ਧੀਆਂ ਪੰਜ ਮਹੀਨਿਆਂ ਤੋਂ ਸਰਕਾਰੀ ਸ਼ਗਨ ਦੀ ਉਡੀਕ ਵਿਚ ਹਨ। ਬੁਢਾਪਾ ਪੈਨਸ਼ਨ ਲੈਣ ਲਈ ਬਜ਼ੁਰਗਾਂ ਨੂੰ ਵਿਭਾਗ ਦੇ ਹਾੜੇ ਕੱਢਣੇ ਪੈ ਰਹੇ ਹਨ। ਸ਼ਗਨ ਸਕੀਮਾਂ ਤਹਿਤ ਪਹਿਲਾਂ ਹਰ ਮਹੀਨੇ ਰਕਮ ਜਾਰੀ ਹੋ ਰਹੀ ਸੀ ਪਰ ਹੁਣ ਮਾਲੀ ਅੜਚਨ ਖੜ੍ਹੀ ਹੋ ਗਈ ਹੈ। ਭਲਾਈ ਵਿਭਾਗ ਪੰਜਾਬ ਤਰਫ਼ੋਂ ਹੁਣ ਲਾਭਪਾਤਰੀਆਂ ਨੂੰ ਆਨਲਾਈਨ ਅਦਾਇਗੀ ਕੀਤੀ ਜਾਂਦੀ ਹੈ।

ਪੰਜਾਬ ਸਰਕਾਰ ਵੱਲੋਂ ਸ਼ਗਨ ਸਕੀਮ ਤਹਿਤ 15 ਹਜ਼ਾਰ ਰੁਪਏ ਦਿੱਤੇ ਜਾਂਦੇ ਹੈ। ਲਾਭਪਾਤਰੀ ਵਿਆਹ ਹੋਣ ਤੋਂ 30 ਦਿਨਾਂ ਮਗਰੋਂ ਇਸ ਸਕੀਮ ਤਹਿਤ ਅਪਲਾਈ ਕਰ ਸਕਦੇ ਹਨ। ਹਰ ਜ਼ਿਲ੍ਹੇ ਦੇ ਭਲਾਈ ਦਫ਼ਤਰ ਵੱਲੋਂ ਹਰ ਮਹੀਨੇ ਦੀ ਪੰਜ ਤਰੀਕ ਨੂੰ ਲਾਭਪਾਤਰੀਆਂ ਦੇ ਕੇਸ ਮੁੱਖ ਦਫ਼ਤਰ ਨੂੰ ਭੇਜੇ ਜਾਂਦੇ ਹਨ ਤੇ ਹਰ ਮਹੀਨੇ ਹੀ ਲਾਭਪਾਤਰੀਆਂ ਨੂੰ ਆਨਲਾਈਨ ਅਦਾਇਗੀ ਕੀਤੀ ਜਾਂਦੀ ਰਹੀ ਹੈ ਪਰ ਜੁਲਾਈ ਤੋਂ ਅਦਾਇਗੀ ਰੁਕ ਗਈ ਹੈ। ਭਲਾਈ ਵਿਭਾਗ ਪੰਜਾਬ ਕੋਲ ਹਰ ਮਹੀਨੇ ਤਕਰੀਬਨ ਤਿੰਨ ਤੋਂ ਚਾਰ ਹਜ਼ਾਰ ਲਾਭਪਾਤਰੀਆਂ ਦੇ ਕੇਸ ਸ਼ਗਨ ਸਕੀਮ ਤਹਿਤ ਪੁੱਜਦੇ ਹਨ। ਪੰਜਾਬ ਸਰਕਾਰ ਨੇ ਸਾਲ 2014-15 ਲਈ ਸ਼ਗਨ ਸਕੀਮ ਵਾਸਤੇ 90 ਕਰੋੜ ਰੁਪਏ ਦਾ ਬਜਟ ਰੱਖਿਆ ਹੈ, ਜੋ ਕਿ 60 ਹਜ਼ਾਰ ਲਾਭਪਾਤਰੀਆਂ ਨੂੰ ਦਿੱਤਾ ਜਾਣਾ ਹੈ। ਭਲਾਈ ਵਿਭਾਗ ਪੰਜਾਬ ਵੱਲੋਂ ਇਕ ਅਪਰੈਲ 2013 ਤੋਂ 30 ਜੂਨ 2014 ਤੱਕ 20547 ਲਾਭਪਾਤਰੀਆਂ ਨੂੰ ਸ਼ਗਨ ਸਕੀਮ ਤਹਿਤ 30.82 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਸੀ। ਹੁਣ ਪਹਿਲੀ ਜੁਲਾਈ ਤੋਂ 30 ਸਤੰਬਰ ਤੱਕ 7987 ਕੇਸ ਮੁੱਖ ਦਫ਼ਤਰ ਕੋਲ ਪੁੱਜੇ ਹਨ, ਜਿਨ੍ਹਾਂ ਦੀ ਰਾਸ਼ੀ ਖ਼ਜ਼ਾਨੇ ਵਿਚ ਫਸੀ ਹੋਈ ਹੈ।

ਸੂਤਰ ਦੱਸਦੇ ਹਨ ਕਿ 31 ਅਕਤੂਬਰ ਨੂੰ ਲਾਭਪਾਤਰੀਆਂ ਦੀ ਗਿਣਤੀ ਤਕਰੀਬਨ 10 ਹਜ਼ਾਰ ਹੋ ਗਈ ਹੈ, ਜਿਨ੍ਹਾਂ ਨੂੰ ਸ਼ਗਨ ਦੀ ਰਾਸ਼ੀ ਮਿਲੀ ਨਹੀਂ ਹੈ। ਬਕਾਏ ਕਲੀਅਰ ਕਰਨ ਵਾਸਤੇ ਤਕਰੀਬਨ 15 ਕਰੋੜ ਰੁਪਏ ਦੀ ਲੋੜ ਹੈ। ਬਠਿੰਡਾ ਜ਼ਿਲ੍ਹੇ ਵਿਚ 2014- 15 ਦੇ ਅਕਤੂਬਰ ਤੱਕ 1052 ਦਰਖਾਸਤਾਂ ਇਸ ਸਕੀਮ ਤਹਿਤ ਪ੍ਰਾਪਤ ਹੋਈਆਂ ਸਨ, ਜਿਨ੍ਹਾਂ ਵਿਚੋਂ ਜੂਨ ਤੱਕ ਦੇ 414 ਕੇਸਾਂ ਵਿਚ ਸ਼ਗਨ ਸਕੀਮ ਦੀ ਅਦਾਇਗੀ ਹੋ ਚੁੱਕੀ ਹੈ। ਇਸ ਵੇਲੇ 636 ਲਾਭਪਾਤਰੀਆਂ ਨੂੰ ਅਦਾਇਗੀ ਨਹੀਂ ਹੋਈ ਹੈ ਤੇ ਇਹ ਧੀਆਂ ਸਰਕਾਰੀ ਸ਼ਗਨ ਨੂੰ ਉਡੀਕ ਰਹੀਆਂ ਹਨ। ਜ਼ਿਲ੍ਹਾ ਪਟਿਆਲਾ ਵਿਚ ਇਕ ਜੁਲਾਈ ਤੋਂ 31 ਅਕਤੂਬਰ ਤੱਕ 642 ਕੇਸ ਬਕਾਇਆ ਪਏ ਹਨ। ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲ੍ਹੇ ਦੇ ਸਭ ਤੋਂ ਜ਼ਿਆਦਾ ਕੇਸ ਹਨ।

ਬਠਿੰਡਾ ਦੇ ਪਿੰਡ ਵਿਰਕ ਕਲਾਂ ਦੇ ਜਗਦੇਵ ਸਿੰਘ ਦਾ ਕਹਿਣਾ ਹੈ ਕਿ ਉਸ ਦੀ ਲੜਕੀ ਵੀਰਪਾਲ ਕੌਰ ਦਾ ਵਿਆਹ ਚਾਰ ਜੁਲਾਈ ਨੂੰ ਹੋਇਆ ਸੀ ਪਰ ਹਾਲੇ ਤੱਕ ਸਰਕਾਰ ਨੇ ਸਰਕਾਰੀ ਸ਼ਗਨ ਨਹੀਂ ਭੇਜਿਆ ਹੈ। ਜ਼ਿਲ੍ਹਾ ਬਠਿੰਡਾ ਦੇ ਪਿੰਡ ਕੋਟਗੁਰੂ ਦੀ ਧੀ ਮਨਵੀਰ ਕੌਰ ਨੂੰ ਵਿਆਹ ਤੋਂ ਸਾਢੇ ਪੰਜ ਮਹੀਨਿਆਂ ਮਗਰੋਂ ਵੀ ਸਰਕਾਰੀ ਸ਼ਗਨ ਨਹੀਂ ਮਿਲਿਆ ਹੈ। ਉਸ ਦੀ ਦਾਦੀ ਰੌਸ਼ਨ ਕੌਰ ਨੂੰ ਚਾਰ ਮਹੀਨਿਆਂ ਤੋਂ ਬੁਢਾਪਾ ਪੈਨਸ਼ਨ ਨਹੀਂ ਮਿਲੀ ਹੈ। ਦਾਦੀ ਪੋਤਰੀ ਨੂੰ ਇਕੋ ਵੇਲੇ ਸਰਕਾਰੀ ਖ਼ਜ਼ਾਨੇ ਦੇ ਸੰਕਟ ਦਾ ਸੇਕ ਝੱਲਣਾ ਪੈ ਰਿਹਾ ਹੈ। ਪੋਤੀ ਸ਼ਗਨ ਸਕੀਮ ਦੀ ਉਡੀਕ ਵਿਚ ਹੈ ਤੇ ਦਾਦੀ ਬੁਢਾਪਾ ਪੈਨਸ਼ਨ ਦੀ। ਇਸੇ ਤਰ੍ਹਾਂ ਗੋਨਿਆਣਾ ਦੇ ਵਾਰਡ ਨੰਬਰ 11 ਦੀ ਕਰਨਵੀਰ ਕੌਰ ਨੂੰ ਵਿਆਹ ਤੋਂ ਚਾਰ ਮਹੀਨੇ ਮਗਰੋਂ ਵੀ ਸਰਕਾਰੀ ਸ਼ਗਨ ਨਹੀਂ ਮਿਲਿਆ ਹੈ। ਉਸ ਦੀ ਦਾਦੀ ਨਸੀਬ ਕੌਰ ਤੇ ਦਾਦਾ ਬਖਤੌਰ ਸਿੰਘ ਨੂੰ ਚਾਰ ਮਹੀਨਿਆਂ ਤੋਂ ਬੁਢਾਪਾ ਪੈਨਸ਼ਨ ਨਹੀਂ ਮਿਲੀ ਹੈ।

ਭਲਾਈ ਵਿਭਾਗ, ਪੰਜਾਬ ਦੇ ਡਾਇਰੈਕਟਰ ਪਰਮਜੀਤ ਸਿੰਘ ਦਾ ਕਹਿਣਾ ਹੈ ਕਿ ਸ਼ਗਨ ਸਕੀਮ ਦਾ ਜੂਨ 2014 ਤੱਕ ਸਾਰਾ ਬੈਕਲਾਗ ਕਲੀਅਰ ਹੋ ਚੁੱਕਿਆ ਹੈ ਤੇ ਹੁਣ ਵੀ ਸ਼ਗਨ ਸਕੀਮ ਪ੍ਰਕਿਰਿਆ ਅਧੀਨ ਹੈ। ਉਨ੍ਹਾਂ ਨੇ ਵਿੱਤ ਵਿਭਾਗ ਪੰਜਾਬ ਨੂੰ ਛੇਤੀ ਰਕਮ ਰਿਲੀਜ਼ ਕਰਨ ਵਾਸਤੇ ਆਖਿਆ ਹੈ। ਉਨ੍ਹਾਂ ਦੱਸਿਆ ਕਿ ਸਤੰਬਰ ਤੱਕ 7983 ਕੇਸ ਪੈਂਡਿੰਗ ਹਨ।

## ਮਾਤਾ ਕੁਸ਼ੱਲਿਆ ਕਲਿਆਣ ਯੋਜਨਾ ਵੀ ਲੀਹੋਂ ਲੱਥੀ

**ਸੰਗਰੂਰ:** ਪੰਜਾਬ ਵਿਚ ਸੁਰੱਖਿਅਤ ਜਣੇਪੇ ਨੂੰ ਉਤਸ਼ਾਹਿਤ ਕਰਨ ਲਈ ਸ਼ੁਰੂ ਕੀਤੀ ਗਈ ਮਾਤਾ ਕੁਸ਼ੱਲਿਆ ਕਲਿਆਣ ਯੋਜਨਾ ਵੀ ਲੜਖੜਾ ਗਈ ਹੈ। ਨਤੀਜਣ ਇਸ ਯੋਜਨਾ ਤਹਿਤ ਸਰਕਾਰੀ ਹਸਪਤਾਲਾਂ ਵਿਚ ਜਣੇਪਾ ਕਰਵਾਉਣ ਉਪਰੰਤ ਮਿਲਣ ਵਾਲੀ ਇਕ ਹਜ਼ਾਰ ਦੀ ਰਾਸ਼ੀ ਨੂੰ ਉਡੀਕਣ ਵਾਲੀਆਂ ਔਰਤਾਂ ਦੀ ਗਿਣਤੀ ਲੱਖਾਂ ਵਿਚ ਪਹੁੰਚ ਗਈ ਹੈ। 31 ਮਾਰਚ 2014 ਤੋਂ ਬਾਅਦ ਪੰਜਾਬ ਦੇ ਹਸਪਤਾਲਾਂ ਵਿਚ ਇਸ ਯੋਜਨਾ ਤਹਿਤ ਕੋਈ ਫ਼ੰਡ ਨਹੀਂ ਪਹੁੰਚੇ। ਡਾ. ਜੀ.ਵੀ. ਸਿੰਘ ਸਹਾਇਕ ਡਾਇਰੈਕਟਰ ਐਮ.ਸੀ.ਐਚ. ਸਿਹਤ ਵਿਭਾਗ ਪੰਜਾਬ ਦਾ ਕਹਿਣਾ ਹੈ ਕਿ ਸੂਬੇ ਵਿਚ ਇਕ ਅਪ੍ਰੈਲ ਤੋਂ 30 ਸਤੰਬਰ 2014 ਤੱਕ ਕੁੱਲ 202477 ਜਣੇਪੇ ਹੋਏ ਜਿਨ੍ਹਾਂ ਵਿਚੋਂ 180703 ਪ੍ਰਵਾਨਿਤ ਹਸਪਤਾਲਾਂ ਵਿਚ ਹੋਏ ਹਨ। ਇਨ੍ਹਾਂ ਜਣੇਪਿਆਂ ਵਿਚੋਂ 101561 ਜਣੇਪੇ ਸਰਕਾਰੀ ਹਸਪਤਾਲਾਂ ਵਿਚ ਜਦਕਿ 79142 ਜਣੇਪੇ ਪ੍ਰਾਈਵੇਟ ਹਸਪਤਾਲਾਂ ਵਿਚ ਹੋਏ ਹਨ। ਸਰਕਾਰੀ ਹਸਪਤਾਲਾਂ ਵਿਚ ਜਣੇਪੇ ਤੋਂ ਬਾਅਦ ਔਰਤਾਂ ਨੂੰ ਮਾਤਾ ਕੁਸ਼ੱਲਿਆ ਕਲਿਆਣ ਯੋਜਨਾ ਤਹਿਤ 1000 ਰੁਪਏ ਮਿਲਣ ਵਾਲੀ ਰਾਸ਼ੀ ਨੂੰ ਜਾਰੀ ਕਰਨ ਵਿਚ ਸਰਕਾਰ ਤੋਂ ਫ਼ੰਡ ਨਾ ਆਉਣ ਕਾਰਨ ਸਮੱਸਿਆ ਆ ਰਹੀ ਹੈ। ਜ਼ਿਲ੍ਹਾ ਸੰਗਰੂਰ ਜਿਥੋਂ ਦੇ ਸਰਕਾਰੀ ਹਸਪਤਾਲਾਂ ਵਿਚ 1125 ਜਣੇਪੇ ਹਰ ਮਹੀਨੇ ਹੋ ਰਹੇ ਹਨ, ਉੱਥੇ 9000 ਔਰਤਾਂ ਸਕੀਮ ਤਹਿਤ ਮਿਲਣ ਵਾਲੀ 1000 ਰੁਪਏ ਦੀ ਰਾਸ਼ੀ ਨੂੰ ਉਡੀਕ ਰਹੀਆਂ ਹਨ। ਪੰਜਾਬ ਦੀਆਂ ਤਕਰੀਬਨ 1,40,000 ਔਰਤਾਂ ਜਿਨ੍ਹਾਂ ਆਪਣਾ ਜਣੇਪਾ ਸਰਕਾਰੀ ਹਸਪਤਾਲਾਂ ਵਿਚ ਕਰਵਾਇਆ ਹੈ, ਆਪਣੀ 1000 ਰੁਪਏ ਦੀ ਰਾਸ਼ੀ ਨੂੰ ਲੈਣ ਲਈ ਸਰਕਾਰੀ ਰਜਿਸਟਰਾਂ ਵਿਚ ਕਤਾਰ ਵਿਚ ਲੱਗੀਆਂ ਹਨ।

# ਝੋਨੇ ਦੀ ਅਦਾਇਗੀ ਲਈ ਕੇਂਦਰ ਨਾਲ ਉਲਝੀ ਪੰਜਾਬ ਸਰਕਾਰ

## 3100 ਕਰੋੜ ਰੁਪਏ ਦੀ ਅਦਾਇਗੀ ਰੁਕੀ

**ਚੰਡੀਗੜ੍ਹ:** ਪੰਜਾਬ ਵਿਚ ਝੋਨੇ ਦੀ ਅਦਾਇਗੀ ਨੂੰ ਲੈ ਕੇ ਇਕ ਵਾਰ ਫਿਰ ਰੇੜਕਾ ਖੜ੍ਹਾ ਹੋ ਗਿਆ ਹੈ। ਕੇਂਦਰੀ ਵਿੱਤ ਮੰਤਰਾਲੇ ਦੀ ਪ੍ਰਵਾਨਗੀ ਨਾ ਮਿਲਣ ਕਾਰਨ ਪੰਜਾਬ ਨੂੰ ਝੋਨੇ ਦੀ ਅਦਾਇਗੀ ਲਈ ਮਿਲਣ ਵਾਲੀ ਤਕਰੀਬਨ 3100 ਕਰੋੜ ਰੁਪਏ ਰਾਸ਼ੀ ਰੁਕ ਗਈ ਹੈ। ਮਿਲੀ ਜਾਣਕਾਰੀ ਮੁਤਾਬਕ ਪੰਜਾਬ ਨੂੰ ਤਕਰੀਬਨ 125 ਲੱਖ ਟਨ ਝੋਨੇ ਦੀ ਅਦਾਇਗੀ ਲਈ ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਨੇ 23 ਹਜ਼ਾਰ ਕਰੋੜ ਰਾਸ਼ੀ ਜਾਰੀ ਕਰਨੀ ਮਿੱਥੀ ਹੋਈ ਹੈ ਪਰ ਪੰਜਾਬ ਨੂੰ ਅਜੇ 18,451 ਕਰੋੜ ਹੀ ਪ੍ਰਾਪਤ ਹੋਏ ਹਨ।

ਸੂਤਰਾਂ ਮੁਤਾਬਕ ਪੰਜਾਬ ਵਿਚ ਹੁਣ ਤੱਕ 114 ਲੱਖ ਟਨ ਝੋਨੇ ਦੀ ਖਰੀਦ ਹੋਈ ਹੈ। ਪੰਜਾਬ ਖ਼ੁਰਾਕ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਰਕਮ ਜਾਰੀ ਕਰਾਉਣ ਦੀ ਪ੍ਰਵਾਨਗੀ ਲਈ ਪੰਜਾਬ ਸਰਕਾਰ ਨੇ ਵਿੱਤ ਮੰਤਰਾਲੇ ਨੂੰ ਪੱਤਰ ਲਿਖਿਆ ਹੈ। ਇਸ ਵੇਲੇ ਪੰਜਾਬ ਵਿਚ ਝੋਨੇ ਦੀ ਅਦਾਇਗੀ ਲਈ 3100 ਕਰੋੜ ਰੁਪਏ ਰਾਸ਼ੀ ਆੜ੍ਹਤੀਆਂ ਨੂੰ ਜਾਰੀ ਕਰਨ ਲਈ ਅਤੀ ਲੋੜੀਂਦੀ ਹੈ ਪਰ ਕੇਂਦਰੀ ਵਿੱਤ ਮੰਤਰਾਲੇ ਵੱਲੋਂ ਪ੍ਰਵਾਨਗੀ (ਕੰਸੈਂਟ) ਨਾ ਦੇਣ ਕਾਰਨ ਰਾਸ਼ੀ ਰੁਕੀ ਹੋਈ ਹੈ। ਸੂਤਰਾਂ ਅਨੁਸਾਰ ਪੰਜਾਬ ਸਰਕਾਰ ਵੱਲੋਂ ਵਿੱਤ ਮੰਤਰਾਲੇ ਨੂੰ ਇਸ ਬਾਰੇ ਪੱਤਰ ਲਿਖਿਆ ਗਿਆ ਸੀ, ਪਰ ਮੰਤਰਾਲੇ ਵੱਲੋਂ ਪੱਤਰ 'ਤੇ ਅਜੇ ਤੱਕ ਕੋਈ ਹੁੰਗਾਰਾ ਨਹੀਂ ਭਰਿਆ ਗਿਆ। ਇਸ ਲਈ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ ਕਿ ਪੰਜਾਬ ਦੇ ਖੁਰਾਕ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੂੰ ਪਹਿਲਾਂ ਵਾਂਗ ਹੀ ਰਾਸ਼ੀ ਜਾਰੀ ਕਰਾਉਣ ਲਈ ਨਵੀਂ ਦਿੱਲੀ ਜਾ ਕੇ ਸਬੰਧਤ ਮੰਤਰਾਲਿਆਂ ਅੱਗੇ ਅਰਜ਼ੋਈਆਂ ਕਰਨੀਆਂ ਪੈ ਸਕਦੀਆਂ ਹਨ।

ਪਹਿਲਾਂ ਅਜਿਹਾ ਕਦੀ ਨਹੀਂ ਹੋਇਆ ਕਿ ਪੰਜਾਬ ਨੂੰ ਝੋਨੇ ਦੀ ਅਦਾਇਗੀ ਲਈ ਰਾਸ਼ੀ ਇੰਜ ਵਾਰ-ਵਾਰ ਮੰਗ ਕਰਨ 'ਤੇ ਕਿਸ਼ਤਾਂ ਵਿਚ ਜਾਰੀ ਹੋਈ ਹੋਵੇ। ਉਧਰ ਪੰਜਾਬ ਦੇ ਆੜ੍ਹਤੀਏ ਰਾਸ਼ੀ ਦੀ ਅਦਾਇਗੀ ਦੇ ਵਾਰ-ਵਾਰ ਖੜ੍ਹੇ ਹੋ ਰਹੇ ਰੇੜਕੇ ਤੋਂ ਔਖੇ ਹਨ। ਫੈਡਰੇਸ਼ਨ ਆਫ਼ ਆੜ੍ਹਤੀਆ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਵਿਜੈ ਕਾਲੜਾ ਦਾ ਕਹਿਣਾ ਹੈ ਕਿ ਝੋਨੇ ਦੀ 3100 ਕਰੋੜ ਰੁਪਏ ਰਾਸ਼ੀ ਤੋਂ ਇਲਾਵਾ ਪੰਜਾਬ ਨੂੰ ਝੋਨੇ ਦੀ ਚੁਕਾਈ ਬਾਰੇ ਨਿੱਕੇ-ਮੋਟੇ ਖਰਚਿਆਂ ਲਈ 900 ਕਰੋੜ ਰੁਪਏ ਰਾਸ਼ੀ ਹੋਰ ਵੀ ਲੋੜੀਂਦੀ ਹੈ। ਰਾਸ਼ੀ ਰੁਕੀ ਹੋਣ ਕਾਰਨ ਕਿਸਾਨਾਂ ਲਈ ਵੱਡੀ ਸਮੱਸਿਆ ਖੜ੍ਹੀ ਹੋ ਗਈ ਹੈ ਕਿਉਂਕਿ ਕਿਸਾਨਾਂ ਵੱਲੋਂ ਕੀਤੀ ਜਾਣ ਵਾਲੀ ਕਣਕ ਦੀ ਲਵਾਈ ਪ੍ਰਭਾਵਿਤ ਹੋ ਰਹੀ ਹੈ।

# ਪੰਜਾਬ ਦੇ ਸੁਧਾਰ ਘਰਾਂ ਨੂੰ ਸੁਧਾਰ ਦੀ ਉਡੀਕ




**ਬਠਿੰਡਾ:** ਪੰਜਾਬ ਦੀਆਂ ਜੇਲ੍ਹਾਂ ਵਿਚਲੇ ਸੁਧਾਰ ਘਰ ਵੱਡੀ ਆਰਥਿਕ ਤੰਗੀ ਦਾ ਸਾਹਮਣਾ ਕਰ ਰਹੇ ਹਨ। ਸਰਕਾਰ ਵੱਲੋਂ ਕੋਈ ਫੰਡ ਜਾਰੀ ਨਾ ਹੋਣ ਕਰਕੇ ਇਹ ਸਿਰਫ ਨਾਂ ਦੇ ਹੀ ਸੁਧਾਰ ਘਰ ਰਹਿ ਗਏ ਹਨ। ਜੇਲ੍ਹਾਂ ਵਿਚ ਕੈਦੀਆਂ ਦਾ ਘੜਮੱਸ ਹੈ ਤੇ ਉਨ੍ਹਾਂ ਨੂੰ ਪੜ੍ਹਾਉਣ ਵਾਲੇ ਮਾਸਟਰ ਨਹੀਂ। ਜੇਲ੍ਹਾਂ ਵਿਚ ਮਨੋਵਿਗਿਆਨੀਆਂ ਸਮੇਤ ਹੋਰ ਸਟਾਫ਼ ਦੀ ਕਮੀ ਹੈ। ਸੂਚਨਾ ਅਧਿਕਾਰ ਕਾਨੂੰਨ ਰਾਹੀਂ ਹਾਸਲ ਵੇਰਵਿਆਂ ਮੁਤਾਬਕ ਜੇਲ੍ਹਾਂ ਵਿਚ ਇਸ ਵੇਲੇ 17 ਸਰਕਾਰੀ ਗੱਡੀਆਂ ਹਨ, ਜੋ ਕੰਡਮ ਹੋ ਚੁੱਕੀਆਂ ਹਨ। ਜੇਲ੍ਹ ਸੁਪਰਡੈਂਟਾਂ ਨੂੰ ਤਕਰੀਬਨ 28 ਵਰ੍ਹਿਆਂ ਤੋਂ ਨਾ ਕੋਈ ਹੋਰ ਗੱਡੀ ਮਿਲੀ ਹੈ ਤੇ ਨਾ ਤੇਲ ਦਾ ਖ਼ਰਚਾ।

ਜੇਲ੍ਹ ਵਿਭਾਗ ਕੋਲ ਜੀਪ ਡਰਾਈਵਰਾਂ ਦੀਆਂ 23 ਅਸਾਮੀਆਂ ਹਨ, ਜਿਨ੍ਹਾਂ ਵਿਚੋਂ ਸਿਰਫ਼ 11 ਭਰੀਆਂ ਹਨ। ਜੇਲ੍ਹਾਂ ਦੇ ਬਗੀਚੇ ਵੀ ਹੁਣ ਸੁੰਘੜ ਗਏ ਹਨ, ਕਿਉਂਕਿ ਕਈ ਥਾਂਈ ਬਗੀਚੇ ਵੇਚ ਦਿੱਤੇ ਗਏ ਹਨ। ਪੰਜਾਬ ਵਿਚ 26 ਜੇਲ੍ਹਾਂ ਹਨ, ਜਿਨ੍ਹਾਂ ਵਿਚ ਅੱਠ ਕੇਂਦਰੀ ਜੇਲ੍ਹਾਂ ਹਨ। ਜੇਲ੍ਹਾਂ ਵਿਚ 18 ਜੇਬੀਟੀ ਅਧਿਆਪਕਾਂ ਦੀਆਂ ਅਸਾਮੀਆਂ ਹਨ, ਜਿਨ੍ਹਾਂ ਵਿਚੋਂ 16 ਖਾਲੀ ਹਨ। ਨਰਸਰੀ ਟੀਚਰ ਦੀਆਂ ਛੇ ਵਿਚੋਂ ਚਾਰ ਤੇ ਕਰੈੱਚ ਟੀਚਰ ਦੀਆਂ 10 ਵਿਚੋਂ ਚਾਰ ਅਸਾਮੀਆਂ ਖਾਲੀ ਹਨ। ਜੇਲ੍ਹਾਂ ਵਿਚ ਕੰਪਿਊਟਰ ਅਪਰੇਟਰ ਤੇ ਟੀਚਰਾਂ ਦੀਆਂ ਸਾਰੀਆਂ ਅੱਠ ਅਸਾਮੀਆਂ ਹੀ ਖਾਲੀ ਹਨ। ਬੈਂਡ ਮਾਸਟਰ ਤੇ ਟੈਂਟ ਮਾਸਟਰ ਦੀਆਂ ਦੋ ਅਸਾਮੀਆਂ ਖਾਲੀ ਹਨ। ਜੇਲ੍ਹਾਂ ਵਿਚ ਆਟਾ ਚੱਕੀ ਕੈਦੀ ਹੀ ਚਲਾ ਰਹੇ ਹਨ, ਜਦੋਂਕਿ ਚੱਕੀ ਅਟੈਂਡੈਂਟ ਦੀਆਂ ਪੰਜ ਵਿਚੋਂ ਚਾਰ ਅਸਾਮੀਆਂ ਖਾਲੀ ਹਨ। ਬਠਿੰਡਾ ਜੇਲ੍ਹ ਦੇ ਸੁਪਰਡੈਂਟ ਰਾਜਮਹਿੰਦਰ ਸਿੰਘ ਦਾ ਕਹਿਣਾ ਹੈ ਕਿ ਜੇਲ੍ਹ ਸਟਾਫ਼ ਲਈ ਕੋਈ ਗੱਡੀ ਨਾ ਹੋਣ ਕਰਕੇ ਉਹ ਪ੍ਰਾਈਵੇਟ ਗੱਡੀ ਦੀ ਹੀ ਵਰਤੋਂ ਕਰਦੇ ਹਨ। ਜੇਲ੍ਹ ਵਿਭਾਗ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਜੇਲ੍ਹਾਂ ਵਿਚ ਤਕਨੀਕੀ ਸਟਾਫ਼ ਦੀ ਕਮੀ ਹੈ, ਜਿਸ ਕਰਕੇ ਸਾਰੇ ਕੰਮ ਬੰਦੀਆਂ ਤੋਂ ਹੀ ਕਰਾਉਣੇ ਪੈਂਦੇ ਹਨ। ਸਹਾਇਕ ਸੁਪਰਡੈਂਟਾਂ ਦੀਆਂ 111 ਵਿਚੋਂ 57 ਅਸਾਮੀਆਂ ਖਾਲੀ ਹਨ, ਜਦੋਂ ਕਿ ਡਿਪਟੀ ਸੁਪਰਡੈਂਟ ਗਰੇਡ ਦੋ ਦੀਆਂ 65 ਵਿਚੋਂ 46 ਅਸਾਮੀਆਂ ਖਾਲੀ ਹਨ।

ਪੰਜਾਬ ਜੇਲ੍ਹ ਗਾਰਦ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਵਿਜੇ ਕੁਮਾਰ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਜੇਲ੍ਹਾਂ ਦਾ ਸਟਾਫ਼ ਪੂਰਾ ਕਰ ਦੇਵੇ ਤਾਂ ਬਹੁਤ ਸਾਰੀਆਂ ਮੁਸ਼ਕਲਾਂ ਹੱਲ ਹੋ ਜਾਣਗੀਆਂ। ਉਨ੍ਹਾਂ ਕਿਹਾ ਕਿ ਜੇਲ੍ਹਾਂ ਵਿਚ ਛੇ ਬੰਦੀਆਂ ਪਿੱਛੇ ਇਕ ਗਾਰਦ ਹੋਣਾ ਚਾਹੀਦਾ ਹੈ। ਜੇਲ੍ਹਾਂ ਵਿਚ ਨਸ਼ਿਆਂ ਤੇ ਲੜਾਈ-ਝਗੜੇ ਦਾ ਕਾਰਨ ਸਟਾਫ਼ ਦੀ ਕਮੀ ਹੀ ਹੈ। ਜੇਲ੍ਹ ਮੰਤਰੀ ਸੋਹਣ ਸਿੰਘ ਠੰਡਲ ਨੇ ਕਿਹਾ ਕਿ ਜੇਲ੍ਹਾਂ ਲਈ ਨਵੀਆਂ 25 ਗੱਡੀਆਂ ਖ਼ਰੀਦਣ ਦੀ ਪ੍ਰਕਿਰਿਆ ਚੱਲ ਰਹੀ ਹੈ ਤੇ ਸਟਾਫ਼ ਵੀ ਕਮੀ ਵੀ ਪੂਰੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਤਕਨੀਕੀ ਸਟਾਫ਼ ਦੀਆਂ ਅਸਾਮੀਆਂ ਦਾ ਜਾਇਜ਼ਾ ਲਿਆ ਜਾਵੇਗਾ।

# ਬੱਚਿਆਂ ਦੀ ਗੁੰਮਸ਼ੁਦਗੀ ਬਾਰੇ ਪੰਜਾਬ ਪੁਲਿਸ ਗੰਭੀਰ ਨਹੀਂ

## ਗੁੰਮ ਬੱਚਿਆਂ ਦੇ ਕੇਸ ਵੀ ਦਰਜ ਨਾ ਕੀਤੇ



**ਲੁਧਿਆਣਾ:** ਅਕਾਲੀ-ਭਾਜਪਾ ਸਰਕਾਰ ਪੰਜਾਬ ਵਿਚੋਂ ਗੁੰਮ ਹੋਏ ਬੱਚਿਆਂ ਨੂੰ ਲੱਭਣ ਵਿਚ ਨਾਕਾਮ ਰਹੀ ਹੈ। ਇਨ੍ਹਾਂ ਗੁੰਮ ਬੱਚਿਆਂ ਦੀ ਥਾਣਿਆਂ ਵਿਚ ਐਫ.ਆਈ.ਆਰਜ਼. ਵੀ ਦਰਜ ਨਹੀਂ ਹੋਈਆਂ। ਪੰਜਾਬ ਵਿਚੋਂ 2011 ਤੋਂ 2013 ਤੱਕ 1740 ਬੱਚੇ ਗੁੰਮ ਹੋਏ ਹਨ ਜਿਨ੍ਹਾਂ ਵਿਚੋਂ 1087 ਬਰਾਮਦ ਹੋਏ ਹਨ ਜਦਕਿ 653 ਬੱਚੇ ਹਾਲੇ ਵੀ ਗੁੰਮ ਹਨ।

ਉਪਰੋਕਤ ਤਿੰਨ ਸਾਲ ਵਕਫ਼ੇ ਵਿਚ ਗੁੰਮ ਹੋਏ ਕੁੱਲ 1740 ਬੱਚਿਆਂ ਵਿਚ ਸਿਰਫ 159 ਬੱਚਿਆਂ ਦੀ ਵੱਖ-ਵੱਖ ਥਾਣਿਆਂ ਵਿਚ ਐਫ.ਆਈ.ਆਰਜ਼. ਦਰਜ ਹੋਈਆਂ ਹਨ ਜਿਥੋਂ ਪਤਾ ਲੱਗਦਾ ਕਿ ਬੱਚਿਆਂ ਦੀ ਗੁੰਮਸ਼ੁਦਗੀ ਮਾਮਲੇ ਵਿਚ ਪੰਜਾਬ ਪੁਲਿਸ ਕਿੰਨੀ ਬੇਪਰਵਾਹ ਹੈ। ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਨੇ ਆਪਣੇ ਤਾਜ਼ਾ ਹੁਕਮਾਂ ਵਿਚ ਬੱਚਿਆਂ ਦੇ ਗੁੰਮਸ਼ੁਦਗੀ ਮਾਮਲੇ ਵਿਚ ਸੂਬਾ ਸਰਕਾਰਾਂ ਨੂੰ ਝਾੜ ਪਾਈ ਹੈ ਪਰ ਪੰਜਾਬ ਪੁਲਿਸ 'ਤੇ ਇਸ ਦਾ ਰਤਾ ਵੀ ਅਸਰ ਨਹੀਂ ਹੋਇਆ। ਪੰਜਾਬ ਪੁਲਿਸ ਵੱਲੋਂ ਇਸ ਮਾਮਲੇ ਵਿਚ ਲਗਾਤਾਰ ਅਣਗਹਿਲੀ ਵਰਤੀ ਜਾ ਰਹੀ ਹੈ।

ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਲੀਡਰ ਤੇ ਦੇਸ਼ ਦੇ ਉੱਘੇ ਵਕੀਲ ਐਚ.ਐਸ. ਫੂਲਕਾ ਨੇ ਦੱਸਿਆ ਕਿ ਰਾਜ ਸਭਾ ਦੀ ਸੂਚਨਾ ਅਨੁਸਾਰ 3082 ਬੱਚੇ ਪੰਜਾਬ ਵਿਚੋਂ ਗੁੰਮ ਹੋਏ ਹਨ। ਕਿਸੇ ਸੂਬੇ ਵਿਚੋਂ ਬੱਚੇ ਗੁੰਮ ਹੋਣ ਦਾ ਮਾਮਲਾ ਬਹੁਤ ਹੀ ਦੁਖਦਾਈ ਤੇ ਸੰਵੇਦਨਸ਼ੀਲ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ ਪੰਜ ਰਾਜ ਦੇ ਪ੍ਰਮੁੱਖ ਸਕੱਤਰਾਂ ਨੂੰ ਸੰਮਨ ਕੀਤਾ ਹੈ ਕਿ ਜਿਨ੍ਹਾਂ ਵਿਚ ਛੱਤੀਸਗੜ੍ਹ, ਬਿਹਾਰ, ਮੱਧ ਪ੍ਰਦੇਸ਼, ਕਰਨਾਟਕ ਤੇ ਤ੍ਰਿਪੁਰਾ ਸ਼ਾਮਲ ਹਨ। ਬਿਹਾਰ ਤੇ ਛੱਤੀਸਗੜ੍ਹ ਦੇ ਡਾਇਰੈਕਟਰ ਜਨਰਲ ਪੁਲਿਸ ਨੂੰ ਵੀ ਸੰਮਨ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਉਹ ਉੱਚ ਅਦਾਲਤ ਨੂੰ ਪੰਜਾਬ ਸਰਕਾਰ ਦੀ ਅਣਗਹਿਲੀ ਬਾਰੇ ਜਾਣੂ ਕਰਵਾਉਣਗੇ।

ਅਕਾਲੀ-ਭਾਜਪਾ ਸਰਕਾਰ 'ਤੇ ਵਰ੍ਹਦਿਆਂ ਸ੍ਰੀ ਫੂਲਕਾ ਨੇ ਕਿਹਾ ਕਿ ਸਰਕਾਰ ਤਾਂ ਕੌਮੀ ਸ਼ਹੀਦ ਲਾਲਾ ਲਾਜਪਤ ਰਾਏ ਦੇ 17 ਨਵੰਬਰ ਨੂੰ ਲੰਘੇ 86ਵੇਂ ਸ਼ਹੀਦੀ ਦਿਵਸ ਨੂੰ ਵੀ ਭੁੱਲ ਗਈ ਹੈ। ਉਨ੍ਹਾਂ ਕਿਹਾ ਕਿ ਰਾਜ ਵਿਚ ਯੂਨੀਵਰਸਿਟੀ ਤੇ ਕਾਲਜ ਗਰਾਂਟਾਂ ਨੂੰ ਤਰਸ ਰਹੇ ਹਨ ਕਿ ਦੂਜੇ ਪਾਸੇ ਸਰਕਾਰ ਆਪਣੇ ਲੀਡਰਾਂ 'ਤੇ ਕਰੋੜਾਂ ਰੁਪਏ ਫਜ਼ੂਲ ਖਰਚ ਰਹੀ ਹੈ। ਸਰਕਾਰ ਦੱਸੇ ਕਿ ਨਿਯੁਕਤ ਕੀਤੇ ਗਏ 20 ਚੀਫ ਪਾਰਲੀਮਾਨੀ ਸਕੱਤਰਾਂ ਤੋਂ ਕੀ ਕੰਮ ਕਰਵਾ ਰਹੀ ਹੈ। ਉਨ੍ਹਾਂ ਕਿਹਾ ਕਿ ਬਿਲਕੁੱਲ ਫ਼ਜ਼ੂਲ ਦਾ ਅਹੁਦਾ ਹੈ। ਇਹ ਸਕੱਤਰ ਸਰਕਾਰ ਦੀ ਕਾਰਜਕਾਰਨੀ ਵਿਚ ਕੋਈ ਵੀ ਭੂਮਿਕਾ ਨਹੀਂ ਨਿਭਾਉਂਦੇ। ਇਸ ਤੋਂ ਇਲਾਵਾ ਬਹੁਤ ਸਾਰੇ ਸਲਾਹਕਾਰ ਤੇ ਗੈਰ ਸੰਵਿਧਾਨਕ ਅਹੁਦੇ ਵੀ ਬਣਾਏ ਗਏ ਹਨ।

# ਪੰਜਾਬ ਸਰਕਾਰ ਨੇ ਮਨਰੇਗਾ ਮਜ਼ਦੂਰਾਂ ਨੂੰ ਲਾਇਆ ਰਗੜਾ

**ਚੰਡੀਗੜ੍ਹ:** ਪੰਜਾਬ ਵਿਚ ਹਜ਼ਾਰਾਂ ਮਜ਼ਦੂਰਾਂ ਨੂੰ ਮਨਰੇਗਾ ਦੀਆਂ ਅਦਾਇਗੀਆਂ ਨਾ ਮਿਲਣ ਦੇ ਮੁੱਦੇ 'ਤੇ ਭੰਬਲਭੂਸਾ ਬਰਕਰਾਰ ਹੈ। ਪੰਜਾਬ ਸਰਕਾਰ ਇਹ ਅਦਾਇਗੀਆਂ ਜਾਰੀ ਕਰਨ ਦੇ ਦਾਅਵੇ ਕਰ ਰਹੀ ਹੈ ਪਰ ਕੁਝ ਮਨਰੇਗਾ ਯੂਨੀਅਨਾਂ ਤੇ ਪੰਚਾਇਤਾਂ ਇਨ੍ਹਾਂ ਤੱਥਾਂ ਨੂੰ ਗਲਤ ਦੱਸ ਰਹੀਆਂ ਹਨ। ਸਾਂਝੀ ਐਕਸ਼ਨ ਕਮੇਟੀ (ਪੰਚਾਇਤੀ ਰਾਜ ਯੂਨੀਅਨ) ਜ਼ਿਲ੍ਹਾ ਰੂਪਨਗਰ ਦੇ ਕਨਵੀਨਰ ਤੇ ਪਿੰਡ ਮਹੈਣ ਦੇ ਸਰਪੰਚ ਸੁੱਚਾ ਸਿੰਘ ਖਟੜਾ ਵੱਲੋਂ ਪੰਜਾਬ ਸਰਕਾਰ ਦੇ ਕਮਿਸ਼ਨਰ ਮਨਰੇਗਾ ਕੋਲੋਂ ਸੂਚਨਾ ਦੇ ਅਧਿਕਾਰ (ਆਰ.ਟੀ.ਆਈ.) ਤਹਿਤ ਹਾਸਲ ਕੀਤੀ ਗਈ ਜਾਣਕਾਰੀ ਮੁਤਾਬਕ ਭਾਰਤ ਸਰਕਾਰ ਵੱਲੋਂ 2014-15 ਦੌਰਾਨ ਸਮੇਂ-ਸਮੇਂ ਮਨਰੇਗਾ ਸਕੀਮ ਲਈ ਜਾਰੀ ਕੀਤੀ 156 ਕਰੋੜ ਰੁਪਏ ਦੀ ਰਕਮ ਵਰਤੀ ਜਾ ਚੁੱਕੀ ਹੈ।

ਕੇਂਦਰ ਸਰਕਾਰ ਵੱਲੋਂ ਮਨਰੇਗਾ ਸਕੀਮ ਤਹਿਤ ਤਿੰਨ ਅਪਰੈਲ 2014 ਨੂੰ 10,733 ਲੱਖ ਰੁਪਏ ਜਾਰੀ ਕੀਤੇ ਗਏ ਸਨ। ਇਸ ਤੋਂ ਇਲਾਵਾ 27 ਮਈ 2014 ਨੂੰ ਸੱਤ ਕਰੋੜ ਜਾਰੀ ਕੀਤੇ ਗਏ ਸਨ। ਇਸ ਸਕੀਮ ਤਹਿਤ 19 ਅਗਸਤ ਨੂੰ 1407 ਲੱਖ ਤੇ ਚਾਰ ਸਤੰਬਰ ਨੂੰ 2732 ਲੱਖ ਰੁਪਏ ਪ੍ਰਾਪਤ ਹੋਏ ਹਨ। ਕਮਿਸ਼ਨਰ ਮਨਰੇਗਾ ਦੇ ਦਫਤਰ ਮੁਤਾਬਕ ਇਸ ਸਕੀਮ ਤਹਿਤ ਫੰਡ

### ਸਰਕਾਰ ਦੀ ਹਾਂ-ਨਾਂਹ ਵਿਚ ਉਲਝੀਆਂ ਅਦਾਇਗੀਆਂ



ਰਾਜ ਪੱਧਰ ਤੋਂ ਇਲੈਕਟ੍ਰੌਨਿਕਸ ਫੰਡਜ਼ ਮੈਨਜਮੈਂਟ ਸਿਸਟਮ ਰਾਹੀਂ ਸਿੱਧੇ ਲਾਭਪਾਤਰੀਆਂ ਦੇ ਖਾਤਿਆਂ ਵਿਚ ਜਾਰੀ ਕੀਤੇ ਜਾਂਦੇ ਹਨ ਤੇ ਜਿਲ੍ਹਿਆਂ ਨੂੰ ਫੰਡ ਸਿੱਧੇ ਤੌਰ 'ਤੇ ਮੁਹੱਈਆ ਨਹੀਂ ਕੀਤੇ ਜਾਂਦੇ। ਇਸ ਦੇ ਨਾਲ ਹੀ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਪੇਂਡੂ ਵਿਕਾਸ ਵਿਭਾਗ ਨੂੰ ਮਨਰੇਗਾ ਤਹਿਤ ਵੇਜ ਤੇ ਮਟੀਰੀਅਲ ਲਈ ਰਿਲੀਜ਼ ਹੋਇਆ ਫੰਡ ਵਰਤਿਆ ਜਾ ਚੁੱਕਾ ਹੈ।

ਪਬਲਿਕ ਸੂਚਨਾ ਅਫਸਰ ਨੇ ਆਪਣੇ ਜਵਾਬ ਵਿਚ ਸਾਫ ਲਿਖਿਆ ਹੈ ਕਿ ਹੁਣ ਉਨ੍ਹਾਂ ਕੋਲ ਕੋਈ ਵੀ ਫੰਡ ਬਚਿਆ ਨਹੀਂ ਹੈ। ਸਰਕਾਰ ਦੇ ਇਸ ਜਵਾਬ ਨਾਲ ਨਵਾਂ ਭੰਬਲਭੂਸਾ ਪੈਦਾ ਹੋ ਗਿਆ ਹੈ। ਸੁੱਚਾ ਸਿੰਘ ਖੱਟੜਾ ਨੇ ਹਾਸਲ ਹੋਈ ਜਾਣਕਾਰੀ ਉਪਰ ਸਵਾਲ ਖੜ੍ਹੇ ਕਰਦਿਆਂ ਦੋਸ਼ ਲਾਇਆ ਹੈ ਕਿ ਨਰੇਗਾ ਦੇ ਮਜ਼ਦੂਰਾਂ ਦੀ ਕਿਰਤ ਸਰਕਾਰ ਦੱਬੀ ਬੈਠੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸਰਕਾਰ ਵੱਲੋਂ ਹਾਲੇ ਤੱਕ ਭਾਰਤ ਸਰਕਾਰ ਤੋਂ 19 ਅਗਸਤ ਨੂੰ ਹਾਸਲ ਹੋਏ 1407 ਲੱਖ ਰੁਪਏ ਤੇ ਚਾਰ ਸਤੰਬਰ ਨੂੰ ਮਿਲੇ 2732 ਲੱਖ ਰੁਪਏ ਮਜ਼ਦੂਰਾਂ ਦੇ ਖਾਤਿਆਂ ਵਿਚ ਜਮ੍ਹਾਂ ਨਹੀਂ ਕਰਵਾਏ ਗਏ। ਉਨ੍ਹਾਂ ਹੈਰਾਨੀ ਜ਼ਾਹਿਰ ਕੀਤੀ ਕਿ ਦਿੱਤੀ ਜਾਣਕਾਰੀ ਵਿਚ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਇਹ ਰਕਮ ਮਜ਼ਦੂਰਾਂ ਦੇ ਖਾਤਿਆਂ ਵਿਚ ਭੇਜੀ ਜਾ ਚੁੱਕੀ ਹੈ। ਕਈ ਮਜ਼ਦੂਰਾਂ ਨੂੰ ਤਾਂ ਛੇ-ਛੇ ਮਹੀਨਿਆਂ ਦੀ ਮਜ਼ਦੂਰੀ ਨਸੀਬ ਨਹੀਂ ਹੋਈ।

ਇਸ ਮਾਮਲੇ ਬਾਬਤ ਉਨ੍ਹਾਂ ਕੋਲ ਪੂਰੇ ਅੰਕੜੇ ਮੌਜੂਦ ਹਨ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਸਰਕਾਰ ਮਨਰੇਗਾ ਸਕੀਮ ਅਧੀਨ ਭਾਰਤ ਸਰਕਾਰ ਤੋਂ ਹਾਸਲ ਹੋਈ ਰਾਸ਼ੀ ਮਜ਼ਦੂਰਾਂ ਨੂੰ ਜਾਰੀ ਨਹੀਂ ਕਰ ਰਹੀ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਖਜ਼ਾਨੇ ਉਪਰ ਅਣਐਲਾਨੀ ਰੋਕ ਲਾਈ ਹੋਈ ਹੈ। ਇਸ ਤਹਿਤ ਪੰਜਾਬ ਦੇ ਸਮੂਹ ਖਜ਼ਾਨਾ ਦਫਤਰਾਂ ਵਿਚ ਮੁਲਾਜ਼ਮਾਂ ਦੀਆਂ ਬਕਾਇਆ ਤਨਖਾਹਾਂ ਸਮੇਤ ਹਰੇਕ ਤਰ੍ਹਾਂ ਦੀਆਂ ਅਦਾਇਗੀਆਂ ਦੇ ਬਿੱਲ ਠੰਢੇ ਬਸਤੇ ਵਿਚ ਪਏ ਹਨ। ਵਿੱਤ ਵਿਭਾਗ ਵੱਲੋਂ 11 ਨਵੰਬਰ ਨੂੰ ਚੁੱਪ-ਚੁਪੀਤੇ ਖਜ਼ਾਨਿਆਂ ਦੀਆਂ ਸਮੂਹ ਅਦਾਇਗੀਆਂ ਰੋਕਣ ਦੇ ਹੁਕਮ ਦਿੱਤੇ ਸਨ।

### ਮਜ਼ਦੂਰਾਂ ਦਾ 100 ਕਰੋੜ ਬਕਾਇਆ: ਜਾਖੜ

**ਬਠਿੰਡਾ:** ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਵੱਲ ਮਨਰੇਗਾ ਮਜ਼ਦੂਰਾਂ ਦਾ 100 ਕਰੋੜ ਰੁਪਏ ਲੰਬੇ ਸਮੇਂ ਤੋਂ ਬਕਾਇਆ ਪਿਆ ਹੈ ਜਦੋਂ ਕਿ ਕਮਜ਼ੋਰ ਵਰਗਾਂ ਨੂੰ ਸਗਨ ਸਕੀਮ, ਪੈਨਸ਼ਨਾਂ ਤੇ ਹੋਰ ਭਲਾਈ ਸਕੀਮਾਂ ਅਧੀਨ ਲਾਭਪਾਤਰੀਆਂ ਨੂੰ ਰਾਹਤਾਂ ਨਹੀਂ ਮਿਲ ਰਹੀਆਂ ਤੇ ਸੂਬਾ ਸਰਕਾਰ ਦੇ ਮੁਲਾਜ਼ਮਾਂ ਨੂੰ ਤਨਖ਼ਾਹਾਂ ਤੇ ਪੈਨਸ਼ਨਾਂ ਵੀ ਸਮੇਂ ਸਿਰ ਨਹੀਂ ਮਿਲ ਰਹੀਆਂ। ਮਨਰੇਗਾ ਸਕੀਮ ਬਾਰੇ ਉਨ੍ਹਾਂ ਜ਼ਿਲ੍ਹਾ ਵਾਰ ਅੰਕੜੇ ਦਿੰਦਿਆਂ ਕਿਹਾ ਕਿ ਹੁਸ਼ਿਆਰਪੁਰ ਦੇ 5.21 ਕਰੋੜ, ਜਲੰਧਰ 2.08 ਕਰੋੜ, ਬਠਿੰਡਾ 8.83 ਕਰੋੜ ਤੇ ਉਪ ਮੁੱਖ ਮੰਤਰੀ ਦੇ ਵਿਧਾਨ ਸਭਾ ਹਲਕੇ ਦੇ ਬਲਾਕ ਜਲਾਲਬਾਦ ਵਿਚ 2.44 ਕਰੋੜ ਰੁਪਏ ਫਸੇ ਹੋਏ ਹਨ।

# ਟਰੈਵਲ ਏਜੰਟਾਂ ਨੂੰ ਨੱਥ ਪਾਉਣ ਤੋਂ ਟਾਲਾ ਵੱਟਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਮਨੁੱਖੀ ਤਸਕਰੀ ਰੋਕੂ ਕਾਨੂੰਨ ਲਾਗੂ ਕਰਨ ਲਈ ਪਿਛਲੇ ਇਕ ਦਹਾਕੇ ਤੋਂ ਜੱਦੋਜਹਿਦ ਕੀਤੀ ਜਾ ਰਹੀ ਹੈ ਪਰ ਇਹ ਕਾਨੂੰਨ ਲਾਗੂ ਨਹੀਂ ਹੋ ਸਕਿਆ। ਪੰਜਾਬ ਵਿਚ ਇਸ ਸਮੇਂ ਪੁਲਿਸ ਵੱਲੋਂ ਵਿਦੇਸ਼ ਦੇ ਨਾਂ 'ਤੇ ਠੱਗੀ ਦੇ ਮਾਮਲੇ ਵਿਚ ਧੋਖਾਧੜੀ (420) ਦਾ ਕੇਸ ਹੀ ਦਰਜ ਕੀਤਾ ਜਾਂਦਾ ਹੈ। ਮਹੱਤਵਪੂਰਨ ਤੱਥ ਇਹ ਹੈ ਕਿ ਵਿਧਾਨ ਸਭਾ ਵੱਲੋਂ ਇਸ ਕਾਨੂੰਨ ਨੂੰ ਪਾਸ ਕੀਤਾ ਜਾ ਚੁੱਕਾ ਹੈ। ਸੂਤਰਾਂ ਦਾ ਦੱਸਣਾ ਹੈ ਕਿ ਟਰੈਵਲ ਏਜੰਟਾਂ ਵੱਲੋਂ ਸਰਕਾਰ 'ਤੇ ਕਾਨੂੰਨ ਲਾਗੂ ਨਾ ਕਰਨ ਲਈ ਭਾਰੀ ਦਬਾਅ ਬਣਾਇਆ ਹੋਇਆ ਹੈ।

ਟਰੈਵਲ ਏਜੰਟਾਂ ਵੱਲੋਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਇਸ ਮੁੱਦੇ 'ਤੇ ਕਈ ਮੀਟਿੰਗਾਂ ਵੀ ਕੀਤੀਆਂ ਗਈਆਂ ਸਨ। ਸੂਬੇ ਦੇ ਪ੍ਰਮੁੱਖ ਸਕੱਤਰ (ਗ੍ਰਹਿ) ਜਗਪਾਲ ਸਿੰਘ ਸੰਧੂ ਦਾ ਕਹਿਣਾ ਹੈ ਕਿ ਇਸ ਕਾਨੂੰਨ ਤਹਿਤ ਟਰੈਵਲ ਏਜੰਟਾਂ ਦੀ ਰਜਿਸਟਰੇਸ਼ਨ ਦਾ ਮਾਮਲਾ ਜਨਵਰੀ ਤੱਕ ਅੱਗੇ ਪਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਟਰੈਵਲ ਏਜੰਟਾਂ ਦੀ ਰਜਿਸਟਰੇਸ਼ਨ ਤੋਂ ਬਾਅਦ ਪੜਾਅਵਾਰ ਕਾਨੂੰਨ ਲਾਗੂ ਕੀਤਾ ਜਾਵੇਗਾ। ਉਧਰ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਲਵੰਤ ਸਿੰਘ

### ਮਨੁੱਖੀ ਤਸਕਰੀ ਵਿਰੋਧੀ ਕਾਨੂੰਨ ਲਾਗੂ ਕਰਨਾ ਬਣਿਆ ਚੁਣੌਤੀ

ਰਾਮੂਵਾਲੀਆ ਦਾ ਕਹਿਣਾ ਹੈ ਕਿ ਸੂਬਾ ਸਰਕਾਰ ਦੇ ਅਵੇਸਲੇਪਣ ਸਦਕਾ ਟਰੈਵਲ ਏਜੰਟਾਂ ਵੱਲੋਂ ਲੋਕਾਂ ਦੀ ਲੁੱਟ ਪਹਿਲਾਂ ਵਾਂਗ ਜਾਰੀ ਹੈ। ਪੰਜਾਬ ਦਾ 3500 ਨੌਜਵਾਨ ਇਸ ਸਮੇਂ ਯੂ.ਏ.ਈ. ਦੀਆਂ ਜੇਲ੍ਹਾਂ ਵਿਚ ਬੈਠਾ ਹੈ। ਲਿਬਨਾਨ ਵਿਚ ਚਾਰ ਹਜ਼ਾਰ ਪੰਜਾਬੀ ਫਸਿਆ ਹੋਇਆ ਹੋਇਆ ਹੈ। ਸ. ਰਾਮੂਵਾਲੀਆ ਨੇ ਦੱਸਿਆ ਕਿ ਉਹ ਸੂਬੇ ਦੇ ਪਰਵਾਸੀ ਮਾਮਲਿਆਂ ਬਾਰੇ ਮੰਤਰੀ ਜਥੇਦਾਰ ਤੋਤਾ ਸਿੰਘ ਨੂੰ ਮਿਲ ਕੇ ਮਨੁੱਖੀ ਸਮੱਗਲਿੰਗ ਰੋਕਣ ਲਈ ਸਖ਼ਤ ਕਦਮ ਚੁੱਕਣ 'ਤੇ ਦਬਾਅ ਪਾਉਣਗੇ।

ਪੰਜਾਬ ਵਿਚ ਠੱਗ ਕਿਸਮ ਦੇ ਟਰੈਵਲ ਏਜੰਟਾਂ ਹੱਥੋਂ ਨੌਜਵਾਨਾਂ ਦਾ ਸ਼ੋਸ਼ਣ ਰੋਕਣ ਲਈ 'ਮਨੁੱਖੀ ਤਸਕਰੀ ਰੋਕੂ ਕਾਨੂੰਨ' ਨੂੰ ਲਾਗੂ ਕਰਨਾ ਸੂਬਾ ਸਰਕਾਰ ਲਈ ਚੁਣੌਤੀ ਬਣ ਗਿਆ ਹੈ। ਸੰਯੁਕਤ ਰਾਸ਼ਟਰ ਦੀ ਸੰਸਥਾ 'ਯੂਨਾਈਟਿਡ ਨੇਸ਼ਨ ਆਫਿਸ ਆਨ ਡਰੱਗਜ਼ ਐਂਡ ਕਰਾਈਮ' (ਯੂ.ਐਨ.ਓ.ਡੀ.ਸੀ.) ਵੱਲੋਂ ਪੰਜਾਬ ਬਾਰੇ ਕੀਤੇ ਇਕ ਵਿਸ਼ੇਸ਼ ਅਧਿਐਨ ਮੁਤਾਬਕ ਬੇਰੁਜ਼ਗਾਰੀ ਦੇ ਝੰਬੇ ਇਸ ਸੂਬੇ ਵਿਚੋਂ ਹਰ ਸਾਲ 20,000 ਤੋਂ ਵਧੇਰੇ ਨੌਜਵਾਨ ਗੈਰ ਕਾਨੂੰਨੀ ਤਰੀਕਿਆਂ ਰਾਹੀਂ ਵਿਦੇਸ਼ਾਂ ਨੂੰ ਪਰਵਾਸ ਕਰਦੇ ਹਨ। ਯੂ.ਐਨ.ਓ.ਡੀ.ਸੀ. ਮੁਤਾਬਕ ਕੈਨੇਡਾ ਤੇ ਅਮਰੀਕਾ ਜਾਣ ਲਈ ਪੰਜਾਬੀ 20 ਲੱਖ ਤੱਕ ਲੁਟਾ ਦਿੰਦੇ ਹਨ। ਯੂਰਪ ਦੇ ਹੋਰਨਾਂ ਮੁਲਕਾਂ ਫਰਾਂਸ, ਇਟਲੀ, ਜਰਮਨੀ, ਆਸਟਰੀਆ, ਸਪੇਨ, ਬੈਲਜੀਅਮ, ਨਾਰਵੇ, ਸਵਿੱਟਜ਼ਰਲੈਂਡ, ਪੌਲੈਂਡ, ਹੰਗਰੀ, ਫਿਨਲੈਂਡ, ਹਾਲੈਂਡ, ਬੋਸਨੀਆ, ਸਵੀਡਨ, ਯੂਨਾਨ, ਚੈਕਗਣਰਾਜ ਆਦਿ ਲਈ ਛੇ ਲੱਖ ਤੋਂ 12 ਲੱਖ ਤੇ ਇੰਗਲੈਂਡ ਲਈ 9 ਤੋਂ 12 ਲੱਖ ਤੱਕ ਟਰੈਵਲ ਏਜੰਟਾਂ ਨੂੰ ਦਿੰਦੇ ਹਨ। ਯੂ.ਐਨ.ਓ.ਡੀ.ਸੀ. ਵੱਲੋਂ ਪੰਜਾਬ ਦੇ ਕੀਤੇ ਅਧਿਐਨ ਦੀ ਰਿਪੋਰਟ ਮੁਤਾਬਕ ਇਸ ਸੂਬੇ ਵਿਚੋਂ ਗੈਰਕਾਨੂੰਨੀ ਪਰਵਾਸ ਕਰਨ ਵਾਲਿਆਂ ਵਿਚ 84 ਫੀਸਦੀ ਦਿਹਾਤੀ ਖੇਤਰ ਨਾਲ ਸਬੰਧ ਰੱਖਦੇ ਹਨ। ਇਨ੍ਹਾਂ ਵਿਚ ਜ਼ਿਆਦਾਤਰ ਦੀ ਉਮਰ 21 ਤੋਂ 30 ਸਾਲ ਦੇ ਦਰਮਿਆਨ ਹੁੰਦੀ ਹੈ।

# ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰਲੀਆਂ ਦੁਕਾਨਾਂ ਚੁੱਕਣ ਬਾਰੇ ਸਹਿਮਤੀ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਰਧਾਲੂਆਂ ਦੀ ਸਹੂਲਤ ਤੇ ਚੁਗਿਰਦੇ ਦੇ ਸੁੰਦਰੀਕਰਨ ਤਹਿਤ ਘੰਟਾ ਘਰ ਦਰਸ਼ਨੀ ਡਿਊੜੀ ਦੇ ਦੋਵੇਂ ਪਾਸੇ ਬਣੀਆਂ ਦੁਕਾਨਾਂ ਨੂੰ ਚੁੱਕਣ ਲਈ ਚੱਲ ਰਹੀ ਕਾਰਵਾਈ ਦੇ ਹੁਣ ਸਿਰੇ ਚੜ੍ਹਣ ਦੀਆਂ ਸੰਭਾਵਨਾਵਾਂ ਬਣ ਰਹੀਆਂ ਹਨ। ਲੰਬੇ ਸਮੇਂ ਤੋਂ ਇਨ੍ਹਾਂ ਦੁਕਾਨਾਂ ਵਿਚ ਕੰਮ ਕਰਦੇ 17 ਕਾਰੋਬਾਰੀਆਂ, ਦੋ ਬੈਂਕਾਂ ਤੇ ਵੇਰਕਾ ਮਿਲਕ ਪਲਾਂਟ ਦੇ ਸਟਾਲ ਨੂੰ ਦੁਕਾਨਾਂ ਵੇਹਲੀਆਂ ਕਰਨ ਦੇ ਨੋਟਿਸ ਦਿੱਤੇ ਜਾ ਰਹੇ ਸਨ ਪਰ ਆਪਣੇ ਮੁੜ ਵਸੇਬੇ ਦੀ ਬੇਭਰੋਸਗੀ ਕਾਰਨ ਉਕਤ ਦੁਕਾਨਦਾਰਾਂ ਵੱਲੋਂ ਅਦਾਲਤ ਵਿਚ ਸਟੇਅ ਲਿਆ ਸੀ।

ਇਸ ਦੌਰਾਨ ਇਥੇ ਬਣ ਰਹੇ ਜ਼ਮੀਨਦੋਜ਼ ਪਲਾਜ਼ੇ ਦੇ ਸਾਹਮਣੇ ਸਿਰੇ 'ਤੇ ਸਰਕਾਰ ਵੱਲੋਂ ਕੁਝ ਛੋਟੀਆਂ ਦੁਕਾਨਾਂ ਦੀ ਉਸਾਰੀ ਕਰਦਿਆਂ ਇਨ੍ਹਾਂ ਦੁਕਾਨਦਾਰਾਂ ਨੂੰ ਤਬਦੀਲ ਕਰਨ ਦੀ ਯੋਜਨਾ ਬਣਾਈ ਜਿਸ ਤਹਿਤ ਉਸਰੀਆਂ ਦੁਕਾਨਾਂ ਦਾ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ ਨਾਲ ਮੌਕਾ ਵੇਖਣ ਪੁੱਜੇ ਡਿਪਟੀ ਕਮਿਸ਼ਨਰ ਦੀ ਫੇਰੀ ਨਾਲ ਹੁਣ ਛੇਤੀ ਤਬਦੀਲੀ ਦੀਆਂ ਸੰਭਾਵਨਾਵਾਂ ਨਜ਼ਰ ਆਉਣ ਲੱਗੀਆਂ ਹਨ। ਦੁਕਾਨਦਾਰਾਂ ਦਾ ਕਹਿਣਾ ਹੈ ਕਿ ਸਾਹਮਣੀਆਂ ਦੁਕਾਨਾਂ ਬੇਸ਼ੱਕ ਢੁਕਵੀਆਂ ਹੋਣ ਪਰ ਉਨ੍ਹਾਂ ਦਾ ਛੋਟਾ ਆਕਾਰ ਤੇ ਸ਼ੀਸ਼ੇ ਦੇ ਦਰਵਾਜ਼ੇ ਕੰਮ ਦੇ ਯੋਗ ਨਹੀਂ ਹਨ। ਨਵੀਆਂ ਦੁਕਾਨਾਂ ਨੂੰ ਲੋਹੇ ਦੇ ਸ਼ਟਰ ਤੇ ਪੁਰਾਣੀਆਂ ਦੁਕਾਨਾਂ ਦੇ ਬਿਜਲੀ ਮੀਟਰ ਉਧਰ ਤਬਦੀਲ ਕਰਕੇ ਹੀ ਕੰਮ ਕਾਰ ਅਰੰਭਿਆ ਜਾ ਸਕਦਾ ਹੈ। ਉਨ੍ਹਾਂ ਪ੍ਰਸ਼ਾਸਨ ਨੂੰ ਆਪਣੀਆਂ ਮੰਗਾਂ ਤੋਂ ਜਾਣੂ ਕਰਵਾ ਦਿੱਤਾ ਹੈ ਤੇ ਡਿਪਟੀ ਕਮਿਸ਼ਨਰ ਨੇ ਉਕਤ ਸ਼ਰਤਾਂ 'ਤੇ ਵਿਚਾਰ ਕਰਨ ਦਾ ਭਰੋਸਾ ਦਿੱਤਾ ਹੈ। ਨਵੀਆਂ ਦੁਕਾਨਾਂ ਦੇ ਕਿਰਾਏ ਤੇ ਨਵੇਂ ਕਿਰਾਏਨਾਮੇ ਬਾਰੇ ਦੁਕਾਨਦਾਰਾਂ ਵਿਚ ਡਰ ਦੀ ਭਾਵਨਾ ਵੇਖੀ ਗਈ ਤੇ ਉਨ੍ਹਾਂ ਅਨੁਸਾਰ ਜੇਕਰ ਪੁਰਾਣੇ ਕਿਰਾਏ ਜਾਰੀ ਰੱਖੇ ਗਏ ਤਾਂ ਹੀ ਉਹ ਤਬਦੀਲੀ ਲਈ ਹਾਮੀ ਭਰਨਗੇ।

# ਹਾਈਕੋਰਟ ਵੱਲੋਂ ਸ਼ਾਹੂਕਾਰਾਂ ਦੇ ਵਹੀਖਾਤੇ ਨੂੰ ਦਸਤਾਵੇਜ਼ੀ ਦਰਜਾ ਦੇਣ ਤੋਂ ਨਾਂਹ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਆੜ੍ਹਤੀਆਂ ਹੱਥੋਂ ਕਿਸਾਨਾਂ ਦਾ ਸੰਭਾਵੀ ਸੋਸ਼ਣ ਰੋਕਣ ਲਈ ਅਹਿਮ ਫੈਸਲਾ ਦਿੰਦਿਆਂ ਇਹ ਸਪਸ਼ਟ ਕੀਤਾ ਹੈ ਕਿ ਕਿਸਾਨਾਂ ਨੂੰ ਕਰਜ਼ੇ ਦੇਣ ਬਾਰੇ ਸਿੱਧ ਕਰਨ ਲਈ ਸਿਰਫ ਵਹੀ ਖਾਤਿਆਂ ਵਿਚਲੇ ਇੰਦਰਾਜ ਕਾਫੀ ਨਹੀਂ ਹੋਣਗੇ ਤੇ ਇਨ੍ਹਾਂ ਵਹੀ ਖਾਤਿਆਂ ਵਿਚ ਦਰਜ ਕਰਜ਼ਿਆਂ ਦੇ ਭੁਗਤਾਨ ਨਾ ਕੀਤੇ ਜਾਣ 'ਤੇ ਚੈੱਕ ਬਾਊਂਸ ਹੋਣ ਦੇ ਕੇਸਾਂ ਵਿਚ ਕਿਸਾਨਾਂ ਨੂੰ ਦੋਸ਼ੀ ਕਰਾਰ ਨਹੀਂ ਦਿੱਤਾ ਜਾ ਸਕੇਗਾ।

ਅਸਲ ਵਿਚ ਅਦਾਲਤ ਨੇ ਵਹੀ ਖਾਤਿਆਂ ਵਿਚਲੇ ਇੰਦਰਾਜਾਂ ਦੇ ਆਧਾਰ 'ਤੇ ਨੈਗੋਸ਼ੀਏਬਲ ਇੰਸਰੂਮੈਂਟਸ ਐਕਟ ਦੇ ਸੈਕਸ਼ਨ 138 ਅਧੀਨ ਚੈੱਕ ਬਾਊਂਸ ਹੋਣ ਬਾਰੇ ਸ਼ਿਕਾਇਤ ਦੇਣ ਉਤੇ ਆੜ੍ਹਤੀਆਂ 'ਤੇ ਰੋਕ ਲਾਈ ਹੈ। ਅਦਾਲਤ ਅਨੁਸਾਰ ਇਹ ਵਹੀ ਖਾਤਿਆਂ ਵਿਚਲੇ ਇੰਦਰਾਜ ਕਰਜ਼ਾ ਦਿੱਤੇ ਜਾਣ ਦਾ ਕੋਈ ਪੁਖਤਾ ਸਬੂਤ ਨਹੀਂ ਹਨ। ਇਹ ਘਟਨਾਕ੍ਰਮ ਇਸ ਕਰਕੇ ਅਹਿਮ ਹੈ ਕਿਉਂਕਿ ਆੜ੍ਹਤੀਆਂ 'ਤੇ ਅਕਸਰ ਇਹ ਦੋਸ਼ ਲੱਗਦੇ ਰਹੇ ਹਨ ਕਿ ਉਹ ਕਿਸਾਨਾਂ ਨੂੰ ਕਰਜ਼ੇ ਦੇਣ ਤੋਂ ਪਹਿਲਾ ਜ਼ਮਾਨਤ ਵਜੋਂ ਕਿਸਾਨਾਂ ਤੋਂ ਖਾਲੀ ਤੇ ਬਿਨਾਂ ਤਰੀਕ ਦੇ ਚੈੱਕ ਲੈ ਲੈਂਦੇ ਰਹੇ ਹਨ ਤਾਂ ਕਿ ਇਸ ਆਧਾਰ 'ਤੇ ਉਨ੍ਹਾਂ ਵਿਰੁੱਧ ਅਦਾਲਤੀ ਕਾਰਵਾਈ ਕੀਤੀ ਜਾ ਸਕੇ। ਇਹ ਫੈਸਲਾ ਨਰਸੀ ਦਾਸ ਵੱਲੋਂ ਸੁਰਿੰਦਰ ਵਿਰੁੱਧ ਪਾਈ ਗਈ ਪਟੀਸ਼ਨ 'ਤੇ ਆਇਆ ਹੈ। ਪਟੀਸ਼ਨਰ ਨੇ ਦਾਅਵਾ ਕੀਤਾ ਸੀ ਕਿ ਪ੍ਰਤੀਵਾਦੀ ਕਿਸਾਨ ਜਿਸ ਨੇ ਖੇਤੀ ਦੇ ਕੰਮਾਂ ਲਈ ਉਸ ਤੋਂ ਪੈਸਾ ਉਧਾਰ ਲਿਆ ਸੀ ਤੇ ਆਪਸੀ ਸਮਝ ਤਹਿਤ ਇਹ ਕਰਜ਼ਾ 24 ਫੀਸਦੀ ਸਾਲਾਨਾ ਦੀ ਦਰ ਨਾਲ ਦਿੱਤਾ ਗਿਆ ਸੀ। ਉਸ ਨੇ ਇਹ ਵੀ ਵਾਅਦਾ ਕੀਤਾ ਸੀ ਕਿ ਉਹ ਆਪਣੀ ਜਿਣਸ ਉਸ ਦੀ ਆੜ੍ਹਤ 'ਤੇ ਵੇਚੇਗਾ, ਪਰ 2010 ਵਿਚ ਉਸ ਨੇ ਅਜਿਹਾ ਕਰਨਾ ਬੰਦ ਕਰ ਦਿੱਤਾ।

ਕਿਸਾਨ ਨੂੰ ਦਿੱਤਾ ਗਿਆ ਕਰਜ਼ਾ ਵਹੀ ਵਿਚ ਦਰਜ ਕੀਤਾ ਗਿਆ ਦੱਸਿਆ ਜਾਂਦਾ ਸੀ। ਫਿਰ ਨਰਸੀ ਦਾਸ ਨੇ ਫੌਜਦਾਰੀ ਸ਼ਿਕਾਇਤ ਦਾਇਰ ਕਰ ਦਿੱਤੀ। ਸੁਰਿੰਦਰ ਨੂੰ ਸੰਮਨ ਕੀਤਾ ਗਿਆ, ਪਰ ਉਹ ਬਰੀ ਹੋ ਗਿਆ, ਜਿਸ ਮਗਰੋਂ ਇਹ ਪਟੀਸ਼ਨ ਪਾਈ ਗਈ। ਇਹ ਮੁੱਦਾ ਚੁੱਕਦਿਆਂ, ਜਸਟਿਸ ਮਹਿੰਦਰ ਸਿੰਘ ਸੂਲਰ ਨੇ ਸਪਸ਼ਟ ਕੀਤਾ ਕਿ ਵਹੀ ਖਾਤੇ ਵਿਚ ਦਰਜ ਰਕਮ, ਸਿਰਫ ਇਸ ਦੇ ਮਾਲਕ ਲਈ ਫਾਇਦੇ ਵਾਲੀ ਗੱਲ ਹੈ ਤੇ ਇਸ ਨੂੰ ਸਬੂਤ ਵਜੋਂ ਉਦੋਂ ਹੀ ਲਿਆ ਜਾ ਸਕਦਾ ਹੈ, ਜੇਕਰ ਕਰਜ਼ਾ ਲੈਣ ਵਾਲਾ ਵੀ ਇਸ ਨੂੰ ਮੰਨੇ, ਨਹੀਂ ਤਾਂ ਇਹ ਕੋਈ ਦਸਤਾਵੇਜ਼ ਨਹੀਂ ਹੈ।

# ਪੰਜਾਬੀ 'ਵਰਸਿਟੀ ਨੂੰ ਆਰਥਿਕ ਮੰਦੀ ਨੇ ਘੇਰਿਆ

**ਪਟਿਆਲਾ:** ਸੂਬਾ ਸਰਕਾਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਗ੍ਰਾਂਟ ਦੇਣ ਤੋਂ ਲਗਾਤਾਰ ਹੱਥ ਪਿੱਛੇ ਖਿੱਚ ਰਹੀ ਹੈ ਜਿਸ ਕਾਰਨ ਇਹ ਵਰਸਿਟੀ ਗੰਭੀਰ ਆਰਥਿਕ ਸੰਕਟ ਵਿਚੋਂ ਗੁਜ਼ਰ ਰਹੀ ਹੈ। ਇਸ ਵਾਰ ਤਨਖ਼ਾਹਾਂ ਮਿਲਣ ਦੀ ਵੀ ਸੰਭਾਵਨਾ ਨਹੀਂ ਲੱਗ ਰਹੀ। ਫੀਸਾਂ ਜਮ੍ਹਾਂ ਕਰਾਉਣ ਦੀਆਂ ਇਹ ਆਖ਼ਰੀ ਤਰੀਕਾਂ ਸਨ ਪਰ ਵਿਦਿਆਰਥੀ ਸੰਘਰਸ਼ ਕਰਕੇ ਫ਼ੀਸਾਂ ਜਮ੍ਹਾਂ ਨਹੀਂ ਹੋ ਸਕੀਆਂ। ਪੰਜਾਬੀ ਯੂਨੀਵਰਸਿਟੀ ਦੀ ਆਰਥਿਕਤਾ ਬਾਰੇ ਪ੍ਰਾਪਤ ਵੇਰਵਿਆਂ ਮੁਤਾਬਕ ਯੂਨੀਵਰਸਿਟੀ ਦਾ ਸਾਲਾਨਾ ਬਜਟ 437 ਕਰੋੜ ਰੁਪਏ ਹੈ ਪਰ ਯੂਨੀਵਰਸਿਟੀ ਵਿਚ ਫੀਸਾਂ ਤੇ ਹੋਰ ਸੂਤਰਾਂ ਤੋਂ 280 ਕਰੋੜ ਰੁਪਏ ਪ੍ਰਾਪਤ ਹੁੰਦੇ ਹਨ।



ਸਰਕਾਰ 50 ਕਰੋੜ ਦੀ ਗ੍ਰਾਂਟ ਦਿੰਦੀ ਹੈ। ਤਨਖ਼ਾਹਾਂ ਦੇ ਹਰ ਮਹੀਨੇ ਤਕਰੀਬਨ 21 ਕਰੋੜ ਰੁਪਏ (253 ਕਰੋੜ ਰੁਪਏ ਸਾਲਾਨਾ) ਦੇਣੇ ਹੀ ਪੈਂਦੇ ਹਨ। ਸਾਲ ਵਿਚ ਇਕ ਸਾਲਾਨਾ ਤਰੱਕੀ ਤੇ ਦੋ ਡੀ.ਏ. ਦੀਆਂ ਕਿਸ਼ਤਾਂ ਵੀ ਦਿੱਤੀਆਂ ਜਾਂਦੀਆਂ ਹਨ। ਪਹਿਲਾਂ ਪੰਜਾਬ ਸਰਕਾਰ ਯੂਨੀਵਰਸਿਟੀ ਨੂੰ 100 ਫ਼ੀਸਦੀ ਤਨਖ਼ਾਹਾਂ ਦੀ ਗ੍ਰਾਂਟ ਦਿੰਦੀ ਸੀ, ਫੇਰ ਉਹ 95 ਫ਼ੀਸਦੀ ਤੋਂ ਘਟਦੀ ਘਟਦੀ ਹੁਣ ਤਕਰੀਬਨ 19.60 ਫ਼ੀਸਦੀ ਹੀ ਰਹਿ ਗਈ ਹੈ। ਯੂਨੀਵਰਸਿਟੀ ਨੂੰ 50 ਕਰੋੜ ਰੁਪਏ ਪ੍ਰੀਖਿਆ ਫੀਸ ਤੇ 52 ਕਰੋੜ ਰੁਪਏ ਟਿਊਸ਼ਨ ਫੀਸ ਆਮਦਨ ਹੁੰਦੀ ਹੈ। ਯੂਨੀਵਰਸਿਟੀ ਵਿਚ ਕੁੜੀਆਂ ਲਈ ਨਵੇਂ ਬਣਾਏ ਜਾ ਰਹੇ ਹੋਸਟਲ ਲਈ ਅੱਠ ਕਰੋੜ ਰੁਪਏ ਕਰਜ਼ਾ ਲਿਆ ਹੈ। ਬਿਜਲੀ ਦਾ ਬਿੱਲ ਹੀ ਗਰਮੀਆਂ ਵਿਚ ਤਕਰੀਬਨ 68 ਲੱਖ ਰੁਪਏ ਮਹੀਨਾ ਆਉਂਦਾ ਹੈ ਜਦਕਿ ਲੰਘੇ ਦਿਨੀਂ ਬਿਜਲੀ ਦਾ 46.60 ਲੱਖ ਰੁਪਏ ਭਰਿਆ ਹੈ।

ਪਿਛਲੇ ਸਮੇਂ ਵਿਚ ਵੱਖ-ਵੱਖ ਤਰ੍ਹਾਂ ਦੇ ਕੋਰਸਾਂ ਵਿਚ ਵਧਾਈ ਫ਼ੀਸ ਦੋ ਤੋਂ ਲੈਕੇ 10 ਫ਼ੀਸਦੀ ਹੀ ਬਣਦੀ ਸੀ, ਜੋ ਬਿਨਾਂ ਕਿਸੇ ਵਿਰੋਧ ਤੋਂ ਜਮ੍ਹਾਂ ਹੁੰਦੀ ਗਈ। ਕੁਝ ਸਮੇਂ ਬਾਅਦ ਵਿਦਿਆਰਥੀਆਂ ਨੇ ਵਿਰੋਧ ਕੀਤਾ ਤਾਂ ਫ਼ੀਸ ਦਾ ਸਾਰਾ ਵਾਧਾ ਵਾਪਸ ਲੈ ਲਿਆ ਗਿਆ। ਕੁਝ ਹੋਰ ਟਿਊਸ਼ਨ ਫ਼ੀਸ ਪੀਐੱਚ.ਡੀ. ਤੇ ਐਮ.ਫਿਲ. ਦੀ 1500 ਤੋਂ 2000 ਰੁਪਏ ਵਧਾਈ ਗਈ ਸੀ ਜੋ ਵਿਦਿਆਰਥੀਆਂ ਦੀ ਸਹਿਮਤੀ ਨਾਲ ਸਿਰਫ਼ 400 ਰੁਪਏ ਦਾ ਵਾਧਾ ਹੀ ਰਹਿਣ ਦਿੱਤਾ ਗਿਆ ਤੇ ਬਾਕੀ ਵਾਪਸ ਲੈ ਲਿਆ ਗਿਆ। ਡੀਨ ਵਿਦਿਆਰਥੀ ਭਲਾਈ ਡਾ. ਕੁਲਬੀਰ ਸਿੰਘ ਨੇ ਕਿਹਾ ਕਿ ਯੂਨੀਵਰਸਿਟੀ ਆਰਥਿਕ ਸੰਕਟ ਵਿਚੋਂ ਗੁਜ਼ਰ ਰਹੀ ਹੈ।

ਜੇਕਰ ਸਰਕਾਰ 100 ਕਰੋੜ ਰੁਪਏ ਦੀ ਗ੍ਰਾਂਟ ਦੇ ਦੇਵੇ ਤਾਂ ਗੁਜ਼ਾਰਾ ਹੋ ਜਾਂਦਾ ਹੈ। ਅਜਿਹੇ ਹਾਲਾਤ ਵਿਚ ਫ਼ੀਸ ਵਧਾਈ ਜਾਣੀ ਲਾਜ਼ਮੀ ਹੋਵੇਗੀ। ਉਚੇਰੀ ਸਿੱਖਿਆ ਮੰਤਰੀ ਸੁਰਜੀਤ ਸਿੰਘ ਰੱਖੜਾ ਦਾ ਕਹਿਣਾ ਹੈ ਕਿ ਪੰਜਾਬੀ ਯੂਨੀਵਰਸਿਟੀ ਦੇ ਆਰਥਿਕ ਸੰਕਟ ਬਾਰੇ ਉਹ ਭਲੀਭਾਂਤ ਜਾਣੂ ਹਨ। ਉਹ ਗ੍ਰਾਂਟ ਵਧਾਉਣ ਬਾਰੇ ਵਿਚਾਰ ਕਰ ਰਹੇ ਹਨ। ਪਹਿਲਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 35 ਕਰੋੜ ਰੁਪਏ ਤੋਂ ਵਧਾ ਕੇ ਗ੍ਰਾਂਟ 50 ਕਰੋੜ ਰੁਪਏ ਕਰ ਦਿੱਤੀ ਸੀ, ਜਿਸ ਨੂੰ ਹੋਰ ਵਧਾਉਣ ਬਾਰੇ ਵਿਚਾਰ ਚੱਲ ਰਿਹਾ ਹੈ।

# ਨਹੀਂ ਮੁੱਕੇਗੀ ਚਾਂਦੀ ਰਾਮ ਦੀ ਬਾਤ...




**ਐਸ. ਅਸ਼ੋਕ ਭੌਰਾ**

ਭਾਰਤੀ ਲੋਕਾਂ ਨੂੰ ਜਿਉਂਦਿਆਂ ਰੱਖਣ ਲਈ ਜਦੋਂ ਮਾਨਸੂਨ ਆਪਣਾ ਢਿੱਡ ਹਿੰਦ ਮਹਾਂਸਾਗਰ ਤੋਂ ਭਰ ਕੇ ਨਿਕਲਦੀ ਹੈ, ਤਦ ਕੇਰਲ ਦੇ ਮੁਹਾਰ ਲੋਕ ਵਾਇਲਨ ਲੈ ਇਸ ਬਖਸ਼ਿੰਦ ਪੌਣ ਦਾ ਰਾਹ ਰੋਕਣ ਲਈ ਪਹਾੜਾਂ 'ਤੇ ਚੜ੍ਹ ਜਾਂਦੇ ਹਨ, ਤੇ ਉਦੋਂ ਤੱਕ ਵਾਇਲਨ ਲਗਾਤਾਰ ਵਜਾਉਂਦੇ ਹਨ ਜਦੋਂ ਤੱਕ ਇੰਦਰ ਦੇਵਤਾ ਪ੍ਰਸੰਨ ਹੋ ਕੇ ਰੱਜਵਾਂ ਮੀਂਹ ਨਹੀਂ ਪਾਉਂਦਾ। ਇਸ ਦੇ ਉਲਟ ਜ਼ਿੰਦਗੀ ਜਦੋਂ ਲੀਹ ਤੋਂ ਉਤਰ ਜਾਂਦੀ ਹੈ, ਤਾਂ ਲੱਖਾਂ ਪੂਜਾ-ਪਾਠ ਵੀ ਕਈ ਵਾਰ ਬੇਅਰਥ ਚਲੇ ਜਾਂਦੇ ਹਨ। ਉਦੋਂ ਰੱਬ ਨੇ ਲੜ ਤਾਂ ਕੀ ਫੜਾਉਣਾ ਹੁੰਦਾ ਹੈ, ਅੱਖਾਂ ਕੱਢ ਕੇ ਵਿਖਾਉਣ ਲੱਗ ਪੈਂਦਾ ਹੈ। ਅਜਿਹਾ ਕੁਝ ਹੀ 'ਲੈ ਜਾ ਛੱਲੀਆਂ ਭੁਨਾ ਲਈਂ ਦਾਣੇ, ਵੇ ਮਿੱਤਰਾ ਦੂਰ ਦਿਆ' ਆਦਿ ਅਮਰ ਗੀਤ ਗਾਉਣ ਵਾਲੇ ਚਾਂਦੀ ਰਾਮ ਚਾਂਦੀ ਦੀ ਜ਼ਿੰਦਗੀ ਵਿਚ ਹੋਇਆ। ਉਸ ਦੀ ਜ਼ਿੰਦਗੀ ਨੂੰ ਨੇੜੇ ਹੋ ਕੇ ਵੇਖਣ ਦਾ ਯਤਨ ਕਰੋਗੇ ਤਾਂ ਲੱਗੇਗਾ ਕਿ ਰੱਬ ਕਈ ਵਾਰ ਅਜਿਹੀਆਂ ਲੜਾਈਆਂ ਵਿਚ ਉਲਝਾ ਲੈਂਦਾ ਹੈ ਜਿਸ ਵਿਚ ਸਮਝੌਤੇ ਦੀ ਕੋਈ ਆਸ ਬਚਦੀ ਹੀ ਨਹੀਂ। ਚਾਂਦੀ ਰਾਮ ਦੀ ਗਾਇਕੀ ਦੀ ਵਿਆਖਿਆ ਵੱਲ ਮੈਂ ਇਸ ਕਰ ਕੇ ਨਹੀਂ ਜਾਵਾਂਗਾ ਕਿ ਇਹ ਨਾਂ ਹੀ ਆਪਣੇ ਆਪ ਵਿਚ ਇਕ ਯੁੱਗ ਦਾ ਮੁਕੰਮਲ ਦਸਤਾਵੇਜ਼ ਹੈ, ਤੇ ਹੋਇਆ ਭਾਵੇਂ ਇਹ ਲੀਰਾਂ-ਲੀਰਾਂ ਹੀ ਰਿਹਾ ਹੈ।



*ਨਹਿਰੂ ਸਿਧਾਂਤ ਕੇਂਦਰ ਲੁਧਿਆਣੇ, ਗਾਇਕਾਂ ਦਾ ਪੁਲਸੀਆ ਮਿੱਤਰ ਹਰਜੀਤ ਗੁੱਡੂ, ਦੀਪਕ ਜੈਤੋਈ, ਪਰਮਿੰਦਰ ਸੰਧੂ, ਗੁਰਭਜਨ ਗਿੱਲ ਚਾਂਦੀ ਰਾਮ ਦਾ ਸਨਮਾਨ ਕਰਦਿਆਂ। ਮਾਈਕ 'ਤੇ ਹੈ ਆਸ਼ਾ ਸ਼ਰਮਾ*

ਉਮਰ ਦੇ ਅੱਗੜ-ਪਿੱਛੜ ਹੋਣ ਕਾਰਨ ਭਾਵੇਂ ਮੈਂ ਉਹਦੇ ਗੀਤਾਂ ਦੀ ਗੱਲ ਤਾਂ ਵਰਤਮਾਨ ਯੁੱਗ ਵਿਚ ਵੀ ਚਲਦੀ ਵੇਖੀ ਹੈ ਪਰ ਚੜ੍ਹਾਈ ਨਹੀਂ ਵੇਖੀ। ਹਾਂ, ਉਹਦੀ ਢਹਿੰਦੀ ਕਲਾ ਵੱਲ ਉਤਰਦੀਆਂ ਪੌੜੀਆਂ ਦਾ ਹਰ ਪੌੜਾ ਉਖੜਿਆ ਜ਼ਰੂਰ ਵੇਖਿਆ ਹੈ। ਸ਼ਾਂਤੀ ਦੇਵੀ ਤੇ ਚਾਂਦੀ ਰਾਮ ਕਿਸੇ ਵਕਤ ਉਹ ਨਾਂ ਸਨ ਜਿਨ੍ਹਾਂ ਦਾ ਅਰਥ ਹੀ 'ਜਿਥੇ ਚੱਲੇਂਗਾ ਚੱਲੂੰਗੀ ਨਾਲ ਤੇਰੇ, ਵੇ ਟਿਕਟਾਂ ਦੋ ਲੈ ਲਈਂ' ਵਰਗੇ ਗੀਤਾਂ ਨਾਲ ਦੋ-ਗਾਣਾ ਗਾਇਕੀ ਤੇ ਇਕ ਸਮੇਂ ਦਾ ਸੰਪੂਰਨ ਰਾਗ ਸੀ। ਪਹਿਲਾਂ ਉਹਨੂੰ ਸ਼ਾਂਤੀ ਦੇ ਵਿਛੋੜੇ ਨੇ ਝੱਲਾ ਬਣਾਇਆ, ਤੇ ਜੋ ਪੱਲੇ ਬਚਦਾ ਸੀ, ਉਹ ਮਾੜੇ ਸਮੇਂ ਨੇ ਖਿਲਾਰ ਦਿੱਤਾ।

1987 ਵਿਚ ਚਾਂਦੀ ਰਾਮ ਨਾਲ ਮੇਰੀ ਪਹਿਲੀ ਮੁਲਾਕਾਤ ਲੁਧਿਆਣੇ ਕੁਲਦੀਪ ਮਾਣਕ ਦੇ ਦਫ਼ਤਰ ਵਿਚ ਹੋਈ। ਉਹ ਉਦੋਂ ਪਹਿਲਾਂ ਵਾਲਾ ਚਾਂਦੀ ਰਾਮ ਨਹੀਂ ਸੀ ਰਿਹਾ। ਸਾਧਾਰਨ ਕੁੜਤਾ-ਪਜਾਮਾ, ਸਿਰ 'ਤੇ ਟੋਪੀ, ਪੈਰੀਂ ਧੌੜੀ ਦੀ ਜੁੱਤੀ, ਖੁੱਲ੍ਹੇ ਬਟਨਾਂ ਵਾਲੀ ਬਾਸਕਟ। ਮਾਣਕ ਨੇ ਤੁਆਰਫ਼ ਕਰਾਇਆ, "ਇਹ ਚਾਂਦੀ ਰਾਮ ਐ। ਵਕਤ ਨੂੰ ਨਾ ਪਛਾਣਨ ਕਰ ਕੇ ਬੌਂਦਲ ਗਿਐ। ਹੁਣੇ ਬੁੱਢੇ-ਵਾਰੇ ਹੋਰ ਵਿਆਹ ਕਰਵਾ ਲਿਐ। ਜੁਆਕ ਵੀ ਜੰਮ'ਤਾ।"

ਉਸ ਦੇ ਜਿਵੇਂ ਬੱਖੀ ਵਿਚ ਘਸੁੰਨ ਵੱਜ ਗਿਆ ਹੋਵੇ। ਆਖਣ ਲੱਗਾ, "ਮਾਣਕਾ, ਸਮਾਂ ਕਿਸੇ ਦਾ ਵੀ ਸਕਾ ਨਹੀਂ ਹੁੰਦਾ। ਕੱਟ ਲਊਂ ਜਿੰਦਾਂ ਦੀ ਪਈ ਐ, ਪਰ ਇਤਿਹਾਸ ਕਦੇ ਝੂਠ ਨਹੀਂ ਬੋਲੇਗਾ ਮਾਣਕਾ, ਕਿ ਤੂੰ ਚਾਂਦੀ ਰਾਮ ਨਾਲ ਢੋਲਕ ਵਜਾਈ ਐ।" ਤੇ ਫਿਰ ਦੋਵੇਂ ਜਣੇ ਆਪਣੇ ਹੱਸਣ ਦੇ ਅੰਦਾਜ਼ ਵਿਚ ਉਚੀ ਦੇਣੀ ਹੱਸ ਪਏ।

ਹਾਲਾਤ ਤਾਂ ਚੰਗੇ ਭਲਿਆਂ ਨੂੰ ਵੀ ਝਾੜ-ਝੰਬ ਦਿੰਦੇ ਨੇ, ਪਰ ਚਾਂਦੀ ਰਾਮ ਬਹੁਤਾ ਸਮਾਂ ਬੁਰੇ ਵਕਤ ਵਿਚ ਵੀ ਇਉਂ ਵਿਚਰਦਾ ਰਿਹਾ ਜਿਵੇਂ ਕੈਂਸਰ ਦਾ ਮਰੀਜ਼ ਹਸਪਤਾਲ ਦੇ ਵਾਰਡ ਵਿਚ ਪਿਆ ਵੀ ਹਾਲ-ਚਾਲ ਪੁੱਛਣ ਆਉਣ ਵਾਲੇ ਨੂੰ ਖੁਸ਼ੀ ਦਾ ਠਹਾਕਾ ਮਾਰ ਕੇ ਆਖੇ, "ਆਪਾਂ ਬਿਲਕੁਲ ਠੀਕ-ਠਾਕ ਹਾਂ।" ਊਂ ਉਹ ਹੌਲੀ-ਹੌਲੀ ਟੁੱਟ ਰਿਹਾ ਸੀ। ਹਾਂ, ਜੇ ਕੁਝ ਚੰਗਾ ਹੋ ਰਿਹਾ ਸੀ ਤਾਂ ਉਹ ਇਹ ਕਿ ਉਹਦੇ ਸ਼ਾਗਿਰਦ ਜਾਂ ਕੁਝ ਹੋਰ ਗਾਇਕ ਉਹਨੂੰ ਪ੍ਰੋਗਰਾਮ 'ਤੇ ਨਾਲ ਲੈ ਕੇ ਜਾਂਦੇ ਸਨ। ਛੱਲੀਆਂ ਵਾਲੇ ਗੀਤ ਨਾਲ ਉਹ ਆਪ ਤੂੰਬੀ ਵਜਾ ਕੇ ਹਾਜ਼ਰੀ ਲਵਾ ਲੈਂਦਾ ਸੀ, ਲੋਕ ਚਾਰ ਪੈਸੇ ਅਦਬ ਨਾਲ ਦੇ ਦਿੰਦੇ ਸਨ ਤੇ ਲੁਧਿਆਣੇ ਮੁੜਦਿਆਂ ਗਾਇਕ ਉਹਦੀ ਝੋਲੀ ਵਿਚ ਪੰਜ-ਸੱਤ ਸੌ ਪਾ ਦਿੰਦਾ ਸੀ।

ਇਕ ਵਾਰ ਉਹ ਮੈਨੂੰ ਚਮਕੀਲੇ ਦੇ ਦਫ਼ਤਰ ਵਿਚ ਮਿਲ ਗਿਆ। ਉਹਦੇ ਨਾਲ ਜੁੜੀਆਂ ਕਹਾਣੀਆਂ ਫਰੋਲਣ ਦੀ ਸੋਚ ਨਾਲ ਮੈਂ ਕੁਝ ਸਵਾਲ ਕਰਨ ਲੱਗ ਪਿਆ।

"ਭਲਾ ਸ਼ਾਂਤੀ ਨਾਲ ਵਿਛੋੜਾ ਕਿਉਂ ਪਿਆ?"

"ਵਕਤ ਪਏ 'ਤੇ ਪ੍ਰਛਾਵੇਂ ਵੀ ਮਿੱਤਰਾ ਸਾਥ ਦੇਣ ਤੋਂ ਹੱਥ ਖੜ੍ਹੇ ਕਰ ਜਾਂਦੇ ਆ। ਮੇਰੇ 'ਤੇ ਕਤਲ ਦਾ ਨਾਜਾਇਜ਼ ਕੇਸ ਪੈ ਗਿਆ। ਸਿਰ ਤੋਂ ਪੈਰਾਂ ਤੱਕ ਉਲਝ ਗਿਆ। ਵਕੀਲਾਂ ਤੇ ਕਚਹਿਰੀਆਂ ਨੇ ਕਮਾਈ ਖਾ ਲਈ। ਮੈਂ ਤਾਂ ਬਰੀ ਹੋ ਗਿਆ ਪੰਜ-ਸੱਤ ਸਾਲ ਧੱਕੇ ਖਾ ਕੇ, ਪਰ ਜ਼ਿੰਦਗੀ ਔਕੜਾਂ ਤੇ ਮੁਸ਼ਕਿਲਾਂ ਨੇ ਕੈਦ ਕਰ ਲਈ।"

"ਕਹਿੰਦੇ ਗੰਨ ਕੋਲ ਹੁੰਦੀ ਸੀ ਤੇ ਗੋਰਖਾ ਰੱਖਿਆ ਹੁੰਦਾ ਸੀ?"

"ਇਹ ਕਿਹੜੀ ਵੱਡੀ ਗੱਲ ਸੀ।" ਤੇ ਉਹ ਹੱਸ ਕੇ ਅੱਗੇ ਬੋਲਿਆ, "ਸ਼ਾਂਤੀ ਵਰਗੀ ਸਨੁੱਖੀ ਗਾਇਕਾ ਲੋਕਾਂ ਵਿਚ ਲੈ ਕੇ ਜਾਣਾ ਸੌਖਾ ਸੀ ਕਿਤੇ...ਦਾਰੂ ਨਾਲ ਭੂਤਰੇ ਜੱਟ ਅਖਾੜੇ ਵਿਚ ਕਾਬੂ ਕਿਥੇ ਆਉਂਦੇ ਨੇ...ਤੀਵੀਂ ਦੀ ਹਿਫਾਜ਼ਤ ਲਈ ਅਸਲਾ ਰੱਖਣਾ ਪਿਆ ਤੇ ਸਾਲ ਕੁ ਰੋਟੀਆਂ ਪਕਾਉਣ ਲਈ ਗੋਰਖਾ ਰੱਖ ਲਿਆ। ਮੱਝ ਦੀ ਜੇਰ ਵਾਂਗ ਲੋਕੀਂ ਗੱਲਾਂ ਗੁੰਨੀ ਹੀ ਜਾਂਦੇ ਨੇ। ਨਾਲੇ ਭਲੇ ਦਿਨਾਂ ਵਿਚ ਕੋਈ ਕੀ ਨ੍ਹੀਂ ਕਰਦਾ।" ਤੇ ਨਾਲ ਹੀ ਹਉਕਾ ਭਰ ਕੇ ਕਹਿਣ ਲੱਗਾ, "ਵਿਧਵਾ ਨੂੰ ਵਿਆਹ ਕੇ ਦਿਨ ਚੇਤੇ ਨਹੀਂ ਕਰਾਈਦੇ ਮਿੱਤਰਾ।"

ਤੇ ਅਗਲਾ ਸਵਾਲ ਪੁੱਛ ਕੇ ਤਾਂ ਮੈਂ ਜਿਵੇਂ ਫਸ ਹੀ ਗਿਆ ਹੋਵਾਂ। ਮੈਂ ਪੁੱਛ ਬੈਠਾ, "ਦਸਾਂ ਦਾ ਨੋਟ ਬਾਲ ਕੇ ਸਿਗਰਟ ਲਾਉਣ ਦੀ ਕਹਾਣੀ ਕੀ ਐ?"

ਉਹ ਉਲਰ ਪਿਆ, "ਇਹ ਰੱਸੀ ਦਾ ਸੱਪ ਮੇਰੇ ਸਾਲੇ ਗੋਰਖੇ ਨੇ ਬਣਾਇਆ। ਮੈਂ ਕਿਤੇ ਬਾਦਸ਼ਾਹ ਸੀ ਜਿਹੜਾ ਨੋਟ ਜਾਲ ਕੇ ਸਿਗਰਟਾਂ ਸੁਲਗਾਉਂਦਾ? ਬਾਕੀ ਕਸਰ ਤੁਸੀਂ ਲੋਕਾਂ ਨੇ ਅਖ਼ਬਾਰਾਂ 'ਚ ਲਿਖ-ਲੁਖ ਕੇ ਕਰ'ਤੀ ਪੂਰੀ।"

"ਫਿਰ ਸੱਚ ਕੀ ਸੀ?"

"ਸਹੁਰੀ ਦੀ ਕਿਤੇ ਬਿਜਲੀ ਚਲੇ ਗਈ। ਹਨ੍ਹੇਰੀ ਰਾਤ ਮੀਂਹ ਪਵੇ। ਮੈਂ ਨੌਕਰ ਨੂੰ ਭੇਜਿਆ...ਠੰਢ ਬੜੀ ਆ, ਨਸ਼ਾ ਉਤਰਦਾ ਜਾ ਰਿਹੈ, ਜਾ ਕੇ ਅਧੀਆ ਫੜ ਲਿਆ। ਉਹਨੇ ਲਾਲਟਣ ਤਾਂ ਬਾਲ'ਤੀ, ਪਰ ਤੀਲਾਂ ਦੀ ਡੱਬੀ ਨਾਲੇ ਜੇਬ ਵਿਚ ਪਾ ਕੇ ਲੈ ਗਿਆ। ਮੈਨੂੰ ਸਿਗਰਟ ਦੀ ਤਲਬ ਜਾਗੀ। ਡੱਬੀ ਮੈਨੂੰ ਲੱਭੇ ਨਾ, ਤੇ ਮੈਂ ਇਕ ਪਾਸਿਓਂ ਲਾਲਟਣ ਦਾ ਲੱਕ ਚੁੱਕ ਕੇ ਦਸਾਂ ਦੇ ਨੋਟ ਨਾਲ ਸਿਗਰਟ ਲਾ ਲਈ, ਜਦ ਨੂੰ ਉਹ ਸਾਲਾ ਅੰਦਰ ਆ ਗਿਆ।"

"ਗੋਰਖੇ ਨੂੰ ਸਾਲੇ ਦੀ ਗਾਲ੍ਹ ਕਿਉਂ ਕੱਢ ਰਹੇ ਹੋ?"

"ਨਾਲੇ ਸੱਚ ਪੁੱਛਦੈਂ, ਹੁਣ ਸੁਣ ਵੀ ਲੈ। ਉਸ ਗੋਰਖੇ ਨੇ ਮੇਰੀ ਜੇਬ ਵਿਚੋਂ ਕਿਤੇ ਅੱਸੀ ਰੁਪਏ ਚੋਰੀ ਕਰ ਲਏ। ਚਾਲੀ ਰੁਪਏ ਸਹੁਰੇ ਦੀ ਤਨਖਾਹ ਸੀ, ਤੇ ਜਦੋਂ ਮੈਂ ਘਰੋਂ ਭਜਾਇਆ ਤਾਂ ਬਾਹਰ ਜਾ ਕੇ ਰੌਲੀ ਪਾ'ਤੀ, ਪਈ ਚਾਂਦੀ ਰਾਮ ਨੇ ਉਹ ਨੋਟ ਬਾਲ ਕੇ ਤਾਂ ਸਿਗਰਟਾਂ ਪੀ ਲਈਆਂ, ਨਾਂ ਮੇਰੇ ਲਾ'ਤੇ।...ਐਸ ਕਰ ਕੇ ਮੈਂ ਦਾਗੀ ਹੋ ਗਿਐਂ। ਈਰਖਾ ਕਰਨ ਵਾਲੇ ਭੜਾਸ ਕੱਢੀ ਜਾਂਦੇ ਨੇ ਕਿ ਨੋਟਾਂ ਨੂੰ ਅੱਗ ਲਾ ਕੇ ਸਿਗਰਟਾਂ ਫੂਕਣ ਵਾਲਾ ਹੁਣ ਆਪਣੀ ਜ਼ਿੰਦਗੀ ਤੰਗੀਆਂ-ਤੁਰਸ਼ੀਆਂ ਵਿਚ ਫੂਕ ਰਿਹੈ। ਨਾਲੇ ਬੰਦੇ ਦੀ ਜਦੋਂ ਚੜ੍ਹਾਈ ਹੁੰਦੀ ਐ, ਪੰਜਾਹ ਗੱਲਾਂ ਊਂ ਈ ਨਾਲ ਜੁੜ ਜਾਂਦੀਆਂ ਨੇ।"



*ਇਹ ਵੀ ਦਿਨ ਸਨ...ਇਕ ਮੇਲੇ 'ਤੇ ਦਿਲਸ਼ਾਦ ਅਖ਼ਤਰ ਹੋਰਾਂ ਨਾਲ ਸਟੇਜ ਵੱਲ ਜਾਂਦਿਆਂ ਚਾਂਦੀ ਰਾਮ ਫੁਲਕਾਰੀ ਹੇਠ*

ਨਰਿੰਦਰ ਬੀਬਾ ਤੇ ਚਾਂਦੀ ਰਾਮ ਨੇ ਥੋੜ੍ਹਾ ਜਿਹਾ ਅੱਗੜ-ਪਿੱਛੜ ਗਾਇਕੀ ਦੇ ਖੇਤਰ ਵਿਚ ਪ੍ਰਵੇਸ਼ ਕੀਤਾ ਸੀ, ਪਰ ਚੜ੍ਹਾਈ ਬੀਬਾ ਨਾਲੋਂ ਕਿਤੇ ਪਹਿਲਾਂ ਹੋ ਗਈ। ਪੂਰੇ ਦਸ ਸਾਲ ਚਾਂਦੀ ਤੇ ਸ਼ਾਂਤੀ ਮੰਜਿਆਂ ਵਾਲੇ ਸਪੀਕਰਾਂ 'ਤੇ ਬਹੁਤ ਖੜਕੇ, ਪਰ ਜੇ ਪੰਜਾਬੀ ਗਾਇਕੀ ਦਾ ਵੱਟ-ਬੰਨਾ ਵੇਖੀਏ ਤਾਂ ਓਪਰੀਆਂ ਨਜ਼ਰਾਂ ਨਾਲ ਜਾਣਨ ਵਾਲੇ ਤਾਂ ਭਾਵੇਂ ਝੱਟ ਦੇਣੀ ਕਹਿ ਦੇਣ, 'ਨਾ ਡੱਫਦਾ ਨਾ ਬਰਬਾਦ ਹੁੰਦਾ'...ਸਹੀ ਗੱਲ ਇਹ ਸੀ ਕਿ ਉਹਦੇ ਉਤੇ ਬਿਪਤਾ ਹਰੀਸ਼ ਚੰਦਰ ਨਾਲੋਂ ਵੀ ਵੱਡੀ ਪਈ। ਜਦੋਂ ਸ਼ਾਂਤੀ ਦੇਵੀ ਸਾਹ ਮੁੱਕਣ ਨਾਲ ਸ਼ਾਂਤ ਹੋਈ, ਤਾਂ ਗੁਰਬਤ ਦੀ ਅਸ਼ਾਂਤੀ ਉਹਦੇ ਵਿਹੜੇ ਆਣ ਵੜੀ। ਝੂਠੇ ਕੇਸ ਵਿਚੋਂ ਤਾਂ ਉਹ ਬਰੀ ਹੋ ਗਿਆ, ਪਰ ਹੋਇਆ ਹਾਈਕੋਰਟ ਵਿਚ ਜਾ ਕੇ। ਦਸਾਂ ਸਾਲਾਂ ਦੀ ਕਮਾਈ ਅੱਠਾਂ ਸਾਲਾਂ ਵਿਚ ਸਣੇ ਮੁਨਸ਼ੀ ਤੇ ਵਕੀਲ ਨਿਗਲ ਗਏ। ਫਿਰ ਤੂਫਾਨਾਂ ਨਾਲ ਉਖੜੇ ਦਰਖ਼ਤਾਂ ਦੀਆਂ ਜੜ੍ਹਾਂ ਔਖੀਆਂ ਹੀ ਹਰੀਆਂ ਹੁੰਦੀਆਂ ਹਨ!



ਆਉਣ ਵਾਲਾ ਕੱਲ੍ਹ ਸਾਡੇ ਲਈ ਚਾਨਣ ਲੈ ਆਵੇਗਾ

ਸੁਰ ਸੱਜਣਾਂ ਦੀ

*23 ਮਈ 1980 ਦੀ 'ਅਜੀਤ' ਵਿਚ ਪੂਨਮ ਦੇਵੀ ਨਾਲ ਮੁਲਾਕਾਤ*

ਮੈਨੂੰ ਯਾਦ ਹੈ ਕਿ 1988 ਦੀ ਵਿਸਾਖੀ ਤੋਂ ਅਗਲੇ ਦਿਨ ਮੈਂ ਉਹਨੂੰ ਮਿਲਣ ਗਿਆ, 'ਅਜੀਤ' ਵਿਚ ਛਪਦੇ ਆਪਣੇ ਹਫ਼ਤਾਵਾਰੀ ਕਾਲਮ 'ਸੁਰ ਸੱਜਣਾਂ ਦੀ' ਲਈ ਉਹਦੀ ਪਤਨੀ ਪੂਨਮ ਦੇਵੀ ਨਾਲ ਗੱਲਾਂ ਕਰਨ। ਗਲੀ ਨੰਬਰ ਤਾਂ ਮੈਨੂੰ ਯਾਦ ਨਹੀਂ, ਪਰ ਐਨਾ ਕੁ ਖਿਆਲ ਹੈ ਕਿ ਉਹ ਜੋਧੇਵਾਲ ਬਸਤੀ ਚੌਕ ਵਿਚ ਬੱਸ ਅੱਡੇ ਵੱਲ ਆਉਂਦਿਆਂ ਖੱਬੇ ਪਾਸੇ ਤੀਜੀ ਗਲੀ ਵਿਚ ਕਿਰਾਏ ਦੇ ਮਕਾਨ ਵਿਚ ਰਹਿੰਦਾ ਸੀ। ਦੋ ਗੱਲਾਂ ਕਰ ਕੇ ਉਸ ਦਿਨ ਮੇਰੇ ਵੀ ਹੌਲ ਪਿਆ। ਪਹਿਲੀ ਗੱਲ ਤਾਂ ਇਹ ਸੀ ਕਿ ਮੈਂ ਉਸ ਨੂੰ ਮਹਿਲਾਂ ਵਿਚ ਰਹਿੰਦੇ ਨੂੰ ਨਹੀਂ ਸੀ ਵੇਖਿਆ, ਤੇ ਜਿਥੇ ਵੇਖਿਆ, ਉਹ ਰੇਹੀ ਖਾਧਾ ਤਿੰਨ ਖਣ ਦਾ ਕਮਰਾ ਸੀ। ਇਕ ਨੁਕਰੇ ਉਚੇ ਪਾਵਿਆਂ ਵਾਲਾ ਮੰਜਾ, ਇਕ ਬਾਰੀ ਖਾਦ ਵਾਲੇ ਬੋਰੇ ਨਾਲ ਬੰਦ ਕੀਤੀ ਹੋਈ...ਧਾਹ ਨਿਕਲੀ ਕਿ 'ਆਹ ਰਹਿ ਗਿਆ ਹੁਣ ਰਹਿੰਦ-ਖੂੰਹਦ ਚਾਂਦੀ ਰਾਮ।' ਦੂਜੀ ਵੱਡੀ ਗੱਲ ਇਹ ਸੀ ਕਿ ਜਿਸ ਪੂਨਮ ਨਾਲ ਉਹ ਆਪਣੀ ਪਤਨੀ ਵਜੋਂ ਤੁਆਰਫ਼ ਕਰਵਾ ਰਿਹਾ ਸੀ, ਧੌਲੇ ਝਾਟੇ ਸਿਰ ਨਾਲ ਉਹ ਉਹਦੀ ਮਾਂ ਲਗਦੀ ਸੀ। ਉਹ ਆਪਣੇ ਆਪ ਨੂੰ ਗਾਉਣ ਦੀ ਸ਼ੌਕੀਨ ਤੇ ਅੰਮ੍ਰਿਤਸਰ ਤੋਂ ਦੱਸਦੀ ਸੀ, ਪਰ ਲਗਦੀ ਬਿਹਾਰ ਦੀ ਕਦੇਸੜ ਜਿਹੀ ਸੀ। ਹਨੇਰ ਸਾਈਂ ਦਾ, ਰੱਜ ਕੇ ਸਨੁੱਖੀ ਸ਼ਾਂਤੀ ਤੇ ਇਹ ਪੂਨਮ!...ਜਿਵੇਂ ਅੰਬ ਥਾਂ ਅੱਕ ਉਗ ਆਇਆ ਹੋਵੇ। ਦੁੱਖ ਦੀ ਤੀਜੀ ਵਿਥਿਆ ਇਹ ਸੀ ਕਿ ਉਹਨੇ ਮੇਰੇ ਨਾ ਚਾਹੁੰਦਿਆਂ ਵੀ ਹੇਠਾਂ ਇੱਟਾਂ 'ਤੇ ਰੱਖੇ ਸਟੋਵ ਦਾ ਪੰਪ ਮਾਰ ਕੇ ਤੇਲ ਕੱਢਿਆ ਤੇ ਬਾਟੀ 'ਚ ਚਾਹ ਧਰ ਦਿੱਤੀ। ਗੱਲਾਂ ਦੋ-ਤਿੰਨ ਘੰਟੇ ਦੋਹਾਂ ਨਾਲ ਬਹੁਤ ਹੋਈਆਂ, ਪਰ ਆਦਤ ਮੁਤਾਬਿਕ ਉਹਦਾ ਇਕ ਸੰਵਾਦ ਦੇਖੋ, "ਨਿੰਮ 'ਤੇ ਕਰੇਲਾ ਜੀਹਨੇ ਅਸਲੀ ਰੂਪ ਵਿਚ ਚੜ੍ਹਦਾ ਵੇਖਣੈ, ਉਹ ਚਾਂਦੀ ਰਾਮ ਦੀ ਉਤਰਦੀ ਜ਼ਿੰਦਗੀ ਦੇਖੇ, ਕਦੇ ਸੁਪਨੇ ਵਿਚ ਵੀ ਨਹੀਂ ਸੋਚਿਆ ਸੀ ਕਿ ਆਹ ਦਿਨ ਵੀ ਦੇਖਣੇ ਸਨ ਪਰ ਜੇ ਬਾਦਸ਼ਾਹਾਂ ਨਾਲ ਇੱਦਾਂ ਹੁੰਦਾ ਆਇਆ, ਤਾਂ ਮੈਂ ਵੀ ਕੱਟ ਲਵਾਂਗਾ।" ਉਹ ਅੰਦਰੋਂ ਜਿੰਨਾ ਕੁ ਝੂਰਦਾ ਸੀ, ਸੋਚਦਾ ਹਾਂ ਕਿ ਜੇ ਉਹ ਹੁਣ ਹੁੰਦਾ, ਤਾਂ ਸੱਦਾਮ ਹੁਸੈਨ ਤੇ ਗੱਦਾਫ਼ੀ ਦੀ ਹਾਲਤ ਦੇਖ ਕੇ ਉਹਨੇ ਹਉਕਾ ਲੈਣ ਦੀ ਥਾਂ ਖਿੜ-ਖੜਾ ਕੇ ਹੱਸ ਪਿਆ ਕਰਨਾ ਸੀ।

1990 ਵਿਚ ਬਹਿਰਾਮ ਲਾਗਿਓਂ ਨੂਰਪੁਰ ਪਿੰਡੋਂ ਸਰਦਾਰ ਮੁਹੰਮਦ ਦੇ ਮੇਲੇ ਤੋਂ ਮੈਂ, ਦਿਲਸ਼ਾਦ ਅਖ਼ਤਰ ਤੇ ਮਨਜੀਤ ਰਾਹੀ ਸ਼ਾਮ ਨੂੰ ਲੁਧਿਆਣੇ ਇਕੋ ਗੱਡੀ ਵਿਚ ਆਏ। ਅੱਠ ਕੁ ਵੱਜੇ ਹੋਣਗੇ, ਠੰਢ ਵੀ ਸੀ ਤੇ ਹਨੇਰਾ ਵੀ। ਪਾਰਕਿੰਗ ਵਿਚੋਂ ਦਿਲਸ਼ਾਦ ਨੇ ਸਕੂਟਰ ਚੁੱਕਣਾ ਸੀ, ਤੇ ਮੇਰਾ ਪੈਂਡਾ ਰਾਹੀ ਨਾਲ ਖੰਨੇ ਤੱਕ ਦਾ ਸੀ। ਕੁਲਦੀਪ ਪਾਰਸ ਦੇ ਦਫ਼ਤਰ ਅੱਗੇ ਜਦੋਂ ਅਸੀਂ ਉਹਨੂੰ ਲਾਹਿਆ, ਤਾਂ ਮੂਹਰੇ ਠੁਰ-ਠੁਰ ਕਰਦਾ ਚਾਂਦੀ ਰਾਮ ਟੱਕਰ ਪਿਆ। ਜਾਣਨ ਵਾਲੇ ਜਾਣਦੇ ਹਨ ਕਿ ਦਿਲਸ਼ਾਦ ਪੀ ਕੇ ਦਲੇਰ ਬਹੁਤ ਬਣ ਜਾਂਦਾ ਸੀ, ਊਂ ਵੀ ਮਾੜੀ ਜਿਹੀ ਗੱਲ 'ਤੇ ਅੜੀਅਲ ਸੁਭਾਅ। ਅੜ ਗਿਆ, ਆਖੇ ਉਸਤਾਦ ਨੂੰ ਹੋਰ ਪਿਆਉਣੀ ਆਂ। ਉਹ ਬਥੇਰੇ ਤਰਲੇ ਕਰੇ ਕਿ ਦਿਲਸ਼ਾਦ, ਮੈਂ ਠੀਕ ਹਾਂ, ਡੂਢ ਪਊਆ ਪੀਤਾ ਹੋਇਐ...ਪਰ ਕਿਥੇ?

ਬੱਸ ਅੱਡੇ ਸਾਹਮਣੇ ਮਾਲਵਾ ਢਾਬੇ 'ਤੇ ਚਹੁੰਆਂ ਨੇ ਬੋਤਲ ਫਿਰ ਡੱਕਾਰ ਲਈ। ਦਿਲਸ਼ਾਦ ਲੁੜਕ ਗਿਆ, ਚਾਂਦੀ ਰਾਮ ਢੇਰੀ ਹੋ ਗਿਆ। ਥੋੜ੍ਹਾ ਠੀਕ ਮੈਂ ਹੀ ਸੀ। ਔਖਾ-ਸੌਖਾ ਹੋ ਕੇ ਚਾਂਦੀ ਰਾਮ ਨੂੰ ਚੁੱਕ ਕੇ ਅਲਗੋਜ਼ਿਆਂ ਵਾਲੇ ਤਾਰਾ ਚੰਦ ਕੋਲ ਚੰਨ ਸ਼ਾਹਕੋਟੀ ਦੇ ਦਫ਼ਤਰ ਲੰਮਾ ਪਾਇਆ। ਭਾਰ ਮਸਾਂ ਜੁਆਕ ਜਿੰਨਾ ਰਹਿ ਗਿਆ ਸੀ। ਅਗਲੇ ਦਿਨ ਮੈਂ ਦੁਪਹਿਰੇ ਜਦੋਂ ਖੰਨੇ ਤੋਂ ਮੁੜਿਆ, ਤਾਂ ਚਾਂਦੀ ਰਾਮ ਨੂੰ ਕੁਲਦੀਪ ਮਾਣਕ ਪੰਜਾਹ ਰੁਪਏ ਦੇ ਰਿਹਾ ਸੀ। ਉਹ ਮੈਂ ਉਹਦੇ ਖੀਸੇ 'ਚ ਪਾ ਦਿੱਤੇ। ਚਮਨ ਦੇ ਢਾਬੇ 'ਤੇ ਛੋਲਿਆਂ ਦੀ ਪੀਲੀ ਦਾਲ ਨਾਲ ਰੋਟੀ (ਜਿਹਦਾ ਉਹ ਸ਼ੌਕੀ ਬੜਾ ਸੀ) ਖੁਆਉਣ ਲੈ ਕੇ ਗਿਆ, ਤਾਂ ਅੜ ਗਿਆ ਕਿ 'ਚੱਲ ਪਹਿਲਾਂ ਭਾਨ ਲਾਹ।'

ਮੈਂ ਖਿਝ ਕੇ ਕਿਹਾ, "ਹੁਣ ਤੂੰ ਦਿਨੇ ਵੀ ਪੀਣ ਲੱਗ ਪਿਐਂ?"

"ਥੋੜ੍ਹਾ ਚਿਰ ਠਹਿਰ, ਸਵੇਰੇ ਵੀ ਪੀਣੀ ਪੈਣੀ ਆਂ।"

"ਕਿਉਂ?"

"ਹਰਾਮਜਾਦੀ ਪੂਨਮ 'ਕੱਲਾ ਛੱਡ ਕੇ ਚਲੀ ਗਈ, ਜੁਆਕ ਵੀ ਲੈ ਗਈ ਨਾਲੇ। ਹੁਣ ਕੀ ਲੈਣਾ ਜੀਅ ਕੇ?" ਤੇ ਉਹ ਧਾਹ ਮਾਰ ਕੇ ਰੋ ਪਿਆ।

ਫਿਰ ਅਗਲੇ ਵਰ੍ਹਿਆਂ ਵਿਚ ਸਾਡਾ ਮੋਹ ਵਧ ਗਿਆ।

1991 ਵਿਚ ਮੈਂ ਉਹਨੂੰ ਸ਼ੌਂਕੀ ਮੇਲੇ 'ਤੇ ਸਨਮਾਨਿਤ ਕੀਤਾ, ਕੋਕੇ ਵਾਲੀ ਸਰਵਜੀਤ ਤੇ ਸੁਰਿੰਦਰ ਸ਼ਿੰਦੇ ਹੋਰਾਂ ਨਾਲ। ਸਨਮਾਨ ਰਾਸ਼ੀ ਵਿਚ ਮੈਂ ਉਹਨੂੰ ਇਕੱਲੇ ਨੂੰ ਇਕਵੰਜਾ ਸੌ ਦਿੱਤਾ। ਆਇਆ ਉਹ ਮਾਹਿਲਪੁਰ ਨੂੰ ਬੱਸੇ ਚੜ੍ਹ ਕੇ ਸੀ, ਤੇ ਗਿਆ ਜੱਸੋਵਾਲ ਦੀ ਗੱਡੀ ਵਿਚ। ਬਹਿਣ ਲੱਗਾ ਮੇਰੇ ਕੰਨ ਵਿਚ ਕਹਿਣ ਆਇਆ, "ਅਸ਼ੋਕ, ਸਨਮਾਨ ਤਾਂ ਦੇ'ਤਾ... ਥੋੜ੍ਹਾ ਕਿਰਾਇਆ ਵੀ ਦੇ ਦੇ।" ਤੇ ਮੈਂ ਪੁੰਨ ਸਮਝ ਕੇ ਉਦਣ ਮੱਸਿਆ ਨਹਾਉਣ ਵਾਂਗ ਹਜ਼ਾਰ ਹੋਰ ਦੇ ਦਿੱਤਾ। ਜੱਸੋਵਾਲ ਦੇ ਚੇਲਿਆਂ ਨਾਲ ਫੁੱਲ ਹੋਈ ਗੱਡੀ ਵਿਚ ਜਦੋਂ ਧੱਕੇ ਨਾਲ ਚਾਂਦੀ ਰਾਮ ਤੋਂ ਬਹਿ ਕੇ ਬਾਰੀ ਨਾ ਬੰਦ ਹੋਵੇ ਤਾਂ ਘੁੱਟ ਲੱਗੀ ਦੇ ਰੌਂਅ ਵਿਚ ਉਹ ਹੇਠਾਂ ਉਤਰ ਕੇ ਮੇਰਾ ਹੱਥ ਚੁੰਮਦਿਆਂ ਢਿੱਲੇ ਜਿਹੇ ਲਲਕਾਰੇ ਵਿਚ ਕਹਿਣ ਲੱਗਾ, "ਲੈ ਹੁਣ ਨ੍ਹੀਂ ਮਰਦਾ ਅਸ਼ੋਕ ਚਾਂਦੀ ਰਾਮ ਛੇਤੀ ਕੀਤੇ।"

ਤੇ ਫਿਰ ਅਗਲੇ ਸਾਲਾਂ ਵਿਚ ਦਿਨ ਬਦਲ ਜਾਂਦੇ ਤਾਂ ਕੋਈ ਗੱਲ ਨਹੀਂ ਸੀ, ਪਰ ਰੱਜ ਕੇ ਬੁਰੇ ਆ ਗਏ। ਉਹ ਜੁੱਲ-ਗਧੌਲੀ ਚੁੱਕ ਕੇ ਮਾਣਕ ਦੇ ਦਫ਼ਤਰ ਦੀ ਉਪਰਲੀ ਮੰਜ਼ਿਲ 'ਤੇ ਧੰਨੇ ਰੰਗੀਲੇ ਦੇ ਦਫ਼ਤਰ ਵਿਚ ਟਿਕ ਗਿਆ।

ਇਸ ਨਿਰਮੋਹੇ ਸੰਸਾਰ ਵਿਚ ਤਾਂ ਧੀਆਂ-

*(ਬਾਕੀ ਸਫਾ 30 ਉਤੇ)*

## ਗੱਲ ਬਣੀ ਕਿ ਨਹੀਂ

### *ਜ਼ਿੰਦਾਬਾਦ ਤ੍ਰਿਸ਼ੂਲ*

ਹੱਥੀਂ ਗੰਢਾਂ ਦੇ ਕੇ ਮੂੰਹ ਨਾਲ ਰਹੇ ਨੇ ਖੋਲ੍ਹ।
ਤਾਹੀਓਂ ਬੋਲੀ ਜਾਂਵਦੇ ਰੱਜ ਕੇ ਮੰਦੜੇ ਬੋਲ।
ਨਾਲਿਓਂ ਫੜ ਕੇ ਪੁੱਛਦੀ ਕੀ ਕਛਹਿਰਿਆ ਹਾਲ।
ਧੀਰਜ ਥੋੜ੍ਹਾ ਬੰਨ੍ਹ ਲੈ ਨਿੱਕਰ ਕਰੂ ਕਮਾਲ।
ਮਹਾਰਾਜੇ ਰਣਜੀਤ ਦੀ ਮਿਟ ਜੂ ਬਚਦੀ ਲੀਹ।
ਥੋਡੇ 'ਤੇ ਹੀ ਖੇੜਨੀ ਹੁਣ ਥੋਡੇ ਕੋਲੋਂ ਪੀ।
ਬੇਇਤਫਾਕੀ ਨਾਲ ਬਣੀ ਸਾਂਝੇ ਘਰ 'ਚ ਕੰਧ।
ਦਿਹਲੀ ਕਿੱਦਾਂ ਵੜੋਗੇ ਬੂਹੇ ਕਰ'ਤੇ ਬੰਦ।
ਫਿਰੂ ਲਲਕਾਰੇ ਮਾਰਦੀ ਥਾਣੇ ਦੇ ਵਿਚ ਭੇਡ।
ਕਾਬੂ ਕਿੱਥੇ ਆਵਣੀ ਹੁਣ ਭਗਵਾਂ ਬ੍ਰਿਗੇਡ।
ਸੁਪਨੇ ਲੰਮੇ ਰਾਜ ਦੇ ਲੱਗੇ ਹੋਵਣ ਗੁੱਲ।
ਸੋਹਣੇ ਨੈਣ-ਨਕਸ਼ ਸਨ ਮੋਟੇ ਹੋ ਗਏ ਬੁੱਲ੍ਹ।
ਆਈ ਕਦੇ ਵੀ ਸਮਝ ਨਾ ਸ਼ਕੁਨੀ ਦੀ ਏ ਚਾਲ।
ਮੁੱਛ ਵਿਚਾਰੀ ਕੀ ਖੜੂ ਜੇ ਨਾ ਰਹਿ ਗਿਆ ਵਾਲ।
ਢਾਈ ਦਰਿਆ ਨੇ ਵਿਲਕਦੇ ਢਿੱਡ 'ਚ ਉਠਦੀ ਸੂਲ।
'ਭੌਰੇ' ਆਖਣ ਲੱਗ ਪਊ ਜ਼ਿੰਦਾਬਾਦ ਤ੍ਰਿਸ਼ੂਲ।

**-ਐਸ. ਅਸ਼ੋਕ ਭੌਰਾ**

# ਗੁਰਮੁਖਿ ਗਿਆਨੁ ਬਿਬੇਕ ਬੁਧਿ ਹੋਇ

## ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

ਗੁਰਮਤਿ ਦਰਸ਼ਨ ਵਿਚ ਬਿਬੇਕ ਨੂੰ, ਜਿਸ ਦਾ ਸੰਸਕ੍ਰਿਤ ਰੂਪ 'ਵਿਵੇਕ' ਹੈ, ਬਹੁਤ ਹੀ ਮਹੱਤਵ ਪੂਰਨ ਸਥਾਨ ਪ੍ਰਾਪਤ ਹੈ ਅਤੇ ਬਾਣੀ ਵਿਚ ਬਿਬੇਕ ਆਮ ਤੌਰ 'ਤੇ 'ਬੁਧਿ' ਨਾਲ ਆਇਆ ਹੈ। ਬਾਣੀ ਅਨੁਸਾਰ ਬਿਬੇਕ ਉਚਤਮ ਗਿਆਨ ਹੈ ਕਿਉਂਕਿ ਇਹ ਉਹ ਗਿਆਨ ਹੈ ਜਿਸ ਦਾ ਸਬੰਧ ਉਸ ਪਰਮ ਸਤਿ ਨਾਲ ਹੈ। ਜਿੱਥੇ ਇਸ ਨਾਲ 'ਬੁਧਿ' ਸ਼ਬਦ ਦੀ ਵਰਤੋਂ ਹੋਈ ਹੈ ਇਸ ਦਾ ਅਰਥ ਹੈ ਕਿ ਸਹੀ ਨਿਤਾਰਾ ਕਰ ਸਕਣ ਦੀ ਸੋਝੀ ਜਾਂ ਸਮਰੱਥਾ ਜੋ ਜਗਿਆਸੂ ਨੂੰ ਪਰਮਸਤਿ ਅਤੇ ਕੂੜ ਜਾਂ ਝੂਠ ਵਿਚ ਨਿਤਾਰਾ ਕਰ ਸਕਣ ਦੇ ਯੋਗ ਬਣਾਉਂਦੀ ਹੈ। ਬਾਣੀ ਵਿਚ ਅਕਾਲ ਪੁਰਖ ਅੱਗੇ 'ਦੀਜੈ ਬੁਧਿ ਬਿਬੇਕਾ' ਲਈ ਅਰਦਾਸ ਕੀਤੀ ਗਈ ਹੈ ਜਿਸ ਦਾ ਦੁਨਿਆਵੀ ਅਰਥ ਇਹ ਵੀ ਬਣਦਾ ਹੈ ਕਿ ਸਿੱਖ ਵਿਚ ਸੱਚ ਅਤੇ ਝੂਠ, ਸਹੀ ਅਤੇ ਗਲਤ ਵਿਚ ਨਿਖੇੜਾ ਕਰ ਸਕਣ ਦੀ ਸਮਰੱਥਾ ਹੋਣੀ ਚਾਹੀਦੀ ਹੈ। ਬਿਬੇਕ ਮਨੁੱਖੀ ਮਨ ਨੂੰ ਇਲਹਾਮ ਦੀ ਚੇਤਨਾ ਹੈ। ਇਹ ਉਚਤਮ ਗਿਆਨ ਹੈ।

ਗੁਰੂ ਅਮਰਦਾਸ ਸਾਹਿਬ ਇਹ ਚੇਤਨਾ ਕਰਵਾਉਂਦੇ ਹਨ ਕਿ ਬਿਬੇਕ ਬੁਧਿ ਅਰਥਾਤ ਗਿਆਨ ਅਤੇ ਵਿਚਾਰ ਵਾਲੀ ਅਕਲ ਜਾਂ ਸੋਝੀ ਉਸ ਮਨੁੱਖ ਨੂੰ ਹੁੰਦੀ ਹੈ ਜੋ ਗੁਰੂ ਦਾ ਅਨੁਸਾਰੀ ਹੈ ਅਰਥਾਤ ਗੁਰੂ ਦੇ ਸਨਮੁਖ ਰਹਿੰਦਾ ਹੈ, ਉਸ ਦੀ ਸਿੱਖਿਆ 'ਤੇ ਚੱਲਦਾ ਹੈ। ਉਹ ਗੁਰੂ ਦੇ ਸਨਮੁਖ ਰਹਿ ਕੇ ਅਕਾਲ ਪੁਰਖ ਦੇ ਗੁਣਾਂ ਦਾ ਗਾਇਨ ਕਰਦਾ ਹੈ ਅਤੇ ਉਸ ਦੇ ਗੁਣਾਂ ਨੂੰ ਆਪਣੇ ਹਿਰਦੇ ਵਿਚ ਵਸਾ ਲੈਂਦਾ ਹੈ। ਉਸ ਦੀ ਰਹਿਣੀ ਉਚੀ-ਸੁੱਚੀ ਅਤੇ ਸੱਚੀ ਹੁੰਦੀ ਹੈ ਅਤੇ ਉਹ ਉਚੀ ਮਤਿ ਵਾਲਾ ਹੁੰਦਾ ਹੈ। ਜੋ ਕੋਈ ਦੂਸਰਾ ਮਨੁੱਖ ਵੀ ਅਜਿਹੇ ਗੁਰਮੁਖਿ ਦੀ ਸੰਗਤਿ ਕਰਦਾ ਹੈ, ਉਹ ਉਸ ਨੂੰ ਵੀ ਇਸ ਸੰਸਾਰ ਸਾਗਰ ਤੋਂ ਪਾਰ ਉਤਾਰ ਲੈਂਦਾ ਹੈ। ਗੁਰੂ ਦੇ ਸਨਮੁਖ ਹੋ ਕੇ ਚੱਲਣ ਵਾਲੇ ਮਨੁੱਖ ਦੇ ਹਿਰਦੇ ਵਿਚ ਪਰਵਰਦਗਾਰ ਦੇ ਨਾਮ ਦੀ ਸੁਗੰਧੀ ਸਮਾਈ ਹੋਈ ਹੁੰਦੀ ਹੈ ਅਰਥਾਤ ਉਸ ਦਾ ਮਨ ਸਦਾ ਅਕਾਲ ਪੁਰਖ ਦੇ ਨਾਮ ਨਾਲ ਜੁੜਿਆ ਰਹਿੰਦਾ ਹੈ। ਉਸ ਦੀ ਅਕਾਲ ਪੁਰਖ ਦੇ ਦਰਵਾਜ਼ੇ 'ਤੇ ਵਡਿਆਈ ਹੁੰਦੀ ਹੈ ਅਤੇ ਉਸ ਦੀ ਬੋਲੀ ਉਤਮ ਹੋ ਜਾਂਦੀ ਹੈ। ਇਸ ਲਈ ਜੋ ਵੀ ਮਨੁੱਖ ਉਸ ਦੀ ਬੋਲੀ ਨੂੰ ਸੁਣਦਾ ਹੈ, ਉਹ ਅਨੰਦਤ ਹੋ ਜਾਂਦਾ ਹੈ, ਨਿਹਾਲ ਹੋ ਜਾਂਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਉਸ ਮਨੁੱਖ ਨੇ ਸਤਿਗੁਰੂ ਦੀ ਸੰਗਤਿ ਤੋਂ, ਸਤਿਗੁਰੂ ਨੂੰ ਮਿਲ ਕੇ ਨਾਮ ਦਾ ਇਹ ਖ਼ਜ਼ਾਨਾ ਪ੍ਰਾਪਤ ਕੀਤਾ ਹੋਇਆ ਹੁੰਦਾ ਹੈ,

ਗੁਰਮੁਖਿ ਗਿਆਨੁ ਬਿਬੇਕ ਬੁਧਿ ਹੋਇ॥
ਹਰਿ ਗੁਣ ਗਾਵੈ ਹਿਰਦੈ ਹਾਰੁ ਪਰੋਇ॥
ਪਵਿਤੁ ਪਾਵਨੁ ਪਰਮ ਬੀਚਾਰੀ॥
ਜਿ ਓਸੁ ਮਿਲੈ ਤਿਸੁ ਪਾਰਿ ਉਤਾਰੀ॥
ਅੰਤਰਿ ਹਰਿ ਨਾਮੁ ਬਾਸਨਾ ਸਮਾਣੀ॥
ਹਰਿ ਦਰਿ ਸੋਭਾ ਮਹਾ ਉਤਮ ਬਾਣੀ॥
ਜਿ ਪੁਰਖੁ ਸੁਣੈ ਸੁ ਹੋਇ ਨਿਹਾਲੁ॥
ਨਾਨਕ ਸਤਿਗੁਰਿ ਮਿਲਿਐ
ਪਾਇਆ ਨਾਮੁ ਧਨੁ ਮਾਲੁ॥੧॥

(ਪੰਨਾ ੩੧੭)

ਅਗਲੇ ਸਲੋਕ ਵਿਚ ਗੁਰੂ ਰਾਮਦਾਸ ਸਾਹਿਬ ਫੁਰਮਾਉਂਦੇ ਹਨ ਕਿ ਸਤਿਗੁਰ ਨੂੰ ਕੀ ਚੰਗਾ ਲੱਗਦਾ ਹੈ, ਮਨੁੱਖ ਦੀ ਸਮਝ ਵਿਚ ਨਹੀਂ ਪੈ ਸਕਦਾ; ਸਤਿਗੁਰ ਦੇ ਹਿਰਦੇ ਵਿਚ ਕੀ ਹੈ, ਇਸ ਦਾ ਭੇਦ ਮਨੁੱਖ ਨਹੀਂ ਪਾ ਸਕਦਾ। ਇਸ ਤਰ੍ਹਾਂ ਸਤਿਗੁਰ ਦੀ ਖੁਸ਼ੀ ਪ੍ਰਾਪਤ ਕਰਨੀ ਇੱਕ ਮੁਸ਼ਕਿਲ ਕਾਰਜ ਹੈ। ਗੁਰੂ ਸਾਹਿਬ ਦੱਸਦੇ ਹਨ ਕਿ ਇਸ ਦੇ ਨਾਲ ਹੀ ਇਹ ਵੀ ਇੱਕ ਸੱਚਾਈ ਹੈ ਕਿ ਸਤਿਗੁਰ ਸੱਚੇ ਸਿੱਖਾਂ ਦੇ ਹਿਰਦੇ ਵਿਚ ਵਰਤ ਰਿਹਾ ਹੈ, ਗੁਰਸਿੱਖਾਂ ਦੇ ਹਿਰਦੇ ਵਿਚ ਵਿਆਪਕ ਹੈ ਅਤੇ ਜੋ ਕੋਈ ਵੀ ਮਨੁੱਖ ਉਨ੍ਹਾਂ ਦੀ ਸੇਵਾ ਕਰਨ ਦੀ ਲੋਚਾ ਜਾਂ ਤਾਂਘ ਰੱਖਦਾ ਹੈ, ਉਹ ਸਤਿਗੁਰੂ ਦੀ ਖੁਸ਼ੀ ਪ੍ਰਾਪਤ ਕਰ ਲੈਂਦਾ ਹੈ। ਸਤਿਗੁਰ ਜੋ ਆਗਿਆ ਦਿੰਦਾ ਹੈ, ਗੁਰਸਿੱਖ ਉਹੀ ਕਾਰ ਕਮਾਉਂਦੇ ਹਨ, ਉਹੋ ਹੀ ਜਪੁ ਅਤੇ ਸਿਮਰਨ ਕਰਦੇ ਹਨ ਅਤੇ ਸੱਚਾ ਅਕਾਲ ਪੁਰਖ ਉਨ੍ਹਾਂ ਦੀ ਘਾਲ ਕਮਾਈ ਨੂੰ, ਉਨ੍ਹਾਂ ਦੀ ਮਿਹਨਤ ਨੂੰ ਕਬੂਲ ਕਰ ਲੈਂਦਾ ਹੈ,

ਸਤਿਗੁਰ ਕੇ ਜੀਅ ਕੀ ਸਾਰ ਨ ਜਾਪੈ
ਕਿ ਪੂਰੈ ਸਤਿਗੁਰ ਭਾਵੈ॥
ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ
ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ॥
ਸਤਿਗੁਰੁ ਆਖੈ ਸੁ ਕਾਰ ਕਮਾਵਨਿ
ਸੁ ਜਪੁ ਕਮਾਵਹਿ ਗੁਰਸਿਖਾਂ ਕੀ
ਘਾਲ ਸਚਾ ਥਾਇ ਪਾਵੈ॥

ਗੁਰੂ ਸਾਹਿਬ ਫਰਮਾਉਂਦੇ ਹਨ ਕਿ ਜੋ ਕੋਈ ਵੀ ਮਨੁੱਖ ਸਤਿਗੁਰ ਦੇ ਹੁਕਮ ਦੇ ਵਿਰੁਧ, ਸਤਿਗੁਰ ਦੀ ਆਗਿਆ ਦੇ ਵਿਪਰੀਤ ਗੁਰਸਿੱਖਾਂ ਕੋਲੋਂ ਕੋਈ ਕੰਮ ਕਰਵਾਉਣਾ ਚਾਹੇ, ਗੁਰੂ ਦਾ ਸਿੱਖ ਫਿਰ ਅਜਿਹੇ ਵਿਅਕਤੀ ਦੇ ਨੇੜੇ ਨਹੀਂ ਢੁਕਦਾ (ਕਿਉਂਕਿ ਗੁਰੂ ਦਾ ਸੱਚਾ ਸਿੱਖ ਗੁਰੂ ਦੇ ਹੁਕਮ ਤੋਂ ਬਾਹਰ ਨਹੀਂ ਜਾਂਦਾ)। ਪਰ ਜੋ ਮਨੁੱਖ ਗੁਰੂ ਦੇ ਸਨਮੁਖ ਰਹਿ ਕੇ ਗੁਰੂ ਦੀ ਹਜ਼ੂਰੀ ਵਿਚ ਆਪਣਾ ਮਨ ਜੋੜ ਕੇ ਸੇਵਾ ਦੀ ਘਾਲ ਕਮਾਉਂਦਾ ਹੈ, ਗੁਰਸਿੱਖ ਉਸ ਦੀ ਕਾਰ ਕਮਾਉਂਦਾ ਹੈ, ਉਸ ਦਾ ਕੰਮ ਕਰਦਾ ਹੈ। ਜਿਹੜਾ ਮਨੁੱਖ ਕਪਟ ਕਰਦਾ ਹੈ, ਛਲ-ਫਰੇਬ ਕਰਨ ਆਉਂਦਾ ਹੈ ਅਰਥਾਤ ਗੁਰੂ ਦੀ ਹਜ਼ੂਰੀ ਵਿਚ ਕਪਟ ਨਾਲ ਆਉਂਦਾ ਹੈ ਅਤੇ ਕਪਟ ਨਾਲ ਹੀ ਚਲਾ ਜਾਂਦਾ ਹੈ, ਗੁਰੂ ਦਾ ਸਿੱਖ ਅਜਿਹੇ ਮਨੁੱਖ ਦੇ ਕਦੇ ਵੀ ਨੇੜੇ ਨਹੀਂ ਲੱਗਦਾ। ਗੁਰੂ ਸਾਹਿਬ ਇਹ ਗੱਲ ਸਪੱਸ਼ਟ ਰੂਪ ਵਿਚ ਸਮਝਾਉਂਦੇ ਹਨ, ਇਹ ਵਿਚਾਰ ਦੱਸਦੇ ਹਨ ਕਿ ਜਿਹੜਾ ਮਨੁੱਖ ਸਤਿਗੁਰ ਦੀ ਆਗਿਆ ਦੇ ਉਲਟ, ਗੁਰੂ-ਆਸ਼ੇ ਦੇ ਵਿਪਰੀਤ ਗੁਰਸਿੱਖ ਕੋਲੋਂ ਕੋਈ ਕਾਰਜ ਕਰਵਾਉਂਦਾ ਹੈ ਉਹ ਮਨੁੱਖ ਬਹੁਤ ਜਿਆਦਾ ਦੁੱਖ ਪਾਉਂਦਾ ਹੈ,

ਵਿਣੁ ਸਤਿਗੁਰ ਕੇ ਹੁਕਮੈ ਜਿ
ਗੁਰਸਿਖਾਂ ਪਾਸਹੁ ਕੰਮੁ ਕਰਾਇਆ ਲੋੜੇ
ਤਿਸੁ ਗੁਰਸਿਖੁ ਫਿਰਿ ਨੇੜਿ ਨ ਆਵੈ॥
ਗੁਰ ਸਤਿਗੁਰ ਅਗੈ ਕੋ ਜੀਉ
ਲਾਇ ਘਾਲੈ ਤਿਸੁ ਅਗੈ
ਗੁਰਸਿਖੁ ਕਾਰ ਕਮਾਵੈ॥
ਜਿ ਠਗੀ ਆਵੈ ਠਗੀ ਉਠਿ ਜਾਇ
ਤਿਸੁ ਨੇੜੈ ਗੁਰਸਿਖੁ ਮੂਲਿ ਨ ਆਵੈ॥
ਬ੍ਰਹਮੁ ਬੀਚਾਰੁ ਨਾਨਕੁ ਆਖਿ ਸੁਣਾਵੈ॥
ਜਿ ਵਿਣੁ ਸਤਿਗੁਰ ਕੇ
ਮਨੁ ਮੰਨੇ ਕੰਮੁ ਕਰਾਏ
ਸੋ ਜੰਤੁ ਮਹਾ ਦੁਖੁ ਪਾਵੈ॥੨॥

(ਪੰਨਾ ੩੧੭)

ਉਪਰ ਦਿੱਤੇ ਸਲੋਕ ਦੇ ਸਬੰਧ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਾਪੀ ਸ਼ਬਦਾਰਥ ਦੀ ਪੋਥੀ ਵਿਚ ਇਸ ਸਲੋਕ ਦਾ ਸ਼ਬਦਾਰਥ ਕਰਦਿਆਂ ਦੱਸਿਆ ਹੈ ਕਿ, "ਇਥੇ ਗੁਰੂ ਜੀ ਅੱਡ-ਅੱਡ ਗੱਦੀਆਂ ਲਾ ਕੇ ਸਿੱਖੀ ਸੇਵਕੀ ਬਨਾਣ ਵਾਲਿਆਂ ਕੋਲੋਂ ਆਪਣੇ ਸਿੱਖਾਂ ਨੂੰ ਬਚਾਣਾ ਚਾਹੁੰਦੇ ਹਨ।" ਇਹ ਇੱਕ ਸੱਚਾਈ ਹੈ ਕਿ ਗੁਰਗੱਦੀ ਦੇ ਲਾਲਚ ਵਿਚ ਬਾਬਾ ਸ੍ਰੀ ਚੰਦ ਤੋਂ ਹੀ ਗੁਰੂ-ਘਰ ਦੇ ਵਿਰੋਧ ਵਿਚ ਵੱਖਰੀ ਸਥਾਪਤੀ ਸ਼ੁਰੂ ਹੋ ਗਈ ਸੀ। ਵਰਤਮਾਨ ਸਮੇਂ ਵਿਚ ਵੀ ਵੱਖ ਵੱਖ ਸੰਤਾਂ ਦੇ ਡੇਰਿਆਂ ਦੇ ਰੂਪ ਵਿਚ ਇਹ ਵਰਤਾਰਾ ਬਹੁਤ ਪ੍ਰਫੁਲਿਤ ਹੋ ਰਿਹਾ ਹੈ ਜੋ ਸਿੱਖੀ ਦੇ ਨਾਮ ਹੇਠਾਂ ਸਿੱਖਾਂ ਵਿਚ ਗੁਰਮਤਿ ਦੇ ਬਿਲਕੁਲ ਉਲਟ 'ਨਾਮ ਦੇਣ' ਅਤੇ ਹੋਰ ਬਹੁਤ ਕਿਸਮ ਦੇ ਵਹਿਮਾਂ-ਭਰਮਾਂ ਨੂੰ ਫੈਲਾਉਣ ਦਾ ਕਾਰਨ ਬਣ ਰਹੇ ਹਨ। ਕਈ ਕਿਸਮ ਦੇ ਮਾਨਸਿਕ ਡਰ ਪੈਦਾ ਕਰਕੇ ਭੋਲੇ-ਭਾਲੇ ਸਿੱਖਾਂ ਦਾ ਸੋਸ਼ਣ ਕੀਤਾ ਜਾ ਰਿਹਾ ਹੈ।

ਇਸ ਵਾਰ ਦੀ 33ਵੀਂ ਅਤੇ ਆਖਰੀ ਪਉੜੀ ਵਿਚ ਗੁਰੂ ਰਾਮਦਾਸ ਸਾਹਿਬ ਉਸ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ- ਹੇ ਅਕਾਲ ਪੁਰਖ! ਤੂੰ ਵੱਡਿਆਂ ਤੋਂ ਵੀ ਵੱਡਾ ਹੈਂ, ਤੂੰ ਸਭ ਦਾ ਸੱਚਾ ਮਾਲਕ, ਸੁਆਮੀ ਅਤੇ ਬਹੁਤ ਵੱਡਾ ਹੈਂ, ਆਪਣੇ ਜਿੱਡਾ ਤੂੰ ਆਪ ਹੀ ਹੈਂ ਅਰਥਾਤ ਕੋਈ ਹੋਰ ਤੇਰੇ ਬਰਾਬਰ ਨਹੀਂ ਹੈ। ਜਿਸ ਨੂੰ ਆਪਣੇ ਨਾਲ ਮਿਲਾਉਂਦਾ ਹੈਂ, ਉਹ ਜੀਵ ਹੀ ਤੈਨੂੰ ਮਿਲਦਾ ਹੈ, ਜਿਸ ਦਾ ਲੇਖਾ ਛੱਡ ਕੇ ਅਰਥਾਤ ਉਸ ਦੇ ਕਰਮਾਂ ਦਾ ਹਿਸਾਬ ਛੱਡ ਕੇ ਤੂੰ ਉਸ ਉਤੇ ਮਿਹਰ ਕਰਦਾ ਹੈਂ ਅਤੇ ਮੇਲਦਾ ਹੈਂ, ਉਹ ਹੀ ਤੈਨੂੰ ਮਿਲਦਾ ਹੈ। ਜਿਸ ਨੂੰ ਤੂੰ ਆਪ ਮਿਲਾਉਂਦਾ ਹੈਂ, ਉਹ ਹੀ ਤੇਰੀ ਬਖਸ਼ਿਸ਼ ਸਦਕਾ ਪੂਰਾ ਮਨ-ਚਿੱਤ ਲਾ ਕੇ ਸਤਿਗੁਰੂ ਦੀ ਸੇਵਾ ਕਰਦਾ ਹੈ। ਤੂੰ ਸੱਚਾ ਮਾਲਕ ਹੈਂ, ਸਦੀਵੀ ਕਾਇਮ ਰਹਿਣ ਵਾਲੀ ਸੱਚੀ ਹੋਂਦ ਹੈਂ, ਸੰਸਾਰ ਦੇ ਜੀਵਾਂ ਦਾ ਸਭ ਕੁਝ ਅਰਥਾਤ ਉਨ੍ਹਾਂ ਦੀ ਜਿੰਦ-ਜਾਨ, ਉਨ੍ਹਾਂ ਦਾ ਸਰੀਰ, ਚੰਮ, ਹੱਡ-ਸਭ ਕੁਝ ਤੇਰੀ ਹੀ ਦਾਤ ਹੈ, ਸਭ ਕੁਝ ਤੇਰਾ ਬਖਸ਼ਿਸ਼ ਕੀਤਾ ਹੋਇਆ ਹੈ। ਗੁਰੂ ਸਾਹਿਬ ਅਰਦਾਸ ਕਰਦੇ ਹਨ- ਹੇ ਵੱਡਿਆਂ ਦੇ ਵੱਡੇ ਸੱਚੇ ਪਰਮਾਤਮਾ! ਜਿਵੇਂ ਤੈਨੂੰ ਭਾਉਂਦਾ ਹੈ, ਜਿਵੇਂ ਤੈਨੂੰ ਚੰਗਾ ਲੱਗਦਾ ਹੈ, ਉਵੇਂ ਹੀ ਸਾਨੂੰ ਜੀਵਾਂ ਨੂੰ ਰੱਖ ਲੈ, ਮਨ ਵਿਚ ਤੇਰੀ ਹੀ ਆਸ ਅਤੇ ਓਟ ਹੈ,

ਤੂੰ ਸਚਾ ਸਾਹਿਬੁ ਅਤਿ ਵਡਾ
ਤੁਹਿ ਜੇਵਡੁ ਤੂੰ ਵਡ ਵਡੇ॥
ਜਿਸੁ ਤੂੰ ਮੇਲਹਿ ਸੋ ਤੁਧੁ ਮਿਲੈ
ਤੂੰ ਆਪੇ ਬਖਸਿ ਲੈਹਿ ਲੇਖਾ ਛਡੇ॥
ਜਿਸ ਨੋ ਤੂੰ ਆਪਿ ਮਿਲਾਇਦਾ
ਸੇ ਸਤਿਗੁਰੁ ਸੇਵੇ ਮਨੁ ਗਡਿ ਗਡੇ॥
ਤੂੰ ਸਚਾ ਸਾਹਿਬੁ ਸਚੁ ਤੂ ਸਭੁ ਜੀਉ
ਪਿੰਡੁ ਚੰਮੁ ਤੇਰਾ ਹਡੇ॥
ਜਿਉ ਭਾਵੈ ਤਿਉ ਰਖੁ ਤੂੰ ਸਚਿਆ ਨਾਨਕ
ਮਨਿ ਆਸ ਤੇਰੀ ਵਡ ਵਡੇ॥੩੩॥੧॥ ਸੁਧੁ॥

(ਪੰਨਾ ੩੧੭-੧੮)

## ਹਿੰਦ ਦੀ ਚਾਦਰ-ਗੁਰੂ ਤੇਗ ਬਹਾਦਰ

ਬਿਰਾਜੇ ਹੋਏ ਸਨ ਸਤਿਗੁਰੂ ਮੌਜ ਅੰਦਰ
ਬਾਹਰੋਂ ਸੇਵਕ ਨੇ ਆ ਕੇ ਫੁਰਮਾਇਆ ਏ।
ਸੱਚੇ ਪਾਤਸ਼ਾਹ ਜਥਾ ਫਰਿਆਦੀਆਂ ਦਾ
ਬੜੀ ਹੀ ਦੂਰ ਤੋਂ ਚੱਲ ਕੇ ਆਇਆ ਏ।
ਸਤਿਗੁਰ ਆਗਿਆ ਕੀਤੀ ਬੁਲਾਉ ਸਾਰੇ
ਵਿੱਥਿਆ ਸੁਣ ਕੇ ਗੁਰਾਂ ਫੁਰਮਾਇਆ ਏ।
ਮਹਾਂਪੁਰਖ ਕੋਈ ਵਾਰੇ ਜੇ ਸੀਸ ਆਪਣਾ
ਜ਼ਬਰ ਜ਼ੁਲਮ ਨੂੰ ਹੈ ਠੱਲ੍ਹ ਫੇਰ ਪੈ ਸਕਦੀ।
ਭਰੀ ਭਰਾਈ ਸੁੱਕ ਜਾਵੇਗੀ ਸਣੇ ਛੱਲਾਂ
ਪਾਪ, ਜ਼ੁਲਮ ਦੀ ਨਦੀ ਜੋ ਪਈ ਵਗਦੀ।
ਸੁਣ ਕੇ ਬਾਲ ਗੋਬਿੰਦ ਕੋਲੋਂ ਬਚਨ ਕੀਤਾ
ਤੁਹਾਥੋਂ ਵੱਡਾ ਮਹਾਂਪੁਰਖ ਕੌਣ ਹੋ ਸਕਦੈ।
ਦਰ 'ਤੇ ਆਏ ਦੁਖੀ-ਦੁਖਿਆਰਿਆਂ ਦੀ
ਹਮੇਸ਼ਾ ਆਇਐ ਗੁਰੂ ਘਰ ਲਾਜ ਰੱਖਦੈ।
ਢਿੱਲ ਕਰੋ ਨਾ ਝਬਦੇ ਤਿਆਰ ਹੋ ਜਾਉ
ਸੀਸ ਵਾਰ, ਠੱਲ੍ਹ ਜ਼ੁਲਮ ਤਾਈਂ ਪਾ ਦੇਵੋ।
ਸ਼ਰਨ ਗੁਰੂ ਦੀ ਆਏ ਨਿਤਾਣਿਆਂ ਦੀ
ਨਿਰਾਸ, ਬੇਆਸ ਹੋਈ ਆਸ ਪੁਗਾ ਦੇਵੋ।
ਬਚਨ ਸੁਣ ਕੇ ਗੋਬਿੰਦ ਦੇ, ਸਤਿਗੁਰਾਂ ਨੇ
ਘੁੱਟ ਕੇ ਲਾਲ ਨੂੰ ਸੀਨੇ ਨਾ ਲਾਇਆ ਏ।
ਜਾਉ, ਜਾ ਕੇ, ਔਰੰਗਜ਼ੇਬ ਨੂੰ ਆਖ ਦੇਵੋ
ਸਾਡੇ ਗੁਰਾਂ ਇਹ ਬਚਨ ਫੁਰਮਾਇਆ ਏ।
ਪਹਿਲਾਂ, ਗੁਰੂ ਨੂੰ ਜੇ ਮੁਸਲਮਾਨ ਕਰ ਲਓ
ਅਸੀਂ ਸਾਰੇ ਹੀ ਇਸਲਾਮ 'ਚ ਆਜਾਂ'ਗੇ।
ਐਵੇਂ ਕਾਸ ਨੂੰ ਪਏ ਜ਼ੁਲਮ ਕਮਾਉਣੇ ਓਂ
ਕਲਮੇ ਪੜ੍ਹਾਂਗੇ ਸਭ ਦੀਨ ਅਪਨਾਲਾਂ'ਗੇ।
ਖਬਰ ਮਿਲਦਿਆਂ ਹੀ ਝੱਟ ਬਾਦਸ਼ਾਹ ਨੇ
ਡਾਢਾ, ਸਖਤ ਫੁਰਮਾਨ ਫੁਰਮਾਇਆ ਏ।
ਜਿੱਥੇ ਕਿਤੇ ਮਿਲੇ ਗੁਰੂ ਫੜ ਕਰੋ ਹਾਜ਼ਰ
ਅਹਿਲਕਾਰਾਂ ਨੂੰ ਹੁਕਮ ਸੁਣਾਇਆ ਏ।
ਓਧਰ ਪਿਆਰੇ ਸਿੱਖਾਂ ਤਾਈਂ ਨਾਲ ਲੈ ਕੇ
ਟੁਰ ਪਏ ਜ਼ੁਲਮ ਨੂੰ ਠੱਲ੍ਹ ਪਾਣ ਸਤਿਗੁਰ।
ਸਾਰੇ ਰਾਹ ਵਿਚ ਸੰਗਤਾਂ ਨੂੰ ਤਾਰਦੇ ਹੋਏ
ਪੰਧ, ਦਿੱਲੀ ਦਾ ਲੱਗੇ ਮੁਕਾਣ ਸਤਿਗੁਰ।
ਜ਼ਬਰ-ਜ਼ੁਲਮ ਨੂੰ ਸਬਰ ਨਾਲ ਡੱਕਣਾ ਏ
ਸਿੱਖਾਂ ਸੇਵਕਾਂ ਤਾਂਈ ਸਮਝਾਣ ਸਤਿਗੁਰ।
ਲਾਲਚ, ਡਰ ਡਰਾਵੇ ਅੱਗੇ ਝੁਕਣਾ ਨਹੀਂ
ਧਰਮ ਰੱਖਣੈ ਕੀਤਾ ਵਖਿਆਨ ਸਤਿਗੁਰ।
ਪਿਆਰੇ ਸੇਵਕਾਂ ਤੇ ਗੁਰੂ ਨੂੰ ਕੈਦ ਕਰ ਕੇ
ਲਾਲਚ, ਧਮਕੀਆਂ ਨਾਲ ਡਰਾਉਣ ਲੱਗੇ।
ਕਰਾਮਾਤ ਵਿਖਾਉ, ਜਾਂ ਮੁਸਲਮਾਨ ਹੋ'ਜੋ
ਕਾਜ਼ੀ, ਮੌਲਵੀ, ਮੁਕੱਦਮ ਸੁਣਾਉਣ ਲੱਗੇ।
ਸੀਸ ਧਰਮ ਖਾਤਰ ਲੱਗੇ ਧੰਨਭਾਗ ਸਾਡੇ
ਅੱਗੋਂ ਸਤਿਗੁਰੂ ਜੀਓ ਫੁਰਮਾਉਣ ਲੱਗੇ।
ਸੁਣ ਕੇ ਗੁਰਾਂ ਦੇ ਬਚਨ ਕਾਜ਼ੀ ਰਲ ਸਾਰੇ
ਫਤਵਾ ਕਰੜੇ ਤੋਂ ਕਰੜਾ ਸੁਣਾਉਣ ਲੱਗੇ।
ਖੌਲਦੀ ਦੇਗ, ਆਰਾ, ਸੂਏ-ਦਾਰ ਪਿੰਜਰੇ
ਵਿਖਾ, ਵਿਖਾ ਕੇ ਸਭ ਨੂੰ, ਡਰਾਉਣ ਲੱਗੇ।
ਪੁੱਛਿਆ ਸਿੱਖਾਂ ਨੂੰ ਆਖਰੀ ਇੱਛਿਆ ਜੇ
ਪੂਰੀ ਇਸੇ ਹੀ ਘੜੀ, ਇਸੇ ਹੀ ਪਲ ਹੋਵੇ।
ਜਦੋਂ ਸਬਰ ਸਾਡਾ ਤੁਸੀਂ ਅਜਮਾਉਣਾ ਏਂ
ਸਾਡਾ ਮੂੰਹ, ਪਿਆਰੇ ਸਤਿਗੁਰੂ ਵੱਲ ਹੋਵੇ।
ਸਤਿਗੁਰ ਸਾਹਮਣੇ ਸਿੱਖਾਂ ਅਲਬੇਲਿਆਂ ਨੂੰ
ਫਿਰ ਪਾਪੀ ਦੇ ਦੇ ਤਸੀਹੇ ਡਰਾਉਣ ਲੱਗੇ।
ਕੋਈ ਨ੍ਹੀਂ ਡੋਲਿਆ ਸਿੱਖੀ 'ਚ ਰਹੇ ਸਾਬਤ
ਨਾਮ ਜਪਦਿਆਂ ਸ਼ਹੀਦੀਆਂ ਪਾਉਣ ਲੱਗੇ।
ਦੂਜੇ ਪਾਸੇ ਪਿੰਜਰੇ ਵਿਚ ਕੈਦ ਸਤਿਗੁਰ ਨੂੰ
ਕਾਜ਼ੀ-ਮੌਲਵੀ ਆ ਸਾਰੇ ਸਮਝਾਉਣ ਲੱਗੇ।
ਵੱਡਾ ਪੀਰ ਇਸਲਾਮ ਦਾ ਬਣਾ ਦਿਆਂਗੇ
ਕਾਹਨੂੰ ਐਵੇਂ 'ਚ ਓਂ ਜਾਨ ਗੁਆਉਣ ਲੱਗੇ।
ਆਪਣੇ ਸਿੱਖਾਂ ਦਾ ਹਾਲ ਅਖੀਂ ਵੇਖਿਐ ਜੇ
ਫਰਕ ਤੁਹਾਡੇ ਵੀ ਨਾਲ ਨ੍ਹੀਂ ਰਹਿਣ ਲੱਗਾ।
ਦੀਨ ਮੰਨੋ ਜਾਂ ਮਰਨ ਲਈ ਤਿਆਰ ਹੋ ਜੋ
ਸ਼ਾਹੀ, ਫੁਰਮਾਨ ਦਾ ਫਤਵਾ ਕਹਿਣ ਲੱਗਾ।
ਕਿਹਾ ਸਤਿਗੁਰਾਂ, ਤੁਹਾਡੇ ਵੱਸ ਕੁਝ ਨਹੀਂ
ਭਾਣਾ ਅਕਾਲ ਦਾ ਹੀ ਸਾਰਾ ਵਰਤਣਾ ਏਂ।
ਤੁਹਾਡਾ ਦੀਨ ਨਹੀਂ ਹਰਗਿਜ਼ ਕਬੂਲ ਸਾਨੂੰ
ਅਸੀਂ ਅਕਾਲ ਦੀ ਰਜ਼ਾ ਵਿਚ ਚੱਲਣਾ ਏਂ।
ਸੁਣਦਿਆਂ ਸਾਰ ਹੀ ਕਾਜ਼ੀ ਨੂੰ ਅੱਗ ਲੱਗੀ
ਕਰ ਕੇ ਹੁਕਮ ਝੱਟ ਜਲਾਦ ਬੁਲਾਇਆ ਏ।
ਕਰਕੇ ਪਾਠ ਜਾਂ ਗੁਰੂ ਜੀ ਅਰਦਾਸ ਕੀਤੀ
ਸਰਬੱਤ ਦੇ ਭਲੇ ਲਈ ਸੀਸ ਝੁਕਾਇਆ ਏ।
ਕਰ ਕੇ ਵਾਰ ਤਲਵਾਰ ਦਾ ਜੱਲਾਦ ਨੇ ਝੱਟ
ਭਾਣਾ, ਕਹਿਰ ਦਾ ਪਾਪੀ ਵਰਤਾਇਆ ਏ।
ਸੂਰਜ ਸੱਚ ਦਾ ਸੱਚ ਵਿਚ ਲੀਨ ਹੋਇਆ
ਰਹਿ ਗਿਆ ਵੇਖਦਾ, ਮਲਦਾ ਹੱਥ ਜ਼ਾਬਰ।
ਜ਼ੁਲਮੀਂ ਹਕੂਮਤ ਦੀ, ਭਰੀ-ਭਰਾਈ ਬੇੜੀ
ਡੁੱਬ ਗਈ ਸੱਚ ਦੇ ਅਥਾਹ ਸਮੁੰਦ-ਸਾਗਰ।
ਧੰਨ ਸੱਚੇ ਪਾਤਸ਼ਾਹ ਤੇਰੀਆਂ ਰਹਿਮਤਾਂ ਨੇ
ਰੱਖਿਆ ਹਿੰਦ ਦੀ ਕੀਤੀ, ਤੂੰ ਬਣ ਚਾਦਰ।
ਠੱਲ੍ਹ, ਜ਼ੁਲਮ ਨੂੰ ਪਾਉਣ ਲਈ ਸੀਸ ਦਿਤਾ
ਬੇ-ਕੱਸ, ਦੁਖੀਆਂ, ਮਜ਼ਲੂਮਾਂ ਦੀ ਖਾਤਰ।

*-ਚੰਨ, ਫੋਨ: 908-788-8427*

## ਬਿਆਪਤ ਹਰਖ ਸੋਗ ਬਿਸਥਾਰ

### ਗੁਰਬਾਣੀ ਗਿਆਨ

**ਗਉੜੀ ਗੁਆਰੇਰੀ ਮਹਲਾ ੫**
ਬਿਆਪਤ ਹਰਖ ਸੋਗ ਬਿਸਥਾਰ॥
ਬਿਆਪਤ ਸੁਰਗ ਨਰਕ ਅਵਤਾਰ॥
ਬਿਆਪਤ ਧਨ ਨਿਰਧਨ ਪੇਖਿ ਸੋਭਾ॥
ਮੂਲੁ ਬਿਆਧੀ ਬਿਆਪਸਿ ਲੋਭਾ॥੧॥
ਮਾਇਆ ਬਿਆਪਤ ਬਹੁ ਪਰਕਾਰੀ॥
ਸੰਤ ਜੀਵਹਿ ਪ੍ਰਭ ਓਟ ਤੁਮਾਰੀ॥੧॥ਰਹਾਉ॥
ਬਿਆਪਤ ਅਹੰਬੁਧਿ ਕਾ ਮਾਤਾ॥
ਬਿਆਪਤ ਪੁਤ੍ਰ ਕਲਤ੍ਰ ਸੰਗਿ ਰਾਤਾ॥
ਬਿਆਪਤ ਹਸਤਿ ਘੋੜੇ ਅਰੁ ਬਸਤਾ॥
ਬਿਆਪਤ ਰੂਪ ਜੋਬਨ ਮਦ ਮਸਤਾ॥੨॥
ਬਿਆਪਤ ਭੂਮਿ ਰੰਕ ਅਰੁ ਰੰਗਾ॥
ਬਿਆਪਤ ਗੀਤ ਨਾਦ ਸੁਣਿ ਸੰਗਾ॥
ਬਿਆਪਤ ਸੇਜ ਮਹਲ ਸੀਗਾਰ॥
ਪੰਚ ਦੂਤ ਬਿਆਪਤ ਅੰਧਿਆਰ॥੩॥
ਬਿਆਪਤ ਕਰਮ ਕਰੈ ਹਉ ਫਾਸਾ॥
ਬਿਆਪਤਿ ਗਿਰਸਤ ਬਿਆਪਤ ਉਦਾਸਾ॥
ਆਚਾਰ ਬਿਉਹਾਰ ਬਿਆਪਤ ਇਹ ਜਾਤਿ॥
ਸਭ ਕਿਛੁ ਬਿਆਪਤ
ਬਿਨੁ ਹਰਿ ਰੰਗ ਰਾਤ॥੪॥
ਸੰਤਨ ਕੇ ਬੰਧਨ ਕਾਟੇ ਹਰਿ ਰਾਇ॥
ਤਾ ਕਉ ਕਹਾ ਬਿਆਪੈ ਮਾਇ॥
ਕਹੁ ਨਾਨਕ ਜਿਨਿ ਧੂਰਿ ਸੰਤ ਪਾਈ॥
ਤਾ ਕੇ ਨਿਕਟਿ ਨ ਆਵੈ ਮਾਈ॥੫॥

ਇਸ ਸ਼ਬਦ ਵਿਚ ਗੁਰਦੇਵ ਜੀ ਆਖਦੇ ਹਨ, ਕਿਧਰੇ ਤਾਂ ਖੁਸ਼ੀ-ਗਮੀ ਦੇ ਖਿਲਾਰੇ ਪਏ ਹਨ; ਬਿਆਪਤ ਸੁਰਗ ਨਰਕ ਅਵਤਾਰ, ਕਿਤੇ ਜੀਵ ਨਰਕਾਂ ਅਤੇ ਸਵਰਗਾਂ ਵਿਚ ਆ ਜਾ ਰਹੇ ਹਨ; ਬਿਆਪਤ ਧਨ ਨਿਰਧਨ ਪੇਖਿ ਸੋਭਾ, ਕਈ ਜੀਵ ਧਨ-ਦੌਲਤਾਂ ਵਾਲੇ ਹਨ, ਕਿਤੇ ਕੰਗਾਲ ਹਨ, ਕਈ ਜੀਵ ਆਪਣੀ ਸੋਭਾ ਹੁੰਦੀ ਵੇਖ ਕੇ ਖੁਸ਼ ਹਨ; ਮੂਲੁ ਬਿਆਧੀ ਬਿਆਪਸਿ ਲੋਭਾ, ਕਿਤੇ ਸਾਰੇ ਦੁੱਖਾਂ ਦਾ ਮੂਲ ਲੋਭ ਬਣ ਕੇ ਮਾਇਆ ਜੀਵਾਂ ਨੂੰ ਚੰਬੜ ਰਹੀ ਹੈ, ਭਾਵ ਮਾਇਆ ਨੇ ਅਨੇਕਾਂ ਤਰ੍ਹਾਂ ਨਾਲ ਸੰਸਾਰ ਨੂੰ ਆਪਣੀ ਜਕੜ ਵਿਚ ਲੈ ਰੱਖਿਆ ਹੈ।

ਮਾਇਆ ਬਿਆਪਤ ਬਹੁ ਪਰਕਾਰੀ॥
ਸੰਤ ਜੀਵਹਿ ਪ੍ਰਭ ਓਟ ਤੁਮਾਰੀ॥੧॥ਰਹਾਉ॥

ਗੁਰਦੇਵ ਜੀ ਆਖਦੇ ਹਨ- ਹੇ ਭਾਈ! ਮਾਇਆ ਦਾ ਅਨੇਕ ਤਰ੍ਹਾਂ ਨਾਲ ਜੀਵਾਂ 'ਤੇ ਆਪਣੀ ਪਕੜ ਬਣਾਈ ਰੱਖਣਾ ਹੀ ਸਾਰੇ ਦੁੱਖਾਂ ਦਾ ਮੂਲ ਹੈ, ਤੇ ਹੇ ਮੇਰੇ ਮਿਹਰਵਾਨ ਪ੍ਰਭੂ ਜੀਓ! ਤੇਰੇ ਸੰਤ ਤਾਂ ਤੇਰੇ ਆਸਰੇ ਹੀ ਅਨੰਦ ਮਾਣਦੇ ਹਨ।

ਬਿਆਪਤ ਅਹੰਬੁਧਿ ਕਾ ਮਾਤਾ॥
ਬਿਆਪਤ ਪੁਤ੍ਰ ਕਲਤ੍ਰ ਸੰਗਿ ਰਾਤਾ॥
ਬਿਆਪਤ ਹਸਤਿ ਘੋੜੇ ਅਰੁ ਬਸਤਾ॥
ਬਿਆਪਤ ਰੂਪ ਜੋਬਨ ਮਦ ਮਸਤਾ॥੨॥

ਹੇ ਭਾਈ! ਕਿਤੇ ਕੋਈ ਹਉਮੈ ਦੀ ਪਕੜ ਵਿਚ ਮਸਤ ਹੋਇਆ ਪਿਆ ਹੈ; ਬਿਆਪਤ ਪੁਤ੍ਰ ਕਲਤ੍ਰ ਸੰਗਿ ਰਾਤਾ, ਤੇ ਕਿਧਰੇ ਕੋਈ ਪੁੱਤਰ ਤੇ ਇਸਤਰੀ ਦੇ ਝੂਠੇ ਮੋਹ ਵਿਚ ਰੰਗਿਆ ਪਿਆ ਹੈ; ਬਿਆਪਤ ਹਸਤ ਘੋੜੇ ਅਰੁ ਬਸਤਾ, ਕਈ ਜੀਵਾਂ ਨੂੰ ਹਾਥੀ, ਘੋੜੇ ਅਤੇ ਸੁੰਦਰ-ਸੋਹਣੇ ਵਸਤਰਾਂ ਦੀ ਭੁੱਖ ਲੱਗੀ ਪਈ ਹੈ; ਬਿਆਪਤ ਰੂਪ ਜੋਬਨ ਮਦ ਮਸਤਾ, ਹੇ ਭਾਈ! ਕਈ ਜੀਵ ਰੂਪ ਅਤੇ ਜਵਾਨੀ ਦੇ ਨਸ਼ੇ ਵਿਚ ਹੀ ਮਸਤ ਫਿਰਦੇ ਹਨ। ਇਹ ਸਾਰੇ ਕੌਤਕ ਤਾਂ ਮਾਇਆ ਦੇ ਹਨ ਜਿਨ੍ਹਾਂ ਵਿਚ ਜੀਵ ਫਸਿਆ ਬੈਠਾ ਹੈ।

ਬਿਆਪਤ ਭੂਮਿ ਰੰਕ ਅਰੁ ਰੰਗਾ॥
ਬਿਆਪਤ ਗੀਤ ਨਾਦ ਸੁਣਿ ਸੰਗਾ॥
ਬਿਆਪਤ ਸੇਜ ਮਹਲ ਸੀਗਾਰ॥
ਪੰਚ ਦੂਤ ਬਿਆਪਤ ਅੰਧਿਆਰ॥੩॥

ਗੁਰਦੇਵ ਜੀ ਆਖਦੇ ਹਨ- ਹੇ ਭਾਈ! ਕਈਆਂ ਕੋਲ ਤਾਂ ਬਹੁਤ ਸਾਰੀ ਜ਼ਮੀਨ ਹੈ, ਤੇ ਕਈ ਵਿਚਾਰੇ ਗਰੀਬ ਰੋਟੀ ਤੋਂ ਵੀ ਆਤੁਰ ਹਨ; ਬਿਆਪਤ ਗੀਤ ਨਾਦ ਸੁਣਿ ਸੰਗਾ, ਕਈ ਜੀਵ ਮੰਡਲੀਆਂ ਵਿਚ ਗੀਤ ਨਾਦ ਸੁਣ ਕੇ ਹੀ ਖੁਸ਼ ਹੋਏ ਫਿਰਦੇ ਹਨ; ਬਿਆਪਤ ਸੇਜ ਮਹਲ ਸੀਗਾਰ, ਤੇ ਜੀਵਾਂ ਨੂੰ ਸੋਹਣੀ ਸੇਜ, ਹਾਰ-ਸ਼ਿੰਗਾਰ ਅਤੇ ਮਹਲ-ਮਾੜੀਆਂ ਦੀ ਲਾਲਸਾ ਹੀ ਲੱਗੀ ਪਈ ਹੈ; ਪੰਚ ਦੂਤ ਬਿਆਪਤ ਅੰਧਿਆਰ, ਕਿਤੇ ਮੋਹ ਦੇ ਹਨੇਰੇ 'ਚ ਕਾਮ, ਕ੍ਰੋਧ ਲੋਭ, ਮੋਹ, ਹੰਕਾਰ ਦਾ ਰੂਪ ਧਾਰ ਕੇ ਮਾਇਆ ਜੀਵਾਂ ਨੂੰ ਖਾਈ ਜਾ ਰਹੀ ਹੈ।

ਬਿਆਪਤ ਕਰਮ ਕਰੈ ਹਉ ਫਾਸਾ॥
ਬਿਆਪਤਿ ਗਿਰਸਤ ਬਿਆਪਤ ਉਦਾਸਾ॥
ਆਚਾਰ ਬਿਉਹਾਰ
ਬਿਆਪਤ ਇਹ ਜਾਤਿ॥
ਸਭ ਕਿਛੁ ਬਿਆਪਤ
ਬਿਨੁ ਹਰਿ ਰੰਗ ਰਾਤ॥੪॥

ਹੇ ਭਾਈ! ਕਿਧਰੇ ਕੋਈ ਜੀਵ ਹਉਮੈ ਵਿਚ ਫਸਿਆ ਹੋਇਆ ਹੀ ਧਾਰਮਿਕ ਕਰਮ ਕਰਦਾ ਜਾ ਰਿਹਾ ਹੈ; ਬਿਆਪਤ ਗਿਰਸਤ ਬਿਆਪਤ ਉਦਾਸਾ, ਹੇ ਭਾਈ! ਕਿਤੇ ਕੋਈ ਜੀਵ ਗ੍ਰਹਿਸਤ ਦੇ ਭਰਮ-ਭੁਲੇਖੇ ਵਿਚ ਫਸਿਆ ਬੈਠਾ ਹੈ, ਕਈਆਂ ਨੂੰ ਇਹ ਮਾਇਆ, ਉਦਾਸੀ ਦਾ ਭੇਖ ਧਾਰ ਕੇ ਚੰਬੜੀ ਪਈ ਹੈ; ਆਚਾਰ ਬਿਉਹਾਰ ਬਿਆਪਤ ਇਹ ਜਾਤਿ, ਕਈਆਂ ਨੂੰ ਮਾਇਆ ਕਰਮ-ਕਾਂਡਾਂ ਦੇ ਰੂਪ ਵਿਚ ਹੀ ਫਸਾਈ ਬੈਠੀ ਹੈ ਅਤੇ ਕਈ ਉਚੀ ਜਾਤ ਦੇ ਮਾਣ ਵਿਚ ਤੁਰੇ ਫਿਰਦੇ ਹਨ, ਪ੍ਰਭੂ ਨਾਲੋਂ ਟੁੱਟੇ ਹੋਏ ਜੀਵ ਮਾਇਆ ਦੇ ਖੇਲ ਵਿਚ ਮਸਤ ਹਨ।

ਸੰਤਨ ਕੇ ਬੰਧਨ ਕਾਟੇ ਹਰਿ ਰਾਇ॥
ਤਾ ਕਉ ਕਹਾ ਬਿਆਪੈ ਮਾਇ॥
ਕਹੁ ਨਾਨਕ ਜਿਨਿ ਧੂਰਿ ਸੰਤ ਪਾਈ॥
ਤਾ ਕੇ ਨਿਕਟਿ ਨ ਆਵੈ ਮਾਈ॥੫॥

ਅਖੀਰ ਵਿਚ ਸਤਿਗੁਰੂ ਆਖਦੇ ਹਨ- ਉਹ ਮਿਹਰਵਾਨ ਪ੍ਰਭੂ ਜੀ ਆਪ ਹੀ ਆਪਣੇ ਸੰਤ ਜਨਾਂ ਦੇ ਮਾਇਆ ਰੂਪੀ ਬੰਧਨਾਂ ਨੂੰ ਕੱਟ ਦਿੰਦਾ ਹੈ, ਤਾ ਕਉ ਕਹਾ ਬਿਆਪੈ ਮਾਇ, ਇਸ ਲਈ ਪ੍ਰਭੂ ਦੇ ਪਿਆਰਿਆਂ ਉਤੇ ਮਾਇਆ ਆਪਣਾ ਪ੍ਰਭਾਵ ਨਹੀਂ ਪਾ ਸਕਦੀ; ਕਹੁ ਨਾਨਕ ਜਿਨਿ ਧੂਰਿ ਸੰਤ ਪਾਈ, ਹੇ ਭਾਈ! ਨਾਨਕ ਆਖਦਾ ਹੈ, ਜਿਸ ਵਡਭਾਗੇ ਜੀਵ ਨੇ ਸੰਤ ਜਨਾਂ ਦੀ ਚਰਨਾਂ ਦੀ ਧੂੜੀ ਪ੍ਰਾਪਤ ਕਰ ਲਈ ਹੈ; ਤਾ ਕੇ ਨਿਕਟਿ ਨਾ ਆਵੈ ਮਾਈ, ਉਨ੍ਹਾਂ ਪ੍ਰਭੂ ਦੇ ਪਿਆਰਿਆਂ ਦੇ ਨੇੜੇ-ਤੇੜੇ ਵੀ ਮਾਇਆ ਦੀ ਪਹੁੰਚ ਨਹੀਂ ਹੋ ਸਕਦੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਮਨ ਦੇ ਲੱਡੂ


ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਨਿਉਂਦਾ ਵਾਲੇ ਲੇਖ ਵਿਚ ਅਸੀਂ ਜ਼ਿਕਰ ਕੀਤਾ ਸੀ ਕਿ ਨਿਉਂਦਾ ਅਤੇ ਹੋਰ ਅਨੇਕਾਂ ਸ਼ਬਦਾਂ ਪਿਛੇ 'ਮਨ' ਧਾਤੂ ਕਾਰਜਸ਼ੀਲ ਹੈ। ਇਸ ਧਾਤੂ ਵਿਚ ਸੋਚਣ, ਵਿਚਾਰਨ, ਬੋਧ ਕਰਨ, ਸਮਝਣ, ਧਾਰਨ, ਕਲਪਨਾ ਕਰਨ ਦੇ ਭਾਵ ਹਨ। ਅੱਜ ਮਨ ਦੀਆਂ ਹੋਰ ਪਰਤਾਂ ਫੋਲਦੇ ਹਾਂ। ਇਸ ਧਾਤੂ ਦੇ ਸਭ ਤੋਂ ਨਜ਼ਦੀਕ ਦਾ ਸ਼ਬਦ ਖੁਦ ਮਨ ਸ਼ਬਦ ਵੀ ਇਸੇ ਤੋਂ ਬਣਿਆ ਹੈ। ਮਨ ਮਨੁਖ ਜਾਂ ਕਿਸੇ ਵੀ ਸੁਚੇਤ ਪ੍ਰਾਣੀ ਦੇ ਉਸ ਤੱਤ, ਅੰਗ, ਸ਼ਕਤੀ ਜਾਂ ਪ੍ਰਕਿਰਿਆ ਨੂੰ ਆਖਦੇ ਹਨ ਜਿਸ ਦੁਆਰਾ ਉਹ ਸੋਚਦਾ, ਵਿਚਾਰਦਾ, ਵਿਵੇਕ ਕਰਦਾ, ਮਹਿਸੂਸ ਕਰਦਾ, ਲੋਚਦਾ ਅਤੇ ਬੋਧ ਆਦਿ ਕਰਦਾ ਹੈ। ਇਸ ਦੇ ਨੇੜੇ-ਤੇੜੇ ਦਾ ਸਮਾਨਅਰਥਕ ਸ਼ਬਦ ਚਿੱਤ ਹੋ ਸਕਦਾ ਹੈ। ਮਨ-ਚਿੱਤ ਸ਼ਬਦ ਜੁੱਟ ਇਸ ਗੱਲ ਦਾ ਪ੍ਰਮਾਣ ਹੈ। ਅਸੀਂ ਆਮ ਤੌਰ 'ਤੇ ਦਿਲ ਸ਼ਬਦ ਵੀ ਮਨ ਦੇ ਅਰਥਾਂ ਵਿਚ ਵਰਤ ਲੈਂਦੇ ਹਾਂ: ਮੇਰਾ ਮਨ ਨਹੀਂ ਕਰਦਾ= ਮੇਰਾ ਦਿਲ ਨਹੀਂ ਕਰਦਾ। ਰਵਾਇਤੀ ਤੌਰ 'ਤੇ ਮਨੁੱਖ ਦੇ ਅੰਦਰੂਨੀ ਅੰਗ ਦਿਲ ਨੂੰ ਭਾਵਨਾਵਾਂ ਦਾ ਸ੍ਰੋਤ ਮੰਨਿਆ ਜਾਂਦਾ ਹੈ ਇਸ ਲਈ ਅਜਿਹੇ ਪ੍ਰਸੰਗਾਂ ਵਿਚ ਦਿਲ ਸ਼ਬਦ ਮਨ ਦੇ ਪ੍ਰਥਾਇ ਵਰਤ ਲਿਆ ਜਾਂਦਾ ਹੈ। ਇਸੇ ਅਰਥ ਵਿਚ ਜੀਅ ਸ਼ਬਦ ਵੀ ਇਸਤੇਮਾਲ ਕੀਤਾ ਜਾਂਦਾ ਹੈ। "ਮਨ ਤੂ ਜੋਤ ਸਰੂਪ ਹੈ ਆਪਣਾ ਮੂਲ ਪਛਾਣ" ਵਿਚ ਮਨ ਦਾ ਅਰਥ ਜੀਵਆਤਮਾ ਦੱਸਿਆ ਜਾਂਦਾ ਹੈ। ਉਂਜ ਹਰ ਸ਼ਬਦ ਦਾ ਆਪਣਾ ਅਰਥ ਪਸਾਰ ਹੁੰਦਾ ਹੈ। ਮਨੋਵਿਗਿਆਨ ਅਨੁਸਾਰ ਮਨ ਨੂੰ ਸੁਚੇਤ ਅਤੇ ਅਚੇਤ ਪ੍ਰਕਿਰਿਆਵਾਂ ਅਤੇ ਸਰਗਰਮੀਆਂ ਦਾ ਸਮੱਗਰ ਸਮਝਿਆ ਜਾਂਦਾ ਹੈ। ਮਾਇੰਡ ਬਾਰੇ ਡਾਕਟਰੀ ਅਤੇ ਮਨੋਵਿਗਿਆਨਕ ਨਜ਼ਰੀਏ ਤੋਂ ਹੋਈ ਖੋਜ ਅਨੁਸਾਰ ਇਸ ਅੰਗਰੇਜ਼ੀ ਸ਼ਬਦ ਦੇ ਬਹੁਤ ਸਾਰੇ ਅਰਥਾਂ ਦਾ ਮਨ 'ਤੇ ਆਰੋਪਣ ਹੋਇਆ ਹੈ।

ਭਾਰਤੀ ਧਰਮ ਪ੍ਰਣਾਲੀਆਂ, ਵਿਚਾਰਧਾਰਾਵਾਂ ਵਿਚ ਮਨ ਬਾਰੇ ਅਨੇਕਾਂ ਧਾਰਨਾਵਾਂ ਮਿਲਦੀਆਂ ਹਨ। ਸ਼ਾਇਦ ਇਹ ਚੰਚਲਤਾ ਦੇ ਗੁਣ ਦਾ ਧਾਰਨੀ ਹੋਣ ਕਾਰਨ ਇਸ ਨੂੰ ਇਕ ਦ੍ਰਵ ਦੇ ਸਮਾਨ ਵੀ ਕਲਪਿਆ ਗਿਆ ਹੈ। ਸਾਂਖ ਦਰਸ਼ਨ ਅਨੁਸਾਰ ਇਹ ਗਿਆਰਵੀਂ ਇੰਦਰੀ ਹੈ। ਯੋਗ ਅਨੁਸਾਰ ਚਿੱਤ ਹੀ ਮਨ ਹੈ। ਆਮ ਤੌਰ 'ਤੇ ਮਨ ਨੂੰ ਇੰਦਰੀਆਂ ਦਾ ਗੁਲਾਮ ਸਮਝਿਆ ਜਾਂਦਾ ਹੈ। ਬਹੁਤੇ ਭਾਰਤੀ ਧਰਮਾਂ ਵਿਚ ਮਨ ਨੂੰ ਬਹੁਤ ਬਲਵਾਨ, ਦ੍ਰਿੜ ਅਤੇ ਚੰਚਲ ਕਿਹਾ ਗਿਆ ਹੈ ਇਸ ਲਈ ਇਸ ਨੂੰ ਕਾਬੂ ਕਰਨਾ ਮੁਸ਼ਕਿਲ ਹੈ। ਇਹ ਅੱਥਰੇ ਘੋੜੇ ਦੀ ਨਿਆਈ ਹੈ। ਗੁਰੂ ਨਾਨਕ ਸਾਹਿਬ ਨੇ ਦੱਸਿਆ ਹੈ ਕਿ ਸਰੀਰ ਰੂਪੀ ਬ੍ਰਿਛ ਉਤੇ ਮਨ ਰੂਪੀ ਪੰਛੀ ਬੈਠਾ ਹੈ ਅਤੇ ਪੰਜ ਇੰਦਰੀਆਂ ਰੂਪੀ ਹੋਰ ਪੰਛੀ ਬੈਠੇ ਹਨ। ਮਨ ਰੂਪ ਪੰਛੀ ਦੇ ਪ੍ਰਭਾਵ ਅਧੀਨ ਮਨੁਖ ਪਰਮਤੱਤ ਵੀ ਚੁਗ ਸਕਦਾ ਹੈ, ਵਿਸ਼ੈ ਵਸਤੂਆਂ ਦੇ ਆਕਰਸ਼ਕ ਚੋਗੇ ਵੀ। ਮਨੁਖੀ ਮਨੋਰਥ ਭੋਗਣਯੋਗ ਵਸਤਾਂ ਦੀ ਕਾਮਨਾ ਕਰਦਾ ਹੈ। ਇਸ ਕਰਕੇ ਅਜਿਹੀ ਬਿਰਤੀ ਨੂੰ 'ਮਾਨਸ ਰੋਗ' ਕਿਹਾ ਜਾਂਦਾ ਹੈ। ਸੰਸਕ੍ਰਿਤ ਵਿਚ ਮਨ ਲਈ 'ਮਨਸ' ਅਤੇ ਪਰਾਕ੍ਰਿਤ ਵਿਚ ਮਣੋ ਸ਼ਬਦ ਹਨ ਜੋ ਕਿ ਮਨ ਧਾਤੂ ਤੋਂ ਹੀ ਵਿਉਤਪਤ ਹੋਏ ਹਨ। ਇਸ ਮਨਸ ਤੋਂ ਹੀ ਮਾਨਸ ਅਤੇ ਅੱਗੋਂ ਮਾਨਸਿਕ ਸ਼ਬਦ ਬਣੇ ਹਨ। 'ਮਾਨਸ ਰੋਗ' ਆਧੁਨਿਕ ਚਕਿਤਸਾ ਪ੍ਰਣਾਲੀਆਂ ਮਨੋਚਕਿਤਸਾ ਜਾਂ ਮਨੋਵਿਗਿਆਨ ਦੁਆਰਾ ਤਸ਼ਖੀਸ ਕੀਤੇ ਜਾਂਦੇ ਮਾਨਸਿਕ ਰੋਗਾਂ ਤੋਂ ਬਿਲਕੁਲ ਭਿੰਨ ਹਨ। ਮਾਨਸ ਰੋਗਾਂ ਦੀ ਬਹੁਤ ਗਿਣਤੀ ਹੈ ਪਰ ਆਮ ਤੌਰ 'ਤੇ ਕਹਾਵਤੀ ਜਿਹਾ ਰੂਪ ਧਾਰ ਚੁੱਕੇ ਪੰਜ ਰੋਗਾਂ- ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਅਸਾਧ ਮੰਨਿਆ ਗਿਆ ਹੈ। ਇਸ ਤਰ੍ਹਾਂ ਇਹ ਇਕ ਤਰ੍ਹਾਂ ਰੋਗ ਨਾ ਹੋ ਕੇ ਪੰਜ ਵਿਕਾਰ ਹਨ, "ਪੰਚ ਬਿਕਾਰ ਮਨ ਮਹਿ ਬਸੇ ਰਾਚੇ ਮਾਇਆ ਸੰਗ॥" ਮਨ ਇੰਦਰੀਆਂ ਨਾਲ ਮਿਲ ਕੇ ਜੀਵ ਨੂੰ ਵਿਸ਼ਿਆਂ ਦਾ ਭੋਗ ਕਰਾਉਂਦਾ ਹੈ। ਸੋ, ਇਸ ਵਾਸਨਾ ਤੋਂ ਮੁਕਤੀ ਜ਼ਰੂਰੀ ਹੈ ਜੋ ਮਨ ਨੂੰ ਮਾਰਨ ਜਾਂ ਵਸ ਵਿਚ ਕਰਨ ਨਾਲ ਹੋ ਸਕਦੀ ਹੈ। ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ, "ਮਨਿ ਜੀਤੈ ਜਗ ਜੀਤੁ॥" ਪੰਜਾਬੀ ਦੇ ਇਕ ਮੁਹਾਵਰੇ ਅਨੁਸਾਰ ਮਨ ਨੂੰ ਮੁੱਠ ਵਿਚ ਰੱਖਣਾ ਚਾਹੀਦਾ ਹੈ। ਗੁਰੂਆਂ ਅਤੇ ਭਗਤਾਂ ਨੇ ਮਨ ਨੂੰ ਮਾਰਨ ਤੇ ਜ਼ੋਰ ਦਿੱਤਾ ਹੈ, "ਮਨ ਅੰਦਰਿ ਬੋਲੈ ਸਭੁ ਕੋਈ॥ ਮਨ ਮਾਰੇ ਬਿਨੁ ਭਗਤਿ ਨਾ ਹੋਈ॥" ਮਨ ਮਾਰਨਾ ਆਪਣੇ ਆਪ ਨੂੰ ਕਠੋਰ ਜਾਂ ਦ੍ਰਿੜ ਬਣਾਉਣਾ ਹੈ। ਗੁਰਬਾਣੀ ਮਨਹਠ 'ਤੇ ਵੀ ਜ਼ੋਰ ਦਿੰਦੀ ਹੈ, "ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰੁ॥ ਅਕਸਰ ਹੀ ਮਨ ਤੋਂ ਆਪਣੇ ਸਵੈ ਦਾ ਭਾਵ ਵੀ ਲਿਆ ਜਾਂਦਾ ਹੈ। ਮਨ ਅਸਲ ਵਿਚ ਮਨੁੱਖ ਦਾ ਗੈਰ-ਸਰੀਰਕ ਅਮੂਰਤ ਆਪਾ ਵੀ ਹੈ। ਕਈ ਵਾਰੀ ਅਸੀਂ ਮਨਬਚਨੀ ਕਰਦੇ ਹੋਏ ਆਪਣੇ ਆਪ ਨੂੰ ਮਨ ਨਾਲ ਸੰਬੋਧਨ ਕਰਦੇ ਹਾਂ ਤੇ ਇਉਂ ਲਗਦਾ ਹੈ ਕਿ ਇਸ ਦਾ ਅਰਥ 'ਮੈਂ' ਹੋ ਗਿਆ ਹੈ ਜਿਵੇਂ ਚੱਲ ਮਨਾਂ। ਹੋਰ ਦੇਖੋ, "ਮਨ ਕਮੀਨ ਕਮਤਰੀਨ" - ਗੁਰੂ ਨਾਨਕ ਦੇਵ। ਗੁਰੂਆਂ ਨੇ 'ਸੁਣਿ ਮਨ' ਉਕਤੀ ਦੀ ਬਹੁਤ ਵਰਤੋਂ ਕੀਤੀ ਹੈ, "ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ" -ਗੁਰੂ ਨਾਨਕ ਦੇਵ। ਮਨ ਦੇ ਅਰਥਾਂ ਵਿਚ ਮਨੂਆ ਸ਼ਬਦ ਵੀ ਵਰਤਿਆ ਜਾਂਦਾ ਹੈ, "ਮਨੂਆ ਅਸਥਿਰੁ ਸਬਦੇ ਰਾਤਾ" -ਗੁਰੂ ਨਾਨਕ ਦੇਵ। ਇਹ ਮੋਹ ਮਮਤਾ ਦੇ ਅਰਥਾਂ ਵਿਚ ਵੀ ਆਇਆ ਹੈ, "ਮਨ ਮਹਿ ਮਨੂਆ ਜੇ ਮਰੇ ਤਾ ਪਿਰ ਰਾਵੈ ਨਾਰਿ॥" - ਗੁਰੂ ਨਾਨਕ ਦੇਵ। ਇਥੇ ਮਨੂਆ ਦਾ ਭਾਵ ਮੋਹ-ਮਾਇਆ ਹੈ। ਪਹਿਲਾਂ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਧਰਮ ਮਨ ਨੂੰ ਵਿਸ਼ੈ ਵਾਸਨਾ ਭੋਗਣ ਦਾ ਵਸੀਲਾ ਸਮਝਦਾ ਹੈ। ਮਨ ਬਾਰੇ ਅਜਿਹੀ ਸੰਖੇਪ ਚਰਚਾ ਤੋਂ ਅਸੀਂ ਭਾਰਤੀ ਲੋਕ ਮਾਣਸ ਵਿਚ ਮਨ ਬਾਰੇ ਧਾਰਨਾ ਦਾ ਅਨੁਮਾਨ ਲਾ ਸਕਦੇ ਹਾਂ।



ਮਨ ਦੇ ਅੱਗੇ ਪਿਛੇ ਅਗੇਤਰ ਅਤੇ ਹੋਰ ਸ਼ਬਦ ਲੱਗ ਕੇ ਅਨੇਕਾਂ ਸ਼ਬਦਾਂ ਦਾ ਨਿਰਮਾਣ ਹੋਇਆ ਹੈ। ਕੁਝ ਅਜਿਹੇ ਸਰਲ ਜਿਹੇ ਸ਼ਬਦ ਗਿਣਾਉਂਦੇ ਹਾਂ: ਮਨੋਰੋਗ, ਮਾਨਸਿਕ, ਮਨੋਚਕਿਤਸਾ, ਤਨ ਮਨ ਧਨ, ਮਨ ਤਰੰਗ, ਮਨੋਵੇਗ, ਹਰਮਨ, ਮਨਮੁੱਖ, ਹਰਮਨ ਪਿਆਰਾ, ਮਨੋਨੀਤ, ਸੁਮਨ (ਉਤਮ ਮਨ ਵਾਲਾ), ਮਨਚਿੰਦਾ, ਮਨਚਾਹਿਆ, ਮਨੋਰੰਜਨ, ਮਨੋਹਰ, ਮਨਮਤ, ਮਨਘੜਤ, ਮਨ ਭਾਉਂਦਾ, ਮਨਮੋਹਕ, ਮਨਮੌਜੀ, ਮਨਚਲਾ ਆਦਿ। ਬਹੁਤ ਸਾਰੇ ਵਿਅਕਤੀ ਨਾਂਵਾਂ ਵਿਚ ਮਨ ਘਟਕ ਆਉਂਦਾ ਹੈ ਜਿਵੇਂ ਮਨਜੀਤ, ਮਨਜੋਤ, ਮਨਿੰਦਰ, ਮਨਵੀਰ, ਮਨਦੀਪ, ਮਨਧੀਰ, ਸੁਮਨ, ਮਨਮੋਹਨ, ਹਰਮਨ ਆਦਿ। ਗੁਰੂ ਨਾਨਕ ਦੇਵ ਦੁਆਰਾ ਉਚਾਰੀ ਬਾਣੀ ਦੇ ਲਿਖਾਰੀਆਂ ਵਿਚ ਇਕ ਮਨਸੁਖ ਵੀ ਹੈ। ਅਨੇਕਾਂ ਮੁਹਾਵਰਿਆਂ ਅਤੇ ਅਖਾਣਾਂ ਵਿਚ ਮਨ ਸ਼ਬਦ ਦਾ ਦਖਲ ਹੈ। ਕੁਝ ਗਿਣ ਲਈਏ: ਮਨ ਆਈ ਕਰਨਾ, ਮਨ ਹੋਣਾ, ਮਨ ਦੇ ਲੱਡੂ ਭੋਰਨਾ, ਮਨ ਭਰ ਜਾਣਾ, ਮਨ ਮਾਰਨਾ, ਮਨ ਦੀਆਂ ਮਨ ਵਿਚ ਰਹਿ ਜਾਣਾ, ਮਨ ਅਟਕਣਾ, ਮਨ ਹਲਕਾ ਹੋਣਾ, ਮਨ ਖੱਟਾ ਹੋਣਾ, ਮਨ ਡੋਲਣਾ, ਮਨ ਦਾ ਗੁਬਾਰ, ਮਨ ਬਣਾਉਣਾ, ਮਨ ਨੂੰ ਲਾਉਣਾ, ਮਨ ਮੈਲਾ ਹੋਣਾ, ਮਨ ਨੂੰ ਸਮਝਾਉਣਾ, ਮਨ ਚੰਗਾ ਤਾਂ ਘਰ ਵਿਚ ਗੰਗਾ, ਮਨ ਮੰਗੇ ਪਾਤਸ਼ਾਹੀਆਂ ਮੈਂ ਕਿਥੋਂ ਕਢਾਂ, ਮਨ ਮੰਨੇ ਦਾ ਮੇਲਾ, ਗੁਰੂ ਮੁੰਨੇ ਦਾ ਚੇਲਾ, ਮਨ ਹਰਾਮੀ ਹੁਜਤਾਂ ਢੇਰ ਆਦਿ। ਤੁਸੀਂ ਦੇਖੋਗੇ ਕਿ ਬਹੁਤ ਸਾਰੇ ਮੁਹਾਵਰਿਆਂ ਵਿਚ ਮਨ ਦੀ ਥਾਂ ਦਿਲ ਜਾਂ ਜੀਅ ਸ਼ਬਦ ਵੀ ਵਿਸਥਾਪਤ ਕੀਤਾ ਜਾ ਸਕਦਾ ਹੈ।

ਪੰਜਾਬੀ ਵਿਚ ਮਨ ਸ਼ਬਦ ਦੇ ਕਿਰਿਆਵੀ ਰੂਪਾਂ ਵਿਚ ਇਸ ਦੇ ਕਈ ਅਰਥ ਲਭਦੇ ਹਨ। ਮੰਨਣਾ ਸ਼ਬਦ ਹੀ ਲੈ ਲਵੋ, ਇਸ ਦੇ ਕਲੇਵਰ ਵਿਚ ਬਹੁਤ ਸਾਰੀਆਂ ਅਰਥਪ੍ਰਛਾਈਆਂ ਹਨ। ਕੁਝ ਮਿਸਾਲਾਂ ਦਿੰਦੇ ਹਾਂ, ਕਲਪਨਾ ਕਰਨਾ: ਮੰਨ ਲਓ ਕਿ ਤੁਸੀਂ ਅਮਰੀਕਾ ਦੇ ਰਾਸ਼ਟਰਪਤੀ ਹੋ; ਸਮਝਣਾ, ਕਦਰ ਕਰਨਾ: ਮੈਂ ਤਾਂ ਤੈਨੂੰ ਬਹੁਤ ਵੱਡਾ ਬੰਦਾ ਮੰਨਦਾ ਹਾਂ, ਮੰਨ ਗਏ ਬਈ ਤੈਨੂੰ। ਸਨਮਾਨਣਾ ਸ਼ਬਦ ਵਿਚ ਵੀ ਮਨ ਬੋਲਦਾ ਹੈ ਤੇ ਲਗਭਗ ਇਹੀ ਭਾਵ ਹਨ। ਸਵੀਕਾਰ ਕਰਨਾ: ਮੰਨਿਆ ਕਿ ਤੇਰੀ ਬਹੁਤ ਪੁੱਛ ਹੈ। ਮਾਨਤਾ ਕਰਨਾ: ਅੱਜ ਕਲ੍ਹ ਬਾਬਿਆਂ ਨੂੰ ਬਹੁਤ ਲੋਕ ਮੰਨਦੇ ਹਨ। ਇਨ੍ਹਾਂ ਹੀ ਅਰਥਾਂ ਵਿਚ ਮਾਨਤਾ ਭਾਵ ਵਾਚਕ ਨਾਂਵ ਬਣਿਆ ਹੈ ਜਿਵੇਂ ਨਵੇਂ ਬਣੇ ਦੇਸ਼ ਨੂੰ ਮਾਨਤਾ ਦੇਣੀ ਜਾਂ ਕਿਸੇ ਬਾਬੇ ਦੀ ਮਾਨਤਾ ਹੋਣੀ। ਪਰ ਫਿਰ ਵੀ ਦਿਲਚਸਪ ਗੱਲ ਹੈ ਕਿ ਇਸ ਵਿਚ ਸੋਚਣ ਵਿਚਾਰਨ ਦੇ ਅਰਥ ਨਹੀਂ ਹਨ। ਹਾਂ, ਮਨਨ ਸ਼ਬਦ ਵਿਚ ਇਹ ਭਾਵ ਜ਼ਰੂਰ ਹਨ। ਮਨਨ ਇਕ ਪਦ ਵੀ ਹੈ ਜੋ ਭਗਤੀ ਦੇ ਅਰਥਾਂ ਵਿਚ ਰੂੜ੍ਹ ਹੋ ਚੁੱਕਾ ਹੈ। ਜਪੁਜੀ ਵਿਚ ਕਈ ਵਾਰ ਆਏ ਸ਼ਬਦ 'ਮੰਨੈ' ਦਾ ਇਸ ਵੱਲ ਹੀ ਸੰਕੇਤ ਹੈ, "ਮੰਨੈ ਪਾਵਹਿ ਮੋਖੁ ਦੁਆਰੁ॥ ਮੰਨੈ ਪਰਵਾਰੈ ਸਾਧਾਰੁ॥..." ਵਿਡੰਬਨਾ ਹੈ ਕਿ ਮਨ ਤੋਂ ਹੀ ਮਨਨ ਦੇ ਆਸ਼ੇ ਤੋਂ ਵਿਪਰੀਤ ਜਿਹਾ ਅਰਥ ਰਖਦਾ 'ਮਾਨਣਾ' ਸ਼ਬਦ ਬਣਿਆ ਹੈ। 'ਮਾਨਣਾ' ਤੋਂ ਮੁਰਾਦ ਹੈ ਕਿਸੇ ਵਸਤੂ ਆਦਿ ਨੂੰ ਆਪਣੇ ਮਨ ਰਾਹੀਂ ਭੋਗਣਾ। ਆਮ ਤੌਰ 'ਤੇ ਭਾਰਤੀ ਧਾਰਮਕ ਬਿਰਤੀ ਮਾਨਣ ਦੇ ਬਹੁਤ ਬਰਖਿਲਾਫ ਹੈ, ਭਾਵੇਂ ਕੁਝ ਸੰਪਰਦਾਇ ਜਿਵੇਂ ਰਜਨੀਸ਼ ਦਾ, ਮਨ ਆਈਆਂ ਕਰਨ ਜਾਂ ਮਨ ਦੇ ਖੁਲ੍ਹ ਖੇਲਣ ਦੇ ਸਮਰਥਕ ਵੀ ਹਨ। ਇਹ ਇਕ ਵੱਖਰੀ ਪਰੰਪਰਾ ਹੈ। ਸੂਤਰ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਸਾਡੀ ਧਾਰਮਿਕ ਪਰੰਪਰਾ ਮੰਨਣ ਦੇ ਹੱਕ ਵਿਚ ਹੈ, ਮਾਨਣ ਦੇ ਨਹੀਂ। ਕਿਸੇ ਦੇਵੀ ਆਦਿ ਦੀ ਮਾਨਤਾ ਵਿਚ ਭੇਟਾਵਾਂ ਮਣਸੀਆਂ ਜਾਂਦੀਆਂ ਹਨ, "ਤੇਰੀ ਦੀਦ ਅਸਾਂ ਨੂੰ ਮਣਸ ਕੇ, ਕੁਝ ਹੰਝੂ ਕਰ ਗਈ ਦਾਨ ਵੇ।" -ਸ਼ਿਵ ਕੁਮਾਰ। ਮੁਢਲੇ ਤੌਰ 'ਤੇ ਮਣਸਣਾ ਸ਼ਬਦ ਵਿਚ ਕਿਸੇ ਦਾਨ ਆਦਿ ਦਾ ਮਨ ਵਿਚ ਸੰਕਲਪ ਕਰਨਾ ਹੈ, ਇਕ ਤਰ੍ਹਾਂ ਸੁੱਖ ਸੁਖਣ ਦੇ ਬਰਾਬਰ। ਮਨੋਰਥ ਸ਼ਬਦ ਦਾ ਸ਼ਾਬਦਿਕ ਅਰਥ ਹੈ ਮਨ ਦਾ ਅਰਥ ਅਰਥਾਤ ਮਨ ਜੋ ਚਾਹੁੰਦਾ ਹੈ। ਮਨ ਤੋਂ ਹੀ ਮੰਸ਼ਾ ਜਾਂ ਮਨਸਾ ਬਣੇ ਹਨ ਜੋ ਦੇਵੀਆਂ ਦੇ ਨਮਾਂਤਰ ਹਨ। ਇਸ ਦੇ ਸ਼ਾਬਦਿਕ ਅਰਥ ਹਨ ਮਨ ਤੋਂ ਪੈਦਾ ਹੋਏ। ਮਨਸਾ ਦੇਵੀ ਨੂੰ ਸ਼ਿਵ (ਕਈ ਥਾਂਵਾਂ 'ਤੇ ਕਸ਼ਪ) ਦੇ ਮਨ ਤੋਂ ਪੈਦਾ ਹੋਈ (ਮਾਨਸ ਪੁਤਰੀ) ਮੰਨਿਆ ਜਾਂਦਾ ਹੈ। ਇਹ ਨਾਗਾਂ ਦੀ ਦੇਵੀ ਹੈ। ਇਸ ਨੂੰ ਨਾਗਭਗਨੀ, ਨਾਗੇਸ਼ਵਰੀ, ਵਿਸ਼ਹਰੀ ਵੀ ਕਿਹਾ ਜਾਂਦਾ ਹੈ। ਉਤਰੀ ਬੰਗਾਲ ਵਿਚ ਇਸ ਦੀ ਬਹੁਤ ਮਾਨਤਾ ਹੈ। ਹਰਦੁਆਰ ਹਰ ਕੀ ਪੌੜੀ ਲਾਗੇ ਇਸ ਦਾ ਮੰਦਰ ਹੈ। ਮਾਤਾ ਮਨਸਾ ਚੰਡੀਗੜ੍ਹ ਨੇੜੇ ਪੰਚਕੂਲਾ ਵਿਖੇ ਬਿਰਾਜਮਾਨ ਹੋ ਕੇ ਭਗਤਾਂ ਦੇ ਦੁਖ ਹਰਦੀ ਹੈ।

ਮਨ ਧਾਤੂ ਤੋਂ ਹੀ ਧਰਮ, ਸੰਪਰਦਾ, ਸਿਧਾਂਤ ਆਦਿ ਦੇ ਅਰਥਾਂ ਵਾਲਾ ਮੱਤ ਸ਼ਬਦ ਬਣਿਆ ਹੈ ਜਿਵੇਂ ਬੁਧਮਤ, ਗੁਰਮਤ ਆਦਿ: "ਭਿੰਨ ਭਿੰਨ ਘਰ ਘਰ ਮਤ ਗਹਿ ਹੈ" -ਕਲਕੀ। ਇਸ ਵਿਚ ਮਾਨਤਾ ਦੇ ਅਰਥ ਨਿਹਿਤ ਹਨ। ਇਸੇ ਲਈ ਇਸ ਦਾ ਇਕ ਹੋਰ ਅਰਥ ਬੁਧੀ, ਅਕਲ ਬਣ ਗਿਆ ਹੈ, "ਸਿੱਖਾਂ ਦਾ ਮਨ ਨੀਵਾਂ, ਮਤ ਉਚੀ।" ਰਾਏ, ਨਸੀਹਤ, ਉਪਦੇਸ਼ ਦੇ ਅਰਥਾਂ ਵੱਲ ਇਸ ਦਾ ਹੋਰ ਵਿਸਥਾਰ ਹੋਇਆ ਹੈ। ਇਸ ਤੋਂ ਅੱਗੇ ਹੋਰ ਸ਼ਬਦ ਬਣੇ ਹਨ- ਸਿੱਖਮਤ, ਦੁਰਮਤ, ਸੁਮੱਤ, ਸੰਮਤੀ, ਸਹਿਮਤ, ਮਤਹੀਣ, ਮਤੀਆ। ਮਤ ਤੋਂ ਹੋਰ ਅੱਗੇ ਮਸ਼ਵਰਾ ਆਦਿ ਦੇ ਅਰਥਾਂ ਵਾਲਾ ਮਤਾ ਸ਼ਬਦ ਬਣਿਆ ਜਿਸ ਨੇ ਫਿਰ ਗੁਰਮਤਾ ਨੂੰ ਜਨਮ ਦਿੱਤਾ। ਮਨ ਦੇ ਅਜੇ ਹੋਰ ਬਹੁਤ ਸਾਰੇ ਲੱਡੂ ਭੋਰਨੇ ਰਹਿੰਦੇ ਹਨ, ਮੂੰਹ ਸੰਵਾਰਦੇ ਰਹੋ!

# ਪੰਡਤ ਨਹਿਰੂ ਨੂੰ ਚੇਤੇ ਕਰਦਿਆਂ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੈਂ ਪੰਡਤ ਨਹਿਰੂ ਨੂੰ ਕਦੇ ਮਿਲਿਆ ਨਹੀਂ ਪਰ ਮੇਰੇ ਕੋਲ ਉਸ ਦੀ ਜੀਵਨ ਸ਼ੈਲੀ ਨਾਲ ਸਬੰਧਤ ਨਿੱਜੀ ਝਾਕੀਆਂ ਹਨ।

ਸੰਤਾਲੀ ਦੀ ਦੇਸ਼ ਵੰਡ ਤੋਂ ਦੋ ਕੁ ਸਾਲ ਪਹਿਲਾਂ ਸੁਤੰਤਰਤਾ ਸੰਗਰਾਮੀਆਂ ਨੇ ਖੰਨਾ ਮੰਡੀ ਦੇ ਨੇੜਲੇ ਪਿੰਡ ਇਕਲਾਹੇ ਨੂੰ ਜਾਣਾ ਸੀ। ਕਿਸੇ ਇੱਕ ਕਾਰ ਵਿਚ ਪੰਡਤ ਨਹਿਰੂ ਵੀ ਸੀ। ਮੇਰੀ ਮਾਸੀ ਦੇ ਪਿੰਡ ਬਾਹੋਂ ਮਾਜਰਾ ਵਾਲੇ ਸੰਤ ਗੁਰਬਚਨ ਸਿੰਘ ਦੀ ਕੁਟੀਆ ਕੋਲੋਂ ਲੰਘਣਾ ਸੀ। ਵਾਢੀਆਂ ਦੇ ਦਿਨ ਸਨ। ਅਸੀਂ ਵਾਢੀ ਕਰਨ ਲਈ ਉਹ ਖੇਤ ਚੁਣਿਆ ਜਿਹੜਾ ਰਾਹ ਵਿਚ ਪੈਂਦਾ ਸੀ। ਮੈਂ ਬਾਰਾਂ ਕੁ ਵਰ੍ਹੇ ਦਾ ਸਾਂ। ਕੱਚੇ ਰਾਹ ਦੇ ਕੰਢੇ ਖਲੋ ਤਾਂ ਗਏ ਪਰ ਰਸਤੇ ਦੀ ਧੂੜ ਕਾਰਨ ਕਾਰ ਸਵਾਰਾਂ ਦੇ ਦਰਸ਼ਨ ਨਹੀਂ ਸਨ ਹੋਏ।

1955 ਦੀ ਇੱਕ ਸ਼ਾਮ ਅਸੀਂ ਦਿੱਲੀ ਦੀ ਰਾਮ ਲੀਲ੍ਹਾ ਗਰਾਊਂਡ ਵਿਚ ਖੇਡ ਰਹੇ ਸਾਂ ਕਿ ਇੱਕ ਝੰਡੀ ਵਾਲੀ ਕਾਲੀ ਕਾਰ ਸਾਥੋਂ ਥੋੜ੍ਹੀ ਵਿੱਥ ਉਤੇ ਆ ਕੇ ਰੁਕ ਗਈ। ਪਿਛਲੀ ਸੀਟ ਤੋਂ ਇਕ ਵੱਡੇ ਕੱਦ ਵਾਲਾ ਸਰਦਾਰ ਤੇ ਇੱਕ ਗਾਂਧੀ ਟੋਪੀ ਤੇ ਅਚਕਨ ਵਾਲੀ ਹਸਤੀ ਉਤਰੇ ਤੇ ਆਰਾਮ ਨਾਲ ਗੱਲਾਂ ਕਰਦੇ ਸੈਰ ਕਰਨ ਲੱਗੇ। ਪਲਾਂ ਛਿਣਾਂ ਵਿਚ ਖੇਡਣ ਵਾਲੇ ਬੱਚਿਆਂ ਨੇ ਖੇਡ ਬੰਦ ਕਰਕੇ ਉਚੀ ਉਚੀ ਚਾਚਾ ਨਹਿਰੂ ਅਲਾਪਣਾ ਸ਼ੁਰੂ ਕਰ ਦਿੱਤਾ। ਵੱਡੇ ਕੱਦ ਵਾਲਾ ਸਰਦਾਰ ਸਵਰਨ ਸਿੰਘ ਸੀ। ਉਨ੍ਹਾਂ ਨਾਲ ਕੋਈ ਅੰਗ ਰਖਿਅਕ ਤਾਂ ਨਹੀਂ ਸੀ ਜੇ ਹੈ ਸੀ ਤਾਂ ਉਹ ਨਾਲ ਨਾਲ ਤੁਰਨ ਦੀ ਥਾਂ ਕਾਰ ਕੋਲ ਖਲੋਤਾ ਹੀ ਨਜ਼ਰਸਾਨੀ ਕਰ ਰਿਹਾ ਸੀ। ਅੱਜ ਦੇ ਦਿਨ ਏਨੇ ਵੱਡੇ ਬੰਦੇ ਏਦਾਂ ਵੇਖਣ ਦਾ ਸਵਾਲ ਹੀ ਨਹੀਂ।

1962 ਵਿਚ ਚੀਨ ਨੇ ਅਚਾਨਕ ਹੀ ਭਾਰਤ ਉਤੇ ਹਮਲਾ ਬੋਲ ਦਿੱਤਾ। ਦਫਤਰਾਂ ਵਿਚ ਕੰਮ ਕਰਨ ਵਾਲੇ ਬਾਬੂ ਇੰਡੀਆ ਗੇਟ ਦੀਆਂ ਨਹਿਰਾਂ ਦੇ ਕੰਢੇ ਬੈਠ ਕੇ ਪੰਡਤ ਨਹਿਰੂ ਦੀ ਕਮਜ਼ੋਰੀ ਵਲ ਇਸ਼ਾਰਾ ਕਰਕੇ ਆਪੋ ਆਪਣੀ ਟਿੱਪਣੀ ਦੇ ਰਹੇ ਸਨ। ਇਹ ਵੀ ਕਿ ਏਸ ਦੇਸ਼ ਦੀ ਵਾਗਡੋਰ ਅੱਜ ਪ੍ਰਤਾਪ ਸਿੰਘ ਕੈਰੋਂ ਵਰਗੇ ਤਕੜੇ ਨੇਤਾ ਦੇ ਹੱਥ ਹੋਣੀ ਚਾਹੀਦੀ ਏ। ਮੈਂ ਰਾਤ ਨੂੰ ਰੇਡੀਓ 'ਤੇ ਖਬਰਾਂ ਸੁਣੀਆਂ ਤਾਂ ਪੰਡਤ ਨਹਿਰੂ ਦੇ ਬੋਲਾਂ ਵਿਚ ਸੁਭਾਵਕ ਦ੍ਰਿੜਤਾ ਕਾਇਮ ਸੀ। "ਮੈਂ ਚੀਨ ਵਾਲੀ ਸੀਮਾਂ ਤੋਂ ਰਿਪੋਰਟ ਮੰਗੀ ਹੈ। ਜਿੰਨਾ ਚਿਰ ਉਹ ਨਹੀਂ ਮਿਲਦੀ, ਮੈਂ ਇਸ ਧਾਵੇ ਬਾਰੇ ਕੋਈ ਟਿਪਣੀ ਨਹੀਂ ਕਰਾਂਗਾ। ਕਲ ਤੱਕ ਉਡੀਕੋ। ਇਹ ਮਸਲੇ ਰੌਲਾ ਪਾਇਆਂ ਹੱਲ ਹੋਣ ਵਾਲੇ ਨਹੀਂ।"

27 ਮਈ 1964 ਵਾਲੇ ਦਿਨ ਮੈਂ ਪਟਿਆਲਾ ਤੋਂ ਦਿੱਲੀ ਵਾਲੀ ਬੱਸ ਵਿਚ ਬੈਠਾ ਸਾਂ ਤਾਂ ਅੰਬਾਲਾ ਤੋਂ ਚੜ੍ਹਨ ਵਾਲੀ ਇੱਕ ਸਵਾਰੀ ਨੇ ਖਬਰ ਦਿੱਤੀ ਕਿ ਪੰਡਤ ਨਹਿਰੂ ਨਹੀਂ ਰਹੇ। ਇਹ ਖਬਰ ਸਿੱਖ ਡਰਾਈਵਰ ਤੱਕ ਪਹੁੰਚੀ ਤਾਂ ਉਸ ਨੇ ਬੱਸ ਨੂੰ ਸੜਕ ਦੇ ਖੱਬੇ ਹੱਥ ਖੜ੍ਹੀ ਕਰ ਲਿਆ ਤੇ ਦੋ ਕੁ ਮਿੰਟ ਮੌਨ ਰਹਿ ਕੇ ਆਪਣੇ ਆਪ ਹੀ ਅੱਗੇ ਤੋਰ ਲਈ। ਜਦੋਂ ਬੱਸ ਪਾਨੀਪਤ ਪਹੁੰਚੀ ਤਾਂ ਸਾਰੀ ਸੜਕ ਉਤੇ ਭਾਰੀ ਗਿਣਤੀ ਵਿਚ ਲੋਕ ਤੁਰ ਰਹੇ ਸਨ। ਉਨ੍ਹਾਂ ਦੇ ਪਹਿਰਾਵੇ ਤੋਂ ਪ੍ਰਤੱਖ ਸੀ ਕਿ ਉਨ੍ਹਾਂ ਵਿਚ ਹਿੰਦੂ, ਮੁਸਲਮ, ਸਿੱਖ, ਈਸਾਈ ਮਰਦਾਂ ਤੋਂ ਬਿਨਾਂ ਮਹਿਲਾਵਾਂ ਸਨ। ਸ਼ਾਮ ਨੂੰ ਦਿੱਲੀ ਵਾਲੇ ਘਰ ਪਹੁੰਚਿਆ ਤਾਂ ਮੇਰੀ ਛੋਟੀ ਭੈਣ ਸਾਡੇ ਹੇਠ ਵਾਲੇ ਘਰ ਦੀ ਸੁਆਣੀ ਕੋਲ ਬੈਠੀ ਸੀ। ਇਸ ਖਬਰ ਤੋਂ ਪਿੱਛੋਂ ਉਹ ਮੈਥੋਂ ਬਿਨਾਂ ਖਾਲੀ ਘਰ ਵਿਚ ਇਕੱਲੀ ਨਹੀਂ ਸੀ ਬਹਿ ਸਕਦੀ। ਮੈਂ ਆਪਣੀ ਮੋਟਰ ਸਾਈਕਲ ਕੱਢੀ ਤੇ ਉਸ ਨੂੰ ਆਪਣੇ ਨਾਇਕ ਦੀ ਸ਼ਾਂਤ ਹੋਈ ਚਿਤਾ ਵਿਖਾ ਕੇ ਲਿਆਇਆ। ਉਸ ਚਿਤਾ ਦੇ ਨੇੜੇ ਬਿਖਰੇ ਹੋਏ ਫੁੱਲਾਂ ਵਿਚੋਂ ਦੋ ਫੁੱਲ ਚੁੱਕੇ ਤੇ ਘਰ ਨੂੰ ਲੈ ਆਈ।

ਮੈਨੂੰ ਨਵੀਂ ਦਿੱਲੀ ਵਾਲੀ ਇਕ ਕਾਨਫਰੰਸ ਚੇਤੇ ਆ ਰਹੀ ਹੈ ਜਿਸ ਵਿਚ ਪੰਡਤ ਨਹਿਰੂ ਮੁਖ ਮਹਿਮਾਨ ਸੀ। ਪੰਜਾਬੀ ਭਾਸ਼ਾ ਦੇ ਹੱਕ ਵਿਚ ਉਸ ਦੇ ਬੋਲ ਅੱਜ ਵੀ ਮੈਨੂੰ ਚੇਤੇ ਹਨ- "ਮੈਂ ਪੰਜਾਬੀ ਨਹੀਂ ਪੜ੍ਹੀ, ਆਪਣੇ ਸਾਥੀਆਂ ਕੋਲੋਂ ਸੁਣਦਾ ਜ਼ਰੂਰ ਰਿਹਾ ਹਾਂ। ਬੜੀ ਗੜ੍ਹਕੇ ਵਾਲੀ ਭਾਸ਼ਾ ਹੈ। ਸੁਤੰਤਰਤਾ ਦੀ ਲੜਾਈ ਲੜਦਿਆਂ ਮੇਰਾ ਬੜੇ ਪੰਜਾਬੀਆਂ ਨਾਲ ਵਾਹ ਪਿਆ ਹੈ। ਉਹ ਬੜੇ ਜਾਂਬਾਜ਼ ਬੰਦੇ ਸਨ। ਮੈਂ ਇਹ ਮੰਨ ਕੇ ਚਲਦਾ ਹਾਂ ਕਿ ਏਨੇ ਜਾਂਬਾਜ਼ ਪੁਰਸ਼ਾਂ ਦੀ ਭਾਸ਼ਾ ਵੀ ਜਾਂਬਾਜ਼ ਹੋਵੇਗੀ। ਇਸ ਨੇ ਆਪਣਾ ਮਾਰਗ ਆਪ ਹੀ ਨਿਸ਼ਚਤ ਕਰਕੇ ਆਪ ਹੀ ਸਫਲ ਹੋਣਾ ਹੈ। ਵਧਾਈ!"

ਮੈਂ ਪੰਡਤ ਨਹਿਰੂ ਨੂੰ ਕਦੀ ਨਹੀਂ ਮਿਲਿਆ। ਉਸ ਨੂੰ ਦੇਖਿਆ ਤੇ ਸੁਣਿਆ ਹੈ। ਮੈਂ ਉਸ ਦੇ ਬੋਲਾਂ ਦੀ ਈਮਾਨਦਾਰੀ ਤੇ ਦ੍ਰਿੜ੍ਹਤਾ ਦਾ ਸਦਾ ਹੀ ਕਾਇਲ ਰਿਹਾ ਹਾਂ।



*ਕੈਪਟਨ ਅਮਰਿੰਦਰ ਸਿੰਘ*

**ਪਹਿਲੀ ਵੱਡੀ ਜੰਗ ਵਿਚ ਭਾਰਤੀ ਵਫਾ ਤੇ ਵਡਿੱਤਣ:** ਅੱਜ ਜਦੋਂ ਸਾਰੀ ਦੀ ਸਾਰੀ ਪੱਛਮੀ ਦੁਨੀਆਂ ਪਹਿਲੀ ਵੱਡੀ ਜੰਗ ਦੇ ਨਾਇਕਾਂ ਦੇ ਸ਼ਹੀਦਾਂ ਨੂੰ ਚੇਤੇ ਕਰ ਰਹੀ ਹੈ, ਉਨ੍ਹਾਂ 74000 ਭਾਰਤੀਆਂ ਦਾ ਜ਼ਿਕਰ ਨਾਂਮਾਤਰ ਹੀ ਕੀਤਾ ਜਾ ਰਿਹਾ ਹੈ ਜਿਨ੍ਹਾਂ ਨੇ ਕਹਿਰਾਂ ਦੀ ਠੰਢ ਵਿਚ ਆਪਣੇ ਦੇਸ਼ ਤੋਂ ਹਜ਼ਾਰਾਂ ਮੀਲਾਂ ਦੀ ਦੂਰੀ 'ਤੇ ਜਾਨਾਂ ਵਾਰੀਆਂ। ਕੀ ਤੁਸੀਂ ਜਾਣਦੇ ਹੋ ਕਿ 4 ਅਗਸਤ 1914 ਦੀ ਰਾਤ ਨੂੰ ਐਲਾਨੀ ਗਈ ਇਸ ਜੰਗ ਲਈ 11 ਨਵੰਬਰ ਤੱਕ ਭਾਰਤੀ ਸੈਨਿਕਾਂ ਦੀ ਗਿਣਤੀ 1,55,423 ਤੋਂ ਵਧ ਕੇ 5,73,484 ਹੋ ਗਈ ਸੀ। ਨਿਸਚੇ ਹੀ ਏਨੀ ਵੱਡੀ ਮਾਤਰਾ ਦੀ ਭਰਤੀ ਜਬਰੀ ਭਰਤੀ ਤੋਂ ਬਿਨਾ ਸੰਭਵ ਨਹੀਂ ਸੀ। ਜੰਗ ਦੇ ਖਾਤਮੇ ਤੱਕ ਇਨ੍ਹਾਂ ਵਿਚੋਂ 74,187 ਮਾਰੇ ਗਏ ਅਤੇ 67,000 ਦੇ ਲਗਭਗ ਜ਼ਖਮੀ ਹੋਏ। ਜ਼ਖਮੀਆਂ ਵਿਚੋਂ ਅੱਧਿਆਂ ਤੋਂ ਵੱਧ ਨੂੰ ਬਾਕੀ ਦੀ ਜ਼ਿੰਦਗੀ ਅਪੰਗ ਅਵਸਥਾ ਵਿਚ ਬਸਰ ਕਰਨੀ ਪਈ। ਮ੍ਰਿਤਕਾਂ ਵਿਚ ਅਜਿਹੇ ਸੰਤਰੀ ਵੀ ਸਨ ਜਿਹੜੇ ਕਹਿਰਾਂ ਦੀ ਪੱਛਮੀ ਸਰਦੀ ਤੇ ਬਰਫਬਾਰੀ ਕਾਰਨ ਡਿਊਟੀ ਉਤੇ ਖੜ੍ਹੇ ਹੀ ਸੁੰਨ ਹੋ ਕੇ ਜੀਵਨ ਤਿਆਗ ਗਏ। ਗਰਮ ਵਰਦੀਆਂ ਦੀ ਘਾਟ ਤਾਂ ਹੈ ਹੀ ਸੀ, ਰਾਤ ਨੂੰ ਸੌਣ ਸਮੇਂ ਅਫਸਰ ਤੇ ਸੈਨਿਕ ਖਿੜਕੀਆਂ ਤੇ ਦਰਵਾਜ਼ਿਆਂ ਦੇ ਪਰਦੇ ਜਾਂ ਮੇਜ਼ਾਂ ਉਤੇ ਵਿਛਾਈਆਂ ਚਾਦਰਾਂ ਲਪੇਟਣ ਲਈ ਮਜਬੂਰ ਸਨ। ਇਹ ਸਾਰੇ ਵੇਰਵੇ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਪੁਸਤਕ ਭਾਰਤੀ ਸੈਨਿਕਾਂ ਦੀ ਜਾਂਬਾਜ਼ੀ ਤੇ ਦ੍ਰਿੜ੍ਹਤਾ ਦਰਸਾਉਂਦੀ ਪੁਸਤਕ 'ਵਡਿੱਤਣ ਤੇ ਵਫਾ' ਵਿਚ ਦਿੱਤੇ ਹਨ। ਖੂਬੀ ਇਹ ਕਿ ਉਨ੍ਹਾਂ ਨੇ ਇਹ ਵੇਰਵੇ ਉਸ ਵੇਲੇ ਦੇ ਅੱਧੀ ਦਰਜਨ ਅੰਗਰੇਜ਼ ਅਫਸਰਾਂ ਦੇ ਦਸਤਾਵੇਜ਼ਾਂ ਵਿਚੋਂ ਲਏ ਹਨ। ਰੋਲੀ ਬੁਕਸ ਵਲੋਂ ਛਾਪੀ ਇਸ ਪੁਸਤਕ ਦਾ ਸਵਾਗਤ ਹੋਣਾ ਚਾਹੀਦਾ ਹੈ।

**ਅੰਤਿਕਾ:**

*(ਜਬਰੀ ਭਰਤੀ ਵਾਰੇ ਪੰਜਾਬੀ ਟੋਟਕਾ)*

ਏਥੈ ਮਿਲਦੀ ਟੁੱਟੀ ਹੋਈ ਜੁੱਤੀ
ਓਥੇ ਮਿਲਦੇ ਬੂਟ,
ਭਰਤੀ ਹੋ ਜਾਣਾ,
ਹੋ ਜਾਣਾ ਰੰਗਰੂਟ।
ਏਥੇ ਮਿਲਦੇ ਪਾਟੇ ਹੋਏ ਕਪੜੇ
ਓਥੇ ਮਿਲਦੇ ਸੂਟ,
ਭਰਤੀ ਹੋ ਜਾਣਾ,
ਹੋ ਜਾਣਾ ਰੰਗਰੂਟ।

# ਬਾਬਾ ਬਰਾੜ: ਸਾਕਾ ਨੀਲਾ ਤਾਰਾ ਤੋਂ ਸਾਈਂ ਮੀਆਂ ਮੀਰ ਤੱਕ

***ਪੰਜਾਬ ਦੇ ਇਤਿਹਾਸ ਅਤੇ ਵਰਤਮਾਨ ਉਤੇ ਵਾਹਵਾ ਅਸਰ ਪਾਉਣ ਵਾਲੇ 1980ਵਿਆਂ ਦੇ ਦੌਰ ਦੇ ਬਹੁਤ ਸਾਰੇ ਭੇਤ ਅਜੇ ਵੀ ਬਰਕਰਾਰ ਹਨ। ਅਸਲ ਵਿਚ ਉਸ ਦੌਰ ਦੇ ਇਕ ਨਹੀਂ, ਅਨੇਕ ਪੱਖ ਹਨ ਜਿਨ੍ਹਾਂ ਬਾਰੇ ਸਭ ਦੇ ਆਪੋ-ਆਪਣੇ ਆਧਾਰ ਅਤੇ ਦਲੀਲਾਂ ਹਨ। 'ਪੰਜਾਬ ਟਾਈਮਜ਼' ਨਾਲ ਡੂੰਘੇ ਜੁੜੇ ਗੁਰਦਿਆਲ ਸਿੰਘ ਬਲ ਨੇ ਇਸ ਲੇਖ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਨੇੜੇ ਰਹੇ ਹਰਭਜਨ ਸਿੰਘ ਬਰਾੜ ਦੇ ਬਹਾਨੇ ਨਾਲ ਉਸ ਦੌਰ ਦੇ ਕੁਝ ਪੱਖਾਂ ਬਾਰੇ ਗੱਲਾਂ ਕੀਤੀਆਂ ਹਨ। ਸ. ਬਰਾੜ ਅੱਜ ਕੱਲ੍ਹ ਕੈਨੇਡਾ ਵਿਚ ਹਨ ਅਤੇ ਹਾਲ ਹੀ ਵਿਚ ਉਥੋਂ ਦੀਆਂ ਕੁਝ ਸੰਸਥਾਵਾਂ ਨੇ ਉਨ੍ਹਾਂ ਦਾ ਮਾਣ-ਸਨਮਾਨ ਕੀਤਾ ਹੈ। ਲੇਖ ਵਿਚ ਉਸ ਦੌਰ ਬਾਰੇ ਉਨ੍ਹਾਂ ਦੀਆਂ ਗੱਲਾਂ ਧਿਆਨ ਖਿੱਚਣ ਵਾਲੀਆਂ ਹਨ। -ਸੰਪਾਦਕ***

ਹਰਭਜਨ ਸਿੰਘ ਬਰਾੜ ਬੜਾ ਨਿਰਛਲ-ਨਿਰਵੈਰ ਤੇ ਪੁਰ-ਖਲੂਸ ਇਨਸਾਨ ਹੈ। ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਦਾ ਦੌਰਾ ਕਰਨ ਪਿਛੋਂ ਅੱਜ ਕੱਲ੍ਹ ਉਹ ਕੈਨੇਡਾ ਵਿਚ ਹੈ। ਜਨਮ ਉਸ ਦਾ ਅਜੋਕੇ ਪਾਕਿਸਤਾਨ ਦੇ ਮੁਲਤਾਨ ਜ਼ਿਲ੍ਹੇ ਵਿਚ ਪਿੰਡ ਖਾਨੇਵਾਲ ਵਿਚ ਹੋਇਆ ਅਤੇ ਵੰਡ ਤੋਂ ਬਾਅਦ ਪਰਿਵਾਰ ਮਾਲਵਾ ਦੇ ਬਾਘਾ ਪੁਰਾਣਾ ਕਸਬੇ ਦੇ ਨੇੜੇ ਪਿੰਡ ਫੂਲੇਵਾਲ ਜਾ ਵਸਿਆ। ਘਰ 'ਚ ਬੇਹੱਦ ਗਰੀਬੀ ਸੀ ਪਰ ਹਿੰਮਤ ਨਾਲ ਉਹ ਦਸਵੀਂ ਕਰ ਗਿਆ ਅਤੇ ਤੋਪਖਾਨੇ ਵਿਚ ਭਰਤੀ ਹੋ ਗਿਆ। 1965 ਅਤੇ 1971 ਦੀਆਂ ਲੜਾਈਆਂ ਵਿਚ ਉਹ ਛੰਭ ਜੌੜੀਆਂ ਸੈਕਟਰ ਵਿਚ ਤਾਇਨਾਤ ਰਿਹਾ। ਉਹਦੇ ਆਪਣੇ ਸ਼ਬਦਾਂ ਵਿਚ, 'ਦੋਵਾਂ ਜੰਗਾਂ ਵਿਚ ਤਾਂ ਵਾਲ ਵਿੰਗਾ ਨਾ ਹੋਇਆ, ਪਰ 71 ਵਾਲੀ ਜੰਗ ਤੋਂ ਬਾਅਦ ਘਰੇ ਛੁੱਟੀ ਆਏ ਦੀ ਬਾਂਹ ਟੁੱਟ ਗਈ ਅਤੇ 1972 ਵਿਚ ਉਹਨੇ ਫੌਜ ਦੀ ਨੌਕਰੀ


**ਗੁਰਦਿਆਲ ਸਿੰਘ ਬੱਲ**

e-mail: gurdialbal01@gmail.com


ਨੂੰ ਅਲਵਿਦਾ ਆਖ ਦਿੱਤੀ। ਤੋਰੀ-ਫੁਲਕੇ ਲਈ ਉਸ ਨੇ ਮੋਗੇ ਕਮਰਾ ਕਿਰਾਏ 'ਤੇ ਲੈ ਕੇ ਏਜੰਟੀ ਸ਼ੁਰੂ ਕਰ ਲਈ।'

ਬੰਦੇ ਬਾਹਰ ਭੇਜਣ ਦੇ ਕਾਰੋਬਾਰ ਵਿਚੋਂ ਪੈਸਾ-ਧੇਲਾ ਕੋਈ ਬਣਿਆ ਜਾਂ ਨਾ, ਅਸਲ ਖੱਟੀ ਇਹ ਹੋਈ ਕਿ ਕਾਬੁਲ, ਕੰਧਾਰ, ਬੈਰੂਤ, ਇਰਾਨ, ਕੁਸਤੁਨਤੁਨੀਆ, ਇਟਲੀ, ਫਰੈਂਕਫਰਟ ਤਾਂ ਗਾਹੇ ਹੀ; ਬੈਂਕਾਕ, ਮਨੀਲਾ, ਮਲੇਸ਼ੀਆ, ਹਾਂਗਕਾਂਗ ਅਤੇ ਹੋਰ ਅਨੇਕ ਸ਼ਹਿਰ ਵੀ ਵੇਖ ਲਏ। 1977 ਵਿਚ ਅੰਮ੍ਰਿਤਸਰ ਖਾਲਸਾ ਕਾਲਜ ਦੇ ਸਾਹਮਣੇ ਡਾ. ਸੂਰਤਾ ਸਿੰਘ ਰੋਡ ਉਪਰ ਆਪਣਾ ਡੇਰਾ ਲਾ ਲਿਆ। 1978 ਦਾ ਵਿਸਾਖੀ ਕਾਂਡ ਉਹਦੀਆਂ ਅੱਖਾਂ ਸਾਹਮਣੇ ਵਾਪਰਿਆ; ਕਹਾਣੀ ਬਲਿਊ ਸਟਾਰ ਤਕ ਕਿਵੇਂ ਗਈ ਅਤੇ ਫਿਰ ਬਲੈਕ ਥੰਡਰ 'ਚ ਕੀ-ਕੀ ਤੇ ਕਿਵੇਂ-ਕਿਵੇਂ ਹੋਇਆ, ਉਹਨੂੰ ਸਾਰਾ ਪਤਾ ਹੈ। ਅਣਪਛਾਤੀਆਂ ਲਾਸ਼ਾਂ ਦਾ ਖੁਰਾ ਕੱਢਣ ਵਾਲੇ ਜਸਵੰਤ ਸਿੰਘ ਖਾਲੜਾ ਅਤੇ ਉਸ ਦੇ ਚੇਲੇ ਪੰਡਿਤ ਰਜੀਵ ਸਿੰਘ ਨਾਲ ਉਸ ਦਾ ਦਿਲੀ ਪ੍ਰੇਮ ਰਿਹਾ।

1995 ਵਿਚ ਪੰਜਾਬ ਪੁਲਿਸ ਵਲੋਂ ਖਾਲੜੇ ਨੂੰ ਲਾਪਤਾ ਕਰ ਦਿਤੇ ਜਾਣ ਅਤੇ ਉਸ ਦੀ ਸ਼ਹਾਦਤ ਦਾ ਭੇਤ ਕੱਢਣ ਲਈ ਉਸ ਦੇ ਰਜੀਵ, ਸੁਰਿੰਦਰ ਸਿੰਘ ਘਰਿਆਲਾ, ਬਲਵਿੰਦਰ ਸਿੰਘ ਝਬਾਲ, ਸਰਪੰਚ ਗੁਰਭੇਜ ਸਿੰਘ ਪਲਾਸੌਰ, ਜਸਪਾਲ ਸਿੰਘ ਢਿੱਲੋਂ (ਮੁਹਾਲੀ) ਅਤੇ ਉਨ੍ਹਾਂ ਦੇ 4-5 ਹੋਰ ਸਾਥੀਆਂ ਨੇ ਸਿਰਾਂ 'ਤੇ ਕੱਫਣ ਬੰਨ੍ਹ ਕੇ ਜਦੋਂ ਮੁਹਿੰਮ ਸ਼ੁਰੂ ਕੀਤੀ, ਤਾਂ ਬਰਾੜ ਉਸ ਵਿਚ ਸ਼ਰੀਕ ਸੀ। ਇਹ ਉਹ ਸਮਾਂ ਸੀ ਜਦੋਂ ਪੁਲਿਸ ਦੀ ਦਹਿਸ਼ਤ ਅਜੇ ਲੋਕਾਂ ਦੇ ਮਨਾਂ ਵਿਚੋਂ ਗਈ ਨਹੀਂ ਸੀ। ਰਜੀਵ ਤਾਂ ਪੰਡਿਤਾਂ ਦਾ ਮੁੰਡਾ ਹੈ, ਸਭ ਨੂੰ ਪਤਾ ਹੀ ਹੈ। ਐਡਵੋਕੇਟ ਸੁਰਿੰਦਰ ਸਿੰਘ ਘਰਿਆਲਾ ਵੀ ਪੰਡਿਤਾਂ ਦੇ ਘਰ ਦਾ ਜੰਮ-ਪਲ ਹੈ। ਕਾਲਜ ਪੜ੍ਹਦਿਆਂ ਖਾਲੜਾ ਨਕਸਲੀਆਂ ਦੀ ਭਾਰਤੀ ਨੌਜਵਾਨ ਸਭਾ ਵਿਚ ਅਤੇ ਸੁਰਿੰਦਰ ਘਰਿਆਲਾ ਮਾਰਕਸੀ ਕਮਿਊਨਿਸਟਾਂ ਦੀ ਐਸ.ਐਫ.ਆਈ. ਵਿਚ ਪੰਜਾਬ ਪੱਧਰ ਦੇ ਆਗੂਆਂ ਵਿਚੋਂ ਸਨ। ਹਰਭਜਨ ਬਰਾੜ ਅਨੁਸਾਰ ਜਸਵੰਤ ਸਿੰਘ ਖਾਲੜਾ ਕਮਿਊਨਿਸਟਾਂ ਤੋਂ ਬਦਜ਼ਨ ਹੋ ਕੇ ਜਦੋਂ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦਾ ਗੁਪਤ ਸਕੱਤਰ ਬਣਿਆ, ਤਾਂ ਘਰਿਆਲਾ ਤੇ ਰਜੀਵ ਵੀ ਉਸ ਦੀ ਪ੍ਰੇਰਨਾ ਨਾਲ ਸਿੱਖ ਲਹਿਰ ਦੇ ਸਮਰਥਕ ਹੋ ਗਏ।...ਤੇ ਫਿਰ ਆਪਣੇ ਮਿੱਤਰ ਪਿਆਰੇ ਦੀ ਲਾਸ਼ ਦਾ ਖੁਰਾ ਕੱਢਣ ਲਈ ਪੰਡਿਤਾਂ ਦੇ ਇਨ੍ਹਾਂ ਦੋਵਾਂ ਬੇਖੌਫ 'ਜਾਨਿਸਾਰਾਂ' ਨੇ ਖੌਫਨਾਕ ਐਸ.ਐਸ.ਪੀ. ਅਜੀਤ ਸਿੰਘ ਸੰਧੂ ਤੇ ਉਸ ਦੇ ਸਾਥੀ ਪੁਲਿਸ 'ਕਮਾਂਡਰਾਂ' ਵਿਰੁਧ ਜਿਸ ਕਿਸਮ ਦੀ ਬੇਖੌਫ ਮੁਹਿੰਮ ਚਲਾਈ; ਉਹ ਕਥਾ ਪੰਜਾਬ ਦੇ ਇਤਿਹਾਸ ਦਾ ਮਹਾਂ-ਐਪਿਕ ਹੈ।

'ਪੰਜਾਬੀ ਆਵਾਜ਼' ਦੇ ਦਫਤਰ ਵਿਚ ਬਰਾੜ ਨਾਲ ਹੋਈਆਂ ਕੁਝ ਗੱਲਾਂ ਪਾਠਕਾਂ ਨਾਲ ਸਾਂਝੀਆਂ ਕਰਨ ਵਾਲੀਆਂ ਹਨ।

ਬਰਾੜ ਨੇ 10 ਕੁ ਵਰ੍ਹਿਆਂ ਤੋਂ ਖਾਲਸਾ ਕਾਲਜ ਅੰਮ੍ਰਿਤਸਰ ਦੇ ਸਾਹਮਣੇ ਡਾ. ਸੂਰਤਾ ਸਿੰਘ ਰੋਡ ਉਪਰ ਬਰਾੜ ਹਾਊਸ/ਹੋਸਟਲ ਨਾਂ ਦੀ ਆਪਣੀ ਰਿਹਾਇਸ਼ਗਾਹ ਵਿਖੇ ਧਾਰਮਿਕ ਸਦਭਾਵ ਅਤੇ ਸਹਿਹੋਂਦ ਦਾ ਸੰਦੇਸ਼ ਪ੍ਰਚਾਰਨ-ਪ੍ਰਸਾਰਨ ਲਈ ਸਾਈਂ ਮੀਆਂ ਮੀਰ ਇੰਟਰਨੈਸ਼ਨਲ ਫਾਊਂਡੇਸ਼ਨ ਬਣਾਈ ਹੋਈ ਹੈ। ਇਸ ਸੰਸਥਾ ਦੇ ਬੈਨਰ ਹੇਠ ਉਸ ਨੇ ਸਾਈਂ ਜੀ ਦੇ ਜੀਵਨ ਦਰਸ਼ਨ ਬਾਰੇ ਗੋਸ਼ਟੀਆਂ ਤਾਂ ਕਰਵਾਈਆਂ ਹੀ, ਪੰਜਾਬ ਵਿਚ ਜਗਰਾਵਾਂ ਦੀਆਂ ਰੋਸ਼ਨੀਆਂ ਵਰਗੇ ਕਈ ਵਰ੍ਹਿਆਂ ਤੋਂ ਭੁੱਲ-ਭੁਲਾ ਗਏ ਦੰਤ ਕਥਾਈ ਮੇਲੇ ਨੂੰ ਵੀ ਨਵੇਂ ਸਿਰਿਓਂ ਅਤੇ ਨਵੇਂ ਰੰਗ ਵਿਚ ਸ਼ੁਰੂ ਕਰਵਾਇਆ। ਉਹ ਪ੍ਰੋ. ਪੂਰਨ ਸਿੰਘ ਦੇ ਸਾਂਝੇ ਵਿਰਸੇ ਨੂੰ ਚਿਤਾਰਦੀਆਂ ਆਵਾਜ਼ਾਂ ਦੀ ਗੱਲ ਕਰਦਾ ਹੈ, ਪਰ ਸਾਈਂ ਮੀਆਂ ਮੀਰ ਤੋਂ ਬਾਅਦ ਜਿਸ ਸ਼ਖਸੀਅਤ ਦਾ ਉਹ ਸਭ ਤੋਂ ਵੱਧ ਨਾਂ ਲੈਂਦਾ ਹੈ, ਉਹ ਮਾਲਵੇ ਦਾ ਮਹਾਨ ਮਨੁੱਖਵਾਦੀ ਕਵੀਸ਼ਰ ਬਾਬੂ ਰਜਬ ਅਲੀ ਹੈ।... ਤੇ ਬਾਬੂ ਦੀ ਯਾਦ 'ਚ ਵੀ ਉਹਨੇ ਮੇਲਾ ਕਰਵਾਉਣਾ ਸ਼ੁਰੂ ਕਰ ਦਿੱਤਾ ਹੈ।

'ਉਸ ਨੂੰ ਸਾਈਂ ਮੀਆਂ ਮੀਰ ਫਾਊਂਡੇਸ਼ਨ ਵਾਲਾ ਕੌਤਕ ਕਰਨ ਦੀ ਕਿਵੇਂ ਸੁੱਝੀ?' ਦੇ ਜਵਾਬ ਵਿਚ ਬਰਾੜ ਨੇ ਕਿਹਾ ਕਿ ਇਸ ਕਹਾਣੀ ਦੀਆਂ ਜੜ੍ਹਾਂ ਉਸੇ ਛੰਭ ਜੌੜੀਆਂ ਸੈਕਟਰ ਵਾਲੇ 'ਸਾਨ੍ਹਾਂ ਦੇ ਭੇੜ' ਵਿਚ ਹੀ ਪਈਆਂ ਹਨ। ਦੋਹਾਂ ਲੜਾਈਆਂ ਵਿਚ ਉਹ ਹੈਰਾਨ ਹੁੰਦਾ ਰਿਹਾ ਸੀ ਕਿ ਭਾਰਤ ਤੇ ਪਾਕਿਸਤਾਨ ਲੜ ਕੇ ਇਕ-ਦੂਜੇ ਨੂੰ ਬਰਬਾਦ ਕਿਉਂ ਕਰ ਰਹੇ ਸਨ? 47 ਦੇ ਖੂਨ-ਖਰਾਬੇ ਪਿੱਛੋਂ ਵੀ ਦੋਵਾਂ 'ਕੌਮਾਂ' ਨੂੰ ਸੋਝੀ ਕਿਉਂ ਨਹੀਂ ਆਈ?

ਬਰਾੜ ਦੱਸਦਾ ਹੈ ਕਿ 47 ਦੀ ਵੰਡ ਮੌਕੇ ਉਹ ਅਜੇ ਨਿਆਣਾ ਹੀ ਸੀ। ਉਸ ਦਾ ਇਕ ਵੱਡਾ ਭਾਈ ਉਨ੍ਹਾਂ ਰੌਲਿਆਂ ਵਿਚ ਮਾਰਿਆ ਗਿਆ ਸੀ। ਮਾਤਾ ਕੋਲੋਂ ਸੁਣੀਆਂ ਯਾਦਾਂ ਅਜੇ ਭੁੱਲੀਆਂ ਨਹੀਂ ਸਨ ਕਿ 65 ਵਾਲੀ ਜੰਗ ਆ ਗਈ। ਉਸ ਦੇ ਮਨ ਅੰਦਰ ਇਹ ਗੱਲ ਸਦਾ ਹੀ ਘੁੰਮੀ ਜਾਂਦੀ ਸੀ ਕਿ ਧਰਮਾਂ, ਦੇਸ਼ਾਂ, ਜਾਤਾਂ ਦੀਆਂ ਵੰਡੀਆਂ 'ਤੇ ਆਧਾਰਤ ਸਾਰੇ ਰੌਲੇ ਦੀ ਆਖਰ ਵਜ੍ਹਾ ਕੀ ਹੈ। 'ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ' ਕਹੀ ਤਾਂ ਸਾਰੇ ਧਰਮਾਂ ਵਾਲੇ ਜਾਂਦੇ ਹਨ, ਪਰ ਮਾਰੋ-ਮਾਰੀ ਵੀ ਲਗਾਤਾਰ ਕਰੀ ਜਾਂਦੇ ਹਨ!

1981 ਵਿਚ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਜਦੋਂ ਨਵਾਂ ਅਕਾਲੀ ਦਲ ਬੰਨ੍ਹਿਆ, ਤਾਂ ਪਾਰਟੀ ਦੀ ਅੰਮ੍ਰਿਤਸਰ ਸ਼ਹਿਰੀ ਇਕਾਈ ਦਾ ਪ੍ਰਧਾਨ ਮਲਕ ਸਿੰਘ ਭਾਟੀਆ ਸੀ ਅਤੇ ਜਨਰਲ ਸਕੱਤਰ ਦਾ ਅਹੁਦਾ ਉਸ ਨੂੰ ਸੰਭਾਲ ਦਿੱਤਾ ਗਿਆ। ਅਕਾਲੀਆਂ ਨੇ ਧਰਮ ਯੁੱਧ ਮੋਰਚਾ ਲਾਇਆ ਤਾਂ ਉਸ ਦੇ ਵਿੰਹਦਿਆਂ-ਵਿੰਹਦਿਆਂ ਸੰਤ ਲੌਂਗੋਵਾਲ ਦੀ ਮਾਨਤਾ ਦਾ ਗਰਾਫ ਹੇਠਾਂ ਆਉਂਦਾ ਗਿਆ ਅਤੇ ਸੰਤ ਜਰਨੈਲ ਸਿੰਘ ਦੀ ਗੁੱਡੀ ਚੜ੍ਹਦੀ ਗਈ। ਸੰਤਾਂ ਦੀ ਗਰਮ ਸਿਆਸਤ ਕਰ ਕੇ ਉਸ ਨੂੰ ਤਾਂ ਸ਼ੁਰੂ ਤੋਂ ਹੀ ਉਨ੍ਹਾਂ ਦੇ ਬਾਹਲਾ ਨੇੜੇ ਜਾਣ ਤੋਂ ਝਿਜਕ ਜਿਹੀ ਸੀ, ਪਰ ਦੋਹਾਂ ਦੇ ਨਾਨਕੇ ਜਗਰਾਵਾਂ ਨੇੜੇ ਗਾਲਿਬ ਕਲਾਂ ਕਿਸੇ ਸਾਂਝੇ ਟੱਬਰ 'ਚ ਹੋਣ ਕਾਰਨ, ਸੰਤ ਉਸ ਨੂੰ ਪੂਰੇ ਪ੍ਰੇਮ ਨਾਲ ਬੁਲਾਉਂਦੇ ਸਨ।

ਬਰਾੜ ਮੁਤਾਬਕ ਸੰਤ ਉਪਰੋਂ ਜਿਤਨੇ ਕੈੜੇ ਲਗਦੇ ਸਨ, ਅੰਦਰੋਂ ਉਤਨੇ ਹੀ ਮੋਹ-ਖੋਰੇ ਸਨ। ਸੰਤ ਭਿੰਡਰਾਂਵਾਲੇ ਸਹੀ ਅਰਥਾਂ ਵਿਚ ਨਿਰਛਲ ਅਤੇ ਨਿਰਵੈਰ ਸੰਤ ਸਨ। ਬਰਾੜ ਦਾ ਦਾਅਵਾ ਹੈ ਕਿ ਨਾ ਅਕਾਲੀਆਂ ਦੇ ਮੋਰਚੇ ਨੇ ਲੀਹੋਂ ਲਹਿਣਾ ਸੀ, ਨਾ ਬਲਿਊ ਸਟਾਰ ਦਾ ਦੁਖਾਂਤ ਹੀ ਵਾਪਰਨਾ ਸੀ ਬਸ਼ਰਤੇ, ਸਿਰੇ ਦਾ ਜ਼ਿਦੀਆ ਕਾਮਰੇਡ ਸੰਤਾਂ ਨੂੰ ਨਾ ਮਿਲਿਆ ਹੁੰਦਾ। ਟੋਕਣ ਉਤੇ ਵੀ ਉਹ ਕਹੀ ਗਿਆ ਕਿ ਕਾਮਰੇਡ ਦਲਬੀਰ ਸਿੰਘ ਪੱਤਰਕਾਰ ਸੰਤਾਂ ਨੂੰ ਨਾ ਮਿਲਿਆ ਹੁੰਦਾ, ਤਾਂ ਪੰਜਾਬ ਦਾ ਕੰਘਾ ਨਹੀਂ ਸੀ ਹੋਣਾ। ਕੇਂਦਰ ਸਰਕਾਰ ਨੂੰ ਉਹ ਪਹਿਲੇ ਦਿਨ ਤੋਂ ਹੀ ਬਾਹਮਣਾਂ-ਬਾਣੀਆਂ ਦੀ ਸਰਕਾਰ ਦੱਸੀ ਜਾਂਦਾ ਸੀ। ਸਾਡਾ ਮਿੱਤਰ ਅਮਰੀਕ ਸਿੰਘ ਮੁਕਤਸਰ ਜਿਹੜਾ ਸੰਤ ਜਰਨੈਲ ਸਿੰਘ ਦੀ ਸ਼ਖਸੀਅਤ ਦੀ ਪ੍ਰੇਰਨਾ ਨਾਲ ਖਾੜਕੂ ਲਹਿਰ ਨਾਲ ਜੁੜਿਆ ਸੀ, ਦੀ ਇਸ ਨੁਕਤੇ ਬਾਰੇ ਸੋਚ ਵੀ ਬਾਬੇ ਬਰਾੜ ਨਾਲ ਰਲਦੀ ਹੈ।

ਬਰਾੜ ਦੱਸਦਾ ਹੈ ਕਿ 1984 'ਚ ਜਦੋਂ ਕਹਾਣੀ ਤੇਜ਼ੀ ਨਾਲ ਬਲਿਊ ਸਟਾਰ ਵੱਲ ਵਧ ਰਹੀ ਸੀ ਤਾਂ ਛਿੰਦੇ ਸਮਗਲਰ ਨੇ ਬਲਜੀਤ ਕੌਰ ਕੋਲੋਂ ਸੁਰਿੰਦਰ ਸਿੰਘ ਸੋਢੀ ਨੂੰ ਗੋਲੀ ਮਰਵਾ ਦਿਤੀ। ਇਸ ਕਾਂਡ ਵਿਚ ਉਸ ਦੇ ਮੁਹੱਬਤੀ ਅਤੇ ਉਨ੍ਹਾਂ ਦੀ ਪਾਰਟੀ ਦੀ ਅੰਮ੍ਰਿਤਸਰ ਇਕਾਈ ਦੇ ਪ੍ਰਧਾਨ ਜਥੇਦਾਰ ਮਲਕ ਸਿੰਘ ਭਾਟੀਆ ਦਾ ਨਾਂ ਮੁੱਖ ਸਾਜ਼ਿਸ਼ੀ ਵਜੋਂ ਬੋਲ ਗਿਆ।...ਮਲਕ ਸਿੰਘ ਭਾਟੀਆ ਖੁਦ ਸੰਤਾਂ ਦੀ ਬਥੇਰੀ ਇੱਜ਼ਤ ਕਰਦਾ ਸੀ। ਉਹ ਬ੍ਰਿਗੇਡੀਅਰ ਮਹਿੰਦਰ ਸਿੰਘ ਦਾ ਸਾਲਾ ਸੀ ਅਤੇ ਬ੍ਰਿਗੇਡੀਅਰ ਦਾ ਉਨ੍ਹੀਂ ਦਿਨੀਂ ਸੰਤਾਂ ਦੇ ਸਾਹ 'ਚ ਸਾਹ ਸੀ। ਸੋਢੀ ਦੀ ਹੱਤਿਆ ਸਵੇਰੇ ਹੋਈ, ਸ਼ਾਮ ਤੱਕ ਖਾੜਕੂਆਂ ਨੇ ਬਲਜੀਤ ਕੌਰ ਨੂੰ ਭੁੰਨ ਦਿੱਤਾ; ਪਰ ਇਸ ਤੋਂ ਪਹਿਲਾਂ-ਪਹਿਲਾਂ ਉਨ੍ਹਾਂ ਉਸ ਕੋਲੋਂ ਛਿੰਦੇ ਦੀ ਠਹਿਰ ਪੁੱਛ ਲਈ ਸੀ। ਉਸੇ ਪੁੱਛੋ-ਡਿੱਕੀ ਵਿਚ ਕਹਿੰਦੇ ਹਨ ਕਿ ਉਹਨੇ ਭਾਟੀਏ ਦਾ ਨਾਂ ਲੈ ਦਿੱਤਾ। ਅਖੇ...ਸੋਢੀ ਨੂੰ ਮਾਰਨ ਪਿੱਛੋਂ ਛਿੰਦਾ ਭੱਜਣ ਲੱਗਾ ਕਾਰ ਉਹਦੇ ਕੋਲੋਂ ਲੈ ਗਿਆ ਸੀ। ਚਾਰੇ ਪਾਸੇ ਦੁਹਾਈ ਮਚੀ ਹੋਈ ਸੀ। ਭਾਟੀਆ ਡਰ ਦਾ ਮਾਰਿਆ ਕੰਬ ਰਿਹਾ ਸੀ। ਸੰਤ ਅੱਗੇ ਪੇਸ਼ੀ ਬਿਨਾਂ ਬਚਾਅ ਦਾ ਕੋਈ ਹੀਲਾ-ਵਸੀਲਾ ਨਹੀਂ ਸੀ, ਪਰ ਸਵਾਲ ਸੀ ਕਿ 'ਦਰਬਾਰ' ਵਿਚ ਉਸ ਨੂੰ ਲੈ ਕੇ ਜਾਵੇ ਕਿਹੜਾ? ਬ੍ਰਿਗੇਡੀਅਰ ਮਹਿੰਦਰ ਸਿੰਘ ਜੋ ਰੋਜ਼ ਸੰਤਾਂ ਨੂੰ ਮਿਲਦਾ ਸੀ, ਹਥਿਆਰ ਸੁੱਟੀ ਬੈਠਾ ਸੀ। ਖਤਰੇ ਦੀ ਉਸ ਘੜੀ ਵਿਚ ਬਰਾੜ ਦੀ ਪਹਿਲਕਦਮੀ 'ਤੇ 5-7 ਮੋਹਤਬਰ ਆਗੂਆਂ ਨੇ ਭਾਟੀਏ ਨੂੰ ਸੰਤਾਂ ਅੱਗੇ ਪੇਸ਼ ਕਰਨ ਦਾ ਬੀੜਾ ਚੁੱਕਿਆ ਅਤੇ ਸੰਤਾਂ ਨੇ ਆਪਣੇ ਸੁਭਾਅ ਅਨੁਸਾਰ ਰਹਿਮ-ਦਿਲੀ ਦਿਖਾਉਂਦਿਆਂ ਉਸ ਨੂੰ 'ਮੁਆਫ' ਕਰ ਵੀ ਦਿੱਤਾ, ਪਰ ਸੰਤਾਂ ਦੇ ਹਜ਼ੂਰ ਪੇਸ਼ੀ ਪਿੱਛੋਂ ਹਰਭਜਨ ਬਰਾੜ ਅਤੇ ਭਾਟੀਆ ਸ੍ਰੀ ਹਰਿਮੰਦਰ ਸਾਹਿਬ ਸ਼ੁਕਰਾਨੇ ਵਜੋਂ ਮੱਥਾ ਟੇਕਣ ਤੋਂ ਬਾਅਦ ਪਰਿਕਰਮਾ ਵਿਚੋਂ ਬਾਹਰ ਜਾ ਹੀ ਰਹੇ ਸਨ ਕਿ ਦੋ ਖਾੜਕੂ ਸਾਹਮਣੇ ਆ ਗਏ। ਬਰਾੜ ਦੇ ਵਿੰਹਦਿਆਂ-ਵਿੰਹਦਿਆਂ ਇਕ ਨੇ ਭਾਟੀਏ ਉਤੇ ਕ੍ਰਿਪਾਨ ਨਾਲ ਵਾਰ ਕੀਤਾ, ਦੂਜੇ ਨੇ ਉਸ ਦੀ ਛਾਤੀ ਵਿਚ ਗੋਲੀਆਂ ਦਾਗ ਦਿੱਤੀਆਂ। ਆਪਣੇ ਨਿਤ ਦਿਨ ਦੇ ਸਾਥੀ ਦੇ ਕਤਲ ਦਾ ਉਹ ਦ੍ਰਿਸ਼ ਅੱਜ ਤਕ ਬਰਾੜ ਦੀ ਸਿਮਰਤੀ ਵਿਚ ਨਸ਼ਤਰ ਵਾਂਗ ਖੁੱਭਿਆ ਖੜ੍ਹਾ ਹੈ।

ਸਤੰਬਰ 1983 ਵਿਚ ਢਿੱਲਵਾਂ ਬੱਸ ਹੱਤਿਆ ਕਾਂਡ ਤੋਂ 15-20 ਦਿਨ ਬਾਅਦ ਦੀ ਗੱਲ ਹੈ। ਬਰਾੜ ਆਪਣੇ ਮਾਮੇ ਦੇ ਪੁੱਤਰ ਅਤੇ ਆਪਣੇ ਵਕਤਾਂ ਦੇ ਉਘੇ ਨਕਸਲੀ ਕਾਰਕੁਨ ਬੰਤ ਸਿੰਘ ਮਾਣੂੰਕੇ ਨੂੰ ਨਾਲ ਲੈ ਕੇ ਸੰਤਾਂ ਨੂੰ ਮਿਲਣ ਗਿਆ ਹੋਇਆ ਸੀ। ਗੱਲਾਂ ਫੌਜ ਜਾਂ ਬੀ.ਐਸ.ਐਫ. ਨਾਲ ਟੱਕਰ ਦੀ ਸੰਭਾਵਨਾ ਦੀਆਂ ਚੱਲ ਪਈਆਂ। ਉਥੇ ਉਸ ਕੋਲੋਂ ਇਹ ਦੱਸਣ ਤੋਂ ਰਿਹਾ ਨਾ ਗਿਆ ਕਿ ਉਹਨੇ ਫੌਜ ਦੇ ਤੋਪਖਾਨੇ ਵਿਚ ਦਸ ਵਰ੍ਹੇ ਨੌਕਰੀ ਕੀਤੀ ਹੋਈ ਸੀ। ਉਹਨੇ ਸੰਤ ਨੂੰ ਦੱਸਿਆ ਕਿ 2, 5 ਜਾਂ 7 ਕਿਲੋਮੀਟਰ 'ਤੇ ਤੋਪ ਦਾ ਗੋਲਾ ਸੁੱਟਣ ਦੀ ਟਰੇਨਿੰਗ ਫੌਜੀਆਂ ਨੂੰ ਕਿਨ੍ਹਾਂ ਮੁਸ਼ਕਿਲ ਹਾਲਾਤ ਵਿਚ ਦਿੱਤੀ ਜਾਂਦੀ ਹੈ। ਉਸਤਾਦ ਛੇ-ਛੇ ਮਹੀਨੇ ਕਰੌਲਿੰਗਾਂ ਕਰਵਾ-ਕਰਵਾ ਕੇ ਅਰਕਾਂ ਤੋਂ ਮਾਸ ਉਡਾ ਦਿੰਦੇ ਹਨ। ਉਹਨੇ ਖੁਦ 5 ਕਿਲੋਮੀਟਰ 'ਤੇ ਤੋਪ ਦਾ ਗੋਲਾ ਦਾਗ ਵੱਡੇ ਦਰੱਖਤ ਨੂੰ ਤਣੇ ਤੋਂ ਪਾੜਿਆ ਸੀ। ਬਰਾੜ ਨੇ ਪੁਰਾਣੇ ਸਬੰਧਾਂ ਦੀ ਆੜ ਵਿਚ ਭੋਲੇ ਭਾਅ ਹੀ ਸੰਤਾਂ ਨੂੰ ਇਹ ਦੱਸਣ ਦੀ ਜੁਰਅਤ ਕਰ ਲਈ ਕਿ 'ਦਿੱਲੀ ਸਰਕਾਰ ਨੇ ਬਥੇਰੀਆਂ ਵਧੀਕੀਆਂ ਕੀਤੀਆਂ ਹਨ ਪਰ ਇਹ ਸ੍ਰੀ ਹਰਿਮੰਦਰ ਸਾਹਿਬ ਨੂੰ ਬਰਬਾਦ ਕਰਨਾ ਨਹੀਂ, ਬਰਬਾਦ ਹੋਣੋਂ ਬਚਾਉਣਾ ਚਾਹੁੰਦੀ ਸੀ।...ਤੇ ਜੇ ਸਰਕਾਰ ਇੰਜ ਕਰਨਾ ਨਾ ਚਾਹੁੰਦੀ ਹੋਵੇ ਤਾਂ ਉਸ ਵਰਗੇ ਕਿਸੇ ਮ੍ਹਾਤੜ ਜਿਹੇ ਤੋਪਚੀ ਕੋਲੋਂ ਜੰਡਿਆਲੇ ਲਾਗਿਉਂ ਹੀ ਗੋਲਾ ਸੁਟਵਾ ਕੇ ਉਨ੍ਹਾਂ ਦਾ ਲੈਕਚਰ ਬੰਦ ਨਾ ਕਰਵਾ ਦੇਵੇ।' ਲਾਗਿਉਂ ਕਾਮਰੇਡ ਬੰਤ ਸਿੰਘ ਮਾਣੂੰਕੇ ਨੇ ਪੂਰੇ ਜ਼ੋਰ ਨਾਲ ਕਿਹਾ ਸੀ ਕਿ ਸੰਤ ਜੀ, ਬਰਾੜ ਠੀਕ ਕਹਿੰਦਾ ਹੈ। ਬੰਤ ਨੇ ਸੰਤਾਂ ਨੂੰ ਤਿੰਨ-ਚਾਰ ਹੋਰ ਘਟਨਾਵਾਂ ਬਾਰੇ ਵੀ ਦੱਸਿਆ ਸੀ ਅਤੇ ਸੰਤਾਂ ਨੂੰ ਸਵਾਲ ਪਾਇਆ ਸੀ ਕਿ, ਉਨ੍ਹਾਂ ਨੂੰ ਪਤਾ ਵੀ ਹੈ ਕਿ ਉਨ੍ਹਾਂ ਦੇ ਨਾਂ 'ਤੇ ਬਾਹਰ ਹੋਈ ਕੀ-ਕੀ ਜਾ ਰਿਹਾ ਸੀ? ਸੰਤ ਸ਼ਾਂਤੀ ਨਾਲ ਸਾਰੀ ਵਾਰਤਾ ਸੁਣੀ ਗਏ। ਬੰਤ ਉਨ੍ਹਾਂ ਨਾਲੋਂ ਉਮਰੋਂ ਵੱਡਾ ਸੀ। ਸੰਤ ਟਕਸਾਲ ਵਿਚ ਜਾਣ ਤੋਂ ਪਹਿਲਾਂ ਬੰਤ ਦੀ ਰੂਪੋਸ਼ੀ ਦੇ ਦਿਨੀਂ ਉਸ ਨੂੰ ਜਲ-ਪਾਣੀ ਛਕਾਉਂਦੇ ਰਹੇ ਸਨ।



*ਹਰਭਜਨ ਸਿੰਘ ਬਰਾੜ (ਦਸਤਾਰ ਵਾਲੇ) ਨਾਲ ਪੱਤਰਕਾਰ ਗੁਰਦਿਆਲ ਸਿੰਘ ਬੱਲ, ਹਲੀਮਾ ਸਾਦੀਆ ਅਤੇ ਅਰੂਜ਼ ਵਾਕਰ*

ਬਰਾੜ ਦਾ ਪ੍ਰਵਚਨ ਲੰਮਾ ਹੋ ਰਿਹਾ ਸੀ। ਮੈਂ ਉਸ ਨੂੰ ਮੁੜ ਸਾਈਂ ਮੀਆਂ ਮੀਰ ਫਾਊਂਡੇਸ਼ਨ ਵੱਲ ਮੋੜਿਆ। ਫਿਰ ਉਹਨੇ 'ਭੇਤ ਦੀ ਗੱਲ' ਦੱਸੀ ਕਿ ਇਸ ਸਾਰੇ ਕੌਤਕ ਪਿੱਛੇ ਅਸਲ ਪ੍ਰੇਰਨਾ ਕਾਮਰੇਡ ਤਾਰਾ ਸਿੰਘ ਸੰਧੂ ਸੀ।

ਇਹ ਚਿਤਾਰੇ ਜਾਣ 'ਤੇ ਕਿ ਉਸ ਦੀ ਕਥਾ ਵਿਚ ਸਭ ਕਾਮਰੇਡ ਹੀ ਚਲੇ ਆ ਰਹੇ ਸਨ...ਦਲਬੀਰ ਸਿੰਘ ਪੱਤਰਕਾਰ, ਜਸਵੰਤ ਸਿੰਘ ਖਾਲੜਾ, ਬੰਤ ਸਿੰਘ ਮਾਣੂੰਕੇ ਅਤੇ ਹੁਣ ਕਾਮਰੇਡ ਤਾਰਾ ਸੰਧੂ; ਬਰਾੜ ਗੰਭੀਰ ਹੋ ਕੇ ਦੱਸਦਾ ਹੈ ਕਿ ਅਜੇ ਤਾਂ ਉਹਨੇ ਸਭ ਤੋਂ ਯੋਧੇ ਕਾਮਰੇਡ ਹਾਕਮ ਸਿੰਘ ਸਮਾਓਂ ਬਾਰੇ ਦੱਸਿਆ ਹੀ ਨਹੀਂ ਹੈ। ਉਸ ਨੂੰ ਪਹਿਲੀ ਵਾਰੀ ਸੰਤਾਂ ਨਾਲ ਉਸ ਨੇ ਹੀ ਮਿਲਾਇਆ ਸੀ; ਕੇਰਾਂ ਤਾਂ ਪੰਜਾਬ ਦਾ ਸਭ ਤੋਂ ਸ਼੍ਰੋਮਣੀ ਨਾਵਲਕਾਰ ਜਸਵੰਤ ਸਿੰਘ ਕੰਵਲ ਵੀ ਨਾਲ ਸੀ ਅਤੇ ਸੰਤਾਂ ਨੂੰ ਉਸ ਨੇ ਵੀ ਉਹੀ ਸਾਰੀਆਂ ਗੱਲਾਂ ਹਿੱਕ ਠੋਕ ਕੇ ਕਹੀਆਂ ਸਨ ਜੋ ਪਿੱਛੋਂ ਕਾਮਰੇਡ ਬੰਤ ਮਾਣੂੰਕੇ ਨੇ ਆਖੀਆਂ ਸਨ। ਬੰਤ ਅਤੇ ਹਾਕਮ ਸਮਾਓਂ ਨੂੰ ਵੀ ਛੱਡੋ...ਇਨ੍ਹਾਂ ਸਾਰਿਆਂ ਦਾ 'ਬਾਪੂ' ਕਾਮਰੇਡ ਅਮਰ ਸਿੰਘ ਅੱਚਰਵਾਲ ਸੀ। ਕਾਮਰੇਡ ਤਾਂ ਸਾਰੇ ਉਸ ਨੂੰ ਮੰਨਦੇ ਹੀ ਸਨ, ਖੁਦ ਸੰਤ ਵੀ ਸ਼ੁਰੂ-ਸ਼ੁਰੂ ਵਿਚ ਉਸ ਦੀ ਬੜੀ ਇੱਜ਼ਤ ਕਰਦੇ ਸਨ। ਸੰਤਾਂ ਦੇ ਕਹਿਣ 'ਤੇ ਹੀ ਅੱਚਰਵਾਲ ਨੇ 1979 ਦੀਆਂ ਗੁਰਦੁਆਰਾ ਚੋਣਾਂ ਦੌਰਾਨ ਰਾਏ ਕੋਟ ਵਾਲੇ ਆਪਣੇ ਚੋਣ ਹਲਕੇ ਤੋਂ ਦਲਿਤ ਭਾਈਚਾਰੇ ਵਿਚੋਂ ਆਪਣਾ ਪੁਰਾਣਾ ਅੰਮ੍ਰਿਤਧਾਰੀ ਬੇਲੀ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੇ ਮੁਕਾਬਲੇ ਉਮੀਦਵਾਰ ਵਜੋਂ ਖੜ੍ਹਾ ਕੀਤਾ ਸੀ। ਉਨ੍ਹੀਂ ਦਿਨੀਂ ਪਾਰਟੀ ਦੇ 'ਲੋਹ ਪੁਰਸ਼' ਪ੍ਰਧਾਨ ਅੱਗੇ ਖੜ੍ਹਨ ਦੀ ਜੁਰਅਤ ਹੋਰ ਕਿਸੇ ਅੰਦਰ ਨਹੀਂ ਸੀ। ਪਾਰਟੀ ਦੀ ਆਪਣੀ ਸਰਕਾਰ ਸੀ। ਬੜੀ ਮੁਸ਼ਕਿਲ ਨਾਲ ਉਸ ਦੇ ਕਾਗਜ਼ ਰੱਦ ਕਰਵਾ ਕੇ ਜਥੇਦਾਰ ਨੇ ਅੱਚਰਵਾਲ ਦੀ ਉਹ ਬਿਪਤਾ ਟਾਲੀ ਸੀ। ਪਿੱਛੋਂ ਕਾਮਰੇਡ ਇਕੋ ਵਾਰ ਸੰਤ ਨੂੰ ਮਿਲਿਆ ਸੀ ਅਤੇ ਬੰਤ ਤੇ ਹਾਕਮ ਵਾਲੀਆਂ ਗੱਲਾਂ ਸੰਤ ਨੂੰ ਉਸ ਨੇ ਵੀ ਆਖ ਦਿੱਤੀਆਂ ਸਨ। ਇਹ ਦੱਸਦਿਆਂ ਬਰਾੜ ਮਾਨੋ ਖੁਦ ਆਪਣੇ ਆਪ ਨੂੰ ਹੀ ਕਹਿਣ ਲਗਦਾ ਹੈ... 'ਕਾਸ਼! ਸੰਤਾਂ ਨੇ ਕਾਮਰੇਡ ਦਲਬੀਰ ਸਿੰਘ ਪੱਤਰਕਾਰ ਦੀ ਸਲਾਹ ਦੀ ਬਜਾਏ ਸਾਡੇ ਦੂਜੇ ਕਾਮਰੇਡਾਂ ਦੀ ਸਲਾਹ ਵਿਚਾਰੀ ਹੁੰਦੀ।' ਬਰਾੜ ਦਾ ਇਸ਼ਾਰਾ ਉਸੇ ਸਲਾਹ ਵੱਲ ਸੀ ਜੋ ਢਿੱਲਵਾਂ ਬੱਸ ਕਾਂਡ 'ਤੇ ਪੰਜਾਬ ਵਿਚ ਗਵਰਨਰੀ ਰਾਜ ਲਾਗੂ ਹੋਣ ਪਿਛੋਂ ਇਸ ਸ਼ਖਸ ਨੇ ਸੰਤਾਂ ਨੂੰ ਦਿੱਤੀ ਸੀ।

ਕਾਮਰੇਡ ਤਾਰਾ ਸੰਧੂ ਦਾ ਜ਼ਿਕਰ ਕਰਦਿਆਂ ਬਰਾੜ ਦੱਸਦਾ ਹੈ ਕਿ ਪੰਜਾਬ ਵਿਚ ਖਾੜਕੂ ਤੂਫਾਨ ਠੱਲ੍ਹਣ ਤੋਂ ਬਾਅਦ ਇਹ ਸੰਧੂ ਹੀ ਸੀ ਜਿਹਨੇ ਰਮੇਸ਼ ਯਾਦਵ, ਭੁਪਿੰਦਰ ਸਿੰਘ ਤੇ ਹੋਰਾਂ ਨਾਲ ਮਿਲ ਕੇ ਭਾਰਤ-ਪਾਕਿਸਤਾਨ ਵਿਚਾਲੇ ਅਮਨ ਤੇ ਦੋਸਤੀ ਦਾ ਪੈਗਾਮ ਵੰਡਣ ਲਈ 'ਫੋਕਲੋਰ ਰਿਸਰਚ ਅਕੈਡਮੀ' ਬਣਾਈ ਸੀ। ਦੋਹਾਂ ਦੇਸ਼ਾਂ ਅਤੇ ਧਰਮਾਂ ਦੀਆਂ ਸਭਿਆਚਾਰਕ ਸਾਂਝਾਂ ਦੀ ਗੱਲ ਕੀਤੀ ਅਤੇ ਵਾਘਾ ਬਾਰਡਰ 'ਤੇ ਜਾ ਕੇ ਆਸ ਅਤੇ ਮਿੱਤਰਤਾ ਦੀਆਂ ਮੋਮਬੱਤੀਆਂ ਬਾਲਣ ਦੇ ਪੁਰਬ ਦੀ ਸ਼ੁਰੂਆਤ ਕੀਤੀ।...ਤੇ 20 ਕੁ ਵਰ੍ਹੇ ਪਹਿਲਾਂ ਅਰੰਭੇ ਉਸ ਪੁਰਬ ਵਿਚ ਹਿੱਸਾ ਲੈਣ ਲਈ ਪਾਕਿਸਤਾਨ ਤੋਂ ਜੋ ਪ੍ਰਾਹੁਣੇ ਆਏ, ਉਹ ਬਰਾੜ ਹੋਸਟਲ ਅੰਦਰ ਹੀ ਠਹਿਰੇ ਸਨ। ਉਸੇ 'ਮਿੱਤਰ ਮਿਲਣੀ' ਨੇ ਉਸ ਦੇ ਮਨ ਅੰਦਰ ਦੋਸਤਾਨੇ ਦੇ ਉਸ ਪ੍ਰੋਜੈਕਟ ਦੇ ਮੁਢਲੇ ਬੀਅ ਬੀਜੇ ਜੋ ਕੁਝ ਵਰ੍ਹੇ ਪਿੱਛੋਂ 'ਸਾਈਂ ਮੀਆਂ ਮੀਰ ਇੰਟਰਨੈਸ਼ਨਲ ਫਾਊਂਡੇਸ਼ਨ' ਦੇ ਰੂਪ ਵਿਚ ਸਾਹਮਣੇ ਆਇਆ।

ਬਰਾੜ ਦੱਸਦਾ ਹੈ ਕਿ ਭਾਰਤ-ਪਾਕਿਸਤਾਨ ਵੰਡ ਸਮੇਂ ਜਿਥੇ ਲੱਖਾਂ ਲੋਕ ਉਜੜੇ ਤੇ ਮਾਰੇ ਗਏ, ਉਥੇ 30-35 ਹਜ਼ਾਰ ਕੁੜੀਆਂ ਦੋਵੀਂ ਪਾਸੀਂ ਲਾਪਤਾ ਕਰ ਦਿੱਤੀਆਂ ਗਈਆਂ। ਸਾਈਂ ਫਾਊਂਡੇਸ਼ਨ ਨੇ ਅਜਿਹੀਆਂ ਔਰਤਾਂ ਦੇ ਪਰਿਵਾਰਾਂ ਨੂੰ ਆਪਸ ਵਿਚ ਮਿਲਾਉਣ ਦਾ ਬੀੜਾ ਚੁੱਕਿਆ। ਬਰਾੜ ਨੇ ਅਜਿਹੀਆਂ ਸੰਤਾਪੀਆਂ 'ਰੂਹਾਂ' ਦੀਆਂ ਸੱਚੀਆਂ ਕਹਾਣੀਆਂ 'ਤੇ ਆਧਾਰਤ 'ਸਾਂਝਾਂ ਆਰ-ਪਾਰ ਦੀਆਂ' ਸਿਰਲੇਖ ਹੇਠ ਪੁਸਤਕ ਵੀ ਲਿਖੀ ਜੋ ਫਾਊਂਡੇਸ਼ਨ ਦੇ ਬੈਨਰ ਹੇਠ ਪਹਿਲੀ ਵਾਰੀ ਅਪਰੈਲ 2009 ਵਿਚ ਛਾਪੀ ਗਈ। ਜੁਲਾਈ 2014 ਵਿਚ ਇਸੇ ਕਿਤਾਬ ਦਾ ਤੀਜਾ ਸੰਸਕਰਨ ਛਪਿਆ ਜੋ ਕੁਝ ਦਿਨ ਪਹਿਲਾਂ 'ਕਲਮਾਂ ਦਾ ਕਾਫਲਾ' ਵਾਲਿਆਂ ਵਲੋਂ ਰਿਲੀਜ਼ ਕੀਤਾ ਗਿਆ। ਬਰਾੜ ਨੇ ਸਾਈਂ ਜੀ ਦੇ ਜੀਵਨ ਅਤੇ ਆਦਰਸ਼ ਨੂੰ ਆਮ ਲੋਕਾਂ ਤਕ ਪਹੁੰਚਾਉਣ ਲਈ ਸੁਲੱਖਣ ਸਰਹੱਦੀ ਨਾਲ ਮਿਲ ਕੇ ਵੱਡ-ਅਕਾਰੀ ਪੁਸਤਕ 'ਸਾਈਂ ਮੀਆਂ ਮੀਰ: ਸਾਂਝਾਂ ਦਾ ਪਵਿੱਤਰ ਪੁਲ' ਵੀ ਸੰਪਾਦਤ ਕੀਤੀ।

ਅੱਧ ਨਵੰਬਰ ਵਿਚ 'ਕੈਨੇਡੀਅਨ ਥਿੰਕਰਜ਼ ਫੋਰਮ' ਦੇ ਡਾਇਰੈਕਟਰ ਤਾਹਿਰ ਅਸਲਮ ਗੋਰਾ ਅਤੇ 'ਕੈਨੇਡਾ-ਪਾਕਿਸਤਾਨ ਫਰੈਂਡਸ਼ਿਪ ਐਸੋਸੀਏਸ਼ਨ' ਦੇ ਡਾਇਰੈਕਟਰ ਮਿਰਜ਼ਾ ਨਸੀਮ ਬੇਗ ਦੇ ਸਹਿਯੋਗ ਨਾਲ ਭਾਰਤੀ ਅਤੇ ਪਾਕਿਸਤਾਨੀ ਮੂਲ ਦੇ ਨੁਮਾਇੰਦਿਆਂ ਦੇ ਇਕੱਠ ਵਿਚ ਬਰਾੜ ਦਾ ਸਨਮਾਨ ਕੀਤਾ ਗਿਆ। ਪ੍ਰੋਗਰਾਮ ਤੋਂ ਬਾਅਦ 'ਪੰਜਾਬੀ ਫੋਰਮ ਕੈਨੇਡਾ' ਦੀ ਪ੍ਰਤੀਨਿਧ ਹਲੀਮਾ ਸਾਦੀਆ ਅਤੇ ਕਵਿਤਰੀ ਅਰੂਜ਼ ਵਾਕਰ ਨੇ ਪੂਰੇ 40 ਮਿੰਟਾਂ ਤਕ ਬਰਾੜ ਨਾਲ ਯਾਦਾਂ ਫਰੋਲੀਆਂ। ਅਰੂਜ਼ ਵਾਕਰ ਦੇ ਮਾਪੇ ਪਿੱਛੋਂ ਪਟਿਆਲਾ ਦੇ ਸਨ। ਉਸ ਨੇ ਦੱਸਿਆ ਕਿ ਉਸ ਦੀ ਮਾਂ ਦੇ ਦੋ ਭਾਈ ਵੀ ਉਨ੍ਹਾਂ ਵੱਡੇ ਰੌਲਿਆਂ ਵਿਚ ਮਾਰੇ ਗਏ ਸਨ ਅਤੇ ਮਾਂ ਉਸ ਦੀ ਸਾਰੀ ਉਮਰ ਉਨ੍ਹਾਂ ਨੂੰ ਯਾਦ ਕਰਦਿਆਂ ਜਹਾਨ ਤੋਂ ਤੁਰ ਗਈ ਸੀ।

ਬਾਬਾ ਬਰਾੜ ਇਹ ਕਹਿੰਦਿਆਂ ਆਪਣੀ ਕਹਾਣੀ ਦਾ ਤੋੜਾ ਝਾੜਦਾ ਹੈ- 'ਯਾਰੋ...ਜਦੋਂ ਦੇ ਜੰਮੇ ਹਾਂ, ਸਭੇ ਰਾਗੀ ਢਾਡੀ ਜ਼ਕਰੀਆ ਖਾਨ, ਮੀਰ ਮਨੂੰ, ਮੱਸੇ ਰੰਘੜ ਅਤੇ ਸੂਬੇ ਸਰਹਿੰਦ ਬਾਰੇ ਹੀ ਦੱਸੀ ਜਾਂਦੇ ਹਨ; ਅੱਜ ਲੋੜ ਇਹ ਹੈ ਕਿ ਦੋਵਾਂ ਭਾਈਚਾਰਿਆਂ ਦੇ ਲੋਕਾਂ ਨੂੰ ਭਾਈ ਮਰਦਾਨਾ, ਬਾਬਾ ਫਰੀਦ, ਪੀਰ ਬੁੱਧੂ ਸ਼ਾਹ, ਹਾਅ ਦਾ ਨਾਅਰਾ ਮਾਰਨ ਵਾਲੇ ਮਲੇਰ ਕੋਟਲਾ ਦੇ ਨਵਾਬ ਅਤੇ ਸਭ ਤੋਂ ਵਧ ਕੇ ਸਾਈਂ ਮੀਆਂ ਮੀਰ ਦੀਆਂ ਸਿਖਿਆਵਾਂ ਅਤੇ ਸਿੱਖ ਧਰਮ ਨਾਲ ਉਨ੍ਹਾਂ ਦੀਆਂ ਮਾਣ ਯੋਗ ਸਾਂਝਾਂ ਬਾਰੇ ਦੱਸਿਆ ਜਾਵੇ। ਇਹੋ ਮੇਰੀ ਮਨਸ਼ਾ ਅਤੇ ਇਹੋ ਹੀ ਸਾਡਾ ਮਿਸ਼ਨ ਹੈ।'

ਤੇਰੀਆਂ ਗਲੀਆਂ-19



ਦਲਬੀਰ ਸਿੰਘ

# ਉਜਾੜ ਪਈ ਭੀੜੀ ਗਲੀ

*'ਉਜਾੜ ਪਈ ਭੀੜੀ ਗਲੀ' ਲੰਘ ਚੁੱਕੇ ਵਕਤਾਂ ਦਾ ਵੇਰਵਾ ਹੈ। ਉਂਜ ਦਲਬੀਰ ਸਿੰਘ ਨੇ ਇਸ ਵੇਰਵੇ ਦੀਆਂ ਬਾਤਾਂ ਅੱਜ ਨਾਲ ਜੋੜ ਕੇ ਕੀਤੀਆਂ ਹਨ। ਇਸੇ ਕਰ ਕੇ ਇਸ ਥਕਾਨ ਵਿਚੋਂ ਉਡਾਣ ਦੇ ਝਉਲੇ ਵੀ ਪੈਂਦੇ ਹਨ। ਦਲਬੀਰ ਸਿੰਘ (20 ਅਗਸਤ 1949-28 ਜੁਲਾਈ 2007) ਦੀ ਸਵੈ-ਜੀਵਨੀ 'ਤੇਰੀਆਂ ਗਲੀਆਂ' ਭਾਵੇਂ ਉਹਦੇ ਆਪਣੇ ਪਿੰਡ ਨੰਗਲ ਸ਼ਾਮਾ ਦੀਆਂ ਯਾਦਾਂ ਹਨ; ਪਰ ਯਾਦਾਂ ਦੀਆਂ ਇਹ ਲੜੀਆਂ ਫੈਲ ਕੇ ਪੰਜਾਬ ਦੇ ਪਿੰਡਾਂ ਨਾਲ ਜੁੜ ਗਈਆਂ ਜਾਪਦੀਆਂ ਹਨ। ਉਹ ਪਿੰਡ ਦੀ ਨਬਜ਼ ਉਤੇ ਆਪਣੀਆਂ ਉਂਗਲਾਂ ਦੇ ਪੋਟੇ ਰੱਖ ਕੇ ਇਹਦਾ ਹਾਲ-ਚਾਲ ਪੁੱਛਦਾ ਪ੍ਰਤੀਤ ਹੁੰਦਾ ਹੈ। ਮਹਿਸੂਸ ਹੁੰਦਾ ਹੈ ਜਿਵੇਂ ਇਸ ਲਿਖਤ ਰਾਹੀਂ ਉਹ ਪੁਰਾਣੇ ਪੰਜਾਬ ਨੂੰ ਹਾਕਾਂ ਮਾਰ ਰਿਹਾ ਹੈ। ਇਸ ਸਵੈ-ਜੀਵਨੀ ਵਿਚ ਉਹਨੇ ਆਪਣੀ ਧੀ ਸੁਪਨੀਤ ਕੌਰ ਨੂੰ ਆਪਣਾ ਪਿੰਡ ਦਿਖਾਉਣ ਦੇ ਬਹਾਨੇ ਪੰਜਾਬ ਦੇ ਪਿੰਡਾਂ ਦੀ ਕਹਾਣੀ ਜੋੜੀ ਹੈ ਜੋ ਕਈ ਦਹਾਕਿਆਂ ਤੋਂ ਤੇਜ਼ੀ ਨਾਲ ਬਦਲੇ ਹਨ। -ਸੰਪਾਦਕ*

ਖੇਤਾਂ ਤੇ ਖੂਹਾਂ ਵੱਲੋਂ ਮੋੜ ਕੇ ਮੈਂ ਖੱਬੇ ਵੱਲ ਜਾਂਦੀ ਫਿਰਨੀ ਨੂੰ ਮੁੜਦਾ ਹਾਂ। ਇਹ ਉਹ ਫਿਰਨੀ ਹੈ ਜਿਹੜੀ ਅੱਗੇ ਜਾ ਕੇ ਗੁਰਦੁਆਰੇ ਦੇ ਪਿਛਵਾੜਿਉਂ ਹੁੰਦੀ ਹੋਈ ਉਸ ਰਸਤੇ ਨੂੰ ਮਿਲਦੀ ਹੈ ਜਿਹੜਾ ਗੁਆਂਢੀ ਪਿੰਡ ਭੋਜੋਵਾਲ ਨੂੰ ਜਾਂਦਾ ਹੈ। ਭੋਜੋਵਾਲ ਸਾਡੇ ਪਿੰਡ ਤੋਂ ਰਤਾ ਕੁ ਨੀਵਾਂ ਹੈ। ਇਸ ਲਈ ਅਸੀਂ ਨੀਵੇਂ ਢਿਲਕੇ ਮੰਜੇ ਨੂੰ ਭੋਜੇਵਾਲ ਵਰਗਾ ਮੰਜਾ ਕਹਿੰਦੇ ਸਾਂ। ਹਾਲੇ ਇਸ ਫਿਰਨੀ ਉਤੇ ਪਿਆ ਹੀ ਸਾਂ ਕਿ ਪੱਕੇ ਰੰਗ ਦਾ ਇਕ ਬਜ਼ੁਰਗ ਥੜ੍ਹੀ 'ਤੇ ਬੈਠਾ ਦਿਸਿਆ। ਇਹ ਮਹਿਰਿਆਂ (ਝਿਊਰਾਂ) ਦਾ ਹਰਬੰਸ ਸਿੰਘ ਸੀ। "ਕਿਉਂ ਬਈ, ਤੂੰ ਮੋਤੀ ਦਾ ਭਰਾ ਤਾਂ ਨਹੀਂ?" ਉਹਨੇ ਮੈਨੂੰ ਪਛਾਣਨ ਲਈ ਮੇਰੇ ਸਭ ਤੋਂ ਛੋਟੇ ਭਾਈ ਸੁਖਬੀਰ ਦਾ ਹਵਾਲਾ ਦਿੱਤਾ ਜਿਸ ਦਾ ਘਰ ਦਾ ਨਾਂ ਮੋਤੀ ਹੈ।

ਹਰਬੰਸ ਸਿੰਘ ਉਸ ਭੀੜੀ ਗਲੀ ਦੇ ਬਾਹਰ ਬੈਠਾ ਸੀ ਜਿਸ ਦੇ ਵਿਚਕਾਰ ਉਸ ਦਾ ਘਰ ਹੈ। ਇਹ ਗਲੀ ਇਸ ਫਿਰਨੀ ਵਾਲੇ ਪਾਸੇ ਬਹੁਤ ਭੀੜੀ ਹੈ, ਇੰਨੀ ਭੀੜੀ ਕਿ ਕਈ ਵਾਰੀ ਦੋ ਤਕੜੇ ਤਾਂ ਕੀ, ਸਾਧਾਰਨ ਬੰਦੇ ਇਕੱਠੇ ਲੰਘਣੇ ਔਖੇ ਹੋ ਜਾਂਦੇ ਹਨ। ਹਰਬੰਸ ਸਿੰਘ ਹੀ ਨਹੀਂ, ਉਸ ਦੀ ਬਿਰਾਦਰੀ ਦੇ ਹੋਰ ਲੋਕਾਂ ਦੇ ਘਰ ਵੀ ਇਸੇ ਭੀੜੀ ਗਲੀ ਵਿਚ ਹਨ। ਉਹ ਸਾਈਕਲਾਂ ਦਾ ਕੰਮ ਕਰਦਾ ਸੀ। ਉਸ ਨੇ ਸਾਰੀ ਉਮਰ ਜਲੰਧਰ ਦੇ ਰੈਣਕ ਬਾਜ਼ਾਰ ਦੀ ਇਕ ਦੁਕਾਨ ਉਤੇ ਬਿਤਾ ਦਿੱਤੀ। ਮਿਸਤਰੀ ਉਹ ਬਹੁਤ ਚੰਗਾ ਸੀ, ਇਸ ਲਈ ਉਸ ਦੇ ਮਾਲਕਾਂ ਨੇ ਉਦੋਂ ਵੀ ਉਸ ਦੀ ਬਾਂਹ ਨਹੀਂ ਛੱਡੀ, ਜਦੋਂ ਉਸ ਦੀਆਂ ਅੱਖਾਂ ਰਹਿ ਗਈਆਂ ਸਨ। "ਅੱਜ ਕੱਲ੍ਹ ਵੀ ਉਹ ਮੇਰੇ ਇਕੱਲੇ ਦੇ ਗੁਜ਼ਾਰੇ ਜੋਗਾ ਖਰਚਾ ਦੇਈ ਜਾਂਦੇ ਆ। ਤਾਈ ਤੇਰੀ ਕੁਸ਼ ਸਾਲ ਹੋਏ ਗੁਜ਼ਰ ਗਈ ਸੀ।" ਉਹ ਦੱਸਦਾ ਹੈ।

ਮੈਂ ਆਪਣੀ ਬੇਟੀ ਨੂੰ ਦੱਸਦਾ ਹਾਂ ਕਿ ਤਾਇਆ ਹਰਬੰਸ ਸਿੰਘ ਪਹਿਲਾ ਬੰਦਾ ਸੀ ਜਿਸ ਨੇ ਪਿੰਡ ਵਿਚ ਰੇਡੀਓ ਲਿਆਂਦਾ ਸੀ। ਇਕ ਕਮਰੇ ਵਾਲੇ ਉਸ ਦੇ ਚੁਬਾਰੇ ਉਤੇ ਦੋ ਬਾਂਸ ਗੱਡ ਕੇ ਏਰੀਅਲ ਬੰਨ੍ਹਿਆ ਹੁੰਦਾ ਸੀ ਤੇ ਸ਼ਾਮ ਵੇਲੇ, ਖਾਸ ਕਰ ਕੇ ਖ਼ਬਰਾਂ ਅਤੇ ਠੰਡੂ ਰਾਮ ਦਾ ਪ੍ਰੋਗਰਾਮ, ਉਹ ਬਹੁਤ ਉਚੀ ਆਵਾਜ਼ ਵਿਚ ਲਾਉਂਦਾ ਸੀ। ਉਸ ਦਾ ਰੇਡੀਓ ਅੱਧੇ ਪਿੰਡ ਨੂੰ ਸੁਣਦਾ ਹੁੰਦਾ ਸੀ। ਛੱਤੋ-ਛੱਤੀ ਸਾਡਾ ਘਰ ਬਹੁਤੀ ਦੂਰ ਨਹੀਂ ਸੀ। ਇਸ ਲਈ ਉਸ ਦਾ ਰੇਡੀਓ ਸਾਡੀ ਛੱਤ ਉਤੇ ਸੁਣਾਈ ਦੇ ਜਾਂਦਾ ਸੀ।

ਤਾਏ ਹਰਬੰਸ ਸਿਹੁੰ ਤੋਂ ਆਗਿਆ ਲੈ ਕੇ ਬੇਟੀ ਨੂੰ ਭੀੜੀ ਗਲੀ ਵਿਚ ਲੈ ਜਾਂਦਾ ਹਾਂ। ਉਹ ਮੈਥੋਂ ਅੱਗੇ ਤੁਰ ਰਹੀ ਹੈ। ਦੋਵੇਂ ਹੱਥ ਕੰਧਾਂ ਨੂੰ ਲੱਗ ਰਹੇ ਸਨ। ਖੱਬੇ ਹੱਥ ਵਾਲਾ ਪਹਿਲਾ ਦਰਵਾਜ਼ਾ ਬੰਦ ਹੈ, ਜਿੰਦਾ ਲੱਗਾ ਹੈ। ਸੱਜੇ ਮੁੜਦੇ ਹਾਂ ਤਾਂ ਖੱਬੇ ਵਾਲਾ ਵੀ ਤੇ ਸੱਜੇ ਵਾਲਾ ਵੀ, ਦੋਵੇਂ ਬੰਦ ਹਨ। ਸਭ ਉਤੇ ਜਿੰਦੇ ਲੱਗੇ ਹੋਏ ਹਨ। ਖੱਬੇ ਪਾਸੇ ਤਾਂ ਖੋਲੇ ਹੀ ਪਏ ਹਨ। ਫਿਰ ਸੱਜੇ ਮੁੜਦੇ ਹਾਂ ਤਾਂ ਸਾਹਮਣੇ ਜਗਤ ਸਿੰਘ ਦਾ ਜਿੰਦਾ ਲੱਗੇ ਵਾਲਾ ਬੂਹਾ ਦਿਖਾਈ ਦਿੰਦਾ ਹੈ। ਜਗਤ ਸਿੰਘ ਦਾ ਭਤੀਜਾ ਹਰਬੰਸ ਜਿਸ ਨੂੰ ਅਸੀਂ ਬਣੂਸੀ ਕਹਿੰਦੇ ਸਾਂ, ਕਦੇ ਮੇਰਾ ਗੂੜ੍ਹਾ ਮਿੱਤਰ ਹੁੰਦਾ ਸੀ। ਇਸ ਮਕਾਨ ਦਾ ਇਕ ਦਰਵਾਜ਼ਾ ਪਿਛਲੇ ਪਾਸੇ ਫ਼ਿਰਨੀ ਨੂੰ ਨਿਕਲਦਾ ਸੀ। ਇਧਰਲੇ ਅੰਦਰਲੇ ਪਾਸੇ ਦਾ ਬੂਹਾ ਲੰਘਦੇ ਸਾਰ ਸੱਜੇ ਪਾਸੇ ਪੌੜੀਆਂ ਸਨ। ਉਥੇ ਚੁਬਾਰੇ ਵਿਚ ਹੀ ਬਣੂਸੀ ਦਾ ਡੇਰਾ ਹੁੰਦਾ ਸੀ। ਉਸ ਨੂੰ ਕਹਾਣੀਆਂ ਲਿਖਣ ਦਾ ਸ਼ੌਕ ਸੀ ਤੇ ਮੈਨੂੰ ਉਨ੍ਹੀਂ ਦਿਨੀਂ ਕਵਿਤਾ ਲਿਖਣ ਦਾ। ਅਸੀਂ ਅਕਸਰ ਚੁਬਾਰੇ ਵਿਚ ਬੈਠ ਕੇ ਸਾਹਿਤਕ ਗੱਲਾਂ ਕਰਦੇ ਸਾਂ, ਜਾਂ ਇੱਧਰ-ਉਧਰ ਦੀਆਂ ਮਾਰਦੇ ਸਾਂ।

ਇਸ ਚੁਬਾਰੇ ਵਿਚ ਬਣੂਸੀ ਅਤੇ ਮੇਰੇ ਬਿਨਾਂ ਹੋਰ ਕੋਈ ਨਹੀਂ ਸੀ ਜਾਂਦਾ। ਖਬਰੇ ਨੌਵੀਂ ਜਾਂ ਦਸਵੀਂ ਵਿਚ ਸਾਂ ਕਿ ਬਣੂਸੀ ਕੋਲ ਇਕ ਨੌਜਵਾਨ ਆਇਆ। ਉਹ ਨੈਸ਼ਨਲ ਸਕੂਲ, ਜਲੰਧਰ ਛਾਉਣੀ ਵਿਚ ਪੜ੍ਹਦਾ ਸੀ। ਉਸ ਦੇ ਵਾਲ ਲਾਲ ਰੰਗੇ ਹੋਏ ਸਨ। ਉਹ ਬਣੂਸੀ ਦਾ ਕਲਾਸ ਫੈਲੋ ਸੀ ਤੇ ਕਵਿਤਾ ਲਿਖਦਾ ਸੀ। ਉਹ ਆਪਣਾ ਨਾਂ ਪਾਸ਼ ਦੱਸਦਾ ਸੀ। ਕਵਿਤਾ ਮੈਂ ਵੀ ਲਿਖਦਾ ਸੀ, ਪਰ ਧਾਰਮਿਕ ਤੇ ਆਦਰਸ਼ਵਾਦ ਵਾਲੀ। ਇਸ ਲਈ ਜਿਹੜੇ ਦੋ ਦਿਨ ਪਾਸ਼ ਉਥੇ ਰਿਹਾ, ਉਹ ਦੋ ਦਿਨ ਅਸੀਂ ਲਗਭਗ ਇਕੱਠੇ ਹੀ ਰਹੇ। ਪਾਸ਼ ਵਿਚ ਵੱਡਾ ਕਵੀ ਹੋਣ ਵਾਲੀ ਆਕੜ ਵੀ ਸੀ। ਮੈਨੂੰ ਲਗਦਾ ਸੀ ਕਿ ਉਹ ਮੈਨੂੰ ਆਪਣੇ ਹਾਣ ਦਾ ਨਹੀਂ ਸੀ ਸਮਝ ਰਿਹਾ। ਇਹ ਗੱਲ ਮਗਰੋਂ ਜਾ ਕੇ ਸਹੀ ਵੀ ਸਾਬਤ ਹੋ ਗਈ। ਹਾਣ ਦਾ ਤਾਂ ਕੀ, ਕਵਿਤਾ ਦੇ ਖੇਤਰ ਵਿਚ ਮੈਂ ਪਾਸ਼ ਦੇ ਪਾਸਕੂੰ ਵੀ ਨਹੀਂ ਸੀ!

ਫਿਰ ਵੀ, ਮੈਨੂੰ ਇਹ ਗੱਲ ਸਭ ਤੋਂ ਪਹਿਲਾਂ ਪਤਾ ਹੋਣ ਦਾ ਮਾਣ ਹਾਸਲ ਹੈ ਕਿ ਅਵਤਾਰ ਸਿੰਘ ਸੰਧੂ ਦਾ ਨਾਂ ਪਾਸ਼ ਕਿਵੇਂ ਪਿਆ। ਇਹ ਗੱਲ ਮੈਨੂੰ ਦੱਸੀ ਵੀ ਉਨ੍ਹਾਂ ਦੋ ਦਿਨਾਂ ਦੌਰਾਨ ਪਾਸ਼ ਦੇ ਸਾਹਮਣੇ ਹਰਬੰਸ ਨੇ ਹੀ ਸੀ। ਉਸ ਦੱਸਿਆ ਸੀ, "ਸਾਡੇ ਸਕੂਲ ਵਿਚ ਨਵੀਂ-ਨਵੀਂ ਮਾਸਟਰਨੀ ਆਈ ਏ ਪ੍ਰਕਾਸ਼ ਕੌਰ। ਅਵਤਾਰ ਉਸ ਨਾਲ ਇਸ਼ਕ ਕਰਦੈ, ਤੇ ਉਸ ਨੇ ਨਾਂ ਦਾ ਪਹਿਲਾ ਅਤੇ ਆਖ਼ਰੀ ਅੱਖਰ 'ਪ' ਅਤੇ 'ਸ਼' ਲੈ ਕੇ ਉਸ ਨੇ ਆਪਣਾ ਤਖੱਲਸ ਰੱਖ ਲਿਆ- ਪਾਸ਼।" ਮੋਟੀਆਂ ਅੱਖਾਂ ਵਾਲਾ ਪਾਸ਼ ਇਸ ਸਮੇਂ ਦੌਰਾਨ ਸ਼ਾਇਰਾਨਾ ਅੰਦਾਜ਼ ਵਿਚ ਮੁਸਕਰਾਉਂਦਾ ਰਿਹਾ ਸੀ।

ਹਰਬੰਸ ਉਰਫ਼ ਬਣੂਸੀ ਛੇਤੀ ਹੀ ਅਮਰੀਕਾ ਚਲੇ ਗਿਆ ਸੀ। ਕੁਝ ਹਫ਼ਤਿਆਂ ਮਗਰੋਂ ਉਸ ਦੀ ਚਿੱਠੀ ਆਈ। ਤਿੰਨ-ਚਾਰ ਸਫ਼ਿਆਂ ਦੀ। ਉਸ ਵਿਚਲੀਆਂ ਹੋਰ ਗੱਲਾਂ ਤਾਂ ਭੁੱਲ ਗਈਆਂ, ਸਿਰਫ਼ ਇੰਨਾ ਹੀ ਚੇਤਾ ਹੈ ਕਿ ਉਸ ਨੇ ਕਿਸੇ ਬਾਰ ਵਿਚ ਬੈਠ ਕੇ ਸ਼ਰਾਬ ਦੇ ਘੁੱਟ ਪੀਣ ਅਤੇ ਕਿਸੇ ਗੋਰੀ ਨਾਲ ਇਸ਼ਕ ਦਾ ਵੇਰਵੇ ਨਾਲ ਜ਼ਿਕਰ ਕੀਤਾ ਸੀ। ਨਵੰਬਰ 1998 ਵਿਚ ਮੈਂ ਸ਼ਿਕਾਗੋ ਗਿਆ, ਤਾਂ ਆਪਣੇ ਮਿੱਤਰ ਇੰਦਰ ਮੋਹਨ ਸਿੰਘ ਬਿੰਦੂ ਨੂੰ ਹਰਬੰਸ ਲਾਲੀ ਬਾਰੇ ਪੁੱਛਿਆ, ਪਰ ਕੋਈ ਸੂਹ ਨਹੀਂ ਮਿਲੀ।


ਬੇਟੀ ਨੂੰ ਮੇਰੀਆਂ ਭਾਵਨਾਵਾਂ ਅਤੇ ਮੇਰੇ ਚੇਤੇ ਦੇ ਖੰਡਰਾਂ ਦੀ ਕੋਈ ਪ੍ਰਵਾਹ ਨਹੀਂ। ਉਹ ਤਾਂ ਸਿਰਫ਼ ਪਿੰਡ ਦੇਖਣਾ ਚਾਹੁੰਦੀ ਹੈ। ਇਸ ਲਈ ਚੇਤੇ ਦੇ ਜਾਲੇ ਨੂੰ ਛੱਡ ਕੇ ਮੈਂ ਖੱਬੇ ਮੁੜ ਜਾਂਦਾ ਹਾਂ। ਸਭ ਘਰ ਖੋਲੇ ਤੇ ਖਾਲੀ ਹਨ। ਸਿਰਫ਼ ਤਾਇਆ ਹਰਬੰਸ ਸਿੰਘ ਦੇ ਘਰ ਵਿਚ ਹਿਲਜੁਲ ਨਜ਼ਰ ਆਉਂਦੀ ਹੈ, ਜਾਂ ਐਨ ਨਾਲ ਵਾਲੇ ਗਿਆਨੀ ਹੀਰਾ ਸਿੰਘ ਦੇ ਘਰ ਦਾ ਬੂਹਾ ਖੁੱਲ੍ਹਾ ਹੈ।

ਗਿਆਨੀ ਹੀਰਾ ਸਿੰਘ ਸਾਡੇ ਪਿੰਡ ਦਾ ਨਹੀਂ ਸੀ, ਪਰ ਉਸ ਨੇ ਪਿੰਡ ਦੇ ਗੁਰਦੁਆਰੇ ਦੀ ਸਾਂਭ-ਸੰਭਾਲ ਇਉਂ ਕੀਤੀ, ਕਿ ਪਿੰਡ ਦਾ ਹੀ ਹੋ ਕੇ ਰਹਿ ਗਿਆ। ਉਸ ਦਾ ਪੁੱਤਰ ਸੰਤੋਖ ਪਹਿਲਾਂ ਕਿਸੇ ਰਿਸ਼ਤੇਦਾਰ ਦੇ ਘਰ ਕਿਸੇ ਹੋਰ ਪਿੰਡ ਰਹਿੰਦਾ ਸੀ ਤੇ ਗਿਆਨੀ ਹੀਰਾ ਸਿੰਘ ਗੁਰਦੁਆਰੇ ਦੇ ਇਕ ਕਮਰੇ ਵਿਚ ਰਹੀ ਜਾਂਦਾ ਸੀ। ਫਿਰ ਉਸ ਨੇ ਸੰਤੋਖ ਨੂੰ ਵੀ ਲੈ ਆਂਦਾ, ਵਿਆਹ ਕਰ ਦਿੱਤਾ ਤੇ ਇਹ ਥਾਂ ਖਰੀਦ ਕੇ ਮਕਾਨ ਛੱਤ ਦਿੱਤਾ। ਸੰਤੋਖ ਕਿਤੇ ਨੌਕਰੀ ਕਰਦਾ ਸੀ, ਪਰ ਗੁਰਦੁਆਰੇ ਵਿਚ ਆਪਣੇ ਪਿਤਾ ਦੀ ਸਹਾਇਤਾ ਵੀ ਕਰਦਾ ਸੀ। ਗਿਆਨੀ ਹੀਰਾ ਸਿੰਘ ਦੀ ਮੌਤ ਮਗਰੋਂ ਉਸ ਨੇ ਗੁਰਦੁਆਰੇ ਦਾ ਕੰਮ-ਕਾਰ ਸੰਭਾਲ ਲਿਆ ਸੀ।

ਗਲੀ ਦੇ ਕੋਨੇ ਉਤੇ ਸੱਜੇ ਪਾਸੇ ਨਿਰਵੈਰ ਗੱਪੀ ਦਾ ਪੁਰਾਣਾ ਘਰ ਹੈ। ਇਥੋਂ ਗਲੀ ਖੱਬੇ ਮੁੜਦੀ ਹੈ ਤੇ ਖੱਬੇ ਪਾਸੇ ਦੂਜਾ ਘਰ ਸੋਹਣ ਸਿੰਘ ਦਾ ਹੈ। ਇਸ ਥਾਂ ਉਤੇ ਸੱਜੇ ਪਾਸੇ ਤਾਂ ਪਿੰਡ ਡਿਓੜੀ ਹੈ, ਸਾਹਮਣੇ ਦੂਜੀ ਲੁਹਾਰਾਂ ਵਾਲੀ ਭੀੜੀ ਗਲੀ ਹੈ ਤੇ ਖੱਬੇ ਪਾਸੇ ਵੱਲ ਉਹੀ ਗਲੀ ਹੈ ਜਿਸ ਦੀ ਟੱਕਰ ਉਸ ਘਰ ਨੂੰ ਲਗਦੀ ਹੈ ਜਿਥੇ ਮੈਂ ਜਨਮ ਲਿਆ ਸੀ। ਸਾਹਮਣੇ ਉਹ ਖਿੜਕੀ ਦਿਸ ਰਹੀ ਹੈ ਜਿਸ ਵਿਚ ਬੈਠ ਕੇ ਇਸ ਗਲੀ ਦੇ ਨਜ਼ਾਰੇ ਦੇਖੇ ਸਨ ਤੇ ਜ਼ਿੰਦਗੀ ਨੂੰ ਆਪਣੇ ਪੈਰਾਂ ਉਤੇ ਚੁੱਕ ਕੇ ਖੜ੍ਹਨ ਦੀ ਜਾਚ ਸਿੱਖੀ ਸੀ। ਇਹ ਖਿੜਕੀ ਹੁਣ ਬੰਦ ਹੈ। ਪਹਿਲਾਂ ਸੋਚਿਆ ਕਿ ਇਸੇ ਗਲੀ ਵੱਲ ਮੁੜ ਜਾਵਾਂ, ਤੇ ਬੇਟੀ ਨੂੰ ਖਿੜਕੀ ਦੀ ਕਹਾਣੀ ਸੁਣਾਵਾਂ, ਪਰ ਮੈਂ ਸੱਜੇ ਪਾਸੇ ਮੁੜ ਜਾਂਦਾ ਹਾਂ ਜਿਧਰ ਡਿਓੜੀ ਹੈ। ਪਹਿਲਾਂ ਉਸ ਨੂੰ ਡਿਓੜੀ ਤੇ ਨਾਲ ਵਾਲੀ ਖੂਹੀ ਦਿਖਾਵਾਂਗਾ। ਮੇਰਾ ਘਰ ਤਾਂ ਬਹੁਤ ਭਾਵੁਕ ਮਸਲਾ ਹੈ। ਇਸ ਲਈ ਇਸ ਪਾਸੇ ਵੱਲ ਬਾਅਦ ਵਿਚ ਹੀ ਆਵਾਂਗਾ। ਇਸ ਘਰ ਬਾਰੇ ਤਾਂ ਲੰਮੇ ਵਿਸਥਾਰ ਦੀ ਲੋੜ ਹੈ।

**(ਚਲਦਾ)**

***ਖਬਰੇ ਨੌਵੀਂ ਜਾਂ ਦਸਵੀਂ ਵਿਚ ਸਾਂ ਕਿ ਬਣੂਸੀ ਕੋਲ ਇਕ ਨੌਜਵਾਨ ਆਇਆ। ਉਹ ਨੈਸ਼ਨਲ ਸਕੂਲ, ਜਲੰਧਰ ਛਾਉਣੀ ਵਿਚ ਪੜ੍ਹਦਾ ਸੀ। ਉਸ ਦੇ ਵਾਲ ਲਾਲ ਰੰਗੇ ਹੋਏ ਸਨ। ਉਹ ਬਣੂਸੀ ਦਾ ਕਲਾਸ ਫੈਲੋ ਸੀ ਤੇ ਕਵਿਤਾ ਲਿਖਦਾ ਸੀ। ਉਹ ਆਪਣਾ ਨਾਂ ਪਾਸ਼ ਦੱਸਦਾ ਸੀ। ਪਾਸ਼ ਵਿਚ ਵੱਡਾ ਕਵੀ ਹੋਣ ਵਾਲੀ ਆਕੜ ਵੀ ਸੀ। ਉਹ ਮੈਨੂੰ ਆਪਣੇ ਹਾਣ ਦਾ ਨਹੀਂ ਸੀ ਸਮਝ ਰਿਹਾ। ਇਹ ਗੱਲ ਮਗਰੋਂ ਜਾ ਕੇ ਸਹੀ ਵੀ ਸਾਬਤ ਹੋ ਗਈ। ਹਾਣ ਦਾ ਤਾਂ ਕੀ, ਕਵਿਤਾ ਦੇ ਖੇਤਰ ਵਿਚ ਮੈਂ ਪਾਸ਼ ਦੇ ਪਾਸਕੂੰ ਵੀ ਨਹੀਂ ਸੀ!***




***ਜੇ ਨੰਗਲ ਸ਼ਾਮੇ ਵਾਲਾ ਹਰਬੰਸ ਕਿਤੇ ਪੜ੍ਹਦਾ-ਸੁਣਦਾ ਹੋਵੇ...***

***ਹਰਬੰਸ ਉਰਫ਼ ਬਣੂਸੀ ਅਮਰੀਕਾ ਚਲੇ ਗਿਆ ਸੀ। ਕੁਝ ਹਫ਼ਤਿਆਂ ਮਗਰੋਂ ਉਸ ਦੀ ਚਿੱਠੀ ਆਈ। ਇਸ ਵਿਚ ਬਾਰ ਵਿਚ ਬੈਠ ਕੇ ਸ਼ਰਾਬ ਪੀਣ ਅਤੇ ਕਿਸੇ ਗੋਰੀ ਨਾਲ ਇਸ਼ਕ ਦਾ ਵੇਰਵਾ ਸੀ। 1998 ਵਿਚ ਮੈਂ ਸ਼ਿਕਾਗੋ ਗਿਆ, ਤਾਂ ਆਪਣੇ ਮਿੱਤਰ ਇੰਦਰਮੋਹਨ ਸਿੰਘ ਬਿੰਦੂ ਨੂੰ ਹਰਬੰਸ ਲਾਲੀ ਬਾਰੇ ਪੁੱਛਿਆ, ਪਰ ਕੋਈ ਸੂਹ ਨਹੀਂ ਮਿਲੀ।***

# ਲੋਕ ਸ਼ਾਇਰੀ ਦੇ ਕਰੀਬ ਹੈ ਰਮੇਸ਼ ਬੰਗੜ ਦੀ 'ਪਹਿਲਾ ਪੌਡਾ'


## ਪੁਸਤਕ ਪੜਚੋਲ

ਬੱਚੇ ਨੂੰ ਜਨਮ ਦੇ ਕੇ ਹੀ ਪਤਾ ਲਗਦਾ ਹੈ ਕਿ ਮਾਂ, ਔਰਤ ਅਤੇ ਇਸਤਰੀ ਦੋਹਾਂ ਨਾਲੋਂ ਕਿਤੇ ਵੱਡੀ ਹੁੰਦੀ ਹੈ। ਕੁੰਡਾ ਖੜਕਾਉਣ ਨਾਲ ਨਹੀਂ, ਖੋਲ੍ਹਣ ਨਾਲ ਪਤਾ ਲਗਦਾ ਹੈ ਕਿ ਘਰ ਵੱਲ ਹਰ ਕੋਈ ਕਿਉਂ ਭੱਜ ਰਿਹਾ ਹੁੰਦਾ ਹੈ। ਇਵੇਂ ਕਿਸੇ ਰਚਨਾ ਨੂੰ ਮੁਕੰਮਲ ਕਰਨ ਪਿੱਛੋਂ ਹੀ ਅਹਿਸਾਸ ਹੁੰਦਾ ਹੈ ਕਿ ਦੁਨੀਆਂ ਦਾ ਸਭ ਤੋਂ ਵੱਡਾ ਦੁੱਖ ਜਣੇਪਾ, ਔਰਤ ਕਿੰਨਾ ਔਖਾ ਹੋ ਸਹਾਰਦੀ ਹੈ। ਕਵਿਤਾ ਦੀ ਰਚਨਾ ਕਰ ਕੇ ਕਵੀ ਦੀਆਂ ਵਾਛਾਂ ਖਿੜ ਗਈਆਂ ਹੁੰਦੀਆਂ ਹਨ, ਪਰ ਪਰਵਾਸ ਹੰਢਾਉਂਦਿਆਂ ਅਛੋਪਲੇ ਜਿਹੇ ਰਮੇਸ਼ ਕੁਮਾਰ ਬੰਗੜ ਨੇ ਅਮਰੀਕੀ ਕਵਿਤਾ ਵਿਚ ਪੈਰ ਧਰ ਕੇ ਉਸੇ ਧਾਰਨਾ ਨੂੰ ਸਿੱਧ ਕੀਤਾ ਹੈ ਕਿ ਜਜ਼ਬਾਤ ਅਤੇ ਦਿਲ ਦੀਆਂ ਗੱਲਾਂ ਕਰਨ ਲਈ ਕੋਈ ਘੜਿਆ ਫਰੇਮ ਨਹੀਂ ਹੁੰਦਾ। ਹਾਲ ਹੀ ਵਿਚ ਉਸ ਦੀ ਨਵ-ਪ੍ਰਕਾਸ਼ਿਤ ਪੁਸਤਕ 'ਪਹਿਲਾ ਪੌਡਾ' ਹੱਥਾਂ ਵਿਚ ਆਈ ਹੈ। ਇਹ ਭਾਵੇਂ ਉਸ ਨੇ ਆਪ ਹੀ ਯਤਨ ਕਰ ਕੇ ਇਸ ਨੂੰ ਸਾਹਿਤ ਅੰਦਰ ਖਿਲਾਰਿਆ ਹੈ, ਪਰ ਗੱਲ ਜਿਹੜੀ ਖਾਸ ਹੈ, ਉਹ ਇਹ ਕਿ ਉਸ ਨੇ ਭਾਵੇਂ ਇਹ ਸੋਚਿਆ ਹੋਵੇ ਕਿ ਚਲੋ ਪੁਸਤਕ ਨਾਲ ਹਾਜ਼ਰੀ ਭਰਦੇ ਹਾਂ, ਪਰ ਸੱਚ ਇਹ ਹੈ ਕਿ ਉਹ ਚਿਰੋਕੜਾ ਸ਼ਾਇਰ ਲਗਦਾ ਹੈ ਤੇ ਉਹਦੇ ਅੰਦਰ ਜਾਗਦੀ ਚੇਤਨਾ ਸੋਧ, ਸਾਧਨਾ, ਦਰਦ, ਸਮਾਜਕ ਉਧੇੜ-ਬੁਣ, ਫਿਕਰ ਤੇ ਕਿਤੇ-ਕਿਤੇ ਰੁਮਾਂਸ ਦਾ ਰਾਜ਼ ਸੁੱਟਦਾ ਨਜ਼ਰੀ ਪੈਂਦਾ ਹੈ। ਬੱਚਾ ਭਾਵੇਂ ਸੱਤਵੇਂ ਮਹੀਨੇ ਜੰਮ ਪਵੇ, ਪਰ ਜੇ ਹੋਵੇ ਰਿਸ਼ਟ-ਪੁਸ਼ਟ ਤੇ ਸਿਹਤਮੰਦ, ਤਾਂ ਸਭ ਤੋਂ ਪਹਿਲਾਂ ਦਾਈ ਜਾਂ ਡਾਕਟਰਾਂ ਨੇ ਹੀ ਵਧਾਈਆਂ ਦੇਣੀਆਂ ਹੁੰਦੀਆਂ ਹਨ। ਅੱਜ ਦੇ ਯੁੱਗ ਵਿਚ ਪੁਸਤਕ ਦੀ ਦਿੱਖ ਭਾਵੇਂ ਨਾ ਵੀ ਫਿੱਟ ਬੈਠਦੀ ਹੋਵੇ, ਪਰ ਉਹ ਆਪਣੇ ਕਾਰਜ ਵਿਚ ਕਾਫੀ ਅੱਗੇ ਹੈ। ਗਲੀ ਦਾਲ ਦਾ ਇਹ ਅੰਦਾਜ਼ਾ ਬਿਲਕੁਲ ਦਰੁਸਤ ਨਹੀਂ:

ਰੋੜ ਜੇ ਬਣੇਂਗਾ ਵੇ' ਤਾਂ
ਠੋਕਰਾਂ ਹੀ ਖਾਏਂਗਾ।
ਈਰਖਾ ਦੇ ਵਿਚ
ਦਿਲ ਆਪਣਾ ਜਲਾਏਂਗਾ।
ਫੁੱਲ ਜੇ ਬਣੇਂਗਾ
ਲੋਕੀ ਸੀਨੇ ਨਾਲ ਲਾਉਣਗੇ,
ਸ਼ਰਧਾ ਦੇ ਨਾਲ ਤੈਨੂੰ
ਮੰਦਰ ਚੜ੍ਹਾਉਣਗੇ।
ਕੰਡਾ ਕਿਤੇ ਬਣ
ਸਤਿਕਾਰਿਆ ਨਾ ਜਾਏਂਗਾ...।

ਪੁਸਤਕ ਨੂੰ ਬਰੀਕੀ ਨਾਲ ਦੇਖੋ ਤਾਂ ਸਮਾਜ ਅੰਦਰ ਖਿਲਰੇ ਖੋਟੇ ਸਿੱਕੇ ਮਨੁੱਖ ਦੀ ਅਗਿਆਨਤਾ ਨਾਲ ਕਾਫੀ ਮਹਿੰਗਾ ਮੁੱਲ ਵੱਟਣ ਤੇ ਪੁਆਉਣ ਵਿਚ ਸਫਲ ਹੋ ਰਹੇ ਹਨ। ਉਹ ਫਿਕਰਮੰਦ ਹੈ, ਸਿਰ ਡਾਂਗ ਮਾਰਨ ਤੋਂ ਹੀ ਹੱਥ ਪਿਛਾਂਹ ਖਿੱਚ ਰਿਹਾ ਜਾਪਦਾ ਹੈ। 'ਦੁਨੀਆ' ਨਾਂ ਦੀ ਰਚਨਾ ਵਿਚ ਉਹ ਆਖਦਾ ਹੈ:

ਲੁੱਟਣ ਖੋਹਣ ਨੂੰ ਸਾਰੇ ਬੈਠੇ
ਥਾਂ-ਥਾਂ ਖੋਲ੍ਹ ਦੁਕਾਨਾਂ
ਦੁਨੀਆਂ ਮਤਲਬ ਦੀ
ਬਚ ਕੇ ਜ਼ਰਾ ਜੁਆਨਾ
ਮੁਜਰਮ ਨੇ ਜੱਜ ਫਾਂਸੀ ਟੰਗਿਆ
ਆਇਆ ਉਲਟ ਜ਼ਮਾਨਾ...।




ਥੋੜ੍ਹੇ ਚਿਰ ਤੋਂ ਜਿੰਨਾ ਮੈਂ ਰਮੇਸ਼ ਬੰਗੜ ਨੂੰ ਜਾਣਦਾ ਹਾਂ, ਮੈਂ ਉਹਨੂੰ ਝੱਸ ਪੂਰਾ ਕਰਨ ਵਾਲਾ ਸ਼ਾਇਰ ਮੰਨਦਾ ਸੀ, ਪਰ ਅਸਲ ਵਿਚ ਉਹ ਕਾਫੀ ਗਹਿਰ-ਗੰਭੀਰਤਾ ਨਾਲ ਵਿਚਰਦਾ ਲਗਦਾ ਹੈ। ਬੰਗੜ ਕਈ ਥਾਂ ਲੋਕ ਗੀਤਕਾਰੀ ਦੇ ਕਾਫੀ ਨੇੜਿਓਂ ਲੰਘਦਾ ਨਜ਼ਰੀ ਪੈਂਦਾ ਹੈ। ਮਸਲਨ:

ਹਰ ਇਕ ਚੀਜ਼ ਦੀ ਅਖੀਰ
ਆਉਂਦੀ ਇਕ ਦਿਨ
ਚੜ੍ਹਦਾ ਜੋ ਸੂਰਜ ਉਹ ਢਲਦਾ ਜ਼ਰੂਰ ਏ।
ਆਪ ਜਿਹੜਾ 'ਤਾਹਾਂ ਨੂੰ
ਨਾ ਚੜ੍ਹੇ ਇਕ ਪੌਡਾ
ਦੂਜਿਆਂ ਦੀ ਜਿੱਤ ਉਤੇ ਜਲਦਾ ਜ਼ਰੂਰ ਏ...।

ਇਹ ਕਹਿਣ ਵਿਚ ਕੋਈ ਉਜ਼ਰ ਨਹੀਂ ਕਿ ਪਿੰਗਲ ਦੀ ਤਕਨੀਕ, ਕਾਫੀਏ, ਰਦੀਫ਼ ਤੋਂ ਤਾਂ ਉਹ ਭਾਵੇਂ ਪਛੜ ਗਿਆ ਹੋਵੇ, ਪਰ ਕੁਝ ਗੱਲਾਂ ਉਹ 'ਗ਼ਜ਼ਲ' ਦੀ ਬਣਤਰ ਹੇਠ ਕਰਨ ਦਾ ਯਤਨ ਸਫਲਤਾ ਨਾਲ ਕਰ ਜਾਂਦਾ ਹੈ। ਕਈ ਵਾਰ ਸਿਨਫ ਦੀ ਘਾਟ ਹੋ ਸਕਦੀ ਹੈ, ਪਰ ਅੰਦਰਲੇ ਸ਼ਾਇਰ ਨੂੰ ਬਾਹਰ ਕੱਢਣ ਵਿਚ ਉਹ ਪੂਰੇ ਦਾ ਪੂਰਾ ਸਫਲ ਲਗਦਾ ਹੈ। ਤੁਕਾਂਤ ਨਹੀਂ, ਸਗੋਂ ਆਪੇ ਤੋਂ ਬਾਹਰੀ ਹੋ ਰਹੀ ਜ਼ਿੰਦਗੀ ਦੇ ਉਹਦੇ ਵਚਨ ਪ੍ਰਵਚਨਾਂ ਵਰਗੇ ਲਗਦੇ ਹਨ:

ਚਿੱਤ ਕਰਦਾ ਏ ਉਠ ਕੇ ਕਿਧਰੇ ਭੱਜ ਜਾਵਾਂ,
ਪੈਰ ਪਕੜ ਲਏ ਘੁੱਟ ਕੇ ਜ਼ਿੰਮੇਵਾਰੀ ਨੇ।
ਭੰਵਰੇ ਸੋਚਿਆ ਰਸ ਚੂਸ ਕੇ ਉਡ ਜਾਊਂ,
ਗ਼ਲ ਵਿਚ ਫਾਹਾ ਪਾ ਦਿੱਤਾ ਹੁਸ਼ਿਆਰੀ ਨੇ...।

ਬੰਗੜ ਨੇ ਰੁਮਾਂਸ ਆਪ ਕੀਤਾ ਨਹੀਂ ਲਗਦਾ, ਇਸੇ ਲਈ ਉਹ ਓਪਰੇ ਅਨੁਭਵਾਂ ਨੂੰ ਖਿੱਚਦਾ ਜਾਪਦਾ ਹੈ:

ਸੋਚਿਆ ਨਹੀਂ ਸੀ
ਜੋ ਹਾਲ ਮੇਰਾ ਹੋ ਗਿਆ
ਪਤਾ ਵੀ ਨਾ ਲੱਗਾ
ਦਿਲ ਤੇਰਾ ਹੋ ਗਿਆ...।

96 ਸਫਿਆਂ ਦੀ ਇਸ ਪੁਸਤਕ ਵਿਚੋਂ ਲੋਕ ਰਸ ਲੱਭਣ ਦੇ ਸ਼ੌਕੀਨਾਂ ਲਈ ਬੜਾ ਕੁਝ ਹੈ, ਸਟੇਜੀ ਸ਼ਾਇਰੀ ਵੀ, ਤੇ ਧਿਆਨ ਖਿੱਚਣ ਦਾ ਜੁਗਾੜ ਵੀ ਹੈ, ਪਰ ਜੇ ਮੈਂ ਆਪਣੀ ਜਾਚੇ ਲੋਕ ਗੀਤ ਵਰਗੀ ਕਿਸੇ ਰਚਨਾ ਨੂੰ ਉਤਮ ਕਹਿਣਾ ਹੋਵੇ ਤਾਂ:

ਦੁਨੀਆਂ ਦੀ ਗੱਡੀ ਏਦਾਂ
ਰੁੜ੍ਹੀ ਜਾਂਦੀ ਹੌਲੀ-ਹੌਲੀ
ਸਾਰਿਆਂ ਨੂੰ ਇਥੇ ਤਾਂ
ਪਸੰਦ ਕੁਝ ਆਉਂਦਾ ਨਹੀਂ।
ਜਿਹਦੇ ਕੋਲ ਹੈ ਨਹੀਂ
ਉਹੋ ਵੱਟਦਾ ਕਚੀਚੀਆਂ ਨੂੰ,
ਜੀਹਦੇ ਕੋਲ ਹੈਗਾ
ਉਹ ਸ਼ੁਕਰ ਮਨਾਉਂਦਾ ਨਹੀਂ।

ਰਮੇਸ਼ ਦੀ ਇਹ ਪੁਸਤਕ ਚੰਗੀ ਵੀ ਹੈ, ਊਣਤਾਈਆਂ ਵੀ ਨੇ, ਪਰ ਪਹਿਲੀ ਲੋਹੜੀ ਵੰਡਣ ਦਾ ਆਪਣਾ ਹੀ ਸੁਆਦ ਹੁੰਦਾ ਹੈ।

***-ਐਸ. ਅਸ਼ੋਕ ਭੌਰਾ***

# ਫਲ ਨੀਵਿਆਂ ਰੁੱਖਾਂ ਨੂੰ ਲੱਗਦੇ...

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਆਂਟੀ ਸਟੋਰਾਂ ਵਾਲੀ ਤੁਰਦੀ ਨਹੀਂ, ਸਗੋਂ ਦੌੜਦੀ ਸੀ। ਮਾਪਿਆਂ ਨੇ ਉਹਦਾ ਨਾਂ ਤਾਂ ਜਸਵੀਰ ਕੌਰ ਰੱਖਿਆ ਸੀ ਪਰ ਉਹ ਅਮਰੀਕਾ ਆ ਕੇ ਜੈਸਿਕਾ ਹੋ ਗਈ ਸੀ। ਚੌਥੀ ਪੰਦਰੀ ਮੁੱਕਣ ਵਾਲੀ ਸੀ, ਪਰ ਆਂਟੀ ਖੁਦ ਨੂੰ ਬੱਤੀਆਂ ਦੀ ਹੀ ਸਮਝਦੀ ਸੀ। ਪੂਰੀ ਫਿੱਟ। ਜੇ ਕੋਈ ਪੁੱਛਦਾ, "ਤੁਸੀਂ ਇੰਡੀਆ ਪੰਜਾਬ ਤੋਂ ਹੋ", ਤਾਂ ਆਂਟੀ ਨੱਕ ਮਰੋੜ ਕੇ ਆਖਦੀ, "ਨਹੀਂ, ਅਸੀਂ ਤਾਂ ਚੰਡੀਗੜ੍ਹ ਤੋਂ ਹਾਂ।" ਆਂਟੀ ਚੰਡੀਗੜ੍ਹ, ਅਮਰੀਕਾ ਆਉਣ ਤੋਂ ਕੁਝ ਮਹੀਨੇ ਪਹਿਲਾਂ ਹੀ ਗਈ ਸੀ। ਆਂਟੀ ਨੇ ਵਾਲ ਹੰਸ ਰਾਜ ਹੰਸ ਵਰਗੇ ਘੁੰਗਰਾਲੇ ਬਣਾਏ ਹੋਏ ਸਨ। ਉਮਰ ਦੇ ਲਿਹਾਜ਼ ਨਾਲ ਜੇ ਕੋਈ ਉਸ ਨੂੰ ਆਂਟੀ ਆਖਦਾ ਤਾਂ ਉਹ ਕਸੂਤਾ ਜਿਹਾ ਝਾਕਦੀ। ਜੇ ਕੋਈ ਜੈਸਿਕਾ ਆਖ ਬੁਲਾਉਂਦਾ ਤਾਂ ਦੰਦ ਕੱਢ ਕੇ ਹੱਸਦੀ-ਹੱਸਦੀ 'ਹੈਲੋ' ਆਖਦੀ। ਸੱਚ... ਅੰਕਲ ਬਾਰੇ ਤਾਂ ਮੈਂ ਭੁੱਲ ਹੀ ਗਿਆ... ਅੰਕਲ ਬਣਿਆ ਹੋਇਆ ਸੀ ਮਿੱਟੀ ਦਾ ਮਾਧੋ; ਜਿਵੇਂ ਅੰਕਲ ਆਂਟੀ ਹੋਵੇ, ਤੇ ਆਂਟੀ ਅੰਕਲ। ਵੈਸੇ ਉਹ ਹੰਢਿਆ ਬੰਦਾ ਸੀ ਪਰ ਘਰ ਦੇ ਹਾਲਾਤ ਨੇ ਉਸ ਨੂੰ ਬੱਸ 'ਹਾਂ ਜੀ' ਕਹਿਣ ਜੋਗਾ ਬਣਾ ਦਿੱਤਾ ਸੀ।

ਅੰਕਲ ਆਪਣੇ ਭਰਾਵਾਂ ਵਿਚੋਂ ਸਭ ਨਾਲੋਂ ਵੱਡਾ ਸੀ। ਚੁਸਤ-ਚਲਾਕੀ ਨਾਲ ਕਿਸੇ ਅਮੀਰ ਦੋਸਤ ਦੇ ਖੰਭਾਂ ਨਾਲ ਚੁੰਬੜ ਕੇ ਅਮਰੀਕਾ ਉਡ ਆਇਆ। ਉਸ ਦੋਸਤ ਨਾਲ ਹੀ ਰਹਿੰਦਾ ਉਹ ਬਹੁਤ ਕੁਝ ਸਿੱਖ ਗਿਆ ਸੀ। ਸਭ ਤੋਂ ਪਹਿਲਾਂ ਉਹਨੇ ਆਪਣੇ ਪੇਪਰ ਬਣਾਏ। ਥੋੜ੍ਹੀ-ਬਹੁਤੀ ਮਿਹਨਤ ਕੀਤੀ। ਫਰੀਵੇਅ 'ਤੇ ਬੰਦ ਵਰਗਾ ਗੈਸ ਸਟੇਸ਼ਨ ਲੈ ਲਿਆ ਜੋ ਕਿਸੇ ਗੋਰੇ ਦਾ ਸੀ। ਗੋਰੇ ਦੀ ਐਸ਼ਪ੍ਰਸਤੀ ਨੇ ਗੈਸ ਸਟੇਸ਼ਨ ਦੀ ਬੰਦ ਵਰਗੀ ਹਾਲਤ ਕਰ ਦਿੱਤੀ ਸੀ, ਪਰ ਅੰਕਲ ਦੀ ਕਿਸਮਤ ਮਿੱਟੀ ਵਿਚ ਪਏ ਹੀਰੇ ਵਾਂਗ ਚਮਕ ਪਈ ਤੇ ਉਹ ਤਰੱਕੀ ਵਾਲੀ ਪੌੜੀ ਚੜ੍ਹਨ ਲੱਗ ਪਿਆ। ਤਿੰਨ ਸਾਲ ਵਿਚ ਉਹਨੇ ਡਾਲਰ ਕਮਾਏ ਨਹੀਂ, ਢੇਰ ਹੀ ਲਾ ਲਿਆ। ਫਿਰ ਇਕ ਗੈਸ ਸਟੇਸ਼ਨ ਹੋਰ ਖਰੀਦ ਲਿਆ। ਉਮਰ ਚੜ੍ਹ ਰਹੀ ਸੀ। ਫਿਰ ਉਹਨੇ ਸੋਚਿਆ, ਇੰਡੀਆ ਜਾ ਕੇ ਵਿਆਹ ਕਰਵਾ ਆਵੇ। ਪਿੰਡ ਜਾ ਕੇ ਜਸਵੀਰ ਕੌਰ ਨਾਲ ਵਿਆਹ ਕਰਵਾ ਲਿਆ ਜੋ ਬਹੁਤੀ ਪੜ੍ਹੀ ਹੋਈ ਨਹੀਂ ਸੀ, ਪਰ ਅਮੀਰ ਘਰ ਦੀ ਇਕੱਲੀ ਧੀ ਸੀ। ਅੰਕਲ ਦੇ ਮਾਪੇ ਦਾਜ ਦਾ ਟਰੱਕ ਲੈ ਕੇ ਖੁਸ਼ ਹੋ ਗਏ ਸਨ।

ਅੰਕਲ ਚਾਰ ਮਹੀਨੇ ਪਿੰਡ ਰਿਹਾ। ਵਾਪਸ ਆ ਕੇ ਉਸ ਨੇ ਆਪਣੇ ਅਮੀਰ ਦੋਸਤ ਨੂੰ ਵਿਆਹ ਲਈ ਇੰਡੀਆ ਭੇਜਿਆ। ਮਾੜੀ ਕਿਸਮਤ, ਦੋਸਤ ਇੰਡੀਆ ਪਹੁੰਚ ਕੇ ਐਕਸੀਡੈਂਟ ਵਿਚ ਮਾਰਿਆ ਗਿਆ। ਇੱਧਰ ਅੰਕਲ ਨੇ ਦੋਵੇਂ ਗੈਸ ਸਟੇਸ਼ਨ ਰੱਖ ਨਹੀਂ, ਸਗੋਂ ਨੱਪ ਹੀ ਲਏ। ਦੋਸਤ ਦੇ ਮਾਪਿਆਂ ਨੂੰ ਘਾਟਾ ਦਿਖਾ ਕੇ ਉਨ੍ਹਾਂ ਨਾਲੋਂ ਨਾਤਾ ਤੋੜ ਲਿਆ। ਫਿਰ ਕਈ ਸਾਲ ਆਂਟੀ ਦੇ ਪੇਪਰ ਨਹੀਂ ਭਰੇ। ਇੱਧਰ ਮੌਜ-ਮਸਤੀ ਕਰ ਛੱਡਦਾ। ਜਦੋਂ ਅੰਕਲ ਦਾ ਬਾਪੂ ਸੁਰਗਵਾਸ ਹੋਇਆ, ਤਾਂ ਪਿੰਡ ਗਿਆ ਦੋ ਮਹੀਨੇ ਰਹਿ ਕੇ ਵਾਪਸ ਆ ਗਿਆ। ਦੋਵੇਂ ਗੈਸ ਸਟੇਸ਼ਨਾਂ ਦੀ ਕਮਾਈ ਨੇ ਜਿਥੇ ਅੰਕਲ ਨੂੰ ਡਾਲਰਾਂ ਨਾਲ ਮਾਲੋ-ਮਾਲ ਕੀਤਾ, ਉਥੇ ਉਸ ਨੂੰ ਹਉਮੈ ਤੇ ਹੰਕਾਰ ਵੀ ਦੇ ਦਿੱਤਾ। ਅੰਕਲ ਛੋਟੇ-ਮੋਟੇ ਬੰਦੇ ਨਾਲ ਤਾਂ ਗੱਲ ਹੀ ਨਹੀਂ ਸੀ ਕਰਦਾ। ਹਮੇਸ਼ਾ ਮੈਂ ਤੇ ਮੇਰੀ ਪ੍ਰਾਪਰਟੀ...ਮੈਂ ਆਹ ਕੀਤਾ ਤੇ ਮੈਂ ਅਹੁ ਕੀਤਾ...।

ਖ਼ੈਰ! ਆਂਟੀ ਇੰਡੀਆ ਤੋਂ ਦੋ ਧੀਆਂ ਲੈ ਕੇ ਆ ਗਈ। ਅੰਕਲ ਦਾ ਮਹਿਲਾਂ ਵਰਗਾ ਘਰ, ਪਿੰਡ ਦੇ ਛੱਪੜ ਜਿੱਡਾ ਸਵਿਮਿੰਗ ਪੂਲ ਦੇਖ ਕੇ ਆਂਟੀ ਨੇ ਅੰਕਲ ਨੂੰ ਘੁੱਟ ਕੇ ਗਲਵਕੜੀ ਪਾਈ। ਆਂਟੀ ਦੇ ਆਉਣ 'ਤੇ ਘਰ ਵਿਚ ਅਮੀਰ ਤੇ ਬਿਜਨਸ ਵਾਲੇ ਬੰਦਿਆਂ ਦੀ ਪਾਰਟੀ ਰੱਖੀ ਗਈ। ਆਂਟੀ ਨੇ ਆਈਆਂ ਜਨਾਨੀਆਂ ਨੂੰ ਦੇਖਿਆ ਕਿ ਇਹ ਤਾਂ ਪੰਜਾਬਣਾਂ ਲੱਗਦੀਆਂ ਹੀ ਨਹੀਂ ਸਨ। ਇਨ੍ਹਾਂ ਵਿਚੋਂ ਕਈਆਂ ਨੇ ਤਾਂ ਗਲਾਸੀ ਵੀ ਖੜਕਾਈ। ਨੱਚੀਆਂ-ਟੱਪੀਆਂ ਵੀ। ਅੰਗਰੇਜ਼ੀ ਬੋਲਣ। ਆਂਟੀ ਵਿਚਾਰੀ ਇੰਜ ਖੜ੍ਹੀ ਰਹੀ ਜਿਵੇਂ ਕਬੂਤਰੀਆਂ ਵਿਚ ਘੁੱਗੀ ਹੋਵੇ। ਜਿੱਦਾਂ 'ਜੈਸੀ ਸੰਗਤ ਤੈਸੀ ਰੰਗਤ' ਹੋ ਹੀ ਜਾਂਦੀ ਹੈ, ਆਂਟੀ ਵੀ ਥੋੜ੍ਹੇ ਸਮੇਂ ਬਾਅਦ ਬੌਬ ਕੱਟ ਕਰਵਾ ਆਈ। ਸੂਟ-ਸਲਵਾਰ ਛੱਡ ਕੇ ਜੀਨ ਤੇ ਟੌਪ ਪਹਿਨਣਾ ਸ਼ੁਰੂ ਕਰ ਦਿੱਤਾ। ਗੈਸ ਸਟੇਸ਼ਨਾਂ 'ਤੇ ਜਾਣ ਲੱਗੀ ਤਾਂ ਜੈਸਿਕਾ ਬਣ ਗਈ। ਅੰਕਲ ਨੇ ਲਾਇਸੈਂਸ ਦਿਵਾ ਕੇ ਨਵੀਂ ਗੱਡੀ ਲੈ ਦਿੱਤੀ। ਦੋਵੇਂ ਧੀਆਂ ਸਕੂਲੇ ਪੜ੍ਹਨ ਲੱਗੀਆਂ। ਜਿਵੇਂ-ਜਿਵੇਂ ਆਂਟੀ ਅਮਰੀਕਾ ਘੁੰਮਦੀ ਗਈ, ਉਸ ਵਿਚੋਂ ਪੰਜਾਬਣ ਗੁੰਮਦੀ ਗਈ। ਫਿਰ ਇਕ ਦਿਨ ਆਂਟੀ ਪੂਰੀ ਅਮਰੀਕਨ ਬਣ ਗਈ ਜਦੋਂ ਉਹ ਸਿਟੀਜ਼ਨ ਦਾ ਪਾਸਪੋਰਟ ਲੈ ਆਈ। ਹਰ ਵੀਕ ਐਂਡ 'ਤੇ ਕੋਈ ਨਾ ਕੋਈ ਪਾਰਟੀ ਹੁੰਦੀ, ਜਸ਼ਨ ਮਨਾਏ ਜਾਂਦੇ। ਪੰਜਾਬ ਨੂੰ ਚਾਰ ਗਾਲ੍ਹਾਂ ਕੱਢੀਆਂ ਜਾਂਦੀਆਂ ਤੇ ਅਮਰੀਕਾ ਨੂੰ 'ਲਵ ਯੂ' ਕਿਹਾ ਜਾਂਦਾ।

ਇਕ ਦਿਨ ਅੰਕਲ ਦੇ ਇਥੇ ਰਹਿੰਦੇ ਮਿੱਤਰ ਦੀ ਮਾਂ ਸੁਰਗਵਾਸ ਹੋ ਗਈ। ਅੰਕਲ ਨੂੰ ਉਸ ਦੇ ਸੰਸਕਾਰ 'ਤੇ ਜਾਣਾ ਪਿਆ। ਉਥੇ ਮਾਂ ਲਈ ਹੋਈ ਸਪੀਚ ਨੇ ਉਹਨੂੰ ਆਪਣੀ ਮਾਂ ਯਾਦ ਕਰਵਾ ਦਿੱਤੀ। ਅੰਕਲ ਨੂੰ ਮਾਂ ਦੀ ਮਮਤਾ ਨੇ ਬਹੁਤ ਰੁਆਇਆ। ਦੂਜੇ ਦਿਨ ਹੀ ਉਹਨੇ ਆਪਣੀ ਮਾਂ ਦੇ ਪੇਪਰ ਭਰ ਦਿੱਤੇ। ਛੇ ਮਹੀਨਿਆਂ ਵਿਚ ਮਾਂ ਅਮਰੀਕਾ ਆ ਗਈ, ਪੁੱਤ ਤੇ ਪਰਿਵਾਰ ਨੂੰ ਦੇਖ ਕੇ ਖੁਸ਼ ਹੋਈ। ਮਾਂ ਨੇ ਆਂਟੀ ਦੇ ਵਾਲ ਦੇਖ ਕੇ ਪੁੱਛਿਆ, "ਕੁੜੇ ਤੇਰੇ ਵਾਲਾਂ ਨੂੰ ਕੀ ਹੋ ਗਿਆ।"

"ਬੀਜੀ ਇੱਥੇ ਵਾਲ ਰੱਖਣ ਦਾ ਰਿਵਾਜ ਨਹੀਂ। 'ਜੈਸਾ ਦੇਸ, ਵੈਸਾ ਭੇਸ' ਕਰਨਾ ਪੈਂਦਾ।" ਆਂਟੀ ਦਾ ਜਵਾਬ ਸੀ।

ਮਾਂ ਵਾਹਿਗੁਰੂ ਕਰਦੀ ਚੁੱਪ ਹੋ ਗਈ। ਫਿਰ ਕਿਤੇ ਆਂਟੀ ਨੇ ਅੰਕਲ ਨੂੰ ਅਵਾਜ਼ ਦਿੱਤੀ, "ਲੈਰੀ! ਗੱਲ ਸੁਣਿਓ ਇੱਧਰ ਆ ਕੇ।" ਮਾਂ ਵਿਚਾਰੀ ਹੈਰਾਨ ਕਿ ਆਹ ਲੈਰੀ ਕੌਣ ਹੋਇਆ? ਜਦੋਂ ਅੰਕਲ ਨੇ ਜਵਾਬ ਦਿੱਤਾ, "ਜੈਸਿਕਾ ਡਾਰਲਿੰਗ, ਮੈਂ ਹੁਣੇ ਆਇਆ", ਮਾਂ ਹੈਰਾਨ ਹੋ ਗਈ ਕਿ ਮੇਰੇ ਲਖਵੀਰ ਸਿੰਘ ਨੂੰ ਇਨ੍ਹਾਂ ਨੇ ਵੱਢ ਕੇ ਲੈਰੀ ਬਣਾ ਦਿੱਤਾ ਹੈ। ਤੌਬਾ! ਤੌਬਾ! ਆਹ ਅਮਰੀਕਾ ਐ। ਜਿਥੇ ਤੀਵੀਆਂ ਆਪਣੇ ਬੰਦਿਆਂ ਦਾ ਨਾਮ ਲੈ ਕੇ ਬੁਲਾਉਂਦੀਆਂ ਹਨ। ਨਾ ਭਾਈ! ਸਾਡੇ ਕਿਹੜਾ ਮਨੁੱਖ ਨਹੀਂ ਸੀ। ਜਦੋਂ ਬੁਲਾਉਣਾ ਤਾਂ ਹਮੇਸ਼ਾ ਕਹਿਣਾ, 'ਲੱਖੇ ਦੇ ਬਾਪੂ, ਗੱਲ ਸੁਣੀਂ।' ਜੇ ਬਾਪੂ ਨੇ ਕੁਝ ਪੁੱਛਣਾ ਤਾਂ ਕਹਿਣਾ, 'ਲੱਖੇ ਦੀ ਬੇਬੇ, ਆ ਕੇ ਗੱਲ ਸੁਣ।'

*ਅੰਕਲ-ਆਂਟੀ ਉਸ ਮੋੜ 'ਤੇ ਆ ਖੜ੍ਹੇ ਹੋਏ ਜਿਥੋਂ ਤੁਰੇ ਸਨ। ਵੀਹ ਸਾਲ ਦੀ ਐਸ਼ ਅਤੇ ਹਉਮੈ-ਹੰਕਾਰ ਦੀ ਅੱਖਾਂ 'ਤੇ ਬੰਨ੍ਹੀ ਪੱਟੀ ਨੇ ਦੋਵਾਂ ਦਾ ਬੁਢਾਪਾ ਕੱਖਾਂ ਵਾਂਗ ਰੋਲ ਛੱਡਿਆ ਹੈ। ਧੀਆਂ ਦਾ ਘਰ ਵੀ ਨਾ ਵਸਾ ਹੋਇਆ, ਆਪਣਾ ਵੀ ਨਾ ਬਚਾ ਹੋਇਆ। ਜਿਹੜੀ ਆਂਟੀ ਜ਼ੁਲਫਾਂ ਕਾਲੀਆਂ ਕਰ ਕੇ ਦੌੜਦੀ ਸੀ, ਉਹ ਪੂਣੀ ਵਰਗੇ ਬੱਗੇ ਵਾਲਾਂ ਦੀ ਕੇਸਕੀ ਬੰਨ੍ਹ ਕੇ ਰੱਖਦੀ ਹੈ। ਲੋਕਾਂ ਨੂੰ ਪਾਗਲ ਕਹਿਣ ਵਾਲਾ ਅੰਕਲ ਹੁਣ ਪਾਗਲਾਂ ਵਾਂਗ ਹਰ ਇਕ ਅੱਗੇ ਹੱਥ ਜੋੜ ਕੇ ਫਤਹਿ ਬੁਲਾਉਂਦਾ ਹੈ।*

ਮਾਂ ਨੇ ਸ਼ਾਮ ਨੂੰ ਰਹਿਰਾਸ ਸਮੇਂ ਆਂਟੀ ਨੂੰ ਪੁੱਛਿਆ, "ਜਸਵੀਰ ਕੁੜੇ! ਮੈਨੂੰ ਗੁਟਕਾ ਦੇਈਂ, ਪਾਠ ਕਰ ਲਵਾਂ।" ਅੱਗਿਉਂ ਆਂਟੀ ਬੋਲੀ, "ਬੀਜੀ! ਮੇਰਾ ਨਾਂ ਜੈਸਿਕਾ ਹੈ, ਜਸਵੀਰ ਨਹੀਂ। ਬਾਕੀ ਗੱਲ, ਘਰ 'ਚ ਕੋਈ ਪਾਠ ਨਹੀਂ ਕਰਦਾ ਤੇ ਗੁਟਕਾ ਨਹੀਂ ਹੈ। ਉਪਰ ਕਮਰੇ ਵਿਚ ਬਾਬਿਆਂ ਦੀ ਫੋਟੋ ਲੱਗੀ ਹੈ। ਉਥੇ ਹੀ ਨਮਸਕਾਰ ਕਰ ਦੇਈਦੀ ਹੈ।" ਮਾਂ ਨੂੰ ਇੰਜ ਲੱਗਿਆ ਕਿ ਜਿਵੇਂ ਘਰ ਦੀ ਛੱਤ ਸਿਰ 'ਤੇ ਡਿੱਗ ਪਈ ਹੋਵੇ। ਉਹ ਮਸਾਂ ਸੰਭਲੀ, ਤੇ ਆਂਟੀ ਜਾਂਦੀ ਹੋਈ ਬੋਲੀ, "ਬੀਜੀ! ਫਿਕਰ ਨਾ ਕਰਿਓ, ਮੈਂ ਕੱਲ੍ਹ ਖਰੀਦ ਕੇ ਲੈ ਆਵਾਂਗੀ।"

"ਤੂੰ ਐਸ ਵੇਲੇ ਕਿੱਧਰ ਨੂੰ ਚੱਲੀ?" ਮਾਂ ਨੇ ਆਂਟੀ ਨੂੰ ਪੁੱਛਿਆ।

"ਓ ਹੋ ਬੀਜੀ! ਤੁਹਾਨੂੰ ਹੁਣ ਸਭ ਕੁਝ ਦੱਸ ਕੇ ਜਾਣਾ ਪਊ। ਮੇਰੀ ਸਹੇਲੀ ਦੀ ਕੁੜੀ ਦਾ ਜਨਮ ਦਿਨ ਹੈ, ਉਥੇ ਚੱਲੀ ਹਾਂ।" ਆਂਟੀ ਨੇ ਕਹਿੰਦਿਆਂ ਗੱਡੀ ਸਟਾਰਟ ਕਰ ਲਈ ਤੇ ਮਾਂ ਸੋਫੇ 'ਤੇ ਧੜੰਮ ਕਰ ਕੇ ਡਿੱਗ ਪਈ।

ਮਾਂ ਸੋਚਦੀ, ਮੇਰਾ ਸਿੱਕਾ ਤਾਂ ਖਰਾ ਸੀ, ਮੈਂ ਕਿਉਂ ਸਿੱਕੇ ਦਾ ਦੂਜਾ ਪਾਸਾ ਦੇਖ ਲਿਆ ਜਿੱਧਰ ਖੋਟਾ ਸੀ। ਮਨ ਨੂੰ ਤਸੱਲੀ ਤਾਂ ਸੀ ਕਿ ਸਿੱਕਾ ਖਰਾ ਹੈ; ਪਰ ਹੁਣ ਸਮਝ ਗਈ ਕਿ ਸਿੱਕਾ ਦੋਵਾਂ ਪਾਸਿਆਂ ਤੋਂ ਖੋਟਾ ਹੈ। ਮਾਂ ਨੇ ਵਾਪਸ ਪਿੰਡ ਮੁੜਨ ਦੀ ਸਲਾਹ ਬਣਾ ਲਈ। ਮਾਂ ਦਾ ਫੈਸਲਾ ਸੁਣ ਕੇ ਅੰਕਲ ਨੇ ਕਿਹਾ, "ਬੀਜੀ, ਗਰੀਨ ਕਾਰਡ ਆਉਣ ਵਾਲਾ ਹੈ, ਤੂੰ ਫਿਰ ਜਾ ਸਕਦੀ ਹੈਂ।" ਮਾਂ ਜ਼ਿੱਦ ਕਰ ਕੇ ਬੈਠ ਗਈ, ਪਰ ਗੱਲ ਫਿਰ ਵੀ ਨਾ ਬਣੀ।

ਆਂਟੀ ਦੀਆਂ ਦੋਵੇਂ ਧੀਆਂ ਮੁਟਿਆਰ ਹੋ ਗਈਆਂ ਸਨ। ਉਨ੍ਹਾਂ ਕੋਲ ਵੀ ਚੰਗੀਆਂ ਗੱਡੀਆਂ ਸਨ। ਆਂਟੀ ਅੰਕਲ ਨੇ ਕਦੇ ਧੀਆਂ ਨੂੰ ਰੋਕਿਆ-ਟੋਕਿਆ ਨਹੀਂ ਸੀ। ਇਕ ਦਿਨ ਮਾਂ ਇਕੱਲੀ ਘਰ ਸੀ, ਆਂਟੀ ਦੀ ਵੱਡੀ ਧੀ ਕਿਸੇ ਕਾਲੇ ਮੁੰਡੇ ਨਾਲ ਘਰ ਆਈ। ਮਾਂ ਨੇ ਪੁੱਛਿਆ, "ਆਹ ਕੌਣ ਐ?"

ਕੁੜੀ ਬੋਲੀ, "ਬੀਜੀ, ਇਹ ਤੁਹਾਡਾ ਬਿਜਨਸ ਨਹੀਂ। ਇਹ ਮੇਰੀ ਲਾਈਫ ਹੈ। ਇਹ ਮੇਰਾ ਜਮਾਤੀ ਹੈ।" ਕੁੜੀ ਇਹ ਕਹਿੰਦੀ ਕਾਲੇ ਦੀ ਬਾਂਹ ਵਿਚ ਬਾਂਹ ਪਾ ਕੇ ਉਸ ਨੂੰ ਉਪਰਲੇ ਕਮਰੇ ਵਿਚ ਲੈ ਗਈ। ਮਾਂ ਵਿਚਾਰੀ ਤੜਫ ਕੇ ਰਹਿ ਗਈ। ਮਾਂ ਸੋਚਦੀ ਕਿ ਆਹ ਕਦਮ ਜੇ ਤੂੰ ਪਿੰਡ ਚੁੱਕਿਆ ਹੁੰਦਾ, ਤਾਂ ਤੇਰੇ ਦਾਦੇ ਨੇ ਕਹੀ ਨਾਲ ਵੱਢ ਕੇ ਟੋਟੇ ਕਰ ਦੇਣੇ ਸੀ। ਕੁੜੀ ਤੇ ਕਾਲਾ ਦੋਵੇਂ ਜਣੇ ਦੋ ਘੰਟੇ ਰਹਿ ਕੇ ਵਾਪਸ ਮੁੜ ਗਏ। ਰਾਤ ਨੂੰ ਪੁੱਤ-ਨੂੰਹ ਘਰ ਆਏ, ਤਾਂ ਮਾਂ ਨੇ ਉਨ੍ਹਾਂ ਦੀ ਪਿੱਠ ਪਿੱਛੇ ਹੋ ਰਹੇ ਧੀ ਦੇ ਕਾਰਨਾਮੇ ਸੁਣਾਏ। ਦੋਵੇਂ ਮੀਆਂ-ਬੀਵੀ ਹੱਸਦੇ ਹੋਏ ਬੋਲੇ, "ਬੀਜੀ, ਅਸੀਂ ਰੌਬਰਟ ਨੂੰ ਜਾਣਦੇ ਹਾਂ, ਬਹੁਤ ਚੰਗਾ ਮੁੰਡਾ ਏ। ਤੁਸੀਂ ਫਿਕਰ ਨਾ ਕਰੋ।" ਮਾਂ ਵਿਚਾਰੀ ਖਰਗੋਸ਼ ਵਾਂਗ ਆਪਣਾ ਆਪ ਇਕੱਠਾ ਕਰ ਕੇ ਬੈਠ ਗਈ।

ਮਾਂ ਦੇ ਕਈ ਵਾਰ ਕਹਿਣ 'ਤੇ ਮਸਾਂ ਉਸ ਨੂੰ ਦੋ ਵਾਰ ਗੁਰਦੁਆਰੇ ਲਿਜਾਇਆ ਗਿਆ। ਪਾਰਟੀਆਂ 'ਤੇ ਉਹ ਹਰ ਵੀਕਐਂਡ ਤੁਰੇ ਰਹਿੰਦੇ ਸੀ। ਇਕ ਰਾਤ ਮਾਂ ਨੂੰ ਪੱਕਾ ਯਕੀਨ ਹੋ ਗਿਆ ਕਿ ਜਸਵੀਰ ਕੌਰ ਸ਼ਰਾਬ ਵੀ ਪੀਂਦੀ ਹੈ ਤੇ ਦੋਵੇਂ ਕੁੜੀਆਂ ਵੀ। ਮਾਂ ਨੂੰ ਪੁੱਤ ਦਾ ਘਰ ਤਬਾਹੀ ਵੱਲ ਜਾਂਦਾ ਦਿਸਿਆ। ਮਾਂ ਦੀ ਕਿਸੇ ਰਿਸ਼ਤੇਦਾਰੀ ਵਿਚੋਂ ਕਿਸੇ ਨੇ ਪੁੱਛਿਆ ਕਿ ਲਖਵੀਰ ਦੀ ਵੱਡੀ ਕੁੜੀ ਦਾ ਰਿਸ਼ਤਾ ਸਾਡੇ ਵੱਲ ਕਰਵਾ ਦੇਵੋ। ਮਾਂ ਨੇ ਪੁੱਤ ਨਾਲ ਸਲਾਹ ਕੀਤੀ। ਪੁੱਤ ਬੋਲਿਆ, "ਬੀਜੀ, ਇਹ ਅਮਰੀਕਾ ਵਿਚ ਪਲੀਆਂ ਤੇ ਵੱਡੀਆਂ ਹੋਈਆਂ ਨੇ, ਇਨ੍ਹਾਂ ਨੂੰ ਪਿੰਡਾਂ ਵਾਲੇ ਮੁੰਡੇ ਪਸੰਦ ਨਹੀਂ ਆਉਣੇ। ਜੋ ਇਹ ਇੱਥੇ ਪਸੰਦ ਕਰਨਗੀਆਂ, ਆਪਾਂ ਉਥੇ ਕਰ ਦੇਵਾਂਗੇ।"

ਅੱਕ ਕੇ ਮਾਂ ਇੰਡੀਆ ਰਵਾਨਾ ਹੋ ਗਈ। ਆਂਟੀ ਤੇ ਕੁੜੀਆਂ ਨੇ ਅੰਕਲ ਨੂੰ ਅਖੀਰਲੇ ਕਿੱਲੇ 'ਤੇ ਬੰਨ੍ਹਣਾ ਸ਼ੁਰੂ ਕਰ ਦਿੱਤਾ, ਯਾਨਿ ਉਸ ਦੀ ਪੁੱਛ-ਗਿੱਛ ਨਾਂ-ਮਾਤਰ ਰਹਿ ਗਈ। ਤੀਵੀਆਂ ਤੋਂ ਕਦੋਂ ਬਿਜਨਸ ਚੱਲੇ ਨੇ! ਆਂਟੀ ਦੇ ਇਕ ਗੈਸ ਸਟੇਸ਼ਨ ਦੀ ਗਿਣਤੀ ਘਟ ਗਈ, ਫਿਰ ਦੂਜੇ ਦੀ। ਆਂਟੀ ਅੰਕਲ ਦੀ ਕਮਾਈ ਰੌਬਰਟ ਤੇ ਪੀਟਰ ਹੋਰੀਂ ਛਕਣ ਲੱਗ ਪਏ। ਕੁੜੀਆਂ ਮੌਜ-ਮਸਤੀ ਕਰ ਛੱਡਦੀਆਂ। ਵਿਆਹ ਦੀ ਉਮਰ ਟੱਪਣ ਲੱਗੀ।

ਅੰਕਲ ਦੇ ਇਕ ਮਿੱਤਰ ਦੀ ਧੀ ਨੇ ਗੋਰੇ ਨਾਲ ਵਿਆਹ ਕਰਵਾ ਲਿਆ। ਕਈਆਂ ਨੇ ਬੁਰਾ ਮਨਾਇਆ ਤੇ ਕਈਆਂ ਨੇ ਕਿਹਾ...ਠੀਕ ਹੈ, ਜਿਥੇ ਕਿਸੇ ਦਾ ਦਿਲ ਮਿਲਦਾ ਹੈ, ਉਹ ਉਥੇ ਵਿਆਹ ਕਰਵਾ ਲਵੇ। ਨਾਲੇ ਗੁਰੂ ਨਾਨਕ ਦੀ ਬਾਣੀ ਕਹਿੰਦੀ ਹੈ- ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਵੋ।

"ਭਾਈ! ਗੱਲ ਤਾਂ ਤੁਹਾਡੀ ਠੀਕ ਹੈ। ਗੋਰੇ ਕਾਲੇ ਵੀ ਇਨਸਾਨ ਹਨ, ਪਰ ਸਾਡੇ ਰੀਤੀ-ਰਿਵਾਜ, ਸਭਿਅਤਾ ਇਨ੍ਹਾਂ ਨਾਲ ਮੇਲ ਨਹੀਂ ਖਾਂਦੀ। ਇਹ ਤਾਂ ਆਪਣੀ ਉਮਰ ਵਿਚ ਪੰਜ-ਸੱਤ ਵਿਆਹ ਕਰਵਾ ਕੇ ਤਲਾਕ ਦੇ ਦਿੰਦੇ ਹਨ। ਗੋਰੀ ਤੇ ਕਾਲੀ ਕੋਲੇ ਪੰਜ-ਸੱਤ ਪਤੀਆਂ ਦੇ ਰਲਵੇਂ-ਮਿਲਵੇਂ ਨਿਆਣੇ ਹੁੰਦੇ ਆ। ਇਹ ਕੱਪੜੇ ਘੱਟ ਬਦਲਦੇ ਆ, ਤੀਵੀਂ ਝੱਟ ਬਦਲ ਲੈਂਦੇ ਆ।" ਦੂਜਾ ਬੋਲਿਆ।

ਅੰਕਲ ਦੀ ਵੱਡੀ ਕੁੜੀ ਨੇ ਰੌਬਰਟ ਅਤੇ ਛੋਟੀ ਨੇ ਪੀਟਰ ਨਾਲ ਵਿਆਹ ਕਰਵਾ ਲਿਆ। ਗੁਰੂ ਦਾ ਸਿੰਘ ਅੰਕਲ ਚਰਚ ਜਾਣ ਲੱਗ ਪਿਆ। ਜਿਥੇ ਬੱਚਿਆਂ ਦੀ ਖੁਸ਼ੀ, ਉਥੇ ਮਾਪਿਆਂ ਦੇ ਵੀ ਚਾਅ ਹੁੰਦੇ ਹਨ। ਥੋੜ੍ਹਾ ਸਮਾਂ ਬੀਤਿਆ, ਅੰਕਲ ਕੋਲ ਹਾਈਵੇ ਵਾਲਾ ਗੈਸ ਸਟੇਸ਼ਨ ਹੀ ਰਹਿ ਗਿਆ। ਇਕ ਦਿਨ ਰੌਬਰਟ ਨੇ ਕੁੜੀ ਨੂੰ ਉਹ ਸਾਰੀਆਂ ਗਾਲ੍ਹਾਂ ਕੱਢ ਦਿੱਤੀਆਂ ਜੋ ਉਸ ਨੇ ਨਿੱਕੇ ਹੁੰਦਿਆਂ ਸਿੱਖੀਆਂ ਸਨ। ਫਿਰ ਗੱਲ ਤਲਾਕ 'ਤੇ ਪਹੁੰਚ ਗਈ। ਕੁੜੀ ਦੇ ਮੋਢੇ ਨਿਆਣਾ ਟੰਗ ਕੇ ਰੌਬਰਟ ਫਿਰ ਕਿਸੇ ਅਮੀਰ ਬਾਪ ਦੀ ਬੇਟੀ ਲੱਭਣ ਲੱਗ ਪਿਆ। ਕੁੜੀ ਨਿਆਣਾ ਇਸ ਕਰ ਕੇ ਚੁੱਕਦੀ ਹੈ ਕਿ ਦਿਲ ਦਾ ਟੁਕੜਾ ਹੈ, ਪਰ ਆਂਟੀ ਨਫ਼ਰਤ ਕਰਦੀ ਹੈ। ਛੋਟੀ ਕੁੜੀ ਦਾ ਪੀਟਰ ਵੀ ਫਰਾਰ ਹੋ ਗਿਆ...ਅਖੇ, ਤਾਏ ਦੀ ਧੀ ਚੱਲੀ, ਮੈਂ ਕਿਉਂ ਰਹਾਂ ਕੱਲੀ! ਕੁੜੀਆਂ ਦਾ ਹੁਸਨ ਵੀ ਟਿੱਬਿਆਂ ਦੇ ਰੇਤੇ ਵਾਂਗ ਉਡ ਚੁੱਕਿਆ ਸੀ। ਆਂਟੀ-ਅੰਕਲ ਦੀ ਸ਼ਾਨੋ-ਸ਼ੌਕਤ ਵੀ ਪੱਛੋਂ ਦੇ ਬੁੱਲੇ ਵਾਂਗ ਲੰਘ ਚੁੱਕੀ ਸੀ। ਅੰਕਲ-ਆਂਟੀ ਉਸ ਮੋੜ 'ਤੇ ਆ ਖੜ੍ਹੇ ਹੋਏ ਜਿਥੋਂ ਤੁਰੇ ਸਨ। ਵੀਹ ਸਾਲ ਦੀ ਐਸ਼ ਅਤੇ ਹਉਮੈ-ਹੰਕਾਰ ਦੀ ਅੱਖਾਂ 'ਤੇ ਬੰਨ੍ਹੀ ਪੱਟੀ ਨੇ ਦੋਵਾਂ ਦਾ ਬੁਢਾਪਾ ਕੱਖਾਂ ਵਾਂਗ ਰੋਲ ਛੱਡਿਆ ਹੈ। ਧੀਆਂ ਦਾ ਘਰ ਵੀ ਨਾ ਵਸਾ ਹੋਇਆ, ਆਪਣਾ ਵੀ ਨਾ ਬਚਾ ਹੋਇਆ। ਜਿਹੜੀ ਆਂਟੀ ਜ਼ੁਲਫਾਂ ਕਾਲੀਆਂ ਕਰ ਕੇ ਦੌੜਦੀ ਸੀ, ਉਹ ਪੂਣੀ ਵਰਗੇ ਬੱਗੇ ਵਾਲਾਂ ਦੀ ਕੇਸਕੀ ਬੰਨ੍ਹ ਕੇ ਰੱਖਦੀ ਹੈ। ਲੋਕਾਂ ਨੂੰ ਪਾਗਲ ਕਹਿਣ ਵਾਲਾ ਅੰਕਲ ਹੁਣ ਪਾਗਲਾਂ ਵਾਂਗ ਹਰ ਇਕ ਅੱਗੇ ਹੱਥ ਜੋੜ ਕੇ ਫਤਹਿ ਬੁਲਾਉਂਦਾ ਹੈ। 'ਫਲ ਨੀਵਿਆਂ ਰੁੱਖਾਂ ਨੂੰ ਲੱਗਦੇ, ਵੱਡਾ ਹੋ ਕੇ ਮਾਣ ਨਾ ਕਰੀਂ...।'

## ਵਲੈਤੀ ਕਾਕਾ

ਹਰੇਕ ਸੰਡੇ ਨੂੰ ਜਾਂਦਾ ਹੈ ਸਿੱਖ ਟੈਂਪਲ, ਲਾ ਕੇ ਟਾਈ ਵਲੈਤੀ ਪੁਸ਼ਾਕ ਕਾਕਾ।
ਡਾਊਨ ਟਾਊਨ ਸਟੋਰਾਂ ਦੀ ਲਾਏ ਗੇੜੀ, ਲੱਗੇ ਵੱਡਾ ਖਰਚੀਲੜਾ ਗਾਹਕ ਕਾਕਾ।
ਕਰੈਡਿਟ ਕਾਰਡ 10-10 ਲਈ ਫਿਰਦੈ, ਕਈ ਬੈਂਕਾਂ ਦੀ ਛਾਣਦਾ ਖਾਕ ਕਾਕਾ।
ਦਿਨੇ ਕਸਟਮਰ ਲੱਭਦੈ ਟੈਕਸੀ ਲਈ, ਰਾਤੀਂ ਹੋਟਲੀਂ ਕਰੇ ਭਾਂਡੇ ਸਾਫ ਕਾਕਾ।
ਘੰਟੀ ਫੋਨ ਦੀ ਅਲਾਰਮ ਖੜਕਦਾ ਸੁਣ, ਜਾਵੇ ਜਾਬ, ਬਣਿਆ ਡਾਕ ਕਾਕਾ।
ਅੱਧੀ ਰਾਤ ਆ ਪੀਜ਼ੇ ਨਾਲ ਪੈਗ ਲਾਵੇ, ਹੋਣ ਦੇਵੇ ਨਾ ਭੋਰਾ ਖੜਾਕ ਕਾਕਾ।
ਇਤਬਾਰ ਕਰੇ ਨਾ ਪੇਂਡੂ ਵਿਚੋਲਿਆਂ 'ਤੇ, ਫੇਸ ਬੁੱਕ 'ਤੇ ਮੰਗਦਾ ਸਾਕ ਕਾਕਾ।

*-ਜੁਗਰਾਜ ਗਿੱਲ, ਸ਼ਾਰਲਟ, ਫੋਨ: 704-257-6693*

## ਪੁੱਠੀ ਰੋਟੀ

"ਭਾਈ ਸਾਹਿਬ, ਰੋਟੀ ਦਾ ਚੋਪੜਿਆ ਪਾਸਾ ਹੱਥ ਉਤੇ ਰੱਖ ਕੇ, ਪੁੱਠੀ ਕਿਉਂ ਖਾ ਰਹੇ ਹੋ?" ਸੰਤਾਂ ਨੇ ਨਿਮਰਤਾ ਨਾਲ ਪੁੱਛਿਆ।

"ਬਾਬਾ ਜੀ, ਲੋਕਾਂ ਨੂੰ ਦਿਸਣਾ ਚਾਹੀਚੈ, ਬਈ ਮੰਤਰੀ ਵੀ ਰੁੱਖੀ-ਮਿੱਸੀ ਖਾ ਕੇ ਗੁਜ਼ਾਰਾ ਕਰਦੈ।"

"ਕਮਾਲ ਦੀ ਸਿਆਸਤ ਐ! ਤੁਸੀਂ ਖੱਦਰ ਦਾ ਚੋਲਾ ਵੀ ਤਾਂ ਹੀ ਪਾਉਂਦੇ ਹੋ?"

"ਤੁਸੀਂ ਕਿਹੜਾ ਘੱਟ ਓਂ ਮਹਾਰਾਜ! ਪੰਡਾਲ 'ਚ ਬੈਠੀਆਂ ਸੰਗਤਾਂ ਨੂੰ ਲੋਭ ਮੋਹ ਤਿਆਗਣ ਦੀ ਸਿੱਖਿਆ ਦਿੰਦੇ ਓ। ਐਧਰ ਪੰਜ ਦੀਵਾਨ ਲਾਉਣ ਦਾ ਪੰਜਾਹ ਹਜ਼ਾਰ ਕਰਕੇ ਆਏ ਸੀ, ਹੁਣ ਸੱਠ ਲੈ ਕੇ ਵੀ ਉਦਾਸ ਹੋ!"

"ਪੰਜਾਂ ਦਿਨਾਂ 'ਚ ਡੇਢ ਲੱਖ ਤੋਂ ਵੱਧ ਦਾ ਚੜ੍ਹਾਵਾ ਹੋ ਗਿਆ। ਇਹ ਸਭ ਮੇਰੀ ਕਿਰਤ ਕਮਾਈ ਐ। ਤੁਸੀਂ ਤਾਂ ਅਜੇ ਵੀ ਨਫੇ ਵਿਚ ਹੀ ਰਹੇ ਹੋ।"

## ਵਿਅੰਗ

"ਸਟੇਜ ਤੇ ਪੰਡਾਲ ਸਜਾਉਣ ਉਤੇ ਵੀ ਹਜ਼ਾਰਾਂ 'ਚ ਖਰਚ ਹੁੰਦੈ ਮਹਾਰਾਜ।"

ਮਿੱਤਰਾਂ ਦਾ ਨਾਂ ਚਲਦੈ, ਸਾਡਾ ਨਾਂ ਲੈ ਕੇ ਕਿਸੇ ਦਾਨੀ ਤੋਂ ਭੇਟ ਲਏ ਹੋਣੇ ਨੇ।"

"ਮੰਤਰੀ ਤੁਹਾਡੇ ਚਰਨਾਂ 'ਚ ਬੈਠਾ ਹੋਵੇ ਤਾਂ ਤੁਹਾਡੀ ਵੀ ਤਾਂ ਗੁੱਡੀ ਚੜ੍ਹਦੀ ਐ।"

"ਉਹ ਤਾਂ ਠੀਕ ਐ, ਸਾਡੇ ਸ਼ਰਧਾਲੂਆਂ ਦਾ ਲਾਹਾ ਵੀ ਤਾਂ ਤੁਸੀਂ ਚੋਣਾਂ 'ਚ ਖੂਬ ਲੈਂਦੇ ਹੋ। ਫਿਰ ਮੰਤਰੀ ਬਣ ਕੇ ਚੋਪੜੀਆਂ ਖਾਂਦੇ ਓਂ, ਪੁੱਠੀਆਂ ਕਰ ਕਰ ਕੇ।"

"ਇਉਂ ਜਨਤਾ ਨੂੰ ਕਿੰਨਾ ਕੁ ਚਿਰ ਬੁੱਧੂ...।"

"ਸ਼ੀਅ...ਅ...ਅ", ਮੰਤਰੀ ਨੇ ਬੁੱਲ੍ਹਾਂ ਉਤੇ ਉਂਗਲ ਰੱਖ ਕੇ ਗੰਭੀਰ ਹੁੰਦਿਆਂ ਕਿਹਾ, "ਖਾਮੋਸ਼! ਪਰੀਹਾ ਆਉਂਦੈ।"

*-ਅਵਤਾਰ ਸਿੰਘ ਹੰਸਰਾ*
*ਫੋਨ: 661-368-6572*

## ਤਲਾਸ਼ ਦਾ ਮਾਤਮ

ਹਾਕਮ ਆਖੇ 'ਸਭ ਅੱਛੇ' ਦੀ
ਖੁਸ਼ਫਹਿਮੀ ਕਿੰਜ ਪਾਲਾਂ,
ਜਦਕਿ ਬਹੁਤ ਉਦਾਸ ਨੇ
ਮੇਰੇ ਪਿੰਡ ਦੀਆਂ ਤਰਕਾਲਾਂ।
ਸਾਡੇ ਹੱਥ ਦੀ ਬਚਦੀ ਬੁਰਕੀ
ਉਸ ਦੀ ਅੱਖ ਵਿਚ ਰੜਕੇ,
ਇਸ ਨੂੰ ਵੀ ਉਹ ਨਿਗਲ ਜਾਣ ਲਈ
ਸੁੱਟ ਰਿਹਾ ਏ ਲਾਲ਼ਾਂ।
ਕੰਨਾਂ ਵਿਚ ਰਸ ਘੋਲਦੇ ਘੋਲਦੇ,
ਇਹ ਕਿਧਰ ਨੂੰ ਤੁਰ ਪਏ,
ਕਦੇ ਸੋਚਿਆ ਇਹ ਨਹੀਂ ਸੀ
ਕੁਝ ਗੀਤ ਬਣਨਗੇ ਗਾਲਾਂ।
ਉਸ ਖੇਤ ਨੇ ਤਾਂ ਯਾਰੋ
ਫਿਰ ਸੁੱਕਾ ਹੀ ਸੀ ਰਹਿਣਾ
ਜਿਸ ਦੇ ਹਿੱਸੇ ਦਾ ਵੀ ਪਾਣੀ
ਡੀਕ ਗਈਆਂ ਨੇ ਖਾਲ਼ਾਂ।
ਇੱਟਾਂ ਦੇ ਜੰਗਲ ਵਿਚ ਕੋਈ
ਦੁਸ਼ਮਣ ਵੀ ਨਹੀਂ ਲੱਭਦਾ,
'ਬੀਸਲੇ' ਇਸ ਜੰਗਲ ਦੇ ਵਿਚੋਂ
ਮਿੱਤਰ ਕਿੱਥੋਂ ਭਾਲ਼ਾਂ?

*-ਹਰਿੰਦਰ ਸਿੰਘ ਬੀਸਲਾ*
*ਫੋਨ: 562-726-7474*

## ਨਹੀਂ ਮੁੱਕੇਗੀ ਚਾਂਦੀ ਰਾਮ ਦੀ ਬਾਤ...

*(ਸਫਾ 25 ਦੀ ਬਾਕੀ)*

ਪੁੱਤ ਅੱਖਾਂ ਘੁਮਾਉਣ ਲੱਗ ਪਏ ਹਨ ਤੇ ਉਹਦੇ ਚੇਲੇ-ਚਮਟੇ ਵੀ ਪਿੱਠ ਦੇਣ ਲੱਗ ਪਏ। ਮਾਣਕ ਉਹਨੂੰ ਸੌ ਦੋ ਸੌ ਦੇ ਦਿੰਦਾ ਸੀ, ਪਰ ਖਿਝ ਕੇ। ਸਦੀਕ ਬਹੁਤ ਘਟ ਗਿਆ, ਬੀਬਾ ਊਂ ਨਹੀਂ ਆਈ, ਯਮਲਾ ਆਪ ਮਰਨ ਕਿਨਾਰੇ ਸੀ। ਮੇਰੇ ਵਰਗੇ ਉਹਦੇ ਕਈ ਮਿੱਤਰ ਸਨ, ਹਿਤੈਸ਼ੀ ਸਨ, ਹਮਦਰਦ ਸਨ ਜਿਨ੍ਹਾਂ ਨੂੰ ਦੇਖ ਕੇ ਉਹਦੇ ਸਾਹ ਵਿਚ ਸਾਹ ਤਾਂ ਆ ਹੀ ਜਾਂਦਾ ਸੀ, ਪਰ ਉਹ ਉਦੋਂ ਵੀ ਉਠ ਕੇ ਬਹਿ ਜਾਂਦਾ ਜਦੋਂ ਡਾਕਟਰ ਕਹਿੰਦੇ ਸਨ, "ਹੁਣ ਨ੍ਹੀਂ ਉਠ ਹੋਣਾ ਇਹਦੇ ਤੋਂ।"

ਹੋਇਆ ਉਹਦੇ ਨਾਲ ਵੀ ਉਹੀ ਹੈ ਜੋ ਸਾਰਿਆਂ ਨਾਲ ਹੋਵੇਗਾ, ਹੁੰਦਾ ਆਇਆ ਹੈ। ਉਹਦੀ ਮੌਤ ਦੀ ਗੱਲ ਕਰ ਕੇ ਮੈਂ ਬਾਤ ਮੁਕਾਉਣੀ ਨਹੀਂ ਚਾਹੁੰਦਾ, ਪਰ ਉਹਦੀਆਂ ਕੁਝ ਗੱਲਾਂ ਚਰਖੇ ਦੇ ਹਰ ਗੇੜੇ ਵਾਂਗ ਮੇਰੇ ਜ਼ਿਹਨ ਵਿਚ ਵੀ ਯਾਦਾਂ ਦੀ ਗੂੰਜ ਬਣ ਕੇ ਰੌਲਾ ਪਾ ਰਹੀਆਂ ਹਨ।

ਪਰਮਿੰਦਰ ਸੰਧੂ ਨੇ ਇਕ ਵਾਰ ਉਹਦਾ ਸਨਮਾਨ ਕੀਤਾ, ਨਹਿਰੂ ਸਿਧਾਂਤ ਕੇਂਦਰ ਵਿਚ। ਆਸ਼ਾ ਸ਼ਰਮਾ ਉਦੋਂ ਨਵੀਂ-ਨਵੀਂ ਮੰਚ ਸੰਚਾਲਕਾ ਬਣੀ ਸੀ। ਸਟੇਜ ਚਲਾਉਂਦੀ ਨੇ ਚਾਂਦੀ ਰਾਮ ਬਾਰੇ ਸੋਹਣੇ ਅਲੰਕਾਰ ਬੋਲੇ। ਦੀਪਕ ਜੈਤੋਈ ਨਾਲ ਬੈਠਿਆਂ ਉਹ ਮੇਰੇ ਕੰਨ ਵਿਚ ਕਹਿਣ ਲੱਗਾ, "ਬੀਬਾ ਨੂੰ ਪਹਿਲੀ ਵਾਰ ਸੁਣ ਰਿਹਾਂ, ਨਵੀਂ-ਨਵੀਂ ਆਈ ਲਗਦੀ ਐ, ਤਦੇ ਛੱਲੀਆਂ ਦੀ ਗੱਲ ਕਰ ਰਹੀ ਹੈ ਵਾਰ-ਵਾਰ, ਪਰ ਇਹਨੂੰ ਇਹ ਨਹੀਂ ਪਤਾ ਕਿ ਦਾਣੇ ਭੁਨਾਉਣ ਲਈ ਛੱਲੀਆਂ ਦਾ ਰੌਲਾ ਤਾਂ ਪੈਂਦਾ ਰਹੇਗਾ, ਜੇ ਸਭ ਕੁਝ ਮੁੱਕਣ ਵਾਲਾ ਹੈ ਤਾਂ ਉਹ ਚਾਂਦੀ ਰਾਮ ਦਾ।"

ਇਕ ਗਾਇਕ ਨੂੰ ਮੈਂ ਬਲੂੰਗੜੇ ਵਾਂਗ ਸਿਰੇ ਲਾਉਣ ਲਈ ਚੁੱਕੀ ਫਿਰਦਾ ਰਿਹਾ, ਪਰ ਜਦੋਂ ਕਲਾ ਦਾ ਦਿਨ ਚੜ੍ਹਿਆ, ਉਹਨੇ ਅੱਖਾਂ ਭੈਂਗੀਆਂ ਕਰ ਲਈਆਂ। ਗਾਇਕੀ ਦਾ ਪਿੜ ਤਾਂ ਮੈਂ ਅਜਿਹੀਆਂ ਗੱਲਾਂ ਕਰ ਕੇ ਛੱਡਿਆ ਸੀ, ਪਰ ਜਦੋਂ ਹਟਕੋਰੇ ਲੈਂਦਿਆਂ ਆਖਰੀ ਘੜੀ ਵਿਚ ਉਹ ਰਣਜੀਤ ਮਣੀ ਦੇ ਦਫ਼ਤਰ ਮੂਹਰੇ ਟੱਕਰਿਆ ਤਾਂ ਕਹਿਣ ਲੱਗਾ, "ਅਸ਼ੋਕ...ਭਵਿੱਖ ਵਿਚ ਇਹ ਨਾ-ਸ਼ੁਕਰਿਆਂ ਦੀ ਮੰਡੀ ਬਣੇਗੀ, ਛੱਡ ਦੇ ਇਹ ਰਾਹ।"

ਤੇ ਚਾਂਦੀ ਰਾਮ ਚਲੇ ਹੀ ਗਿਆ, ਫਿਰ ਜਿਵੇਂ ਕਈ ਵਾਰ ਮੱਥੇ ਨਾਲ ਵੀ ਮੱਥਾ ਨਹੀਂ ਟੇਕਿਆ ਜਾਂਦਾ।

## ਜਿਨ੍ਹਾਂ ਵਣਜ ਦਿਲਾਂ ਦੇ ਕੀਤੇ

## ਲੋਕ ਗਾਥਾ

# ਕਾਕਾ ਪਰਤਾਪੀ

'ਕਾਕਾ ਪਰਤਾਪੀ' ਉਨ੍ਹੀਵੀਂ ਸਦੀ ਦੇ ਸੱਤਵੇਂ ਦਹਾਕੇ ਵਿਚ ਵਾਪਰੀ ਮਾਲਵੇ ਦੀ ਹਰਮਨ ਪਿਆਰੀ ਲੋਕ ਗਾਥਾ ਹੈ ਜਿਸ ਨੂੰ ਸ਼ਾਦੀ ਰਾਮ, ਗੋਕਲ ਚੰਦ, ਗੁਰਦਿੱਤ ਸਿੰਘ, ਛੱਜੂ ਸਿੰਘ ਅਤੇ ਚੌਧਰੀ ਘਸੀਟਾ ਆਦਿ ਕਿੱਸਾਕਾਰਾਂ ਨੇ ਆਪਣੇ ਕਿੱਸਿਆਂ ਵਿਚ ਬਿਆਨ ਕੀਤਾ ਹੈ!

ਤਹਿਸੀਲ ਸਮਰਾਲਾ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਲੋਪੋਂ ਦੀਆਂ ਪਰੀਆਂ ਵਰਗੀਆਂ ਮੁਟਿਆਰਾਂ ਇਕ ਦਿਨ ਪਿੰਡੋਂ ਬਾਹਰ ਢੱਕੀ ਵਿਚ ਤੀਆਂ ਪਾ ਰਹੀਆਂ ਸਨ ਕਿ ਅਚਾਨਕ ਹੀ ਲੋਪੋਂ ਦੇ ਨਾਲ ਲਗਦੇ ਪਿੰਡ ਰੁਪਾਲੋਂ ਦੇ ਜ਼ੈਲਦਾਰ ਕਾਹਨ ਸਿੰਘ ਦਾ ਛੈਲ-ਛਬੀਲਾ ਗੱਭਰੂ ਪੁੱਤਰ ਕਾਕਾ ਕਿਰਪਾਲ ਸਿੰਘ ਚੀਨੀ ਘੋੜੀ 'ਤੇ ਅਸਵਾਰ ਸ਼ਿਕਾਰ ਖੇਡਦਾ-ਖੇਡਦਾ ਢੱਕੀ ਵਲ ਆ ਨਿਕਲਿਆ। ਜਵਾਨੀ ਦੇ ਨਸ਼ੇ ਵਿਚ ਮੱਤੀਆਂ ਮੁਟਿਆਰਾਂ ਨੇ ਉਸ ਦਾ ਰਾਹ ਜਾ ਡੱਕਿਆ। ਹਾਸਿਆਂ ਤੇ ਮਖੌਲਾਂ ਦੀ ਛਹਿਬਰ ਲੱਗ ਗਈ। ਮੁਟਿਆਰਾਂ ਨੇ ਕਾਕੇ ਦੇ ਆਲੇ ਦੁਆਲੇ ਘੇਰਾ ਘੱਤ ਲਿਆ ਤੇ ਲੱਗੀਆਂ ਉਸ ਨਾਲ ਖਰਮਸਤੀਆਂ ਕਰਨ। ਇਨ੍ਹਾਂ ਮੁਟਿਆਰਾਂ ਵਿਚਕਾਰ ਲੋਪੋਂ ਦੇ ਸੁਨਿਆਰਾਂ ਦੀ ਰੂਪਮਤੀ ਧੀ ਪਰਤਾਪੀ ਵੀ ਸੀ ਜਿਸ ਦੇ ਚੋ-ਚੋ ਪੈਂਦੇ ਰੂਪ ਨੇ ਕਾਕੇ ਨੂੰ ਧੁਰ ਅੰਦਰ ਤਕ ਹਲੂਣ ਦਿੱਤਾ ਤੇ ਉਹ ਸੁਆਦ-ਸੁਆਦ ਹੋ ਉਠਿਆ। ਸੁਨਿਆਰੀ ਦੀ ਪਹਿਲੀ ਤੱਕਣੀ ਨਾਲ ਹੀ ਸ਼ਿਕਾਰੀ ਘਾਇਲ ਹੋ ਗਿਆ! ਪਰਤਾਪੀ ਵੀ ਕਾਕੇ ਦੇ ਨੈਣਾਂ ਦੇ ਵਾਰ ਨੂੰ ਝੱਲ ਨਾ ਸਕੀ। ਉਧਰ ਮਸਤੀਆਂ ਹੋਈਆਂ ਮੁਟਿਆਰਾਂ ਕਾਕੇ 'ਤੇ ਆਪਣੇ ਆਪਣੇ ਵਾਣ ਚਲਾ ਰਹੀਆਂ ਸਨ। ਮਸੀਂ-ਮਸੀਂ ਲੋਪੋਂ ਦੇ ਦਲੇਰ ਗੁੱਜਰ ਦੀ ਭੋਲੀ ਗੁਜਰੀ ਨੇ ਉਨ੍ਹਾਂ ਪਾਸੋਂ ਉਸ ਦਾ ਖਹਿੜਾ ਛੁਡਾਇਆ। ਉਹ ਪਹਿਲਾਂ ਤੋਂ ਹੀ ਇਕ ਦੂਜੇ ਦੇ ਵਾਕਿਫ਼ ਸਨ। ਜਾਣ ਲੱਗਿਆਂ ਕਾਕੇ ਨੇ ਭੋਲੀ ਅੱਗੇ ਪਰਤਾਪੀ ਬਾਰੇ ਆਪਣੇ ਮਨ ਦੀ ਭਾਵਨਾ ਦਾ ਪ੍ਰਗਟਾਵਾ ਕਰ ਦਿੱਤਾ।



ਸੁਖਦੇਵ ਮਾਦਪੁਰੀ
ਫੋਨ: 91-94630-34472

ਮਹਿੰਦੀ ਰੱਤੇ ਹੱਥ ਮੁੜ ਹਰਕਤ ਵਿਚ ਆ ਗਏ। ਗਿੱਧਾ ਮੱਚ ਉਠਿਆ। ਸਾਰੇ ਵਾਤਾਵਰਣ ਵਿਚ ਲੋਕ ਬੋਲੀਆਂ ਦੀ ਮਿੱਠੀ ਮਹਿਕ ਖਿਲਰ ਗਈ। ਹਵਾ ਮਸਤ ਹੋ ਗਈ, ਇਸ਼ਕ ਫੁਹਾਰਾਂ ਵਹਿ ਟੁਰੀਆਂ।

ਸ਼ਾਮਾਂ ਪੈ ਰਹੀਆਂ ਸਨ ਜਦੋਂ ਹਰਨੀਆਂ ਦੀ ਡਾਰ ਪਿੰਡ ਨੂੰ ਪਰਤ ਪਈ। ਹਰ ਮੁਟਿਆਰ ਆਪਣੇ ਆਪ ਨੂੰ ਹੀਰ ਸਮਝਦੀ ਹੋਈ ਕਾਕੇ ਬਾਰੇ ਗੱਲਾਂ ਕਰ ਰਹੀ ਸੀ। ਹੱਸਦੀਆਂ ਖੇਡਦੀਆਂ ਮੁਟਿਆਰਾਂ ਅਜੇ ਥੋੜ੍ਹੀ ਦੂਰ ਹੀ ਗਈਆਂ ਸਨ ਕਿ ਬਾਰਸ਼ ਦਾ ਛਰਾਟਾ ਇਕਦਮ ਆ ਗਿਆ। ਹਰਨੀਆਂ ਦੀ ਡਾਰ ਵਿਚ ਭਾਜੜ ਪੈ ਗਈ। ਭੋਲੀ ਤੇ ਪਰਤਾਪੀ ਪਿੰਡੋਂ ਬਾਹਰ ਹੀਰਾ ਸਿੰਘ ਜੱਟ ਦੇ ਸੁੰਨੇ ਕੋਠੇ ਵਿਚ ਜਾ ਵੜੀਆਂ। ਭੋਲੀ ਨੇ ਏਧਰ ਓਧਰ ਦੀਆਂ ਗੱਲਾਂ ਮਾਰਨ ਮਗਰੋਂ ਕਾਕੇ ਬਾਰੇ ਗੱਲ ਤੋਰੀ। ਪਰਤਾਪੀ ਅੰਦਰੋਂ ਲੱਡੂ ਭੋਰਦੀ ਪਈ ਸੀ ਪਰ ਬਾਹਰੋਂ,

ਆਖੇ ਪਰਤਾਪੀ ਨੀ ਤੂੰ ਭੋਲੀਏ ਮਖੌਲ ਕਰੇਂ
ਕੀਤਾ ਕੀ ਪਸੰਦ ਉਸ ਮੇਰਾ ਨੀ ਗੰਵਾਰ ਦਾ।
ਜਾਤ ਦੀ ਕਮੀਨਣੀ, ਅਧੀਨਣੀ, ਗਰੀਬਣੀ ਮੈਂ
ਉਸ ਨੂੰ ਤੂੰ ਦੱਸਦੀ ਹੈਂ ਪੁੱਤ ਜ਼ੈਲਦਾਰ ਦਾ।
ਜੱਟਾਂ ਨਾਲ ਦੋਸਤੀ ਨਾ ਪੁੱਗਦੀ ਕਮੀਨਾਂ ਦੀ ਨੀ
ਖੇਤ-ਬੰਨੇ, ਬੀਹੀ-ਗਲੀ ਦੇਖ ਨੀ ਖੁੰਗਾਰਦਾ।
ਮੇਰੇ ਨਾ ਪਸੰਦ ਤੇਰੀ ਗੱਲ ਗੁਰਦਿੱਤ ਸਿੰਘਾ
ਮਿੱਟੀ ਪੱਟ ਦੇਵੇ ਜੱਟ ਜਦੋਂ ਨੀ ਹੰਕਾਰਦਾ।

ਦੱਬੇ ਭਾਂਬੜ ਭਲਾ ਕਦ ਤੀਕਰ ਦਬਾਏ ਜਾ ਸਕਦੇ ਹਨ। ਆਖਰ ਜਵਾਲਾ ਫੁੱਟ ਪੈਂਦੀ ਹੈ। ਪਰਤਾਪੀ ਭੋਲੀ ਅੱਗੇ ਆਪਣੇ ਮਨ ਦੀ ਵੇਦਨਾ ਦਾ ਇਜ਼ਹਾਰ ਕਰ ਦੇਂਦੀ ਹੈ,

ਤਨ ਮਨ ਮੇਰੇ ਦੀ ਭੁਲਾਈ ਸੁੱਧ ਨਢੜੇ ਨੇ
ਮਿੱਠਾ ਮਿੱਠਾ ਬੋਲ ਕੇ ਦਿਖਾ ਗਿਆ ਹੈ ਲੀਲ੍ਹਾ ਨੀ।
ਫੁੱਲ ਨੀ ਗੁਲਾਬ ਵਾਂਗੂੰ ਰੰਗ ਮੇਰਾ ਓਸ ਵੇਲੇ
ਮੁੱਖੜਾ ਲੁਕਾਇਆ ਤਾਂ ਹੋਇਆ ਪਤ-ਪੀਲਾ ਨੀ।
ਦਸਦੀ ਮੈਂ ਤੈਨੂੰ ਅੱਜ ਗੁਰਦਿੱਤ ਸਿੰਘਾ
ਲੁੱਟੀ ਨੀ ਮੈਂ ਲੁੱਟੀ ਲੁੱਟ ਲੈ ਗਿਆ ਰੰਗੀਲਾ ਨੀ।

ਅਗਲੀ ਭਲਕ ਭੋਲੀ ਨੇ ਕਾਕੇ ਨੂੰ ਸੁਨੇਹਾ ਭੇਜ ਕੇ ਰੁਪਾਲੋਂ ਤੋਂ ਸੱਦ ਲਿਆ। ਪਰਤਾਪੀ ਤੇ ਕਾਕੇ ਨੇ ਭੋਲੀ ਦੇ ਘਰ, ਲੱਗੀਆਂ ਤੋੜ ਨਿਭਾਉਣ ਦੇ ਕੌਲ ਕਰਾਰ ਕਰ ਲਏ। ਇਸ ਤਰ੍ਹਾਂ ਉਹ ਭੋਲੀ ਦੇ ਘਰੇ ਪਿਆਰ ਮਿਲਣੀਆਂ ਮਾਣਦੇ ਰਹੇ। ਇਸ਼ਕ-ਮੁਸ਼ਕ ਛੁਪਾਇਆਂ ਕਦੋਂ ਛੁਪਦੇ ਨੇ। ਕਾਕੇ ਦੇ ਨਿੱਤ ਲੋਪੋਂ ਆਉਣ ਕਾਰਨ ਉਨ੍ਹਾਂ ਦੇ ਇਸ਼ਕ ਦਾ ਭੇਤ ਖੁੱਲ੍ਹ ਗਿਆ। ਪਰਤਾਪੀ ਦੀ ਮਾਂ ਨੰਦੋ ਦੇ ਕੰਨੀਂ ਵੀ ਉਨ੍ਹਾਂ ਦੇ ਇਸ਼ਕ ਦੀ ਭਿਣਕ ਪੈ ਗਈ। ਉਹਨੇ ਉਸ ਨੂੰ ਲੱਖ ਸਮਝਾਇਆ ਕਿ ਉਹ ਕਾਕੇ ਦਾ ਸਾਥ ਛੱਡ ਦੇਵੇ ਪਰੰਤੂ ਪਰਤਾਪੀ ਪਿਛਾਂਹ ਮੁੜਨ ਵਾਲੀ ਕਿੱਥੇ ਸੀ। ਉਹਨੇ ਨੰਦੋ ਨੂੰ ਸਾਫ਼ ਆਖ ਦਿੱਤਾ, "ਮਾਂ ਮੇਰੀਏ! ਭਾਵੇਂ ਮਾਰ! ਭਾਵੇਂ ਛੱਡ! ਮੈਂ ਤਾਂ ਕਾਕੇ ਨੂੰ ਦਿੱਤਾ ਕੌਲ ਨਿਭਾਵਾਂਗੀ। ਉਹ ਤਾਂ ਮੇਰੀ ਜਾਨ ਦਾ ਟੁਕੜਾ ਏ, ਉਹਦੀ ਖ਼ਾਤਰ ਆਪਣੀ ਜਿੰਦ ਵਾਰ ਦਿਆਂਗੀ, ਪਿਛਾਂਹ ਪੈਰ ਨਹੀਂ ਪਾਵਾਂਗੀ। ਲੋਕੀਂ ਪਏ ਕੁਝ ਆਖਣ, ਮੈਨੂੰ ਕਿਸੇ ਦੀ ਪਰਵਾਹ ਨਹੀਂ।"

ਨੰਦੋ ਨੇ ਆਪਣੇ ਪਤੀ ਕਾਨ੍ਹੇ ਨਾਲ ਪਰਤਾਪੀ ਬਾਰੇ ਮਸ਼ਵਰਾ ਕੀਤਾ। ਖੰਨੇ ਦੇ ਨਜ਼ਦੀਕ ਰਾਜੇਵਾਲ ਪਿੰਡ ਦੇ ਰਾਮ ਰਤਨ ਨਾਲ ਪਰਤਾਪੀ ਵਿਆਹੀ ਹੋਈ ਸੀ ਪਰੰਤੂ ਅਜੇ ਉਹਦਾ ਮੁਕਲਾਵਾ ਨਹੀਂ ਸੀ ਤੋਰਿਆ! ਬਦਨਾਮੀ ਤੋਂ ਡਰਦਿਆਂ ਪਰਤਾਪੀ ਦੇ ਬਾਪ ਨੇ ਮੁਕਲਾਵੇ ਦਾ ਦਿਨ ਧਰ ਦਿੱਤਾ।

ਰਾਮ ਰਤਨ ਮੁਕਲਾਵਾ ਲੈਣ ਲਈ ਲੋਪੋਂ ਪੁੱਜ ਗਿਆ। ਰੋਂਦੀ ਕੁਰਲਾਉਂਦੀ ਪਰਤਾਪੀ ਨੂੰ ਮਾਪਿਆਂ ਨੇ ਰਾਮ ਰਤਨ ਨਾਲ ਮੁਕਲਾਵਾ ਦੇ ਕੇ ਤੋਰ ਦਿੱਤਾ। ਪਰਤਾਪੀ ਕਾਕੇ ਨੂੰ ਯਾਦ ਕਰ ਕਰ ਹਉਕੇ ਭਰਦੀ ਰਹੀ, ਸਿਸਕੀਆਂ ਲੈਂਦੀ ਰਹੀ। ਉਹਦੀ ਕਿਸੇ ਨੇ ਇਕ ਨਾ ਸੁਣੀ।

ਰਾਮ ਰਤਨ ਦੀ ਖ਼ੁਸ਼ੀ ਦਾ ਕੋਈ ਪਾਰਾਵਾਰ ਨਹੀਂ ਸੀ। ਉਹਦੇ ਪੱਬ, ਪਰੀਆਂ ਵਰਗੀ ਹੁਸ਼ਨਾਕ ਪਰਤਾਪੀ ਨੂੰ ਪਾ ਕੇ, ਧਰਤੀ 'ਤੇ ਨਹੀਂ ਸੀ ਲੱਗ ਰਹੇ ਤੇ ਉਹ ਖੀਵਾ ਹੋਇਆ ਛੇਤੀ ਤੋਂ ਛੇਤੀ ਰਾਜੇਵਾਲ ਪੁੱਜਣਾ ਲੋਚਦਾ ਸੀ!

ਲੋਪੋਂ ਅਤੇ ਰੁਪਾਲੋਂ ਦੇ ਵਿਚਕਾਰ ਢੱਕੀ ਸੀ- ਸੁੰਨਸਾਨ ਰਾਹ! ਰਾਮ ਰਤਨ ਬੈਲ ਗੱਡੀ ਵਿਚ ਪਰਤਾਪੀ ਨੂੰ ਲਈ ਜਾ ਰਿਹਾ ਸੀ ਕਿ ਕਾਕੇ ਨੇ ਆਪਣੇ ਨਾਲ ਕੁਝ ਬਦਮਾਸ਼ ਲਏ ਤੇ ਗੱਡੀ ਢੱਕੀ ਵਿਚ ਜਾ ਘੇਰੀ। ਨਾਲ ਆਏ ਬਰਾਤੀ ਕੁੱਟ-ਕੁੱਟ ਕੇ ਭਜਾ ਦਿੱਤੇ ਤੇ ਪਰਤਾਪੀ ਨੂੰ ਸਣੇ ਗੱਡੀ ਆਪਣੇ ਪਿੰਡ ਰੁਪਾਲੋਂ ਲੈ ਆਇਆ।

'ਜ਼ੋਰ ਸਰਦਾਰੀ ਦੇ, ਗੱਡੀ ਮੋੜ ਕੇ ਰੁਪਾਲੋਂ ਬਾੜੀ।' (ਲੋਕ ਗੀਤ)

ਗਰੀਬ ਸੁਨਿਆਰ ਜਗੀਰਦਾਰਾਂ ਦੇ ਅੱਤਿਆਚਾਰ ਅਤੇ ਧੱਕਾਸ਼ਾਹੀ ਦੀ ਤਾਬ ਨਾ ਝੱਲਦੇ ਹੋਏ ਖੰਨੇ ਦੇ ਥਾਣੇ ਜਾ ਰੋਏ-ਪਿੱਟੇ।

ਰੁਪਾਲੋਂ ਪੁਲਿਸ ਆਈ। ਕਾਹਨ ਸਿੰਘ ਜ਼ੈਲਦਾਰ ਦੀ ਇੱਜ਼ਤ ਦਾ ਸਵਾਲ ਸੀ। ਕਾਕੇ ਨੇ ਪਰਤਾਪੀ ਨੂੰ ਕਿਧਰੇ ਹੋਰ ਤੋਰ ਦਿੱਤਾ। ਘਰ ਦੀ ਤਲਾਸ਼ੀ ਹੋਈ। ਚਾਂਦੀ ਦੇ ਛਣਕਦੇ ਰੁਪਿਆਂ ਨਾਲ ਜ਼ੈਲਦਾਰ ਦੀ ਇੱਜ਼ਤ ਬਚਾ ਲਈ ਗਈ। ਪਰਤਾਪੀ ਬਰਾਮਦ ਨਾ ਹੋ ਸਕੀ। ਰਾਮ ਰਤਨ ਸਬਰ ਦਾ ਘੁੱਟ ਭਰ ਕੇ ਬਹਿ ਗਿਆ।

ਕਾਕਾ ਕਿਰਪਾਲ ਸਿੰਘ ਦੇ ਅਮੋੜ ਸੁਭਾਅ ਨੂੰ ਮੁੱਖ ਰੱਖਦਿਆਂ ਜ਼ੈਲਦਾਰ ਕਾਹਨ ਸਿੰਘ ਨੇ ਉਹਨੂੰ ਰਿਆਸਤ ਨਾਭਾ ਵਿਖੇ ਰਾਜਾ ਹੀਰਾ ਸਿੰਘ ਦੇ ਰਸਾਲੇ ਵਿਚ ਭਰਤੀ ਕਰਵਾ ਦਿੱਤਾ। ਕਾਕੇ ਨੇ ਪਰਤਾਪੀ, ਪਰਤਾਪੀ ਦੇ ਨਾਨਕੀਂ ਛੱਡ ਆਂਦੀ। ਉਥੋਂ ਉਹ ਵਿਛੋੜੇ ਦੀ ਅਗਨੀ ਵਿਚ ਸੜਦੀ ਹੋਈ ਲੋਪੋਂ ਆ ਗਈ।

ਨਾਭੇ ਤੋਂ ਪਰਤਾਪੀ ਨੂੰ ਕਾਕੇ ਦੇ ਸੁੱਖ-ਸੁਨੇਹੇ ਪੁਜਦੇ ਰਹੇ। ਉਹ ਉਹਦੇ ਵਿਯੋਗ ਵਿਚ ਬਿਨ ਪਾਣੀਓਂ-ਮੱਛੀ ਵਾਂਗ ਤੜਪ ਰਿਹਾ ਸੀ। ਪਰਤਾਪੀ ਹੁਣ ਨਾਭੇ ਕਾਕੇ ਕੋਲ ਨੱਸ ਜਾਣ ਦੀਆਂ ਵਿਉਂਤਾਂ ਬਣਾ ਰਹੀ ਸੀ। ਉਹਨੇ ਆਪਣੀ ਸਹੇਲੀ ਭੋਲੀ ਨੂੰ ਆਪਣੇ ਦਿਲ ਦੀ ਗੱਲ ਦੱਸ ਦਿੱਤੀ। "ਭੋਲੀਏ ਇਸ਼ਕ ਦੀਆਂ ਲੱਗੀਆਂ ਦੇ ਬਾਣ ਬੁਰੇ, ਮੇਰਾ ਲੂੰ-ਲੂੰ ਜਲ ਰਿਹੈ, ਮੇਰੀ ਨੀਂਦ ਕਿਧਰੇ ਉਡ-ਪੁਡ ਗਈ ਐ। ਬਸ ਕਾਕਾ ਅੱਠੋ ਪਹਿਰ ਯਾਦ ਆਉਂਦਾ ਰਹਿੰਦੈ... ਮੈਨੂੰ ਉਨੀ ਦੇਰ ਚੈਨ ਨਹੀਂ ਆਉਣੀ ਜਿੰਨੀ ਦੇਰ ਉਹਨੂੰ ਦੇਖ ਨਹੀਂ ਲੈਂਦੀ। ਖੌਰੇ ਉਹਦੀ ਕੀ ਹਾਲਤ ਹੋਵੇਗੀ। ਭੋਲੀਏ, ਮੈਨੂੰ ਨਾਭੇ ਪੁਚਾਣ ਦੀ ਕੋਈ ਸਕੀਮ ਸੋਚ- ਸਾਰੀ ਉਮਰ ਤੇਰਾ ਅਹਿਸਾਨ ਨਹੀਂ ਭੁੱਲਾਂਗੀ।" ਪਰਤਾਪੀ ਨੇ ਆਪਣਾ ਸਿਰ ਭੋਲੀ ਦੀ ਗੋਦੀ ਵਿਚ ਸੁੱਟ ਦਿੱਤਾ ਤੇ ਡੁਸਕਣ ਲੱਗ ਪਈ।

"ਅੜੀਏ ਹੌਸਲਾ ਕਰ, ਮੈਂ ਆਪਣੇ ਦਲੇਲ ਨਾਲ ਗੱਲ ਕਰਕੇ ਤੇਰਾ ਕੋਈ ਬੰਦੋਬਸਤ ਕਰਦੀ ਆਂ... ਉਹ ਤੈਨੂੰ ਸਰਦਾਰ ਕੋਲ ਛੱਡ ਆਵੇਗਾ। ਹੁਣ ਪੂੰਝ ਛੱਡ ਇਹ ਹੰਝੂ।" ਭੋਲੀ ਨੇ ਹੌਸਲਾ ਦਿੱਤਾ।



"ਭੋਲੀਏ ਤੇਰਾ ਕਰਜ਼ ਕਿਵੇਂ ਚੁਕਾਵਾਂਗੀ?"

"ਬਸ ਦਿਲ ਦੀ ਭਾਫ਼ ਦਿਲ ਵਿਚ ਹੀ ਰੱਖ! ਔਹ ਨਰੈਣੀ ਆਉਂਦੀ ਪਈ ਐ!" ਭੋਲੀ ਨੇ ਪਰਤਾਪੀ ਦੀਆਂ ਅੱਖਾਂ ਵਿਚ ਅਨੋਖੀ ਚਮਕ ਵੇਖੀ ਤੇ ਬੁਲ੍ਹਾਂ ਵਿਚ ਮੁਸਕਰਾਈ।

ਆਥਣ ਸਮੇਂ ਭੋਲੀ ਨੇ ਆਪਣੇ ਘਰ ਵਾਲੇ ਦਲੇਲ ਗੁੱਜਰ ਨਾਲ ਪਰਤਾਪੀ ਨੂੰ ਕਾਕੇ ਕੋਲ ਨਾਭੇ ਛੱਡ ਆਉਣ ਦੀ ਗੱਲ ਤੋਰੀ।

ਅਗਲੀ ਭਲਕ ਦਲੇਲ ਨੇ ਰੁਪਾਲੋਂ ਜਾ ਕੇ ਕਾਕੇ ਦੀ ਮਾਂ ਅਤਰੀ ਨੂੰ ਪਰਤਾਪੀ ਦੇ ਨਾਭੇ ਜਾਣ ਦੇ ਮਨਸੂਬੇ ਬਾਰੇ ਦਸ ਦਿੱਤਾ। ਪਰਤਾਪੀ ਦਾ ਕਾਕੇ ਕੋਲ ਨਾਭੇ ਜਾਣਾ ਸੁਣ ਕੇ ਅਤਰੀ ਦੇ ਸਿਰ ਜਿਵੇਂ ਸੌ ਘੜਾ ਪਾਣੀ ਪੈ ਗਿਆ। ਉਹ ਮੱਥਾ ਫੜ ਕੇ ਬੈਠ ਗਈ। ਇਕ ਪਲ ਉਹ ਸੁੰਨ ਬੈਠੀ ਰਹੀ, ਆਖਰ ਉਸ ਦੇ ਬੁਲ੍ਹ ਕੰਬੇ, "ਨਹੀਂ, ਨਹੀਂ ਹੋਣ ਦਿਆਂਗੀ। ਜ਼ੈਲਦਾਰ ਕਾਹਨ ਸਿੰਘ ਦੀ ਨੂੰਹ ਕਮੀਣ ਸੁਨਿਆਰ ਦੀ ਧੀ ਨਹੀਂ ਬਣ ਸਕਦੀ। ਨਹੀਂ ਬਣ ਸਕਦੀ। ਜੇ ਪਰਤਾਪੀ ਕਾਕੇ ਦੇ ਵਸ ਗਈ ਤਾਂ ਸਾਡੇ ਖ਼ਾਨਦਾਨ ਦੀ ਇੱਜ਼ਤ ਮਿੱਟੀ ਵਿਚ ਮਿਲ ਜਾਵੇਗੀ। ਸਾਡਾ ਨੱਕ ਵੱਢਿਆ ਜਾਵੇਗਾ। ਅਸੀਂ ਵੱਡੇ ਨਾਢੂ ਖਾਂ ਸਰਦਾਰ ਕਿਸੇ ਪਾਸੇ ਵੀ ਆਪਣਾ ਮੂੰਹ ਦਿਖਾਉਣ ਜੋਗੇ ਨਹੀਂ ਰਹਾਂਗੇ। ਵੀਰ ਮੇਰਿਆ ਕੁਝ ਵੀ ਕਰ। ਸਾਡੀ ਇੱਜ਼ਤ ਬਚਾ। ਤੂੰ ਅੱਗੇ ਵੀ ਸਾਡੇ 'ਤੇ ਬਹੁਤ ਅਹਿਸਾਨ ਕੀਤੇ ਨੇ। ਆਹ ਲੈ ਪੰਜ ਸੌ ਰੁਪਏ। ਪਰਤਾਪੀ ਨੂੰ ਕਿਧਰੇ ਮੁਕਾ ਛੱਡ। ਮੈਂ ਤੇਰੇ ਪੈਰੀਂ ਪੈਨੀ ਆਂ।" ਅਤਰੀ ਨੇ ਆਪਣੀ ਚੁੰਨੀ ਦਲੇਲ ਦੇ ਪੈਰਾਂ 'ਤੇ ਰੱਖ ਦਿੱਤੀ।

ਅਤਰੀ ਦੀ ਹਾਲਤ ਦਲੇਲ ਪਾਸੋਂ ਸਹਾਰੀ ਨਾ ਗਈ। ਐਡੇ ਵੱਡੇ ਸਰਦਾਰਾਂ ਦੀ ਸਰਦਾਰਨੀ ਉਹਦੇ ਅੱਗੇ ਝੋਲੀ ਅੱਡੀ ਖੜੀ ਸੀ। ਉਹਨੇ ਪਰਤਾਪੀ ਨੂੰ ਪਾਰ ਬੁਲਾਉਣ ਦਾ ਇਕਰਾਰ ਅਤਰੀ ਨੂੰ ਦੇ ਦਿੱਤਾ।

ਰੁਪਾਲੋਂ ਦੇ ਲਾਗਲੇ ਪਿੰਡ ਚੱਕ ਦਾ ਸੱਯਦ ਮੁਹੰਮਦ ਸ਼ਾਹ ਦਲੇਲ ਦਾ ਯਾਰ ਸੀ। ਉਹਨੇ ਉਸ ਨੂੰ ਵੀ ਪਰਤਾਪੀ ਨੂੰ ਮਾਰਨ ਦੇ ਕਾਰਜ ਵਿਚ ਆਪਣਾ ਭਾਈਵਾਲ ਬਣਾ ਲਿਆ। ਅੰਨ੍ਹਾ ਲਾਲਚ ਚੰਗੇ ਭਲਿਆਂ ਨੂੰ ਵੀ ਵਿਗਾੜ ਦਿੰਦਾ ਹੈ।

ਦਲੇਲ ਨੇ ਲੋਪੋਂ ਆ ਕੇ, ਅਗਲੀ ਭਲਕ ਭੋਲੀ ਹੱਥ, ਪਰਤਾਪੀ ਨੂੰ ਨਾਭੇ ਜਾਣ ਲਈ ਤਿਆਰੀ ਕਰਨ ਦਾ ਸੁਨੇਹਾ ਭੇਜ ਦਿੱਤਾ। ਮਾਹੀ ਪਾਸ ਜਾਣ ਦਾ ਸੱਦਾ ਸੁਣ ਕੇ ਉਹ ਫੁੱਲ ਵਾਂਗ ਖਿੜ ਗਈ।

ਪੱਛਮ ਵੱਲ ਸੂਰਜ ਦੀ ਲਾਲੀ ਕਾਲੋਂ ਦਾ ਰੂਪ ਧਾਰ ਰਹੀ ਸੀ। ਤਾਰੇ ਲੁਕਣ ਮੀਟੀ ਖੇਡਣ ਲਗ ਪਏ ਸਨ। ਦਲੇਲ ਵਿਛੜੀ ਕੂੰਜ ਨੂੰ ਨਾਲ ਲੈ ਕੇ ਚਾਵਾ-ਪੈਲ ਸਟੇਸ਼ਨ ਨੂੰ ਤੁਰ ਪਿਆ। ਲੋਪੋਂ ਤੋਂ ਚਾਵਾ-ਪੈਲ ਸਟੇਸ਼ਨ ਤੀਕਰ ਟਿੱਬੇ ਹੀ ਟਿੱਬੇ ਸਨ। ਪਰਤਾਪੀ ਟਿੱਬਿਆਂ ਦੀ ਕੋਈ ਪਰਵਾਹ ਨਹੀਂ ਸੀ ਕਰ ਰਹੀ। ਅੱਜ ਉਹ ਸਾਰੇ ਦਿਨਾਂ ਨਾਲੋਂ ਖਿੜਵੇਂ ਰੌਂਅ ਵਿਚ ਸੀ। ਉਹ ਭੋਲੀ ਦਾ ਲੱਖ-ਲੱਖ ਸ਼ੁਕਰ ਕਰ ਰਹੀ ਸੀ। ਪਿਆਰੇ ਦੇ ਮਿਲਾਪ ਲਈ ਉਹਦਾ ਦਿਲ ਬਹਿਬਲ ਹੋ ਰਿਹਾ ਸੀ। ਉਹ ਇਹ ਨਹੀਂ ਸੀ ਜਾਣਦੀ ਕਿ ਹੋਣੀ ਕੀ ਭਾਣਾ ਵਰਤਾਣ ਲੱਗੀ ਹੈ।

ਜਦੋਂ ਦਲੇਲ ਤੇ ਪਰਤਾਪੀ ਹਾਥੀ ਵਾਲੇ ਟਿੱਬੇ ਕੋਲ ਪੁੱਜੇ ਤਾਂ ਅੱਗੋਂ ਸੱਯਦ ਮੁਹੰਮਦ ਨੇ ਆ ਲਲਕਾਰਾ ਮਾਰਿਆ। ਕਾਲੀ ਬੋਲੀ ਸੁੰਨਸਾਨ ਰਾਤ ਵਿਚ ਦਲੇਲ ਤੇ ਸੱਯਦ ਮੁਹੰਮਦ ਨੰਗੀਆਂ ਤਲਵਾਰਾਂ ਲੈ ਕੇ ਪਰਤਾਪੀ ਦੇ ਦੁਆਲੇ ਹੋ ਗਏ। ਬੇਬਸ ਹਰਨੀ ਨੇ ਸੈਆਂ ਤਰਲੇ ਕੀਤੇ, ਹਾੜ੍ਹੇ ਕੱਢੇ, ਆਪਣੇ ਪਿੰਡ ਦਾ ਵੀ ਵਾਸਤਾ ਪਾਇਆ। ਪਿੰਡ ਦਾ ਤਾਂ ਕੁੱਤਾ ਵੀ ਮਾਣ ਨਹੀਂ ਹੁੰਦਾ,

ਨਾ ਮਾਰੀਂ ਵੇ ਦਲੇਲ ਗੁੱਜਰਾ
ਮੈਂ ਲੋਪੋਂ ਦੀ ਸੁਨਿਆਰੀ।
(ਲੋਕ ਗੀਤ)

ਪਰ ਅੰਨ੍ਹੇ ਲਾਲਚ ਅਤੇ ਸਰਦਾਰਾਂ ਦੀ ਫੋਕੀ ਇੱਜ਼ਤ ਨੇ ਪਰੀਆਂ ਵਰਗੀ ਮਾਸੂਮ ਪਰਤਾਪੀ ਦੇ ਟੋਟੇ ਕਰਵਾ ਦਿੱਤੇ,

ਕਰੀ ਅਰਜੋਈ ਨਾ ਦਰਦ ਮੰਨਿਆ
ਪਾਪ ਉਤੇ ਲੱਕ ਪਾਪੀਆਂ ਨੇ ਬੰਨ੍ਹਿਆ
ਕਰਦੇ ਹਲਾਲ ਜਿਉਂ ਕਸਾਈ ਬੱਕਰੇ
ਗੁੱਜਰ ਦਲੇਲ ਨੇ ਬਣਾਏ ਡੱਕਰੇ।
(ਗੋਕਲ ਚੰਦ)

ਦਲੇਲ ਹੋਰਾਂ ਨੇ ਪਰਤਾਪੀ ਦੀ ਲਾਸ਼ ਟੁਕੜੇ-ਟੁਕੜੇ ਕਰਕੇ ਹਾਥੀ ਵਾਲੇ ਟਿੱਬੇ ਵਿਚ ਡੂੰਘੀ ਦੱਬ ਦਿੱਤੀ। ਇਕ ਟਟੀਹਰੀ ਦੀ ਦਿਲ-ਚੀਰਵੀਂ ਆਵਾਜ਼ ਹੌਲੇ-ਹੌਲੇ ਮੱਧਮ ਪੈ ਗਈ।

ਪਰਤਾਪੀ ਦੇ ਅਚਾਨਕ ਗਾਇਬ ਹੋਣ 'ਤੇ ਪਿੰਡ ਵਿਚ ਰੌਲਾ ਪੈ ਗਿਆ। ਕੋਈ ਆਖੇ, "ਪਰਤਾਪੀ ਕਾਕੇ ਪਾਸ ਨਾਭੇ ਨਸ ਗਈ ਹੈ।" ਕਿਸੇ ਕਿਹਾ, "ਪਰਤਾਪੀ ਨੂੰ ਕਾਹਨ ਸਿੰਘ ਹੋਰਾਂ ਮਰਵਾ ਦਿੱਤਾ ਹੈ।" ਆਖਰ ਸ਼ੋਹਰੋ ਸ਼ੋਹਰੀ ਹੁੰਦੀ ਗਈ। ਕਿਸੇ ਥਾਣੇ ਜਾ ਮੁਖ਼ਬਰੀ ਕੀਤੀ। ਪਰਤਾਪੀ ਦਾ ਕਤਲ ਹੋਇਆਂ ਛੇ ਮਹੀਨੇ ਲੰਘ ਚੁੱਕੇ ਸਨ।

ਪੁਲਿਸ ਆਈ। ਸਾਰੇ ਪਿੰਡ ਦੀ ਮਾਰ-ਕੁਟਾਈ ਕੀਤੀ ਗਈ ਪਰ ਪਰਤਾਪੀ ਦਾ ਕਿਧਰੇ ਥਹੁ-ਪਤਾ ਨਾ ਲੱਗਾ।

ਅੰਗਰੇਜ਼ ਬਾਰਬਟਨ ਜਿਹੜਾ ਉਸ ਸਮੇਂ ਲੁਧਿਆਣੇ ਦਾ ਪੁਲਿਸ ਸੁਪਰਡੈਂਟ ਸੀ, ਇਸ ਕੇਸ ਦੀ ਪੜਤਾਲ ਲਈ ਰੁਪਾਲੋਂ ਆਇਆ। ਉਸ ਦੇ ਨਾਲ ਦੋ ਸੌ ਸਿਪਾਹੀ ਸਨ। ਪਿੰਡ ਇਕ ਛਾਉਣੀ ਵਿਚ ਬਦਲ ਗਿਆ-ਤੰਬੂ ਤਾਣੇ ਗਏ। ਉਸ ਨੇ ਆਲੇ-ਦੁਆਲੇ ਦੇ ਸਾਰੇ ਪਿੰਡ ਸਦ ਲਏ। ਫੇਰ ਵੀ ਕੁਝ ਪਤਾ ਨਾ ਲੱਗਾ। ਬਾਰਬਟਨ ਹੁਸ਼ਿਆਰ ਬਹੁਤ ਸੀ। ਉਹ ਆਥਣ ਸਮੇਂ ਬਾਹਰ ਬੈਠੀਆਂ ਔਰਤਾਂ ਪਾਸ ਚੋਰੀ ਬੈਠ ਕੇ ਉਨ੍ਹਾਂ ਦੀਆਂ ਗੱਲਾਂ ਸੁਣਦਾ ਰਹਿੰਦਾ। ਇਕ ਦਿਨ ਉਸ ਨੂੰ ਪਰਤਾਪੀ ਦੇ ਭੋਲੀ ਨਾਲ ਸਹੇਲਪੁਣੇ ਦਾ ਪਤਾ ਲੱਗ ਗਿਆ। ਉਹਨੇ ਭੋਲੀ ਜਾ ਫੜੀ। ਭੋਲੀ ਨੇ ਪਰਤਾਪੀ ਦੇ ਦਲੇਲ ਨਾਲ ਨਾਭੇ ਜਾਣ ਦੀ ਗੱਲ ਦੱਸ ਦਿੱਤੀ। ਅੱਗੋਂ ਦਲੇਲ ਗੁੱਜਰ ਨੇ ਵਾਅਦਾ ਮੁਆਫ਼ ਗਵਾਹ ਬਣ ਕੇ ਸਾਰੀ ਹੋਈ ਬੀਤੀ ਸੁਣਾ ਦਿੱਤੀ।

ਕਾਕਾ ਕਿਰਪਾਲ ਸਿੰਘ ਦੀ ਮਾਂ ਅਤਰੀ ਅਤੇ ਸੱਯਦ ਮੁਹੰਮਦ ਸ਼ਾਹ ਹੋਰੀਂ ਫੜ ਲਏ ਗਏ।

ਹੁਣ ਸੁਆਲ ਪਰਤਾਪੀ ਦੀ ਲਾਸ਼ ਲੱਭਣ ਦਾ ਸੀ। ਦਲੇਲ ਦੇ ਦੱਸੇ ਪਤੇ 'ਤੇ ਹਾਥੀ ਵਾਲੇ ਟਿੱਬੇ ਦੀ ਪੁਟਾਈ ਸ਼ੁਰੂ ਹੋਈ। ਆਲੇ-ਦੁਆਲੇ ਦੇ ਪਿੰਡਾਂ ਦੇ ਲੋਕਾਂ ਨੇ ਜਿਸ ਵਿਚ ਮੇਰੇ ਪਿੰਡ ਮਾਦਪੁਰ ਦੇ ਲੋਕ ਵੀ ਸ਼ਾਮਲ ਸਨ, ਟਿੱਬੇ ਦੀ ਖੁਦਾਈ ਵਿਚ ਮਦਦ ਕੀਤੀ।

ਆਖਰ ਪਰਤਾਪੀ ਦੇ ਹੱਡ ਲੱਭ ਪਏ। ਇਸ ਹੱਡ ਲੱਭਣ ਦੀ ਵਾਰਤਾ ਨੂੰ ਸਾਡੇ ਇਲਾਕੇ ਦੇ ਇਕ ਲੋਕ ਗੀਤ ਨੇ ਅਜੇ ਤੀਕਰ ਸੰਭਾਲਿਆ ਹੋਇਆ ਹੈ,

ਹੱਡ ਪਰਤਾਪੀ ਦੇ ਬਾਰ ਬਟਨ ਨੇ ਟੋਲ੍ਹੇ।

ਅਦਾਲਤ ਵਿਚ ਮੁਕੱਦਮਾ ਚਲਿਆ। ਸੱਯਦ ਮੁਹੰਮਦ ਸ਼ਾਹ ਨੂੰ ਫਾਂਸੀ ਅਤੇ ਅਤਰੀ ਨੂੰ ਕਾਲੇ ਪਾਣੀ ਦੀ ਸਜ਼ਾ ਦਿੱਤੀ ਗਈ। ਦਲੇਲ ਗੁੱਜਰ ਨੂੰ ਵਾਅਦਾ ਮੁਆਫ਼ ਗਵਾਹ ਹੋਣ ਕਾਰਨ ਬਰੀ ਕਰ ਦਿੱਤਾ ਗਿਆ। ਬਜ਼ੁਰਗ ਦਸਦੇ ਹਨ ਕਿ ਇਸ ਮੁਕੱਦਮੇ ਦੇ ਫੈਸਲੇ ਤੋਂ ਇਕ ਮਹੀਨਾ ਬਾਅਦ, ਇਕ ਬੱਦਲਵਾਈ ਵਾਲੇ ਦਿਨ, ਜਦੋਂ ਦਲੇਲ ਵਗ ਚਰਾਂਦਾ ਹੋਇਆ ਪਰਤਾਪੀ ਦੇ ਮਰਨ ਵਾਲੀ ਥਾਂ 'ਤੇ ਪੁੱਜਾ ਤਾਂ ਅਸਮਾਨ ਵਿਚੋਂ ਕੜਕਦੀ ਬਿਜਲੀ ਉਸ ਉਤੇ ਡਿਗ ਪਈ ਤੇ ਉਹ ਉਥੇ ਹੀ ਖਖੜੀ-ਖਖੜੀ ਹੋ ਗਿਆ।

ਇਸ ਕਹਾਣੀ ਨੂੰ ਵਾਪਰਿਆਂ ਡੇਢ ਸਦੀ ਦੇ ਕਰੀਬ ਸਮਾਂ ਬੀਤ ਗਿਆ ਹੈ ਪਰੰਤੂ ਨਿਰਦੋਸ਼ ਮਾਸੂਮ ਪਰਤਾਪੀ ਦੇ ਕਤਲ ਦਾ ਦਰਦ ਇਸ ਇਲਾਕੇ ਦੇ ਕਣ-ਕਣ ਵਿਚ ਰਮਿਆ ਹੋਇਆ ਹੈ। ਜਦ ਕੋਈ ਬਜ਼ੁਰਗ ਇਸ ਕਹਾਣੀ ਦੀ ਬਾਤ ਪਾਉਂਦਾ ਹੈ ਤਾਂ ਉਸ ਦਾ ਗਲਾ ਭਰ-ਭਰ ਆਉਂਦਾ ਹੈ ਤੇ ਨੈਣਾਂ ਵਿਚ ਅੱਥਰੂ ਸਿੰਮ ਆਉਂਦੇ ਹਨ।

## ਕਲੀਆਂ ਦਾ ਸਰਦਾਰ

*(ਬਰਸੀ 'ਤੇ ਵਿਸ਼ੇਸ਼)*



ਜਿਸ ਮਾਂ ਨੇ ਜਾਇਆ ਮਾਣਕ ਨੂੰ
ਉਸ ਮਾਂ ਨੂੰ ਸਾਡਾ ਪ੍ਰਣਾਮ ਕਹਿਣਾ।
ਬੇਸ਼ਕ ਉਹ ਪਿੰਡ ਜਲਾਲ ਦਾ ਸੀ
ਪਰ ਪੰਜਾਬੀਆਂ ਦਾ ਸੀ ਗਹਿਣਾ।

ਬੰਦਾ ਬਹਾਦਰ ਦੀ ਵਾਰ ਜਦ ਗਾਉਂਦਾ ਸੀ
ਮੁਰਦਿਆਂ ਵਿਚ ਜਾਨ ਉਹ ਪਾਉਂਦਾ ਸੀ।
ਗਾ ਉਧਮ, ਭਗਤ ਸਿੰਘ, ਸਰਾਭੇ ਨੂੰ
ਲੁੱਟ ਸਭ ਦਾ ਗਿਆ ਸਤਿਕਾਰ ਸੀ।
ਮਾਣਕ ਦਾ ਪਿੰਡ ਜਲਾਲ ਸੀ
ਉਹ ਕਲੀਆਂ ਦਾ ਸਰਦਾਰ ਸੀ।

ਹੀਰ-ਰਾਂਝੇ ਨੂੰ ਖੂਬ ਨਿਭਾਇਆ ਸੀ
ਕੱਚਿਆਂ 'ਤੇ ਸੋਹਣੀ ਨੂੰ ਤਰਾਇਆ ਸੀ।
ਜੇ ਮਿਰਜ਼ਾ ਗਾਇਆ ਖੁਭ ਕੇ ਉਸ
ਤਾਂ ਸਾਹਿਬਾ ਦਾ ਤਰਲਾ ਵੀ ਨਾਲ ਸੀ।
ਮਾਣਕ ਦਾ ਪਿੰਡ ਜਲਾਲ ਸੀ
ਉਹ ਕਲੀਆਂ ਦਾ ਸਰਦਾਰ ਸੀ।

ਜਦ ਜੈਮਲ ਫੱਤਾ ਗਾਉਂਦਾ ਸੀ
ਤਖਤ ਲਾਹੌਰ ਦਾ ਕੰਬਣ ਲਾਉਂਦਾ ਸੀ।
ਗਾ ਕੇ ਗਾਥਾ ਦੁੱਲੇ ਭੱਟੀ ਦੀ
ਬਣ ਗਿਆ ਸ਼ਾਹ ਅਸਵਾਰ ਸੀ।
ਮਾਣਕ ਦਾ ਪਿੰਡ ਜਲਾਲ ਸੀ
ਉਹ ਕਲੀਆਂ ਦਾ ਸਰਦਾਰ ਸੀ।

ਜਦ ਮਾਂ ਦਾ ਗੀਤ ਸੁਣਾਉਂਦਾ ਸੀ
ਅੱਖੀਆਂ 'ਚੋਂ ਨੀਰ ਵਹਾਉਂਦਾ ਸੀ।
ਗਾ ਗੀਤ ਵੀਰ ਦਾ ਭੈਣ ਲਈ
ਪਾਇਆ ਜੱਗ 'ਤੇ ਉਸ ਸਤਿਕਾਰ ਸੀ।
ਮਾਣਕ ਦਾ ਪਿੰਡ ਜਲਾਲ ਸੀ
ਉਹ ਕਲੀਆਂ ਦਾ ਸਰਦਾਰ ਸੀ।

ਮਾਣਕ ਇਕ ਸੀ ਇਕ ਹੀ ਰਹਿਣਾ ਏ
ਇਹ ਦੁਨੀਆਂ ਆਉਣਾ-ਜਾਣਾ ਏ
ਗੁਰਾਇਆ ਬੈਠ ਕਿਸੇ ਨੇ ਕਹਿਣਾ ਏ।

-ਪਲਵਿੰਦਰ ਸਿੰਘ ਗੋਰਾਇਆ
ਬੇਅ ਏਰੀਆ, ਕੈਲੀਫੋਰਨੀਆ।
ਫੋਨ: 408-515-9185

ਕਹਾਣੀ

# ਦੋ ਜਣੇ

**ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਦੀ ਕਹਾਣੀ 'ਦੋ ਜਣੇ' ਮੱਧ-ਵਰਗ ਦੇ ਉਸ ਅੰਤ ਦੀ ਕਥਾ ਹੈ ਜਿਸ ਦੀ ਤੇਜ਼-ਰਫਤਾਰੀ ਨੇ ਰਿਸ਼ਤਿਆਂ ਦੇ ਨਿੱਘ ਨੂੰ ਠੰਢਾ-ਠਾਰ ਕਰ ਦਿੱਤਾ ਹੈ। ਉਮਰ ਦੀਆਂ ਤਰਕਾਲਾਂ ਦੀ ਉਦਾਸੀ ਹੋਈ ਲਾਲੀ ਇਸ ਕਹਾਣੀ ਵਿਚੋਂ ਥਾਂ-ਥਾਂ ਝਲਕਦੀ ਹੈ। ਇਹ ਕਹਾਣੀ ਅਸਲ ਵਿਚ ਤਾਂ ਇਕ ਜਣੇ ਦੀ ਹੀ ਕਹਾਣੀ ਹੈ ਜਿਸ ਵਰਗੇ ਜੀਅ ਸਾਡੇ ਆਲੇ-ਦੁਆਲੇ ਨਿੱਤ ਤੁਰਦੇ-ਫਿਰਦੇ ਦਿਸਦੇ ਹਨ। ਲੇਖਕ ਨੇ ਉਮਰ ਦੇ ਆਖਰੀ ਪੜਾਅ ਵੱਲ ਵਧ ਰਹੇ ਇਨ੍ਹਾਂ ਜੀਆਂ ਦੀ ਇਕੱਲਤਾ ਨੂੰ ਬਰੀਕੀ ਨਾਲ ਫੜਿਆ ਹੈ।-ਸੰਪਾਦਕ**

ਬਾਊ ਜੀ ਦੀ ਨੀਂਦ ਅੱਜ ਕੁਝ ਸੁਵਖਤੇ ਹੀ ਖੁੱਲ੍ਹ ਗਈ ਸੀ। ਉਂਜ ਤਾਂ ਸਵੇਰੇ ਹਰ ਰੋਜ਼ ਹੀ ਉਨ੍ਹਾਂ ਨੂੰ ਆਪਣੇ ਸੰਘ ਵਿਚ ਕੁਝ ਫਸਿਆ ਲਗਦਾ ਸੀ, ਪਰ ਅੱਜ ਤਾਂ ਮੂੰਹ ਕੁਝ ਵਧੇਰੇ ਹੀ ਬੇਸੁਆਦਾ ਅਤੇ ਖ਼ਰਾਬ ਹੋਇਆ ਪਿਆ ਸੀ। ਪੇਟ ਵਿਚ ਵੀ ਹਵਾ ਭਰੀ ਪਈ ਸੀ। ਸ਼ਾਇਦ ਨੀਂਦ ਪਹਿਲਾਂ ਟੁੱਟਣ ਦਾ ਇਹੋ ਕਾਰਨ ਸੀ। ਰਾਤ ਨੂੰਹ ਨੇ ਉਨ੍ਹਾਂ ਦੀ ਦਾਲ ਵਿਚ ਹਿੰਗ ਨਹੀਂ ਪਾਈ ਹੋਵੇਗੀ। ਅਸਲ ਵਿਚ ਨੂੰਹ ਨੂੰ ਹਿੰਗ ਦੀ ਖ਼ੁਸ਼ਬੋ, ਜਿਸ ਨੂੰ ਉਹ ਮੁਸ਼ਕ ਕਹਿੰਦੀ ਸੀ, ਪਸੰਦ ਨਹੀਂ ਸੀ। ਤੇ ਹਿੰਗ ਪਾਏ ਬਿਨਾਂ ਕਈ ਚੀਜ਼ਾਂ ਬਾਊ ਜੀ ਨੂੰ ਤੰਗ ਕਰਦੀਆਂ ਸਨ।

ਪਤਨੀ ਦੇ ਹੁੰਦਿਆਂ ਉਨ੍ਹਾਂ ਨੂੰ ਕਦੀ ਅਜਿਹੀ ਸਮੱਸਿਆ ਨਹੀਂ ਸੀ ਆਈ। ਉਹ ਯਾਦ ਰਖਦੀ, ਕਿਹੜੀ ਦਾਲ-ਭਾਜੀ ਦੇ ਦੁਰਪ੍ਰਭਾਵ ਖ਼ਤਮ ਕਰਨ ਲਈ ਉਸ ਵਿਚ ਮੇਥੇ ਪਾਉਣੇ ਹਨ, ਕਿਹੜੀ ਵਿਚ ਹਿੰਗ ਅਤੇ ਕਿਹੜੀ ਵਿਚ ਕੁਝ ਹੋਰ। ਉਹਦੇ ਹੁੰਦਿਆਂ ਉਨ੍ਹਾਂ ਨੂੰ ਰਸੋਈ ਵਿਚ ਜਾਣ ਦੀ ਲੋੜ ਨਹੀਂ ਸੀ ਪੈਂਦੀ, ਹੁਣ ਰਸੋਈ ਵਿਚ ਜਾਣਾ ਸ਼ੋਭਦਾ ਨਹੀਂ ਸੀ।

ਸਿਆਲ ਦੀ ਰੁੱਤ ਹੋਣ ਕਰਕੇ ਉਹ ਕੋਈ ਛੇ ਵਜੇ ਉਠਦੇ ਸਨ, ਪਰ ਅੱਜ ਅਜੇ ਪੰਜ ਹੀ ਵੱਜੇ ਸਨ। ਉਨ੍ਹਾਂ ਨੇ ਵਾਸ਼-ਬੇਸਿਨ ਵਿਚ ਮੂੰਹ ਧੋਤਾ ਅਤੇ ਕੁਰਲੀਆਂ ਕੀਤੀਆਂ। ਉਹ ਜ਼ੋਰ ਨਾਲ ਖੰਘੂਰ ਕੇ ਸੰਘ ਨੂੰ ਧੁਰ ਅੰਦਰ ਤੱਕ ਸਾਫ਼ ਕਰਨਾ ਚਾਹੁੰਦੇ ਸਨ, ਤਾਂ ਜੋ ਖਟਾਸ ਨਿਕਲ ਕੇ ਛਾਤੀ ਕੁਝ ਹੌਲੀ ਹੋ ਜਾਵੇ, ਪਰ ਸੁਵਖਤਾ ਹੋਣ ਕਰਕੇ ਉਚੀ ਆਵਾਜ਼ ਕੱਢਣੋਂ ਝਿਜਕਦੇ ਸਨ। ਟੱਬਰ ਵਿਚ ਛੋਟੇ-ਵੱਡੇ ਜਿਸ ਕਿਸੇ ਨੂੰ ਵੀ ਜਾਗ ਆ ਗਈ, ਉਹਨੇ ਹੀ ਨੱਕ ਚਾੜ੍ਹਨਾ ਸੀ ਅਤੇ ਕੁੜਕੁੜ ਕਰਨੀ ਸੀ। ਉਨ੍ਹਾਂ ਨੇ ਸੰਤੁਸ਼ਟੀ ਤੋਂ ਬਿਨਾਂ ਹੀ ਮੂੰਹ ਪੂੰਝ ਲਿਆ।

ਉਹ ਵਾਸ਼-ਬੇਸਿਨ ਕੋਲੋਂ ਮੁੜੇ ਤਾਂ ਪਿੱਛੇ ਮੋਤੀ ਖੜ੍ਹਾ ਪੂਛ ਹਿਲਾ ਰਿਹਾ ਸੀ। ਪੈਰ ਉਸ ਵਿਚ ਉਲਝਦੇ-ਉਲਝਦੇ ਬਚੇ। "ਤੇਰੀ ਵੀ ਨੀਂਦ ਅੱਜ ਸੁਵਖਤੇ ਹੀ ਖੁੱਲ੍ਹ ਗਈ?" ਉਹ ਸੁਭਾਵਿਕ ਆਵਾਜ਼ ਵਿਚ ਆਖ ਬੈਠੇ। ਅਚਾਨਕ ਉਨ੍ਹਾਂ ਨੂੰ ਮਹਿਸੂਸ ਹੋਇਆ, ਉਨ੍ਹਾਂ ਦੀ ਸੁਭਾਵਿਕ ਆਵਾਜ਼ ਵੀ ਚੁਫੇਰੇ ਦੀ ਚੁੱਪ ਕਾਰਨ ਕੁਝ ਵਧੇਰੇ ਹੀ ਉਚੀ ਸੀ। ਉਹ ਮੋਤੀ ਦੇ ਕੋਲ ਬੈਠ ਗਏ ਅਤੇ ਦਬਵੀਂ ਆਵਾਜ਼ ਵਿਚ ਦੁਹਰਾਇਆ, "ਤੇਰੀ ਵੀ ਨੀਂਦ ਅੱਜ ਸੁਵਖਤੇ ਹੀ ਖੁੱਲ੍ਹ ਗਈ? ਕਿਤੇ ਤੇਰੇ ਪੇਟ ਵਿਚ ਵੀ ਹਵਾ ਤਾਂ ਨਹੀਂ ਭਰ ਗਈ?" ਮੋਤੀ ਨੇ ਜ਼ੋਰ-ਜ਼ੋਰ ਦੀ ਪੂਛ ਹਿਲਾਈ, ਮੋਹ-ਭਰੀਆਂ ਅੱਖਾਂ ਨਾਲ ਦੇਖਿਆ ਅਤੇ 'ਅਊਹ' ਕਿਹਾ, ਜਿਵੇਂ ਉਹ ਉਨ੍ਹਾਂ ਦੀ ਗੱਲ ਦਾ ਉਤਰ ਦੇ ਰਿਹਾ ਹੋਵੇ।

"ਆ ਜਾ ਮੇਰਾ ਮੋਤੀ ਰਾਜਾ", ਬਾਊ ਜੀ ਨੇ ਹੌਲੇ ਜਿਹੇ ਕਿਹਾ, "ਚੱਲ ਆਪਣੇ ਕਮਰੇ ਵਿਚ।" ਤੇ ਉਹ ਕਮਰੇ ਵੱਲ ਤੁਰ ਪਏ।

ਮਕਾਨ ਬਣਾਉਣ ਵੇਲੇ ਇਹ ਕਮਰਾ ਸਟੋਰ ਸੀ। ਘਰ ਵਿਚ ਜੋ ਚੀਜ਼ ਵਾਧੂ ਹੋ ਜਾਂਦੀ, ਇਸ ਵਿਚ ਸੁੱਟ ਦਿੱਤੀ ਜਾਂਦੀ। ਚੂਲਾਂ ਟੁੱਟੀਆਂ ਵਾਲੀ ਮੰਜੀ, ਤਿੰਨ-ਟੰਗੀ ਕੁਰਸੀ, ਉਖੜਿਆ ਹੋਇਆ ਸਟੂਲ, ਕਦੀ ਵੀ ਵਰਤੋਂ ਵਿਚ ਨਾ ਆਉਣ ਵਾਲੇ ਬੇਲੋੜੇ ਕੱਪੜਿਆਂ ਤੇ ਵਾਧੂ ਨਿੱਕ-ਸੁੱਕ ਨਾਲ ਭਰੇ ਪਏ ਦੋ-ਤਿੰਨ ਛੋਟੇ-ਵੱਡੇ ਟਰੰਕ ਅਤੇ ਕੁਝ ਪੀਪੇ ਤੇ ਡੱਬੇ। ਉਸ ਸਮੇਂ ਬਾਊ ਜੀ ਦੇ ਕਮਰੇ ਤੋਂ ਇਲਾਵਾ ਇਕ ਕਮਰਾ ਪੁੱਤਰ-ਨੂੰਹ ਦਾ ਸੀ ਅਤੇ ਇਕ ਹੋਰ ਪੋਤੇ-ਪੋਤੀ ਦਾ। ਕੁਝ ਸਮੇਂ ਤੋਂ ਪੋਤੇ-ਪੋਤੀ ਨੇ ਵੱਖਰੇ-ਵੱਖਰੇ ਕਮਰਿਆਂ ਲਈ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਸੀ। ਇਕੋ ਕਮਰੇ ਵਿਚ ਰਹਿੰਦਿਆਂ ਉਹ ਛੋਟੀਆਂ-ਛੋਟੀਆਂ ਗੱਲਾਂ ਕਾਰਨ ਝਗੜ ਪੈਂਦੇ। ਇਕ ਦੂਜੇ ਨੂੰ ਗਾਲੀ-ਗਲੋਚ ਕਰਦੇ, ਇਕ ਦੂਜੇ ਵੱਲ ਸਿਰਹਾਣੇ-ਗੱਦੀਆਂ ਵਗਾਹੁੰਦੇ, ਇਕ-ਦੂਜੇ ਦੇ ਮਾਰ-ਮਾਰ ਕਿਤਾਬਾਂ ਦੀਆਂ ਜਿਲਦਾਂ ਤੋੜਦੇ ਅਤੇ ਫੇਰ ਗੁੱਥਮਗੁੱਥਾ ਹੋ ਜਾਂਦੇ। ਬਾਊ ਜੀ ਨੂੰ ਆਪਣਾ ਬਚਪਨ ਯਾਦ ਆਉਂਦਾ ਜਦੋਂ ਸਾਰਾ ਟੱਬਰ ਸਿਆਲਾਂ ਵਿਚ ਇਕੋ ਸਬਾਤ ਵਿਚ ਸੌਂਦਾ ਸੀ ਅਤੇ ਇਕੱਲਿਆਂ ਸੌਣਾ ਮੁਸੀਬਤ ਲਗਦਾ ਸੀ। ਉਹ ਕੁਝ ਕਹਿਣਾ ਚਾਹੁੰਦੇ ਪਰ 'ਪੁਰਾਣੇ ਜ਼ਮਾਨੇ ਦੀਆਂ ਬੇਤੁਕੀਆਂ ਗੱਲਾਂ' ਸੁਣਨ ਲਈ ਹੁਣ ਕੋਈ ਤਿਆਰ ਨਹੀਂ ਸੀ। ਉਹ ਚੁੱਪ ਰਹਿਣ ਵਿਚ ਹੀ ਸਿਆਣਪ ਸਮਝਦੇ।

ਨੂੰਹ-ਪੁੱਤਰ ਨੂੰ ਵੱਡੇ ਹੋ ਰਹੇ ਬੱਚਿਆਂ ਦੀ ਸਮੱਸਿਆ ਦਾ ਹੱਲ ਕਰਨੀ ਹੀ ਪੈਣੀ ਸੀ। ਤੇ ਸਭ ਤੋਂ ਸੌਖਾ ਹੱਲ ਇਹੋ ਸੀ ਕਿ ਸਟੋਰ ਦੇ ਟਰੰਕ-ਪੀਪੇ ਲੋਫ਼ਟ ਵਿਚ ਚਾੜ੍ਹ ਦਿੱਤੇ ਗਏ, ਬਾਊ ਜੀ ਸਟੋਰ ਵਿਚ ਪੁਚਾ ਦਿੱਤੇ ਗਏ ਅਤੇ ਪੋਤਾ ਬਾਊ ਜੀ ਵਾਲੇ ਕਮਰੇ ਵਿਚ ਪਹੁੰਚ ਗਿਆ। ਪੋਤਾ ਖ਼ੁਸ਼ ਸੀ, ਪੋਤੀ ਖ਼ੁਸ਼ ਸੀ ਅਤੇ ਉਨ੍ਹਾਂ ਦੀ ਖ਼ੁਸ਼ੀ ਸਦਕਾ ਨੂੰਹ-ਪੁੱਤਰ ਵੀ ਖ਼ੁਸ਼ ਸਨ। ਬਾਊ ਜੀ ਨੂੰ ਖ਼ੁਸ਼ੀ-ਗ਼ਮੀ ਤੋਂ ਨਿਰਲੇਪ ਸਮਝਿਆ ਜਾਂਦਾ ਸੀ, ਉਹ ਨਿਰਲੇਪ ਸਨ ਜਾਂ ਨਹੀਂ, ਇਹ ਸਮਝਣ ਦੀ ਨਾ ਕਿਸੇ ਨੂੰ ਲੋੜ ਸੀ, ਨਾ ਵਿਹਲ।

ਬਾਊ ਜੀ ਸਟੋਰ ਵਿਚ ਪਹੁੰਚੇ ਤਾਂ ਮੋਤੀ ਆਪੇ ਹੀ ਉਥੇ ਪਹੁੰਚ ਗਿਆ। ਅਸਲ ਵਿਚ ਬਾਕੀ ਸਭ ਦੇ ਕਮਰਿਆਂ ਦੇ ਬੂਹੇ ਦਿਨ ਨੂੰ ਪਰਦਿਆਂ ਨਾਲ ਕੱਜੇ ਰਹਿੰਦੇ ਅਤੇ ਰਾਤ ਨੂੰ ਉਂਜ ਬੰਦ ਰਹਿੰਦੇ। ਬੱਸ ਇਕ ਬਾਊ ਜੀ ਦਾ ਬੂਹਾ ਹੀ ਸਦਾ ਖੁੱਲ੍ਹਾ ਰਹਿੰਦਾ। ਤੇ ਮੋਤੀ ਨੂੰ ਬੰਦ ਬੂਹਿਆਂ ਦੀ ਨਹੀਂ, ਖੁੱਲ੍ਹੇ ਬੂਹੇ ਦੀ ਲੋੜ ਸੀ।

ਉਂਜ ਵੀ ਮੋਤੀ ਦਾ ਬਹੁਤਾ ਨਾਤਾ ਹੁਣ ਬਾਊ ਜੀ ਨਾਲ ਹੀ ਸੀ। ਜਦੋਂ ਆਂਢ-ਗੁਆਂਢ ਦੀ ਰੀਸੋ-ਰੀਸੀ ਮੋਤੀ ਨੂੰ ਸਟੇਟੱਸ-ਸਿੰਬਲ ਵਜੋਂ ਲਿਆਂਦਾ ਗਿਆ ਸੀ, ਬਾਊ ਜੀ ਤੋਂ ਬਿਨਾਂ ਸਭ ਨੂੰ ਬਹੁਤ ਚਾਅ ਚੜ੍ਹਿਆ ਸੀ। ਬਾਊ ਜੀ ਸੋਚਦੇ ਸਨ, ਇਥੇ ਕੀ ਕੁੱਤੇ ਤੋਂ ਮਾਲ-ਡੰਗਰ ਜਾਂ ਖੇਤਾਂ ਦੀ ਰਾਖੀ ਕਰਵਾਉਣੀ ਹੈ। ਨਾਲੇ ਕੁੱਤਾ ਪਾਲਣ ਨਾਲੋਂ ਤਾਂ ਬੰਦਾ ਕਿਸੇ ਬੰਦੇ ਦੇ ਪੁੱਤਰ-ਧੀ ਨੂੰ ਪਾਲ ਲਵੇ। ਸਟੇਟੱਸ-ਸਿੰਬਲ ਦੀ ਮਹੱਤਤਾ ਨੂੰ ਉਹ ਨਹੀਂ ਸਨ ਸਮਝਦੇ। ਪਰ ਬਾਕੀ ਸਾਰਾ ਟੱਬਰ ਸਮਝਦਾ ਸੀ। ਇਸੇ ਕਰਕੇ ਇਹਨੂੰ ਗੋਦੀ ਵਿਚ ਲੈ-ਲੈ ਤਸਵੀਰਾਂ ਖਿਚਵਾਈਆਂ ਗਈਆਂ ਸਨ। ਇਹਦੇ ਲਈ ਮਹਿੰਗਾ ਪਟਾ ਖ਼ਰੀਦਿਆ ਗਿਆ ਸੀ ਅਤੇ ਵਧੀਆ ਰੱਸੀ ਲਿਆਂਦੀ ਗਈ ਸੀ। ਇਹਨੂੰ ਲਾਡ ਲਡਾਏ ਗਏ ਸਨ।

ਪਰ ਲਾਡ-ਪਿਆਰ ਤੋਂ ਇਲਾਵਾ ਮੋਤੀ ਨੂੰ ਟੱਟੀ-ਪਿਸ਼ਾਬ ਵੀ ਕਰਵਾਉਣਾ ਪੈਂਦਾ ਸੀ, ਨੁਹਾਉਣਾ-ਧੁਆਉਣਾ ਵੀ ਪੈਂਦਾ ਸੀ ਅਤੇ ਬਾਹਰ ਘੁੰਮਾਉਣ ਵੀ ਲਿਜਾਣਾ ਪੈਂਦਾ ਸੀ। ਇਹ ਕੰਮ ਗੰਦੇ ਵੀ ਸਨ ਅਤੇ ਝੰਜਟੀ ਵੀ। ਅਜਿਹੇ ਕੰਮ ਤਾਂ ਘਰ ਵਿਚ ਬਾਊ ਜੀ ਹੀ ਕਰ ਸਕਦੇ ਸਨ। ਸੋ ਹੌਲੀ-ਹੌਲੀ ਸਭ ਦਾ ਚਾਅ ਲਹਿੰਦਾ ਗਿਆ ਅਤੇ ਘਰ ਵਿਚ ਮੋਤੀ ਇਕ ਸਾਧਾਰਨ ਪਾਲਤੂ ਕੁੱਤਾ ਬਣ ਕੇ ਰਹਿ ਗਿਆ। ਤੇ ਹੌਲੀ-ਹੌਲੀ ਮੋਤੀ ਬਾਊ ਜੀ ਨਾਲ ਜੁੜਦਾ ਗਿਆ ਅਤੇ ਬਾਊ ਜੀ ਮੋਤੀ ਨਾਲ ਜੁੜਦੇ ਗਏ।

"ਆ ਜਾ ਮੇਰਾ ਮੋਤੀ ਰਾਜਾ, ਚੱਲ ਆਪਣੇ ਕਮਰੇ ਵਿਚ", ਆਖ ਕੇ ਬਾਊ ਜੀ ਉਥੋਂ ਤੁਰੇ ਤਾਂ 'ਅਊਹ' ਆਖ ਕੇ ਉਨ੍ਹਾਂ ਦੀਆਂ ਲੱਤਾਂ ਨਾਲ ਖਹਿੰਦਾ ਮੋਤੀ ਵੀ ਤੁਰ ਪਿਆ। ਪੁੱਤਰ ਆਪਣੇ ਕਮਰੇ ਦਾ ਦਰਵਾਜ਼ਾ ਖੋਲ੍ਹ ਕੇ ਬਾਹਰ ਨਿਕਲਿਆ। ਬਾਥਰੂਮ ਵੱਲ ਜਾਂਦਿਆਂ ਉਹਨੇ ਆਪਣੀ ਅਕਾਰਨ ਖਿਝ ਬਾਊ ਜੀ ਦੀ ਪਿੱਠ ਉਤੇ ਵਗਾਹ ਮਾਰੀ, "ਅੱਜ ਮਿੱਤਰ-ਮੰਡਲੀ ਅੱਧੀ ਰਾਤ ਹੀ ਜਾਗ ਪਈ!"

ਬਾਊ ਜੀ ਦੀ ਨਜ਼ਰ ਸੁਭਾਵਿਕ ਹੀ ਸ਼ੀਸ਼ੇ ਦੇ ਰੋਸ਼ਨਦਾਨ ਵੱਲ ਚਲੀ ਗਈ ਜਿਸ ਵਿਚੋਂ ਦੀ ਹਨੇਰਾ ਪੇਤਲਾ ਪੈ ਕੇ ਨਿੰਮ੍ਹੇ-ਨਿੰਮ੍ਹੇ ਚਾਨਣ ਵਿਚ ਵਟਦਾ ਦਿਖਾਈ ਦੇ ਰਿਹਾ ਸੀ। ਦਿਲ ਕੀਤਾ, ਪੁੱਤਰ ਨੂੰ ਦੱਸਣ ਕਿ ਇਸ ਸਮੇਂ ਨੂੰ ਅੱਧੀ ਰਾਤ ਨਹੀਂ, ਅੰਮ੍ਰਿਤ-ਵੇਲਾ ਆਖਦੇ ਹਨ ਪਰ ਕੁਝ ਵੀ ਬੋਲੇ ਬਿਨਾਂ ਉਹ ਆਪਣੇ ਕਮਰੇ ਵਿਚ ਚਲੇ ਗਏ।

ਮੋਤੀ ਨੇ ਖੂੰਜੇ ਵਿਚੋਂ ਪਹਿਲਾਂ ਆਪਣੀ ਝੱਗੀ ਮੂੰਹ ਨਾਲ ਚੁੱਕ ਕੇ ਉਨ੍ਹਾਂ ਅੱਗੇ ਲਿਆ ਰੱਖੀ, ਫੇਰ ਆਪਣੀ ਰੱਸੀ।

ਪੁੱਤਰ ਨੇ ਆਪਣੇ ਕਮਰੇ ਦਾ ਬੂਹਾ ਫੇਰ ਬੰਦ ਕਰ ਲਿਆ। ਬਾਊ ਜੀ ਨੇ ਘਰ ਨੂੰ ਬਾਹਰੋਂ ਜਿੰਦਰਾ ਮਾਰਿਆ ਅਤੇ ਚਾਬੀ ਖੀਸੇ ਵਿਚ ਪਾ ਕੇ ਇਕ ਹੱਥ ਵਿਚ ਮੋਤੀ ਦੀ ਰੱਸੀ ਤੇ ਦੂਜੇ ਵਿਚ ਖੂੰਡੀ ਫੜ ਕੇ ਬਾਹਰ ਵੱਲ ਤੁਰ ਪਏ। ਹਰ ਰੋਜ਼ ਜਿੰਨੀ ਲੋਅ ਤਾਂ ਨਹੀਂ ਸੀ ਹੋਈ, ਪਰ ਨ੍ਹੇਰਾ ਵੀ ਬਹੁਤਾ ਗਾੜ੍ਹਾ ਨਹੀਂ ਸੀ ਰਹਿ ਗਿਆ।

ਬਾਹਰਲੀ ਵੱਡੀ ਸੜਕ ਦੇ ਇਕ ਪਾਸੇ ਖਲੋ ਕੇ ਬਾਊ ਜੀ ਨੇ ਮੁਕਤ-ਕੰਠ ਤੇ ਮੁਕਤ-ਮਨ ਨਾਲ ਖੰਘੂਰੇ ਮਾਰੇ ਅਤੇ ਮੋਤੀ ਦੀ ਰੱਸੀ ਢਿੱਲੀ ਛੱਡ ਦਿੱਤੀ। ਉਹ ਬਾਊ ਜੀ ਤੋਂ ਥੋੜ੍ਹੀ ਦੂਰ ਖਲੋ ਕੇ ਧਰਤੀ ਸੁੰਘਣ ਲੱਗ ਪਿਆ।

ਉਹ ਸੜਕ ਦੇ ਕਿਨਾਰੇ-ਕਿਨਾਰੇ ਵੱਡੇ ਗੋਲ ਚੱਕਰ ਤੱਕ ਹੋ ਕੇ ਪਰਤੇ ਤਾਂ ਰਬੜ ਦੇ ਛੱਲੇ ਵਿਚ ਪੂਣੀ ਕੀਤਾ ਹੋਇਆ ਅਖ਼ਬਾਰ ਵਿਹੜੇ ਵਿਚ ਪਿਆ ਸੀ। ਮੋਤੀ ਨੇ ਅਖ਼ਬਾਰ ਮੂੰਹ ਵਿਚ ਚੁੱਕ ਲਿਆ ਅਤੇ ਬਾਊ ਜੀ ਨੇ ਬੂਹਾ ਖੋਲ੍ਹਿਆ।

ਅੰਦਰ ਸਾਰੇ ਜਾਗ ਚੁੱਕੇ ਸਨ। ਨੂੰਹ ਤੇ ਪੁੱਤਰ ਨੇ ਆਪਣੇ-ਆਪਣੇ ਦਫ਼ਤਰੀਂ ਜਾਣਾ ਸੀ ਅਤੇ ਪੋਤੇ-ਪੋਤੀ ਨੇ ਸਕੂਲ।

ਬਾਊ ਜੀ ਮੋਤੀ ਤੋਂ ਅਖ਼ਬਾਰ ਲੈ ਕੇ ਉਹਦੀ ਰਬੜ ਉਤਾਰਨ ਲੱਗੇ ਤਾਂ ਨੂੰਹ ਬੋਲੀ, "ਬਾਊ ਜੀ, ਬਰੈਡ ਲਿਆ ਦਿਉ, ਪੈਸੇ ਮੇਜ਼ ਉਤੇ ਰੱਖੇ ਨੇ।"

ਉਨ੍ਹਾਂ ਨੇ ਅਖ਼ਬਾਰ ਰੱਖ ਕੇ ਪੈਸੇ ਚੁੱਕ ਲਏ ਅਤੇ ਪੁੱਛਿਆ, "ਕੁਛ ਹੋਰ ਤਾਂ ਨਹੀਂ ਲਿਆਉਣਾ?"



"ਨਹੀਂ, ਹੋਰ ਕੁਛ ਨਹੀਂ ਲਿਆਉਣਾ, ਬੱਸ ਬਰੈਡ ਛੇਤੀ ਲਿਆ ਦਿਓ।" ਤੇ ਫੇਰ ਪਤਾ ਨਹੀਂ ਸੁਣਾ ਕੇ ਜਾਂ ਛੁਪਾ ਕੇ ਉਹ ਬੋਲੀ, "ਉਥੇ ਹੀ ਕਿਸੇ ਨਾਲ ਗੱਲਾਂ ਮਾਰਨ ਨਾ ਲੱਗ ਜਾਇਓ।"

ਮੋਤੀ ਜਾਣਦਾ ਸੀ, ਬਾਊ ਜੀ ਉਹਨੂੰ ਮਾਰਕਿਟ ਨਹੀਂ ਲਿਜਾਣਗੇ। ਉਹਨੇ ਨਾਲ ਜਾਣ ਦੀ ਕੋਈ ਇੱਛਾ ਨਾ ਦਰਸਾਈ। ਪਰ ਉਹ ਰੋਜ਼ ਸਵੇਰੇ ਘਰ ਵਿਚ ਹੁੰਦੇ ਕੁੱਤਪੁਣੇ ਤੋਂ ਵੀ ਭਲੀਭਾਂਤ ਜਾਣੂ ਸੀ ਅਤੇ ਅੱਕਿਆ ਪਿਆ ਸੀ। ਬਾਊ ਜੀ ਮਾਰਕਿਟ ਵੱਲ ਤੁਰੇ ਤਾਂ ਉਹ ਸਭ ਕਾਸੇ ਤੋਂ ਦੂਰ ਕਮਰੇ ਵਿਚ ਉਨ੍ਹਾਂ ਦੀ ਮੰਜੀ ਹੇਠ ਗੁੱਛਾ-ਮੁੱਛਾ ਹੋ ਕੇ ਪੈ ਗਿਆ।

ਬਾਊ ਜੀ ਨੇ ਬਰੈਡ ਅਤੇ ਬਾਕੀ ਪੈਸੇ ਮੇਜ਼ ਉਤੇ ਰੱਖ ਦਿੱਤੇ। ਅਜੇ ਉਨ੍ਹਾਂ ਦਾ ਹੱਥ ਅਖ਼ਬਾਰ ਤੱਕ ਪੁੱਜਿਆ ਵੀ ਨਹੀਂ ਸੀ ਕਿ ਨੂੰਹ ਨੇ ਕਾਹਲੀ ਨਾਲ ਦੱਸਿਆ, "ਤੁਹਾਡੇ ਜਾਣ ਪਿੱਛੋਂ ਦੇਖਿਆ, ਆਂਡੇ ਵੀ ਥੋੜ੍ਹੇ ਨੇ।"

ਉਨ੍ਹਾਂ ਨੇ ਪੈਸੇ ਵਾਪਸ ਚੁੱਕੇ ਅਤੇ ਸੁਤੇ-ਸਿਧ ਹੀ ਪੁੱਛਿਆ, "ਕੁਛ ਹੋਰ ਤਾਂ ਨਹੀਂ ਲਿਆਉਣਾ, ਬੇਟੀ?"

ਭਾਵੇਂ ਬਾਊ ਜੀ ਦਾ ਇਰਾਦਾ ਚੋਭ ਲਾਉਣ ਦਾ ਨਹੀਂ, ਲਿਆਉਣ ਵਾਲੀ ਕੋਈ ਹੋਰ ਚੀਜ਼ ਯਾਦ ਕਰਵਾਉਣ ਦਾ ਸੀ, ਤਾਂ ਵੀ ਗੱਲ ਨੂੰਹ ਨੂੰ ਚੁਭ ਗਈ। ਉਹ ਖਿਝ ਕੇ ਬੋਲੀ, "ਜੇ ਹੋਰ ਕੁਛ ਰਹਿ ਵੀ ਗਿਆ, ਡਰੋ ਨਾ, ਤੁਹਾਨੂੰ ਤੀਜੇ ਚੱਕਰ ਨਹੀਂ ਭੇਜਦੀ। ਤੁਸੀਂ ਮੌਜ ਨਾਲ ਆਰਾਮ-ਕੁਰਸੀ ਉਤੇ ਬੈਠੇ ਰਹਿਣਾ।"

ਵਾਸ਼-ਬੇਸਿਨ ਕੋਲ ਬੁਰਸ਼ ਕਰ ਰਿਹਾ ਪੁੱਤਰ ਬੋਲਿਆ, "ਬਾਊ ਜੀ, ਮਾਰਕਿਟ ਕੋਈ ਬਹੁਤੀ ਦੂਰ ਤਾਂ ਹੈ ਨਹੀਂ!" ਤੇ ਫੇਰ ਉਹਨੇ ਆਪਣੀ ਪਤਨੀ ਵੱਲ ਮੂੰਹ ਕੀਤਾ, "ਤੂੰ ਵੀ ਸਾਰੀਆਂ ਚੀਜ਼ਾਂ ਇਕੋ ਵਾਰ ਕਿਉਂ ਨਹੀਂ ਦੱਸ ਦਿੰਦੀ।"

ਬਾਊ ਜੀ ਅੰਦਰ ਹੀ ਅੰਦਰ ਹੱਸੇ। ਇਹਨੂੰ ਕਹਿੰਦੇ ਨੇ, ਸੱਚਾ ਤਾਂ ਤਾਇਆ ਬਿਸ਼ਨ ਸਿਉਂ ਵੀ ਐ, ਪਰ ਝੂਠੀ ਚਾਚੀ ਕਿਸ਼ਨੋ ਵੀ ਨਹੀਂ। ਤੇ ਉਨ੍ਹਾਂ ਨੂੰ ਮੁਸਕਰਾ ਕੇ ਤੁਰਦਾ ਦੇਖ ਨੂੰਹ ਪਿੱਠ-ਪਿੱਛੇ ਬੁੜਬੁੜਾਈ, "ਹੱਦ ਹੋ ਗਈ ਇਨ੍ਹਾਂ ਵਾਲੀ ਵੀ! ਸਵੇਰੇ-ਸਵੇਰੇ ਸੈਰ ਦੇ ਬਹਾਨੇ ਘਰੋਂ ਬਾਹਰ ਰਹਿਣ ਲਈ ਭਾਵੇਂ ਦਸ ਮੀਲ ਤੁਰੇ ਜਾਣ, ਪਰ ਅਹਿ ਮਾਰਕਿਟ ਦਾ ਦੂਜਾ ਚੱਕਰ ਨਾ ਲਾਉਣਾ ਪਵੇ। ਤਿੰਨ ਵੇਲੇ ਅੰਨ ਖਾਂਦੇ ਬੰਦੇ ਨੂੰ ਏਨੀ ਕੰਮਚੋਰੀ ਅਤੇ ਹੱਡ-ਰੱਖਣੀ ਵੀ ਕੀ ਕਹਿ!"

ਜਦੋਂ ਬਾਊ ਜੀ ਆਂਡੇ ਲੈਣ ਗਏ ਸਨ, ਪੋਤਾ-ਪੋਤੀ ਮੂੰਹ-ਹੱਥ ਧੋਣ ਲਈ ਗੁਸਲਖਾਨੇ ਦੀ ਵਾਰੀ ਪਿੱਛੇ ਲੜ ਰਹੇ ਸਨ। ਜਦੋਂ ਉਹ ਆਂਡੇ ਲੈ ਕੇ ਪਰਤੇ, ਉਨ੍ਹਾਂ ਨੇ ਬਾਲ-ਪੈਨ ਪਿੱਛੇ ਯੁੱਧ ਛੇੜਿਆ ਹੋਇਆ ਸੀ ਜਿਸ ਨੂੰ ਦੋਵੇਂ ਮੇਰਾ-ਮੇਰਾ ਕਹਿ ਰਹੇ ਸਨ। ਪੁੱਤਰ ਇਕ ਜੁਰਾਬ ਹੱਥ ਵਿਚ ਫੜ ਕੇ ਬੇਚੈਨ ਭੱਜਿਆ ਫਿਰਦਾ ਸੀ। ਉਹਦੇ ਨਾਲ ਦੀ ਦੂਜੀ ਜੁਰਾਬ ਉਹਨੂੰ ਮਿਲ ਨਹੀਂ ਸੀ ਰਹੀ। ਨੂੰਹ ਰਸੋਈ ਵਿਚ ਅੱਕੀ ਹੋਈ ਭਾਂਡੇ ਭੰਨ ਰਹੀ ਸੀ। ਕੰਮ ਨਿੱਬੜ ਨਹੀਂ ਸੀ ਰਿਹਾ ਅਤੇ ਕੰਮ ਨਿਬੇੜ ਕੇ ਉਹਨੇ ਆਪਣੇ ਦਫ਼ਤਰ ਜਾਣਾ ਸੀ।

ਬਾਊ ਜੀ ਦਾ ਦਿਲ ਕੀਤਾ, ਕਹਿਣ, ਜੇ ਸਾਰੇ ਜਣੇ ਰਾਤ ਨੂੰ ਹੋ ਸਕਣ ਵਾਲੇ ਕੰਮ ਸੌਣ ਤੋਂ ਪਹਿਲਾਂ ਕਰ ਲਿਆ ਕਰਨ ਤਾਂ ਸਵੇਰੇ-ਸਵੇਰੇ ਘਰ ਤਣਾਉ-ਖੇਤਰ ਨਾ ਬਣੇ। ਬੱਚੇ ਹੋਮ-ਵਰਕ ਕਰ ਕੇ ਆਪਣੇ ਸਕੂਲ-ਬੈਗ ਬੰਦ ਕਰ ਸਕਦੇ ਸਨ। ਬੱਚਿਆਂ ਦਾ ਪਿਉ ਸਵੇਰੇ ਪਾਉਣ ਵਾਲੇ ਆਪਣੇ ਕੱਪੜੇ ਇੱਕ ਥਾਂ ਰੱਖ ਸਕਦਾ ਸੀ ਅਤੇ ਬੱਚਿਆਂ ਨੂੰ ਵੀ ਵਰਦੀਆਂ ਤਿਆਰ ਕਰ ਕੇ ਰੱਖ ਦੇਣ ਦੀ ਆਦਤ ਪਾ ਸਕਦਾ ਸੀ। ਬੱਚਿਆਂ ਦੀ ਮਾਂ ਸਵੇਰੇ ਲੋੜੀਂਦੀਆਂ ਚੀਜ਼ਾਂ ਸ਼ਾਮ ਨੂੰ ਮੰਗਵਾ ਸਕਦੀ ਸੀ ਅਤੇ ਆਟਾ ਗੁੰਨ੍ਹਣ ਤੇ ਸਬਜ਼ੀ ਕੱਟਣ ਵਰਗੇ ਕੰਮ ਨਿਬੇੜ ਕੇ ਸੌਂ ਸਕਦੀ ਸੀ। ਤੇ ਜਾਂ ਫੇਰ ਉਹ ਸਾਰੇ ਸਿਰਫ਼ ਅੱਧਾ ਘੰਟਾ ਪਹਿਲਾਂ ਜਾਗ ਪਿਆ ਕਰਨ ਤਾਂ ਵੀ ਏਨੀ ਭੱਜ-ਦੌੜ ਦੀ ਲੋੜ ਨਾ ਪਵੇ। ਪੋਤੇ-ਪੋਤੀ ਨੂੰ ਉਹ ਵੱਖ-ਵੱਖ ਰੰਗਾਂ ਦੇ ਬਾਲ-ਪੈਨ ਲੈਣ ਦੀ ਸਲਾਹ ਵੀ ਦੇਣਾ ਚਾਹੁੰਦੇ ਸਨ ਤਾਂ ਜੋ ਇਕੋ ਰੰਗ ਦੇ ਪੈਨਾਂ ਕਾਰਨ ਪੈਨ ਪਿੱਛੇ ਪੈਂਦੇ ਝਗੜੇ ਦੀ ਸੰਭਾਵਨਾ ਨਾ ਰਹੇ। ਪਰ ਉਨ੍ਹਾਂ ਦੀ ਸਲਾਹ ਦੀ ਕਿਸੇ ਨੂੰ ਲੋੜ ਨਹੀਂ ਸੀ। ਤੇ ਅਣਮੰਗੀ ਸਲਾਹ ਉਹ ਦੇਣ ਵੀ ਕਿਉਂ!

ਅਖ਼ਬਾਰ ਮੇਜ਼ ਉਤੇ ਖਿੰਡਿਆ ਪਿਆ ਸੀ। ਸਪੱਸ਼ਟ ਸੀ, ਇਹ ਬਾਕੀ ਸਾਰਿਆਂ ਨੇ 'ਪੜ੍ਹ' ਲਿਆ ਸੀ। ਪੁੱਤਰ ਨੇ ਕਿਸੇ ਸਮਾਚਾਰੀ ਪਟਾਕੇ ਦਾ ਪੈਣਾ ਜਾਂ ਨਾ ਪੈਣਾ ਜਾਣਨ ਲਈ ਭੱਜ-ਭਜਾਈ ਵਿਚ ਹੀ ਮੋਟੀ ਸੁਰਖੀ ਉਤੇ ਨਜ਼ਰ ਮਾਰ ਲਈ ਸੀ, ਪੋਤਰੇ ਨੇ ਕ੍ਰਿਕਟ ਮੈਚ ਬਾਰੇ ਜਾਣ ਲਿਆ ਸੀ ਅਤੇ ਪੋਤੀ ਨੇ ਵਿਸ਼ਵ-ਸੁੰਦਰੀ ਵਾਲੀ ਖ਼ਬਰ ਪੜ੍ਹ ਲਈ ਸੀ। ਨੂੰਹ ਲਈ ਅੱਜ ਦੇ ਅਖ਼ਬਾਰ ਦਾ ਕੋਈ ਮਹੱਤਵ ਨਹੀਂ ਸੀ, ਉਹ ਇਹਦਾ ਮੁੱਲ ਭਲਕੇ ਪਾਵੇਗੀ ਜਦੋਂ ਵਰਕੇ ਪਾੜ ਕੇ ਨਾਸ਼ਤੇ ਅਤੇ ਲੰਚ ਵਲ੍ਹੇਟਣੇ ਹੋਣਗੇ।

ਬਾਊ ਜੀ ਨੇ ਅਖ਼ਬਾਰ ਦੇ ਪੰਨੇ ਤਰਤੀਬਵਾਰ ਕੀਤੇ ਅਤੇ ਨਵੇਂ ਪਏ ਭੰਨ ਮਿਟਾ ਕੇ ਮੂਲ ਤਹਿਆਂ ਠੀਕ ਕੀਤੀਆਂ। ਨੂੰਹ ਨੇ ਕੁਝ ਬੋਲੇ ਬਿਨਾਂ ਚਾਹ ਦੀ ਪਿਆਲੀ ਮੇਜ਼ ਉਤੇ ਰੱਖ ਦਿੱਤੀ। ਉਹ ਬਰਾਂਡੇ ਵਿਚ ਪਈ ਆਰਾਮ-ਕੁਰਸੀ ਉਤੇ ਬੈਠ ਕੇ ਚਾਹ ਦੀਆਂ ਘੁੱਟਾਂ ਭਰਦੇ ਹੋਏ ਅਖ਼ਬਾਰ ਦੀਆਂ ਖ਼ਬਰਾਂ ਪੜ੍ਹਨ ਲੱਗੇ। ਮੋਤੀ ਅਛੋਪਲੇ ਉਨ੍ਹਾਂ ਦੀ ਮੰਜੀ ਹੇਠੋਂ ਉਠਿਆ ਅਤੇ ਉਨ੍ਹਾਂ ਦੇ ਪੈਰਾਂ ਵਿਚ ਥੂਥੀ ਟਿਕਾ ਕੇ ਪੈ ਗਿਆ। ਮੋਹ ਦੀ ਤਰੰਗ ਜਿਹੀ ਪੈਰਾਂ ਵਿਚੋਂ ਤੁਰ ਕੇ ਬਾਊ ਜੀ ਦੇ ਦਿਲ ਵੱਲ ਗਈ ਅਤੇ ਦਿਲ ਤੋਂ ਹੱਥਾਂ ਵੱਲ। ਉਨ੍ਹਾਂ ਨੇ ਅਖ਼ਬਾਰ ਤਹਿ ਕਰ ਕੇ ਫ਼ਰਸ਼ ਉਤੇ ਰੱਖ ਦਿੱਤਾ ਅਤੇ ਇਕ ਹੱਥ ਵਿਚ ਪਿਆਲੀ ਸੰਭਾਲ ਕੇ ਦੂਜੇ ਹੱਥ ਨਾਲ ਮੋਤੀ ਨੂੰ ਪਲੋਸਣ ਲੱਗੇ। ਉਨ੍ਹਾਂ ਦੇ ਅੰਦਰੋਂ ਜਿਵੇਂ ਲੋਰੀਆਂ ਫੁੱਟ ਤੁਰੀਆਂ, "ਚਾਹ ਪੀਣੀ ਐ ਮੇਰੇ ਮੋਤੀ ਰਾਜੇ ਨੇ, ਮੇਰੇ ਗੋਗਤੀ-ਮੋਗਤੀ ਨੇ?" ਮੋਤੀ ਨੇ 'ਅਊਹ' ਆਖਿਆ ਤਾਂ ਉਹ ਬੋਲੇ, "ਨਾ, ਤੂੰ ਚਾਹ ਨਹੀਂ ਪੀਣੀ! ਭੁੱਲੀਆਂ ਮੱਚ ਜਾਣਗੀਆਂ ਮੇਰੇ ਸੋਹਣੇ-ਮੋਹਣੇ ਦੀਆਂ! ਨਾਲੇ ਚੰਗੇ ਬੱਚੇ ਚਾਹ ਨਹੀਂ ਪੀਂਦੇ।"

ਮੋਤੀ ਚਾਰੇ ਪੈਰ ਉਪਰ ਨੂੰ ਕਰ ਕੇ ਬਾਊ ਜੀ ਦੇ ਪੈਰਾਂ ਵਿਚ ਵਿਛ ਗਿਆ। ਉਹ ਮੋਹ-ਭਿੱਜੀਆਂ ਅੱਖਾਂ ਨਾਲ ਦੇਖ ਰਿਹਾ ਸੀ ਅਤੇ ਉਹਦੀ ਪੂਛ ਤੇਜ਼-ਤੇਜ਼ ਹਿੱਲ ਰਹੀ ਸੀ। ਉਹ ਟੇਢਾ ਹੋਇਆ ਤਾਂ ਉਹਦੀ ਨਜ਼ਰ ਨੇੜੇ ਹੀ ਰੱਖੇ ਹੋਏ ਅਖ਼ਬਾਰ ਉਤੇ ਪੈ ਗਈ। ਉਹ ਉਹਨੂੰ ਸੁੰਘਣ ਲੱਗਿਆ।

ਬਾਊ ਜੀ ਉਹਦਾ ਸਿਰ ਖੁਰਕਦੇ ਹੋਏ ਬੋਲੇ, "ਬੱਲੇ ਬਈ, ਹੁਣ ਮੇਰੇ ਮੋਤੀ ਰਾਜੇ ਨੇ ਅਖ਼ਬਾਰ ਪੜ੍ਹਨੈਂ! ਪੜ੍ਹਾਕੂ ਬਣ ਜਾਏਂਗਾ ਤੂੰ ਤਾਂ! ਅਖ਼ਬਾਰ ਪੜ੍ਹ ਕੇ ਮੇਰਾ ਮੋਤੀ ਬੇਟਾ ਹੋਰ ਵੀ ਸਿਆਣਾ ਹੋ ਜਾਊ!"

ਬਰੈਡ-ਆਮਲੇਟ ਦੀ ਜੁਗਾਲੀ ਕਰਦਿਆਂ ਅਤੇ ਦਫ਼ਤਰ ਵਾਲਾ ਬੈਗ ਫਰੋਲ ਕੇ ਬੰਦ ਕਰਦਿਆਂ ਪੁੱਤਰ ਨੇ ਅੰਦਰਲੀ ਜ਼ਹਿਰ ਬਾਹਰ ਕੱਢੀ, "ਬੇਟੇ ਨੂੰ ਬੇਟਾ ਭਾਵੇਂ ਨਾ ਕਹੋ, ਕੁੱਤੇ ਨੂੰ ਬੇਟਾ ਜ਼ਰੂਰ ਕਹੋ!"

ਪੋਤੇ-ਪੋਤੀ ਨੇ ਅਧ-ਖਾਧਾ ਜੂਠਾ ਨਾਸ਼ਤਾ ਕੱਲ੍ਹ ਦੇ ਅਖ਼ਬਾਰ ਦੇ ਵਰਕਿਆਂ ਵਿਚ ਵਲ੍ਹੇਟ ਕੇ ਬੈਗਾਂ ਵਿਚ ਥੁੰਨਿਆ ਅਤੇ ਸਕੂਲ ਲਈ ਭਜਦਿਆਂ ਇਕੱਠੇ ਹੀ ਬੋਲੇ, "ਹੋਮਵਰਕ ਕਰਵਾਉਣ ਲਈ ਕਹੀਏ ਤਾਂ ਆਖਦੇ ਨੇ, ਨਵੀਆਂ ਕਿਤਾਬਾਂ ਮੈਨੂੰ ਆਉਂਦੀਆਂ ਨਹੀਂ! ਡੌਗੀ ਨੂੰ ਅਖ਼ਬਾਰ ਪੜ੍ਹਨਾ ਸਿਖਾਉਣਗੇ।"

ਪਰਸ ਚੁੱਕ ਰਹੀ ਨੂੰਹ ਨੇ ਗੱਲ ਨੂੰ ਸਿਰੇ ਉਤੇ ਪਹੁੰਚਾਇਆ, "ਮੋਤੀ ਨਾਲ ਪ੍ਰੇਮ-ਨਾਟਕ ਖੇਡਣ ਨੂੰ ਹੁਣ ਸਾਰਾ ਦਿਨ ਤੁਹਾਡਾ ਹੀ ਹੈ, ਬਾਊ ਜੀ, ਇਕ ਮਿੰਟ ਮੇਰੀ ਗੱਲ ਸੁਣ ਲਵੋ। ਅੱਜ ਤੁਹਾਡਾ ਨਾਸ਼ਤਾ ਨਹੀਂ ਬਣਾਇਆ ਗਿਆ। ਦੁਪਹਿਰ ਲਈ ਤੁਹਾਡੇ ਤੇ ਮੋਤੀ ਦੇ ਫੁਲਕੇ ਵੀ ਨਹੀਂ ਲਾਹੇ ਗਏ। ਬਰੈਡ ਪਈ ਹੈ। ਨਾਸ਼ਤੇ ਵਿਚ ਉਹਦੇ ਨਾਲ ਆਪਣਾ ਇਕ ਆਂਡਾ ਲੈ ਲੈਣਾ। ਬੱਚਿਆਂ ਦੇ ਦੁਪਹਿਰ ਦੇ ਫੁਲਕੇ ਕਾਹਲੀ ਕਾਹਲੀ ਲਾਹ ਦਿੱਤੇ ਨੇ ਤੇ ਡੱਬੇ ਵਿਚ ਸਾਂਭ ਦਿੱਤੇ ਨੇ। ਸਬਜ਼ੀ ਫਰਿੱਜ ਵਿਚ ਰੱਖੀ ਪਈ ਹੈ। ਦੁਪਹਿਰ ਵੇਲੇ ਬੱਚਿਆਂ ਵਾਸਤੇ ਛੱਡ ਕੇ ਥੋੜ੍ਹੀ ਜਿਹੀ ਸਬਜ਼ੀ ਤੁਸੀਂ ਬਰੈਡ ਨਾਲ ਲੈ ਲੈਣੀ।"

ਬਾਊ ਜੀ ਨੂੰ ਗੁੱਸਾ ਆਉਣਾ ਚਾਹੀਦਾ ਸੀ, ਪਰ ਆਇਆ ਨਹੀਂ। ਸਗੋਂ ਮਨ ਹੀ ਮਨ ਸਭਨਾਂ ਉਤੇ ਬਹੁਤ ਤਰਸ ਆਇਆ। ਦਿਲ ਕੀਤਾ ਕਿ ਕਹਿਣ, ਹੁਣ ਤੁਸੀਂ ਸਾਰੇ ਏਨੇ ਨਿੰਘਰ ਗਏ ਹੋ ਕਿ ਕੁੱਤੇ ਨੂੰ ਆਪਣਾ ਸ਼ਰੀਕ ਸਮਝਣ ਲੱਗ ਪਏ ਹੋ? ਪਰ ਕਿਹਾ ਨਹੀਂ। ਉਨ੍ਹਾਂ ਨੇ ਪੁੱਤਰ ਦੀ ਗੱਲ ਦਾ ਕੋਈ ਉਤਰ ਨਹੀਂ ਦਿੱਤਾ। ਪੋਤੇ-ਪੋਤੀ ਦੀ ਗੱਲ ਸੁਣ ਕੇ ਵੀ ਉਹ ਚੁੱਪ ਰਹੇ। ਪਰ ਨੂੰਹ ਦਾ ਹੁੰਗਾਰਾ ਤਾਂ ਭਰਨਾ ਹੀ ਪੈਣਾ ਸੀ, ਨਹੀਂ ਤਾਂ ਉਹਨੇ ਕਹਿਣਾ ਸੀ, ਮੇਰੀ ਗੱਲ ਵੱਲ ਜਾਣ ਕੇ ਧਿਆਨ ਨਹੀਂ ਦਿੰਦੇ। ਉਹ ਬੋਲੇ, "ਮੈਂ ਸਮਝ ਗਿਆ ਬੇਟੀ, ਮੈਂ ਸਭ ਕੁਛ ਸਮਝ ਗਿਆ।"

"ਇਹੋ ਤਾਂ ਤੁਹਾਡੀ ਸਿਫ਼ਤ ਹੈ, ਬਾਊ ਜੀ, ਤੁਸੀਂ ਕਿਹਾ ਤਾਂ ਕੀ, ਅਣਕਿਹਾ ਵੀ ਸਮਝ ਜਾਂਦੇ ਹੋ", ਨੂੰਹ ਨੇ ਵਿਅੰਗ-ਬਾਣ ਚਲਾਇਆ। "ਹੁਣ ਇਕ ਗੱਲ ਹੋਰ ਵੀ ਸੁਣ-ਸਮਝ ਲਓ। ਕੰਮ-ਵਾਲੀ ਨੂੰ ਕਹਿਣਾ ਕਿ ਗੈਸ ਚੰਗੀ ਤਰ੍ਹਾਂ ਸਾਫ਼ ਕਰ ਦੇਵੇ। ਕਈ ਦਿਨਾਂ ਤੋਂ ਉਹਨੇ ਕੱਪੜਾ ਨਹੀਂ ਮਾਰਿਆ।"

"ਇਹ ਵੀ ਸਮਝ ਗਿਆ, ਬੇਟੀ", ਬਾਊ ਜੀ ਨੇ ਠਰ੍ਹੰਮੇ ਨਾਲ ਉਤਰ ਦਿੱਤਾ।

ਨੂੰਹ ਦੇ ਜਾਣ ਮਗਰੋਂ ਬਾਹਰਲੀ ਕੁੰਡੀ ਬੰਦ ਕਰ ਕੇ ਬਾਊ ਜੀ ਨੇ ਕੁਰਸੀ ਦੀ ਪਿੱਠ ਉਤੇ ਸਿਰ ਸੁੱਟਿਆ ਅਤੇ ਅੱਖਾਂ ਬੰਦ ਕਰ ਲਈਆਂ। ਸਵੇਰੇ-ਸਵੇਰੇ ਘਰ ਵਿਚ ਪਈ ਰਹੀ ਸਾਰਿਆਂ ਦੀ ਭਾਜੜ ਦਾ ਥਕੇਵਾਂ ਜਿਵੇਂ ਉਨ੍ਹਾਂ ਇਕੱਲਿਆਂ ਦੇ ਅੰਗ-ਅੰਗ ਵਿਚ ਉਤਰ ਆਇਆ ਸੀ। ਮੋਤੀ ਉਨ੍ਹਾਂ ਦੇ ਪੈਰਾਂ ਉਤੇ ਪੰਜੇ ਰੱਖ ਕੇ ਬੈਠ ਗਿਆ। ਕੁਝ ਸਮੇਂ ਲਈ ਇਸ ਤਰ੍ਹਾਂ ਬੈਠੇ ਰਹਿਣ ਮਗਰੋਂ ਉਹ ਹੰਭਲਾ

(ਬਾਕੀ ਅਗਲੇ ਸਫੇ 'ਤੇ)

# ਰਾਹਗੀਰਾਂ ਤੋਂ ਲਾਈਆਂ ਆਸਾਂ ਬੰਦੇ ਨੂੰ ਖੁਆਰ ਕਰਦੀਆਂ

**ਆਪਣਾ ਮੂਲ ਪਛਾਣ**

'ਜ਼ਿੰਦਗੀ ਕਿਆ ਹੈ ਆਜ, ਐ ਦੋਸਤੋ!
ਸੋਚ ਲੇਂ ਔਰ ਉਦਾਸ ਹੋ ਜਾਏਂ।'

ਜੀਵਨ ਪਲ-ਪਲ ਬਦਲਦਾ ਰਹਿੰਦਾ ਹੈ। ਜਿਹੜਾ ਵਿਅਕਤੀ ਇਕ ਸਮੇਂ ਆਕਾਸ਼ੀਂ ਉਡ ਰਿਹਾ ਹੁੰਦਾ ਹੈ, ਅਗਲੇ ਪਲ ਉਹ ਧਰਤੀ 'ਤੇ ਵਿਛਿਆ ਪਿਆ ਹੁੰਦਾ ਹੈ। ਕੋਈ ਨਹੀਂ ਜਾਣਦਾ

ਸੁਰਜੀਤ ਸਿੰਘ ਢਿੱਲੋਂ

ਕਿ ਉਸ ਦੀ ਆਪਣੀ ਤਕਦੀਰ ਵਿਚ ਕੀ ਲਿਖਿਆ ਹੋਇਆ ਹੈ। ਸਾਡੇ ਯਤਨ ਤਾਂ ਇਹੋ ਹੁੰਦੇ ਹਨ ਕਿ ਜੀਵਨ ਸਫਰ ਦੌਰਾਨ ਘੱਟ ਵਿਰੋਧਤਾ ਵਾਲੇ ਰਾਹ ਚੁਣੇ ਜਾਣ, ਪਰ ਚੋਣ ਕਰਦਿਆਂ ਉਕਾਈਆਂ ਹੋ ਜਾਣਾ ਵੀ ਸੁਭਾਵਕ ਹੈ।

ਅਸੀਂ ਭਲੀ ਪ੍ਰਕਾਰ ਜਾਣ ਸਕਦੇ ਹਾਂ ਕਿ ਸੂਰਜ ਅਤੇ ਚੰਦਰਮਾ ਕਦ ਕਿੱਥੇ ਹੋਣਗੇ ਅਤੇ ਅਗਲਾ ਗ੍ਰਹਿਣ ਕਿਸ ਪਲ ਅਤੇ ਕਿੰਨੇ ਸਮੇਂ ਲਈ ਲੱਗੇਗਾ। ਹਾਈਡਰੋਜਨ ਅਤੇ ਆਕਸੀਜਨ ਜੇਕਰ ਮਿਲਾ ਦਿੱਤੇ ਜਾਣ ਤਾਂ ਨਿਸ਼ਚਿਤ ਹੈ ਕਿ ਇਹ ਪਾਣੀ ਦਾ ਰੂਪ ਧਾਰ ਲੈਂਦੇ ਹਨ। ਪਰ ਕਿਸੇ ਜੀਵ ਦੇ ਵਤੀਰੇ ਬਾਰੇ ਅਨੁਮਾਨ ਲਾਉਣਾ ਕਿਸੇ ਲਈ ਵੀ ਸੰਭਵ ਨਹੀਂ, ਕੀਟ ਜਾਂ ਕੀਟਾਣੂੰ ਦੇ ਵਤੀਰੇ ਬਾਰੇ ਵੀ ਨਹੀਂ। ਮਨੁੱਖ ਦੇ ਵਤੀਰੇ ਬਾਰੇ ਤਾਂ ਇਹ ਘੋਰਤਾ ਹੋਰ ਵੀ ਬੇਹਿਸਾਬੀ ਹੈ। ਇਸੇ ਕਾਰਨ ਨਾ ਵਿਗਿਆਨ ਅਤੇ ਨਾ ਹੀ ਅਸੀਂ ਆਪ ਆਪਣੇ ਆਪ ਨੂੰ ਭਲੀ ਪ੍ਰਕਾਰ ਸਮਝ ਸਕੇ ਹਾਂ, ਜਿਸ ਕਰਕੇ ਅਸੀਂ ਠੇਡੇ ਖਾਂਦੇ ਹੋਏ ਜੀਵਨ ਭੋਗ ਰਹੇ ਹਾਂ।

ਪਰ ਇਹ ਵੀ ਗੱਲ ਨਹੀਂ ਕਿ ਵਿਗਿਆਨ ਮਾਨਵੀ ਵਤੀਰੇ ਦੇ ਪ੍ਰਸੰਗ 'ਚ ਫਰਾਇਡ-ਯੁਗ 'ਤੇ ਹੀ ਰੁਕਿਆ ਹੋਇਆ ਹੈ। ਵਿਗਿਆਨ ਨੂੰ ਅੱਜ ਇਹ ਸਪੱਸ਼ਟ ਹੈ ਕਿ ਦਿਮਾਗ ਅਤੇ ਸਰੀਰ ਅੰਦਰ ਰਿਸਦੇ ਰਹਿਣ ਵਾਲੇ ਭਿੰਨ-ਭਿੰਨ ਰਸ ਮਾਨਵੀ ਵਤੀਰੇ ਦਾ ਮੂਲ ਹਨ। ਇਨ੍ਹਾਂ ਰਸਾਂ ਦੀ ਵੰਨਗੀ ਅਤੇ ਮਾਤਰਾ ਖੁਸ਼ੀਆਂ-ਗ਼ਮੀਆਂ ਦਾ, ਉਦਾਸੀਆਂ-ਖੇੜਿਆਂ ਦਾ, ਗੰਭੀਰ ਅਤੇ ਫੁਕਰੇ ਅਨੁਭਵਾਂ ਦਾ ਅਤੇ ਡਰ ਅਤੇ ਨਿਡਰਤਾ ਦਾ ਆਧਾਰ ਬਣਦੇ ਰਹਿੰਦੇ ਹਨ। ਇਸਤਰੀ ਲਈ ਜਦ ਪੁਰਸ਼ ਦੇ ਮਨ ਅੰਦਰ ਕੁਝ ਪਨਪਿਆ, ਰਿਸਿਆ ਰਸ ਇਸ ਨੂੰ ਵਾਸਨਾ ਦਾ ਰੂਪ ਦੇ ਦਿੰਦਾ ਹੈ ਅਤੇ ਦੂਜੀ ਪ੍ਰਕਾਰ ਦਾ ਰਿਸਿਆ ਰਸ ਸ਼ਰਧਾ ਅਤੇ ਰੂਹਾਨੀ ਮੋਹ ਵਾਲੇ ਵਿਚਾਰਾਂ ਨਾਲ ਮਨ ਨੂੰ ਭਿਉਂ ਦਿੰਦਾ ਹੈ। ਪਰ ਕਿਹੜੀ ਵੰਨਗੀ ਦਾ ਰਸ ਇਸਤਰੀ ਦੇ ਚਿਹਰੇ ਨੂੰ ਨਿਹਾਰਨ ਉਪਰੰਤ ਦਿਮਾਗ ਅੰਦਰ ਰਿਸੇਗਾ ਇਹ ਸਭਿਆਚਾਰ ਤੋਂ ਵੀ ਕਿਧਰੇ ਵਧ ਵਿਰਸੇ 'ਚ ਮਿਲੇ ਹੋਏ ਜੀਨਾਂ 'ਤੇ ਨਿਰਭਰ ਹੁੰਦਾ ਹੈ। ਸ਼ਰਾਫਤ ਅਤੇ ਸਾਊਪਣੇ ਦਾ ਸਬੰਧ, ਇਸ ਪ੍ਰਕਾਰ, ਨਿਰੋਲ ਸੱਭਿਆਚਾਰ ਜਾਂ ਸੰਗਤ ਨਾਲ ਨਹੀਂ, ਜੀਨਾਂ ਦੇ ਖਾਨਦਾਨੀ ਵਿਰਸੇ ਨਾਲ ਵੀ ਹੁੰਦਾ ਹੈ। ਸ਼ਰਾਫਤ ਦਾ ਦਮ ਭਰਨਾ ਉਸ ਵਿਅਕਤੀ ਲਈ ਸੁਭਾਵਕ ਸਹਿਲ ਹੁੰਦਾ ਹੈ, ਜਿਸ ਨੂੰ ਸ਼ਰੀਫ ਜੀਨ ਵਿਰਸੇ 'ਚ ਮਿਲੇ ਹੁੰਦੇ ਹਨ।

ਸਾਡਾ ਅਭਾਗਾਪਣ ਇਸ ਕਰਕੇ ਵੀ ਹੈ ਕਿ ਵਿਸ਼ਵ ਅਤੇ ਸੰਸਾਰ ਬਾਰੇ ਤਾਂ ਅਸੀਂ ਤੱਥ ਤਲਾਸ਼ ਕਰਦੇ ਰਹਿੰਦੇ ਹਾਂ ਪਰ ਆਪਣੇ ਆਪ ਤੋਂ ਸਾਰੀ ਉਮਰ ਅਣਜਾਣ ਬਣੇ ਰਹਿੰਦੇ ਹਾਂ। ਜੋ ਅਸੀਂ ਨਹੀਂ ਕਰਦੇ ਉਹ ਇਹ ਕਿ 'ਮਨ ਤੂੰ ਜੋਤ ਸਰੂਪ ਹੈਂ, ਆਪਣਾ ਮੂਲ ਪਛਾਣ।'

ਆਪਣਾ ਮੂਲ ਪਛਾਨਣ ਦੀ ਥਾਵੇਂ ਅਸੀਂ ਆਪਣੇ ਪ੍ਰਤੀ ਸੁਖਾਵੇਂ ਭਰਮਾਂ 'ਚ ਉਲਝੇ ਰਹਿੰਦੇ ਹਾਂ ਜਿਹੜੇ ਵਾਸਤਵਿਕਤਾ ਦੀ ਪਹਿਲੀ ਤਪਸ਼ ਨਾਲ ਹੀ ਤਿੜਕ ਕੇ ਝੜਨ ਲੱਗਦੇ ਹਨ। ਤਦ ਅਗਿਆਨ ਦੇ ਸਤਾਏ ਅਸੀਂ ਅੰਧਵਿਸ਼ਵਾਸਾਂ ਦੀ ਝੋਲੀ ਪੈ ਕੇ ਅਤੇ ਲਾਈਲੱਗ ਬਣ ਕੇ ਹੋਰਨਾਂ ਦੀ ਦੇਖਾ-ਦੇਖੀ ਆਪਣੇ ਵਤੀਰੇ ਨੂੰ ਉਲਝਵੇਂ ਮੋੜ ਦੇ ਬੈਠਦੇ ਹਾਂ। ਇਹੋ ਵਤੀਰਾ ਸਮੇਂ ਨਾਲ ਬੇਚੈਨੀਆਂ ਅਤੇ ਸੰਸਿਆਂ ਦਾ ਸ੍ਰੋਤ ਬਣ ਜਾਂਦਾ ਹੈ। ਅਸੀਂ ਜੇ ਆਪਣੇ ਆਪ ਨੂੰ ਸਮਝ ਕੇ ਅਤੇ ਆਪਣੀਆਂ ਪ੍ਰਵਿਰਤੀਆਂ ਦੀ ਪਛਾਣ ਕਰ ਕੇ ਆਪਣੇ ਵਤੀਰੇ ਨੂੰ ਸੋਧੀਏ ਅਤੇ ਆਪਣੇ ਕਿੱਤੇ ਦੀ ਚੋਣ ਕਰੀਏ ਤਦ ਜੀਵਨ ਦੇ ਸਾਬਤ ਕਦਮ ਅਤੇ ਵਧ ਸੰਤੁਸ਼ਟ ਬੀਤਣ ਦੀ ਸੰਭਾਵਨਾ ਹੁੰਦੀ ਹੈ।

ਰੂਹਾਨੀਅਤ ਦੀ ਚਰਚਾ ਆਪਣੀ ਥਾਂਵੇਂ ਪਰ ਸੁਭਾਵਕ ਪ੍ਰਵਿਰਤੀਆਂ ਅਨੁਕੂਲ ਚੁਣੇ ਰੁਝੇਵਿਆਂ ਬਿਨਾਂ ਜੀਵਨ ਆਨੰਦਮਈ ਬੀਤ ਹੀ ਨਹੀਂ ਸਕਦਾ। ਉਹੋ ਰੁਝੇਵੇਂ ਹੀ ਅਨੰਦ ਦੀ ਬਖਸ਼ਿਸ਼ ਕਰਦੇ ਹਨ ਜਿਨ੍ਹਾਂ ਨੂੰ ਕਰਨ ਨੂੰ ਮਨ ਮੰਨਦਾ ਹੈ। ਗਿਆਨ ਦੇ ਭਿੰਨ-ਭਿੰਨ ਖੇਤਰਾਂ ਦਾ ਅਨੁਭਵੀ, ਬਰਟਨਡ ਰਸਲ ਖੁਸ਼ੀ ਬਾਰੇ ਲਿਖਦਾ ਹੈ:

'ਜਦ ਮੈਂ ਇਕ ਵਿਦਵਾਨ ਪੰਡਤ ਨਾਲ ਗੱਲ ਕਰਦਾ ਹਾਂ ਤਾਂ ਖੁਸ਼ੀ ਦੀ ਪ੍ਰਾਪਤੀ ਅਸੰਭਵ ਜਾਪਦੀ ਹੈ, ਪਰ ਜਦ ਮੈਂ ਇਕ ਮਾਲੀ ਨੂੰ ਬਗੀਚੇ 'ਚ ਬੂਟਿਆਂ ਅਤੇ ਫੁੱਲਾਂ ਦੀ ਦੇਖ-ਭਾਲ 'ਚ ਰੁਝਿਆ ਦੇਖਦਾ ਹਾਂ ਤਾਂ ਖੁਸ਼ੀ ਸਾਧਾਰਨ ਖੇਡ ਲੱਗਣ ਲੱਗਦੀ ਹੈ।'

ਇਸੇ ਉਘੇ ਫਿਲਾਸਫਰ ਨੇ ਸਾਧਾਰਨ ਵਿਅਕਤੀ ਨੂੰ ਅਜਿਹਾ ਵਤੀਰਾ ਅਪਨਾਉਣ ਦੀ ਸਲਾਹ ਦਿੱਤੀ ਹੈ, ਜਿਸ ਦਾ ਆਧਾਰ 'ਮੋਹ' ਹੋਵੇ ਅਤੇ ਜਿਸ ਦੀ ਅਗਵਾਈ 'ਗਿਆਨ' ਕਰੇ। ਜੀਵਨ ਦੇ ਸੁੰਨੇਪਣ ਤੋਂ ਛੁਟਕਾਰਾ ਪਾਉਣਾ ਅਜਿਹੇ ਵਤੀਰੇ ਦੁਆਰਾ ਕਦਾਚਿਤ ਸੰਭਵ ਹੈ।

ਆਮ ਵਿਚਾਰ ਇਹ ਹੈ ਕਿ ਰੋਗ ਅਤੇ ਮਾਇਕ ਤੰਗੀ ਮਨੁੱਖ ਦੇ ਦੋ ਪ੍ਰਮੁੱਖ ਵੈਰੀ ਹਨ। ਪਰ ਜਿਹੜੇ ਅਰੋਗ ਹਨ ਅਤੇ ਜਿਨ੍ਹਾਂ ਦੇ ਹੱਥ ਵੀ ਤੰਗ ਨਹੀਂ, ਕੀ ਉਹ ਸੰਤੁਸ਼ਟ ਜੀਵਨ ਭੋਗ ਰਹੇ ਹਨ ਅਤੇ ਕੀ ਉਨ੍ਹਾਂ ਦੇ ਮਨ ਟਿਕਾਣੇ ਹਨ? ਸੱਚ ਤਾਂ ਇਹ ਹੈ

***ਆਮ ਵਿਚਾਰ ਇਹ ਹੈ ਕਿ ਰੋਗ ਅਤੇ ਮਾਇਕ ਤੰਗੀ ਮਨੁੱਖ ਦੇ ਦੋ ਪ੍ਰਮੁੱਖ ਵੈਰੀ ਹਨ। ਪਰ ਜਿਹੜੇ ਅਰੋਗ ਹਨ ਅਤੇ ਜਿਨ੍ਹਾਂ ਦੇ ਹੱਥ ਵੀ ਤੰਗ ਨਹੀਂ, ਕੀ ਉਹ ਸੰਤੁਸ਼ਟ ਜੀਵਨ ਭੋਗ ਰਹੇ ਹਨ ਅਤੇ ਕੀ ਉਨ੍ਹਾਂ ਦੇ ਮਨ ਟਿਕਾਣੇ ਹਨ? ਸੱਚ ਤਾਂ ਇਹ ਹੈ ਕਿ ਟਿਕਾਣੇ ਰਹਿਣ ਵਾਲੀ ਮਨ ਦੀ ਅਵਸਥਾ ਕਦੀ-ਕਦਾਈਂ ਹੀ ਬਹੁੜਦੀ ਹੈ ਅਤੇ ਇਹ ਜਦ ਵੀ ਬਹੁੜਦੀ ਹੈ ਤਾਂ ਵਿਦਾ ਹੋ ਜਾਣ ਲਈ ਹੀ ਬਹੁੜਦੀ ਹੈ।***



ਕਿ ਟਿਕਾਣੇ ਰਹਿਣ ਵਾਲੀ ਮਨ ਦੀ ਅਵਸਥਾ ਕਦੀ-ਕਦਾਈਂ ਹੀ ਬਹੁੜਦੀ ਹੈ ਅਤੇ ਇਹ ਜਦ ਵੀ ਬਹੁੜਦੀ ਹੈ ਤਾਂ ਵਿਦਾ ਹੋ ਜਾਣ ਲਈ ਹੀ ਬਹੁੜਦੀ ਹੈ। ਮਨ ਦੀ ਇਹੋ ਜਿਹੀ ਸਥਿਤੀ ਦਾ ਗਿਲਾ ਗਾਲਿਬ ਨੂੰ ਵੀ ਸੀ:

'ਤੰਗੀ ਏ ਦਿਲ ਕਾ ਗਿਲਾ ਕਿਆ,
ਯਿਹ ਵੋਹ ਕਾਫਰ ਦਿਲ ਹੈ,
ਕਿ ਅਗਰ ਤੰਗ ਨਾ ਹੋਤਾ,
ਤੋ ਪਰੇਸ਼ਾਂ (ਨ) ਹੋਤਾ।'

ਵੁੱਡ ਹਾਊਸ ਅਨੁਸਾਰ ਵੀ: 'ਮਨ ਦਾ ਕੀ ਲਾਭ, ਜਿਹੜਾ ਟਿਕਣਾ ਜਾਣਦਾ ਹੀ ਨਹੀਂ।' ਸਾਡੀਆਂ ਗ਼ਮਗ਼ੀਨੀਆਂ ਦਾ ਇਕ ਕਾਰਨ ਇਹ ਵੀ ਹੈ ਕਿ ਅਸੀਂ ਰਾਹ 'ਚ ਮਿਲਣ ਵਾਲੇ ਜਣੇ-ਖਣੇ ਨਾਲ ਆਸ ਜੋੜ ਬੈਠਦੇ ਹਾਂ, ਜਿਸ ਦੇ ਪੂਰੀ ਹੋਣ ਦੀ ਸੰਭਾਵਨਾ ਨਹੀਂ ਹੁੰਦੀ। ਜਿਹੜੇ ਆਪਣੇ ਸੁਖ ਅਤੇ ਚੈਨ ਲਈ ਹੋਰਨਾਂ ਦਾ ਮੂੰਹ ਤੱਕਦੇ ਹਨ, ਉਹ ਜੀਵਨ ਭਰ ਸੁਖ ਅਤੇ ਚੈਨ ਨੂੰ ਤਰਸਦੇ ਰਹਿੰਦੇ ਹਨ। ਹੋਰਨਾਂ ਵਲ ਝਾਕਣ ਦੀ ਥਾਂਵੇਂ ਆਪਣੇ ਲਈ ਨਿਰਾਲੇ ਅਤੇ ਨਿਵੇਕਲੇ ਰਾਹ ਚੁਣੋ ਅਤੇ ਇਨ੍ਹਾਂ 'ਤੇ ਤੁਰਦਿਆਂ ਮਿਲਣ ਵਾਲੀਆਂ ਅਸਫਲਤਾਵਾਂ ਨਾਲ ਦ੍ਰਿੜ ਚਿੱਤ ਹੋ ਕੇ ਲੜੋ ਤੇ ਘੁਲੋ। ਕਿਸੇ ਵੀ ਮਹਾਨ ਕਿਰਤ ਦਾ ਮੁੱਢ ਅਸਫਲਤਾਵਾਂ ਬਿਨਾਂ ਨਹੀਂ ਬਝਦਾ।

ਜਾਰਜ ਬਰਨਾਰਡ ਸ਼ਾਅ ਦੇ ਜੀਵਨ ਦਾ ਮੁੱਢਲਾ ਪੱਖ ਅਸਫਲਤਾਵਾਂ ਦਾ ਸਿਲਸਿਲਾ ਬਣ ਕੇ ਬੀਤਿਆ ਸੀ, ਪਰ ਉਸ ਨੇ ਫਿਰ ਵੀ ਮਾਨਸਿਕ ਆਲਸ ਨੂੰ ਝੰਜੋੜਨ ਵਾਲੀ ਆਪਣੀ ਸ਼ੈਲੀ ਨਹੀਂ ਸੀ ਬਦਲੀ ਅਤੇ ਨਾ ਹੀ, ਨਾ ਹਜ਼ਮ ਹੋਣ ਵਾਲੀਆਂ ਗੱਲਾਂ ਕਰਨੋਂ ਉਹ ਝਿਜਕਿਆ ਸੀ। ਪਿੱਛੋਂ ਇਹ ਹੋਇਆ ਕਿ ਇਨ੍ਹਾਂ ਗੱਲਾਂ ਨੂੰ ਹੀ ਸਭ ਡੀਕ ਲਾ ਕੇ ਪੀਣ ਲੱਗ ਪਏ। 94 ਵਰ੍ਹਿਆਂ ਦਾ ਸ਼ਾਹ ਜਦ ਪੂਰਾ ਹੋਇਆ ਤਦ ਉਹ ਹਰ ਇਕ ਸਭਿਆਚਾਰਕ ਮਹਿਫਿਲ 'ਚ ਪੂਜਿਆ ਜਾ ਰਿਹਾ ਸੀ ਅਤੇ ਤਦ ਉਹ ਸੰਸਾਰ ਦਾ ਅਤੀ ਸਮ੍ਰਿਧ ਲੇਖਕ ਸੀ। ਡਾਰਵਿਨ ਦੀ ਜੀਵਨੀ ਤਾਂ ਇਸ ਪੱਖੋਂ ਸ਼ਾਅ ਨਾਲੋਂ ਵੀ ਵਧ ਰੌਚਿਕ ਸੀ। ਚਰਚਿਲ ਅਤੇ ਅਸਫਲਤਾਵਾਂ ਦਾ ਉਮਰ ਭਰ ਦਾ ਸਾਥ ਰਿਹਾ ਸੀ, ਉਹ ਚਰਚਿਲ ਜਿਹੜਾ ਛੇਕੜ 'ਮਿਲੇਨੀਅਮ ਵਿਅਕਤੀ' ਵਜੋਂ ਚੁਣਿਆ ਗਿਆ। ਚਰਚਿਲ ਅਸਫਲਤਾਵਾਂ ਤੋਂ ਹੁਸੜਿਆ ਕਦੀ ਨਹੀਂ ਸੀ ਅਤੇ ਇਨ੍ਹਾਂ ਦੇ ਮੋਢਿਆਂ 'ਤੇ ਸਵਾਰ ਹੋ ਕੇ ਹੀ ਉਸ ਨੇ ਵਿਕੋਲਿਤਰੇਪੁਣੇ ਦੇ ਬਾਵਜੂਦ ਵਿਸ਼ਵ ਯੁੱਧ ਨੂੰ ਆਪਣੀ ਕੌਮ ਲਈ ਜਿੱਤਿਆ ਸੀ ਚਰਚਿਲ ਦੀ ਫਿਲਾਸਫੀ ਸੀ:

'ਮਾੜੇ ਜਾਂ ਹੋਰ ਵੀ ਮਾੜੇ ਹਾਲਾਤ ਜਦੋਂ ਵੀ ਆਉਣ ਉਨ੍ਹਾਂ ਨੂੰ ਖਿੜੇ ਮੱਥੇ ਸਵੀਕਾਰ ਕਰੋ ਅਤੇ ਆਪਣੇ ਆਪ 'ਚ ਵਿਸ਼ਵਾਸ ਨੂੰ ਕਦੀ ਵੀ ਡੋਲਣ ਨਾ ਦਿਓ। ਖਤਰੇ ਤੁਹਾਡੇ ਅੰਦਰਲੀਆਂ ਸੰਭਾਵਨਾਵਾਂ ਨੂੰ ਜਾਗ੍ਰਿਤ ਕਰਦੇ ਰਹਿੰਦੇ ਹਨ। ਇਨ੍ਹਾਂ ਤੋਂ ਪੱਲਾ ਬੋਚ ਕੇ ਨਿਕਲ ਜਾਣ ਨਾਲੋਂ ਇਨ੍ਹਾਂ ਨੂੰ ਅੱਗੋਂ ਦੀ ਹੋ ਕੇ ਮਿਲੋ।'

ਸਾਹਿਤ ਲਈ ਨੋਬਲ ਪੁਰਸਕਾਰ ਪ੍ਰਾਪਤ ਕਰਨ ਵਾਲਾ ਚਰਚਿਲ ਅੱਠਵੀਂ ਸ਼੍ਰੇਣੀ 'ਚ ਅੰਗਰੇਜ਼ੀ ਦੇ ਵਿਸ਼ੇ 'ਚ ਫੇਲ੍ਹ ਹੋ ਗਿਆ ਸੀ। ਵਿਸ਼ਵ ਯੁੱਧ ਦਾ ਜੇਤੂ ਚਰਚਿਲ, ਸੈਂਡਰਹਰਸਟ ਦੀ ਫੌਜੀ ਅਕੈਡਮੀ 'ਚ ਤਿੰਨ ਅਸਫਲ ਯਤਨਾਂ ਉਪਰੰਤ ਪ੍ਰਵੇਸ਼ ਕਰ ਸਕਿਆ ਸੀ। ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਚਰਚਿਲ ਪਤਾ ਨਹੀਂ ਕਿੰਨੀਆਂ ਚੋਣਾਂ ਹਾਰ ਬੈਠਾ ਸੀ ਅਤੇ ਖ਼ਬਤੀ ਨੀਤੀਆਂ ਧਾਰਨ ਕਰਨ ਕਾਰਨ ਕਿੰਨੀ ਵਾਰ ਵਜ਼ੀਰੀ ਤਿਆਗ ਬੈਠਾ ਸੀ। ਉਮਰ ਦੇ ਆਖਰੀ ਪਲਾਂ ਤੱਕ ਵਿਨੋਦਪੂਰਣ ਸੂਝ ਉਸ ਦੇ ਸੁਭਾਅ 'ਚ ਰਚੀ ਰਹੀ ਸੀ ਜਿਵੇਂ ਕਿ ਇਸ ਘਟਨਾ ਤੋਂ ਵੀ ਜਾਪਦਾ ਹੈ:

ਚਰਚਿਲ ਨੂੰ ਖਾਣ ਅਤੇ ਪੀਣ ਦਾ ਸ਼ੌਕ ਸੀ, ਪਰ ਕਸਰਤ ਕਰਨ ਦੀ ਉਸ ਦੀ ਆਦਤ ਨਹੀਂ ਸੀ। ਇਸ ਲਈ ਉਸ ਦਾ ਬੋਝਲ ਸਰੀਰ ਸੀ, ਜਿਹੜਾ ਅਰੋਗ ਵੀ ਨਹੀਂ ਸੀ। ਆਯੂ ਦੇ 90ਵੇਂ ਵਰ੍ਹੇ 'ਚ ਚਰਚਿਲ ਪੂਰਾ ਹੋਇਆ ਸੀ ਅਤੇ ਪੂਰਾ ਹੋਣ ਤੋਂ ਕੁਝ ਸਮਾਂ ਪਹਿਲਾਂ ਉਹ ਇਕ ਦਿਨ ਮੌਂਟਗੁਮਰੀ ਨਾਲ ਬੈਠਾ ਪੁਰਾਣੇ ਵੇਲਿਆਂ ਦੀ ਯਾਦ ਤਾਜ਼ਾ ਕਰ ਰਿਹਾ ਸੀ। ਫੀਲਡਮਾਰਸ਼ਲ ਮੌਂਟਗੁਮਰੀ ਅਤੇ ਚਰਚਿਲ- ਦੋਵੇਂ ਲਗਪਗ ਇਕੋ ਉਮਰ ਦੇ ਸਨ ਅਤੇ ਦੋਵਾਂ 'ਚ ਮਿੱਤਰਤਾ ਸੀ। ਗੱਲਾਂ-ਗੱਲਾਂ 'ਚ ਇਕਹਿਰੇ ਅਤੇ ਅਰੋਗ ਸਰੀਰ ਵਾਲੇ ਮੌਂਟਗੁਮਰੀ ਨੇ ਦਾਅਵਾ ਕੀਤਾ ਕਿ ਉਹ 100 ਫੀਸਦੀ ਫਿੱਟ ਸੀ ਅਤੇ ਚਰਚਿਲ ਦੇ ਪੁੱਛਣ 'ਤੇ ਕਿ ਕਿਵੇਂ, ਉਸ ਨੇ ਕਿਹਾ, "ਨਾ ਮੈਂ ਸ਼ਰਾਬ ਪੀਂਦਾ ਹਾਂ ਅਤੇ ਨਾ ਸਿਗਰਟ ਅਤੇ ਮੈਂ ਉਹ ਕੁਝ ਕਰ ਸਕਦਾ ਹਾਂ ਜੋ ਕਿ ਇਕ ਨੌਜਵਾਨ ਕਰ ਸਕਦਾ ਹੈ।" ਇਹ ਸੁਣਦਿਆਂ ਚਰਚਿਲ ਮੁਸਕਰਾਇਆ ਅਤੇ ਕਹਿਣ ਲੱਗਾ, "ਤਦ ਤਾਂ ਮੈਂ ਜ਼ਰੂਰ 200 ਫੀਸਦੀ ਫਿੱਟ ਹਾਂ। ਇਸ ਲਈ ਕਿਉਂਕਿ ਮੈਂ ਪੀਂਦਾ ਹਾਂ ਇੰਜ ਜਿਵੇਂ ਮੱਛੀ ਪਾਣੀ ਅਤੇ ਸਿਗਾਰ ਫੂਕਦਾ ਹਾਂ ਇੰਜ ਜਿਵੇਂ ਚਿਮਨੀ ਦਾ ਧੂੰਆਂ ਅਤੇ ਫਿਰ ਵੀ ਮੈਂ ਉਹ ਕੁਝ ਕਰ ਸਕਦਾ ਹਾਂ, ਜਿਸ ਨੂੰ ਕਰਨ ਦੇ ਤੂੰ ਯੋਗ ਹੈਂ।"

ਉਮਰ ਦੇ ਛੇਕੜਲੇ ਪੱਖ ਸਰੀਰ ਭਾਵੇਂ ਚਰਚਿਲ ਦਾ ਸਾਥ ਨਹੀਂ ਸੀ ਦੇ ਰਿਹਾ ਪਰ ਮਨ ਉਸ ਦਾ ਪ੍ਰਤੀਰੂਪਕ ਵਿਸ਼ੇਸ਼ਤਾ ਵਾਲੀ ਸੂਝ ਦਾ ਮਾਲਕ ਸੀ। ਸਾਡੇ 'ਚੋਂ ਬਹੁਤੇ ਅਜਿਹੇ ਹਨ ਜਿਨ੍ਹਾਂ ਦੇ ਮਨੋਵੇਗ ਨਰਕ-ਸਵਰਗ 'ਚ ਹੀ ਉਲਝੇ ਰਹਿੰਦੇ ਹਨ। ਸਾਡੀ ਕਲਪਨਾ 'ਚ ਸਮਾਏ ਹੋਏ ਇਹ ਨਰਕ ਤੇ ਸਵਰਗ ਹਨ ਵੀ ਕਿਹੋ ਜਿਹੇ: ਇਕ ਸਿਰਿਉਂ ਹਾਸੋ-ਹੀਣਾ, ਤਸੀਹਿਆਂ ਦੀ ਜਵਾਲਾ ਨਾਲ ਉਬਲਦਾ ਹੋਇਆ ਗੜ੍ਹ ਅਤੇ ਦੂਜਾ ਨਿਕਾਰੇਪਣ 'ਚ ਤਰੋਤਰ ਅਤੇ ਵਧੇ ਹੋਏ ਪੇਟ ਵਾਲੇ ਵਿਹਲੜਾਂ ਦਾ ਵਾੜਾ। ਜਿਸ ਪ੍ਰਕਾਰ ਸਾਡੀ ਹੰਭੀ-ਹਾਰੀ ਕਲਪਨਾ ਨੇ ਇਨ੍ਹਾਂ ਨੂੰ ਕਿਆਸਿਆ ਹੈ, ਕੁਝ ਕੁ ਇਸੇ ਪ੍ਰਕਾਰ ਹੀ ਅਸੀਂ ਰੱਬ ਨੂੰ ਵੀ ਚਿਤਵਿਆ ਹੈ। ਅਜਿਹੀਆਂ ਪ੍ਰਵਿਰਤੀਆਂ ਦਾ ਮਾਲਕ ਰੱਬ ਅਜਿਹਾ ਹੈ ਜਾਂ ਨਹੀਂ? ਸਵਾਲ ਇਹ ਨਹੀਂ। ਸਵਾਲ ਇਹ ਹੈ ਕਿ ਜਿਸ ਪ੍ਰਕਾਰ ਦਾ ਰੂਪ ਦੇ ਕੇ ਅਸੀਂ ਰੱਬ ਨੂੰ ਧਿਆਉਂਦੇ ਤੇ ਪੂਜਦੇ ਹਾਂ ਉਸ ਤੋਂ ਨਾ ਉਹ 'ਨੂਰ' ਜਾਪਦਾ ਹੈ, ਨਾ ਸਰਬਵਿਆਪਕ, ਨਾ ਸਰਬਸ਼ਕਤੀਮਾਨ ਅਤੇ ਨਾ ਹੀ ਜਾਣੀ-ਜਾਣ, ਇਹੋ ਅਨੁਭਵ ਹੁੰਦਾ ਹੈ ਕਿ ਉਸ ਦਾ ਠੋਸ ਆਕਾਰ ਹੈ। ਉਸ ਦੇ ਨਿਯਮਤ ਟਿਕਾਣੇ ਹਨ ਅਤੇ ਉਸ ਨੂੰ ਅਰਦਾਸਾਂ ਕਰ-ਕਰ ਅਤੇ ਚੜ੍ਹਾਵਿਆਂ ਦੁਆਰਾ ਰਿਝਾਉਣਾ ਪੈਂਦਾ ਹੈ। ਧਰਮ ਵੀ ਖੇੜਾ ਬਖਸ਼ਦੀ ਸੁਗੰਧੀ ਨਾਲੋਂ, ਰੀਤਾਂ-ਰਿਵਾਜਾਂ ਦੀ ਪੈਰਵੀ ਅਤੇ ਲਹੂ ਨਾਲ ਖੇਡੀ ਜਾ ਰਹੀ ਹੋਲੀ ਲੱਗਣ ਲੱਗ ਪਿਆ ਹੈ। ਲੱਜਿਤ ਕਰਨ ਵਾਲੀ ਇਸ ਸਥਿਤੀ ਤੋਂ ਲਾਂਭੇ ਜੇਕਰ ਧਰਮ ਹੋਵੇਗਾ ਤਾਂ ਹੀ ਆਨੰਦਮਈ ਗੌਰਵ ਦਾ ਝਲਕਾਰਾ ਇਸ 'ਚੋਂ ਪੈ ਸਕੇਗਾ।

ਸਾਡੇ ਭੋਗੇ ਜਾ ਰਹੇ ਜੀਵਨ ਨਾਲ ਜੁੜੇ ਇਹੋ ਜਿਹੇ ਹੁਸੜਵੇਂ ਵਿਚਾਰ ਵੀ ਜੀਵਨ 'ਚੋਂ ਹੁਲਾਸ ਚੂਸਦੇ ਰਹਿੰਦੇ ਹਨ। ਸੰਸਾਰ ਅੱਜ ਇਸ ਲਈ ਵੀ ਦੁਬਿਧਾਗ੍ਰਸਤ ਹੈ ਕਿਉਂਕਿ:

'ਜੋ ਕਹੇ ਸੋ ਜਾਨੇ ਨਹੀਂ,
ਜੋ ਜਾਨੇ ਸੋ ਕਹੇ ਨਹੀਂ।'

ਇਸ ਸੰਸਾਰ ਦਾ ਦੁਰਭਾਗ ਧਾਰਮਿਕ ਅਤੇ ਸਿਧਾਂਤਕ ਵਿਰੋਧਤਾਵਾਂ ਵੀ ਹਨ ਅਤੇ ਅਸਤ-ਵਿਅਸਤ ਕਰਨ ਵਾਲੀ ਇਸ ਉਲਝਣ ਦਾ ਫੈਜ਼ ਅਨੁਸਾਰ ਹੱਲ ਇਹ ਹੈ:

'ਆਈਏ, ਹਾਥ ਉਠਾਏਂ ਹਮ ਭੀ,
ਜਿਨਹੇਂ ਰਸਮ-ਏ ਦੁਆ ਯਾਦ ਨਹੀਂ।
ਹਮ, ਜਿਨਹੇਂ ਸੋਜ਼-ਏ-ਮੁਹੱਬਤ ਕੇ ਸਿਵਾ,
ਕੋਈ ਬੁੱਤ, ਕੋਈ ਖੁਦਾ ਯਾਦ ਨਹੀਂ।'

# ਦੋ ਜਣੇ

***(ਪਿਛਲੇ ਸਫੇ ਦੀ ਬਾਕੀ)***

ਮਾਰ ਕੇ ਉਠੇ ਅਤੇ ਬੋਲੇ, "ਚੱਲ ਬਈ ਮੋਤੀ, ਆਪਾਂ ਵੀ ਨਾਸ਼ਤਾ ਕਰੀਏ।"

ਮੋਤੀ ਛਾਲ ਮਾਰ ਕੇ ਖੜ੍ਹਾ ਹੋ ਗਿਆ। ਬਾਊ ਜੀ ਨੇ ਦੁੱਧ ਵਾਲੀ ਦੇਗਚੀ ਫਰਿੱਜ ਵਿਚੋਂ ਕੱਢੀ। ਮੋਤੀ ਰਸੋਈ ਦੇ ਬੂਹੇ ਅੱਗੇ ਬੈਠ ਗਿਆ। ਗੈਸ ਦੇ ਇੱਕ ਚੁੱਲ੍ਹੇ ਉਤੇ ਆਂਡਾ ਉਬਲਣਾ ਰੱਖ ਕੇ ਬਾਊ ਜੀ ਨੇ ਦੂਜੇ ਚੁੱਲ੍ਹੇ ਉਤੇ ਪਿਆਲੀ ਕੁ ਦੁੱਧ ਦੀ ਠਰ ਭੰਨੀ ਅਤੇ ਡਬਲਰੋਟੀ ਦੇ ਟੁਕੜੇ ਮੋਤੀ ਦੇ ਕਟੋਰੇ ਵਿਚ ਭਿਉਂ ਦਿੱਤੇ। ਮੋਤੀ ਨੇ ਕਟੋਰੇ ਨੂੰ ਦੇਖਿਆ, ਸੁੰਘਿਆ, ਭੁੱਖ ਨਾਲ ਲਲਚਾ ਕੇ ਬੁੱਲ੍ਹਾਂ ਉਤੇ ਜੀਭ ਫੇਰੀ ਅਤੇ ਪਰਤ ਕੇ ਰਸੋਈ ਦੇ ਬੂਹੇ ਅੱਗੇ ਆ ਬੈਠਾ।

"ਤੂੰ ਤਾਂ ਖਾਣ ਲੱਗ, ਮੈਂ ਚਾਹ ਉਬਾਲ ਲਵਾਂ", ਬਾਊ ਜੀ ਨੇ ਮੋਤੀ ਦੇ ਕਟੋਰੇ ਵੱਲ ਇਸ਼ਾਰਾ ਕੀਤਾ।

ਮੋਤੀ ਨੇ ਉਧਰ ਦੇਖ ਕੇ 'ਅਊਹ' ਕਿਹਾ ਅਤੇ ਬੈਠਾ ਰਿਹਾ।

"ਅੱਛਾ, ਮੇਰੇ ਨਾਲ ਖਾਏਂਗਾ? ਚੰਗਾ ਬਈ ਤੇਰੀ ਮਰਜ਼ੀ।" ਬਾਊ ਜੀ ਪ੍ਰਸੰਨ ਹੋ ਗਏ।

ਉਨ੍ਹਾਂ ਨੇ ਪਿਆਲੇ ਵਿਚ ਚਾਹ ਪੁਣੀ ਅਤੇ ਪਲੇਟ ਵਿਚ ਆਂਡਾ ਤੇ ਬਰੈਡ-ਸਲਾਈਸ ਰੱਖੇ। ਸਭ ਕੁਝ ਮੇਜ਼ ਉਤੇ ਰੱਖ ਕੇ ਉਨ੍ਹਾਂ ਨੇ ਮੋਤੀ ਦਾ ਕਟੋਰਾ ਵੀ ਮੇਜ਼ ਕੋਲ ਲਿਆ ਰਖਿਆ। ਹੱਥ ਧੋ ਕੇ ਉਹ ਕੁਰਸੀ ਉਤੇ ਆ ਬੈਠੇ। ਬਰੈਡ ਦੀ ਬੁਰਕੀ ਲੈ ਕੇ ਚਾਹ ਦੀ ਘੁੱਟ ਭਰੀ। ਮੋਤੀ ਦੁੱਧ-ਭਿੱਜੀ ਬਰੈਡ ਖਾਣ ਲੱਗਿਆ। ਨਾਲੋ-ਨਾਲ ਬਾਊ ਜੀ ਪੋਣੇ ਨਾਲ ਫੜ ਕੇ ਗਰਮ ਆਂਡਾ ਛਿੱਲਣ ਲੱਗੇ। ਮੋਤੀ ਨੇ ਆਂਡੇ ਵੱਲ ਦੇਖਿਆ ਅਤੇ ਬੁੱਲ੍ਹਾਂ ਉਤੇ ਜੀਭ ਫੇਰੀ। ਬਾਊ ਜੀ ਹੱਸੇ, "ਘਬਰਾ ਨਾ, ਅੱਧਾ ਤੇਰਾ, ਅੱਧਾ ਮੇਰਾ!" ਉਨ੍ਹਾਂ ਨੇ ਚਾਕੂ ਲੈ ਕੇ ਆਂਡੇ ਨੂੰ ਦੋ ਹਿੱਸਿਆਂ ਵਿਚ ਵੰਡਿਆ ਅਤੇ ਧਿਆਨ ਨਾਲ ਦੇਖਿਆ। ਇਕ ਹਿੱਸਾ ਦੂਜੇ ਨਾਲੋਂ ਥੋੜ੍ਹਾ ਜਿਹਾ ਵੱਡਾ ਸੀ। ਠੰਢਾ ਕਰਨ ਲਈ ਵੱਡੇ ਹਿੱਸੇ ਦੇ ਟੁਕੜੇ ਕਰਦਿਆਂ ਉਨ੍ਹਾਂ ਨੇ ਮੋਤੀ ਨੂੰ ਕਿਹਾ, "ਲੈ ਬਈ, ਇਹ ਤੇਰਾ!...ਮੇਰੇ ਪਿਤਾ ਜੀ ਕਹਿੰਦੇ ਹੁੰਦੇ ਸਨ, ਮਿੱਤਰ ਉਹ ਜੋ ਗੰਨਾ ਵੰਡਣ ਲੱਗਿਆਂ ਜੜ੍ਹ ਵਾਲਾ ਪਾਸਾ ਦੂਜੇ ਨੂੰ ਦੇ ਦੇਵੇ।"

ਨਾਸ਼ਤਾ ਕਰ ਕੇ ਬਾਊ ਜੀ ਅਖ਼ਬਾਰ ਪੜ੍ਹਨ ਲੱਗੇ। ਮੋਤੀ ਉਨ੍ਹਾਂ ਦੇ ਪੈਰਾਂ ਕੋਲ ਊਂਘਣ ਲੱਗਿਆ। ਬਾਊ ਜੀ ਨੇ ਆਖ਼ਰੀ ਪੰਨਾ ਪਲਟਿਆ ਤਾਂ ਬਾਹਰਲੀ ਘੰਟੀ ਵੱਜੀ। ਕੰਮ-ਵਾਲੀ ਆ ਗਈ ਸੀ। ਬਾਊ ਜੀ ਨੇ ਬੂਹਾ ਖੋਲ੍ਹਿਆ, ਮੋਤੀ ਨੂੰ ਕਮਰੇ ਵਿਚ ਜਾ ਕੇ ਪੈਣ ਲਈ ਆਖਿਆ ਅਤੇ ਆਪ ਨ੍ਹਾਉਣ ਜਾ ਲੱਗੇ। ਉਹ ਗੁਸਲਖਾਨੇ ਵਿਚੋਂ ਨਿੱਕਲੇ ਤਾਂ ਕੰਮ-ਵਾਲੀ ਭਾਂਡੇ ਧੋ-ਮਾਂਜ ਕੇ ਅਤੇ ਝਾੜੂ-ਬੁਹਾਰੀ ਕਰ ਕੇ ਫ਼ਰਸ਼ ਉਤੇ ਪੋਚਾ ਮਾਰ ਰਹੀ ਸੀ। ਮੋਤੀ ਉਨ੍ਹਾਂ ਦੀ ਮੰਜੀ ਹੇਠ ਅਧ-ਸੁੱਤਾ ਪਿਆ ਸੀ।

ਕੰਮ-ਵਾਲੀ ਨੇ ਕੰਮ ਮੁਕਾ ਕੇ ਹੱਥ ਧੋਤੇ ਅਤੇ ਬੋਲੀ, "ਅੱਛਾ ਬਾਊ ਜੀ, ਮੈਂ ਜਾ ਰਹੀ ਹੂੰ।"

ਬਾਊ ਜੀ ਬਾਹਰਲੀ ਕੁੰਡੀ ਲਾ ਕੇ ਆਪਣੇ ਕਮਰੇ ਵਿਚ ਜਾ ਪਏ। ਮੋਤੀ ਹੌਲੇ ਜਿਹੇ ਉਨ੍ਹਾਂ ਦੀ ਮੰਜੀ ਹੇਠੋਂ ਉਠਿਆ ਅਤੇ ਬਾਊ ਜੀ ਦੇ ਜੁੱਤਿਆਂ ਉਤੇ ਬੂਥੀ ਰੱਖ ਕੇ ਅੱਖਾਂ ਮੀਟ ਲਈਆਂ। ਬਾਊ ਜੀ ਨੇ ਪਾਸਾ ਪਰਤਿਆ ਅਤੇ ਮੋਤੀ ਦੇ ਪਿੰਡੇ ਨੂੰ ਪਲੋਸਣ ਲੱਗੇ। ਧੀਮੇ-ਧੀਮੇ ਨਾਲੋ-ਨਾਲ ਤੁਰਦੇ ਉਹ ਦੋਵੇਂ ਨੀਂਦ ਦੀ ਵਾਦੀ ਵਿਚ ਪ੍ਰਵੇਸ਼ ਕਰ ਗਏ।

ਬਾਊ ਜੀ ਦੀ ਨੀਂਦ ਖੁੱਲ੍ਹੀ ਤਾਂ ਨਾਲ ਹੀ ਮੋਤੀ ਉਠ ਖਲੋਤਾ। ਬੱਚਿਆਂ ਦੇ ਸਕੂਲੋਂ ਆਉਣ ਵਿਚ ਅੱਧਾ ਕੁ ਘੰਟਾ ਰਹਿ ਗਿਆ ਸੀ। ਬਾਊ ਜੀ ਨੇ ਅੱਖਾਂ ਉਤੇ ਪਾਣੀ ਦੇ ਛਿੱਟੇ ਮਾਰੇ। ਮੋਤੀ ਅੰਦਰੋਂ ਆਪਣੀ ਰੱਸੀ ਲੈ ਆਇਆ। ਉਨ੍ਹਾਂ ਨੇ ਪਿਛਲੀ ਗਲੀ ਵਿਚ ਉਹਨੂੰ ਚੱਕਰ ਲੁਆਏ। ਮੋਤੀ ਰੱਸੀ ਨੂੰ ਕਮਰੇ ਵਿਚ ਰੱਖਣ ਚਲਿਆ ਗਿਆ ਅਤੇ ਉਨ੍ਹਾਂ ਨੇ ਬੱਚਿਆਂ ਦੇ ਆਉਣ ਦੀ ਉਡੀਕ ਵਿਚ ਬਾਹਰਲੀ ਕੁੰਡੀ ਖੋਲ੍ਹ ਦਿੱਤੀ। ਮੋਤੀ ਰੱਸੀ ਰੱਖ ਕੇ ਮੁੜਿਆ ਤਾਂ ਵਿਹੜੇ ਵਿਚ ਚਿੜੀ ਬੈਠੀ ਸੀ। ਮੋਤੀ ਲਪਕਿਆ, ਪਰ ਚਿੜੀ ਉਡ ਗਈ। ਮੋਤੀ ਉਹਦੇ ਮਗਰ ਉਡਿਆ, ਪਰ ਉਹਦੀ ਉਡਾਰੀ ਇਕ ਉਚੀ ਛਾਲ ਬਣ ਕੇ ਰਹਿ ਗਈ। ਉਹਨੇ ਬੇਵਸੀ ਨਾਲ ਖਾਲੀ ਅੰਬਰ ਵੱਲ ਦੇਖਿਆ। ਬਾਊ ਜੀ ਪੈਰਾਂ ਭਾਰ ਉਹਦੇ ਕੋਲ ਬੈਠ ਕੇ ਉਦਾਸ ਹਾਸੀ ਹੱਸੇ, "ਹਾਂ, ਪੁੱਤਰਾ, ਇਹੋ ਜ਼ਿੰਦਗੀ ਹੈ। ਮਨ ਉਡਣਾ ਲੋਚਦਾ ਹੈ, ਪਰ ਉਹਦੀ ਸੀਮਾ ਕੇਵਲ ਇਕ ਟਪੂਸੀ ਹੁੰਦੀ ਹੈ!"

ਮੋਤੀ ਨੇ 'ਅਊਹ' ਕਿਹਾ, ਜਿਵੇਂ ਇਹ ਗੂੜ੍ਹ-ਗਿਆਨ ਉਹਨੂੰ ਸਮਝ ਨਾ ਆਇਆ ਹੋਵੇ ਅਤੇ ਉਨ੍ਹਾਂ ਦੇ ਸਾਹਮਣੇ ਉਹ ਹਿਜ਼ ਮਾਸਟਰਜ਼ ਵਾਇਸ ਵਾਲੇ ਕੁੱਤੇ ਵਾਂਗ ਇਉਂ ਨਿੱਠ ਕੇ ਬੈਠ ਗਿਆ ਜਿਵੇਂ ਇਹ ਸਭ ਕੁਝ ਸਮਝਣਾ ਚਾਹੁੰਦਾ ਹੋਵੇ।

ਬਾਊ ਜੀ ਬੋਲੇ, "ਇੱਛਾ ਦੀ ਚਿੜੀ ਉਡ ਕੇ ਅੱਖੋਂ ਓਹਲੇ ਹੋ ਜਾਂਦੀ ਹੈ ਤੇ ਪਿੱਛੇ ਸੱਖਣਾ ਅੰਬਰ ਰਹਿ ਜਾਂਦਾ ਹੈ।"

ਮੋਤੀ ਨੇ ਫੇਰ 'ਅਊਹ' ਕਿਹਾ, ਜਿਵੇਂ ਉਹ ਇਸ ਗੂੜ੍ਹੀ ਗੱਲ ਦੀ ਹੋਰ ਵਿਆਖਿਆ ਕਰਨ ਲਈ ਕਹਿ ਰਿਹਾ ਹੋਵੇ।

ਗੱਲਾਂ ਵਿਚ ਬਾਊ ਜੀ ਨੂੰ ਧਿਆਨ ਹੀ ਨਾ ਰਿਹਾ ਕਿ ਬੱਚੇ ਕਦੋਂ ਕੋਲ ਆ ਖਲੋਤੇ ਸਨ। ਬਾਊ ਜੀ ਨੇ ਬੱਚਿਆਂ ਵੱਲ ਦੇਖਿਆ ਤਾਂ ਉਨ੍ਹਾਂ ਨੂੰ ਅਤੇ ਮੋਤੀ ਨੂੰ ਇਕ ਦੂਜੇ ਦੇ ਸਾਹਮਣੇ ਬੈਠੇ ਦੇਖ ਕੇ ਉਹ ਤਾੜੀਆਂ ਮਾਰਨ ਲੱਗੇ।


ਪੋਤੀ ਬੋਲੀ, "ਆਹਾ ਜੀ, ਬਾਊ ਜੀ ਤੇ ਡੌਗੀ ਗੱਲਾਂ ਕਰਦੇ ਨੇ।"

ਪੋਤਾ ਬੋਲਿਆ, "ਆਪਣੇ ਘਰ ਦੋ ਡੌਗੀ!"

ਬਾਊ ਜੀ ਨੇ ਕੁਝ ਕਹਿਣਾ ਚਾਹਿਆ ਤਾਂ ਸੰਘ ਵਿਚ ਜਿਵੇਂ ਸਵੇਰ ਨਾਲੋਂ ਵੀ ਵੱਡਾ ਕੁਝ ਫਸ ਗਿਆ। ਉਨ੍ਹਾਂ ਨੇ ਜ਼ੋਰ ਨਾਲ ਖੰਘੂਰਾ ਮਾਰਿਆ ਅਤੇ ਸਹਿਜ ਨਾਲ ਬੋਲੇ, "ਨਹੀਂ ਬੇਟਾ...ਆਪਣੇ ਘਰ ਦੋ ਬੰਦੇ!"

# ਫਿਲਮ ਮੇਲੇ ਉਤੇ ਸੰਘ ਦਾ ਰੰਗ

ਗੋਆ ਦੀ ਰਾਜਧਾਨੀ ਪਣਜੀ ਵਿਚ ਸ਼ੁਰੂ ਹੋਇਆ 45ਵਾਂ ਫਿਲਮ ਮੇਲਾ ਇਸ ਵਾਰ ਕਈ ਮਾਮਲਿਆਂ ਵਿਚ ਪਿਛਲੇ ਮੇਲਿਆਂ ਤੋਂ ਬਿਲਕੁੱਲ ਵੱਖਰਾ ਸੀ। ਕਈ ਅਜਿਹੀਆਂ ਗੱਲਾਂ ਸਨ ਜਿਨ੍ਹਾਂ ਤੋਂ ਮੇਲੇ ਉਤੇ ਆਰ.ਐਸ.ਐਸ. ਦਾ ਪ੍ਰਭਾਵ ਪ੍ਰਤੱਖ ਝਲਕਦਾ ਸੀ। ਗੋਆ ਵਿਚ ਭਾਵੇਂ ਪਿਛਲੇ ਕੁਝ ਸਮੇਂ ਤੋਂ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ ਅਤੇ ਇਸ ਮੇਲੇ ਦੇ ਪ੍ਰਬੰਧ ਵਿਚ ਸੂਬਾ ਸਰਕਾਰ ਦਾ ਯੋਗਦਾਨ ਹੁੰਦਾ ਹੀ ਹੈ, ਪਰ ਐਤਕੀਂ ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੀ ਕਾਇਮੀ ਤੋਂ ਬਾਅਦ ਜਿਸ ਤਰ੍ਹਾਂ ਹੋਰ ਖੇਤਰਾਂ ਵਿਚ ਆਰ.ਐਸ.ਐਸ. ਦਾ ਅਸਰ ਪੈ ਰਿਹਾ ਹੈ, ਇਸ ਮੇਲੇ ਉਤੇ ਵੀ ਇਸ ਦਾ ਡੂੰਘਾ ਅਸਰ ਪਿਆ ਹੈ। ਪਹਿਲੀ ਗੱਲ ਤਾਂ ਇਹੀ ਕਿ ਮੇਲੇ ਦਾ ਉਦਘਾਟਨ ਪਹਿਲਾਂ ਵਾਂਗ ਮਿਥੀ ਹੋਈ ਰਵਾਇਤੀ ਥਾਂ ਉਤੇ ਕਰਨ ਦੀ ਥਾਂ ਆਰ.ਐਸ.ਐਸ. ਆਗੂ ਸ਼ਿਆਮਾ ਪ੍ਰਸਾਦ ਮੁਖਰਜੀ ਦੀ ਯਾਦ ਵਿਚ ਬਣਾਏ ਨਵੇਂ ਡਾ. ਸ਼ਿਆਮਾ ਪ੍ਰਸਾਦ ਮੁਖਰਜੀ ਇੰਨਡੋਰ ਸਟੇਡੀਅਮ ਵਿਚ ਕੀਤਾ ਗਿਆ। ਉਦਘਾਟਨ ਵੀ ਕੇਂਦਰੀ ਮੰਤਰੀ ਅਰੁਣ ਜੇਤਲੀ ਨੇ ਕੀਤਾ। ਉਨ੍ਹਾਂ ਆਪਣਾ ਭਾਸ਼ਣ ਭਾਵੇਂ ਸਿਨੇਮਾ ਦੀ ਸਾਰਥਿਕਤਾ ਬਾਰੇ ਦਿੱਤਾ, ਪਰ ਇਸ ਦੀ ਸੁਰ ਵਿਚ ਸਰਕਾਰ ਦੀ ਸੁਰ ਰਲ ਹੋਈ ਸੀ। ਉਂਜ ਇਸ ਵਾਰ ਇਸ ਮੇਲੇ ਦੇ ਉਦਘਾਟਨ ਮੌਕੇ ਚੋਟੀ ਦੇ ਦੋ ਅਦਾਕਾਰਾਂ- ਰਜਨੀਕਾਂਤ ਤੇ ਅਮਿਤਾਭ ਬੱਚਨ ਨੂੰ ਸੱਦਿਆ ਹੋਇਆ ਸੀ। ਰਜਨੀਕਾਂਤ ਨੂੰ ਤਾਂ ਸਿਨੇਮਾ ਵਿਚ ਨਿੱਗਰ ਯੋਗਦਾਨ ਬਦਲੇ ਇਨਾਮ ਨਾਲ ਵੀ ਨਿਵਾਜਿਆ ਗਿਆ। ਇਸ ਮੌਕੇ ਉਸ ਦੀ ਅਦਾਕਾਰੀ ਅਤੇ ਜੀਵਨ ਨੂੰ ਪੇਸ਼ ਕਰਦੀ ਦਸਤਾਵੇਜ਼ੀ ਫਿਲਮ ਵੀ ਦਿਖਾਈ ਗਈ। ਇਸ ਫਿਲਮ ਵਿਚ ਰਜਨੀਕਾਂਤ ਦੀ ਜ਼ਿੰਦਗੀ ਦੇ ਨਾਲ-ਨਾਲ ਫਿਲਮ ਸਨਅਤ ਦਾ ਸਮੁੱਚਾ ਇਤਿਹਾਸ ਸਮੋਇਆ ਪਿਆ ਸੀ।



ਅਦਾਕਾਰ ਰਜਨੀਕਾਂਤ



ਫਿਲਮ ਮੇਲੇ ਦੇ ਉਦਘਾਟਨ ਮੌਕੇ ਅਦਾਕਾਰ ਰਜਨੀਕਾਂਤ।

# ਸ਼ਬਾਨਾ ਦਾ ਸ਼ਿੰਗਾਰ

## ਅਦਾ, ਅੰਦਾਜ਼ ਤੇ ਅਦਾਕਾਰੀ



***ਸ਼ਬਾਨਾ ਆਜ਼ਮੀ 100 ਤੋਂ ਵੱਧ ਫਿਲਮਾਂ ਵਿਚ ਕੰਮ ਕਰ ਚੁੱਕੀ ਹੈ। ਉਸ ਦੀ ਅਦਾਕਾਰੀ ਨੂੰ ਕੌਮਾਂਤਰੀ ਪੱਧਰ ਉਤੇ ਵੀ ਮਾਨਤਾ ਮਿਲੀ ਹੈ। ਆਪਣੇ ਕੰਮ ਬਾਰੇ ਉਹ ਸਦਾ ਬਹੁਤ ਗੰਭੀਰ ਰਹਿੰਦੀ ਹੈ, ਉਹ ਚਾਹੁੰਦੀ ਹੈ ਕਿ ਉਸ ਦਾ ਸਾਹ ਬੱਸ ਐਕਟਿੰਗ ਕਰਦਿਆਂ ਹੀ ਨਿਕਲੇ।***

ਸ਼ਬਾਨਾ ਆਜ਼ਮੀ ਲਈ ਅਦਾਕਾਰੀ ਹੀ ਉਸ ਦੀ ਹੀ ਜ਼ਿੰਦਗੀ ਦਾ ਸਭ ਤੋਂ ਵੱਡਾ ਸ਼ਿੰਗਾਰ ਹੈ। ਇਸ ਸ਼ਿੰਗਾਰ ਸਦਕਾ ਉਸ ਨੇ ਸਾਢੇ ਤਿੰਨ ਦਹਾਕਿਆਂ ਤੋਂ ਫ਼ਿਲਮੀ ਦੁਨੀਆਂ ਅਤੇ ਰੰਗ ਮੰਚ ਦੇ ਖੇਤਰ ਵਿਚ ਧੁੰਮਾਂ ਪਾਈਆਂ ਹੋਈਆਂ ਹਨ। ਅੱਜ ਕੱਲ੍ਹ ਉਹ ਮਹਾਰਾਜਾ ਦਿਲੀਪ ਸਿੰਘ ਬਾਰੇ ਬਣਾਈ ਜਾ ਰਹੀ ਫਿਲਮ 'ਦਿ ਬਲੈਕ ਪ੍ਰਿੰਸ' ਦੀ ਸ਼ੂਟਿੰਗ ਵਿਚ ਰੁਝੀ ਹੋਈ ਹੈ। ਉਸ ਦੀ ਪਹਿਲੀ 'ਅੰਕੁਰ' ਫਿਲਮ 1974 ਵਿਚ ਆਈ ਸੀ। ਉਸ ਵੇਲੇ ਉਸ ਦੀ ਉਮਰ 24 ਸਾਲ ਸੀ। ਇਹ ਫ਼ਿਲਮ ਚੋਟੀ ਦੇ ਮਿਸਾਲੀ ਫਿਲਮਸਾਜ਼ ਸ਼ਿਆਮ ਬੈਨੇਗਲ ਨੇ ਬਣਾਈ ਸੀ। ਇਸ ਫਿਲਮ ਲਈ ਉਸ ਨੂੰ 1975 ਵਿਚ ਸਰਵੋਤਮ ਅਦਾਕਾਰਾ ਦਾ ਕੌਮੀ ਪੁਰਸਕਾਰ ਮਿਲਿਆ ਸੀ। ਇਸ ਤੋਂ ਬਾਅਦ ਉਸ ਨੂੰ ਫਿਲਮ 'ਅਰਥ' 'ਖੰਡਹਰ', 'ਪਾਰ' ਅਤੇ 'ਗੌਡਮਦਰ' ਫਿਲਮਾਂ ਲਈ ਵੀ ਇਹ ਪੁਰਸਕਾਰ ਹਾਸਲ ਹੋਏ।

ਸ਼ਬਾਨਾ ਆਜ਼ਮੀ ਦੇ ਪਿਤਾ ਕੈਫ਼ੀ ਆਜ਼ਮੀ ਪ੍ਰਸਿੱਧ ਤਰੱਕੀਪਸੰਦ ਸ਼ਾਇਰ ਸਨ। ਇਸ ਲਈ ਮਨੁੱਖ ਦੇ ਹੱਕਾਂ ਲਈ ਲੜਨ ਤੱਤ ਉਸ ਨੂੰ ਵਿਰਸੇ ਵਿਚੋਂ ਮਿਲਿਆ। ਉਸ ਨੇ ਬਹੁਤ ਸਾਰੇ ਸਮਾਜਕ ਸਰੋਕਾਰਾਂ ਲਈ ਲਗਾਤਾਰ ਸਰਗਰਮੀ ਕੀਤੀ ਹੈ। ਫਿਲਮਾਂ ਤੋਂ ਇਲਾਵਾ ਉਸ ਨੇ ਰੰਗ ਮੰਚ ਵਿਚ ਵੀ ਆਪਣੀ ਵਿਸ਼ੇਸ਼ ਥਾਂ ਬਣਾਈ ਹੈ। ਅਸਲ ਵਿਚ ਸ਼ਬਾਨਾ ਆਜ਼ਮੀ ਦੀ ਮਾਂ ਸ਼ੌਕਤ ਆਜ਼ਮੀ 'ਇਪਟਾ' ਲਹਿਰ ਨਾਲ ਡੂੰਘੀ ਜੁੜੀ ਹੋਈ ਸੀ। ਉਦੋਂ ਆਲਾ-ਦੁਆਲਾ ਸਿਆਸੀ ਅਤੇ



ਸਮਾਜਕ ਸਰਗਰਮੀਆਂ ਨਾਲ ਭਰਿਆ ਪਿਆ ਸੀ। ਕੈਫ਼ੀ ਆਜ਼ਮੀ ਅਤੇ ਸ਼ੌਕਤ ਆਜ਼ਮੀ ਇਸ ਲਹਿਰ ਵਿਚ ਭਰਪੂਰ ਯੋਗਦਾਨ ਪਾ ਰਹੇ ਸਨ। ਨਾਟਕਾਂ ਰਾਹੀਂ ਚੇਤਨਾ ਦੀ ਲਹਿਰ ਵੱਖਰੇ ਤੌਰ 'ਤੇ ਚਲਾਈ ਜਾ ਰਹੀ ਸੀ। ਸਿੱਟੇ ਵਜੋਂ ਸ਼ਬਾਨਾ ਆਜ਼ਮੀ ਨੇ ਵੀ ਨਾਟਕਾਂ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ। ਉਸ ਨੇ ਪੁਣੇ ਦੀ ਪ੍ਰਸਿੱਧ ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਤੋਂ ਪੜ੍ਹਾਈ ਕੀਤੀ ਅਤੇ 1973 ਵਿਚ ਕਹਿੰਦੇ-ਕਹਾਉਂਦੇ ਫਿਲਮਸਾਜ਼ ਖ਼ਵਾਜਾ ਅਹਿਮਦ ਅੱਬਾਸ ਦੀ ਫਿਲਮ 'ਫਾਸਲਾ' ਸਾਈਨ ਕਰ ਲਈ। ਇਸ ਦੇ ਨਾਲ ਹੀ ਉਸ ਨੂੰ ਇਕ ਹੋਰ ਫਿਲਮ 'ਪਰਿਣੈ' ਵੀ ਮਿਲ ਗਈ। ਉਂਜ, ਸਭ ਤੋਂ ਪਹਿਲਾਂ ਉਸ ਦੀ ਫਿਲਮ 'ਅੰਕੁਰ' ਹੀ ਰਿਲੀਜ਼ ਹੋਈ। ਇਹ ਫਿਲਮ ਹੈਦਰਾਬਾਦ ਦੀ ਇਕ ਸੱਚੀ ਕਹਾਣੀ ਉਥੇ ਆਧਾਰਤ ਹੈ।

1970ਵਿਆਂ ਵਿਚ ਸਾਰਥਕ ਦੀ ਲਹਿਰ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀ ਸੀ ਅਤੇ ਆਪਣੀ ਅਦਾ, ਅਦਾਕਾਰੀ ਤੇ ਅੰਦਾਜ਼ ਕਰ ਕੇ ਸ਼ਬਾਨਾ ਆਜ਼ਮੀ ਇਸ ਲਹਿਰ ਦੀਆਂ ਮੂਹਰਲੀਆਂ ਸਫ਼ਾਂ ਵਿਚ ਆ ਗਈ। ਉਸ ਨੇ 'ਨਿਸ਼ਾਂਤ', 'ਫ਼ਕੀਰਾ', 'ਸ਼ਤਰੰਜ ਕੇ ਖਿਲਾੜੀ', 'ਜਨੂੰਨ', 'ਸਪਰਸ਼', 'ਅਰਥ', 'ਮੰਡੀ', 'ਖੰਡਹਰ', 'ਪਾਰ' ਵਰਗੀਆਂ ਯਾਦਗਾਰੀ ਫਿਲਮਾਂ ਹਿੰਦੀ ਸਿਨੇਮਾ ਨੂੰ ਦਿੱਤੀਆਂ। ਉਹ ਅੱਜ ਵੀ ਸਿਨੇਮਾ ਨਾਲ ਪਹਿਲਾਂ ਵਾਲੀ ਸੁਹਿਰਦਤਾ ਨਾਲ ਜੁੜੀ ਹੋਈ ਹੈ।

# ਵਿਸ਼ਾਲ ਭਾਰਦਵਾਜ ਦੀ ਗੁਰ-ਦੱਖਣਾ

ਵਿਸ਼ਾਲ ਭਾਰਦਵਾਜ ਜੋ ਫਿਲਮਸਾਜ਼ ਗੁਲਜ਼ਾਰ ਨੂੰ ਆਪਣਾ ਗੁਰੂ ਮੰਨਦਾ ਹੈ, ਹੁਣ ਉਹਦੀ ਬੇਟੀ ਮੇਘਨਾ ਗੁਲਜ਼ਾਰ ਲਈ ਫਿਲਮ ਬਣਾ ਰਿਹਾ ਹੈ। ਇਸ ਫਿਲਮ ਦੀ ਨਿਰਦੇਸ਼ਕ ਮੇਘਨਾ ਗੁਲਜ਼ਾਰ ਹੋਵੇਗੀ ਅਤੇ ਫ਼ਿਲਮ ਦੀ ਕਹਾਣੀ, ਗੀਤ-ਸੰਗੀਤ ਵਿਸ਼ਾਲ ਭਾਰਦਵਾਜ ਦਾ ਹੈ। ਯਾਦ ਰਹੇ ਕਿ ਮੇਘਨਾ ਗੁਲਜ਼ਾਰ ਫਿਲਮੀ ਦੁਨੀਆਂ ਵਿਚ ਆਪਣੀ ਖਾਸ ਪਛਾਣ ਬਣਾਉਣ ਵਿਚ ਬਹੁਤੀ ਕਾਮਯਾਬ ਨਹੀਂ ਹੋਈ। ਪਹਿਲਾਂ-ਪਹਿਲ ਉਸ ਨੇ ਪੱਤਰਕਾਰੀ ਵੀ ਕੀਤੀ ਸੀ ਅਤੇ ਕੁਝ ਦਸਤਾਵੇਜ਼ੀ ਫ਼ਿਲਮਾਂ ਵੀ ਬਣਾਈਆਂ। ਇਸ ਤੋਂ ਇਲਾਵਾ 2002 ਵਿਚ ਉਸ ਨੇ ਆਪਣੀ ਪਲੇਠੀ ਫਿਲਮ 'ਫ਼ਿਲਹਾਲ' ਬਣਾਈ ਜਿਸ ਵਿਚ ਸੁਸ਼ਮਿਤਾ ਸੇਨ ਅਤੇ ਤੱਬੂ ਦੀਆਂ ਅਹਿਮ ਭੂਮਿਕਾਵਾਂ ਸਨ। ਇਸ ਫਿਲਮ ਨੂੰ ਫਿਲਮ ਅਲੋਚਕਾਂ ਨੇ ਤਾਂ ਬਥੇਰਾ ਪਸੰਦ ਕੀਤਾ, ਪਰ ਬਾਕਸ ਆਫ਼ਿਸ ਉਤੇ ਇਹ ਫਿਲਮ ਪਛੜ ਗਈ। ਪੰਜ ਸਾਲ ਬਾਅਦ 2007 ਵਿਚ ਮੇਘਨਾ ਨੇ ਇਕ ਹੋਰ ਫਿਲਮ 'ਜਸਟ ਮੈਰਿਡ ਬਣਾਈ, ਪਰ ਇਹ ਫਿਲਮ ਵੀ ਕੋਈ ਖਾਸ ਧਮਾਕਾ ਨਹੀਂ ਕਰ ਸਕੀ।

ਦਰਅਸਲ ਦਰਸ਼ਕ, ਮੇਘਨਾ ਤੋਂ ਵੀ ਗੁਲਜ਼ਾਰ ਵਾਲਾ ਰੰਗ ਦਿਖਾਉਣ ਦੀ ਆਸ ਲਾਈ ਬੈਠੇ ਹਨ। ਅਜਿਹਾ ਕਦੀ ਵੀ ਸੰਭਵ ਨਹੀਂ ਹੁੰਦਾ। ਹੁਣ ਮੇਘਨਾ ਨੂੰ ਕਾਮਯਾਬੀ ਦੀ ਲੀਹ ਉਤੇ ਪਾਉਣ ਦਾ ਭਾਰ ਵਿਸ਼ਾਲ ਭਾਰਦਵਾਜ ਨੇ ਚੁੱਕਿਆ ਹੈ। ਆਪਣੀਆਂ ਫਿਲਮਾਂ ਕਰ ਕੇ ਵਿਸ਼ਾਲ ਭਾਰਦਵਾਜ ਨੇ ਫ਼ਿਲਮੀ ਦੁਨੀਆਂ ਵਿਚ ਗੁਲਜ਼ਾਰ ਵਾਂਗ ਹੀ ਵੱਡਾ ਨਾਂ ਬਣਾਇਆ ਹੈ। ਪਿਛੇ ਜਿਹੇ ਰਿਲੀਜ਼ ਹੋਈ ਉਸ ਦੀ ਫਿਲਮ 'ਹੈਦਰ' ਨੇ ਚਾਰੇ ਪਾਸੇ ਧੁੰਮਾਂ ਪਾ ਦਿੱਤੀਆਂ ਸਨ। ਇਹ ਫਿਲਮ ਸ਼ੇਕਸਪੀਅਰ ਦੇ ਨਾਟਕ 'ਹੈਮਲਟ' ਦੀ ਕਹਾਣੀ ਉਤੇ ਆਧਾਰਤ ਸੀ। ਵਿਸ਼ਾਲ ਨੇ ਇਸ ਦਾ ਕਥਾਨਕ ਕਸ਼ਮੀਰ ਨੂੰ ਚੁਣਿਆ ਅਤੇ ਫਿਲਮ ਵਿਚ ਬਕਾਇਦਾ ਆਪਣਾ ਵੱਖਰਾ ਰੰਗ ਭਰਿਆ। ਇਹ ਫਿਲਮ 'ਹੈਮਲਟ' ਉਤੇ ਆਧਾਰਤ ਹੋਣ ਦੇ ਬਾਵਜੂਦ ਇਕ ਤਰ੍ਹਾਂ ਨਾਲ ਮੌਲਿਕ ਫਿਲਮ ਦਾ ਦਰਜਾ ਅਖਤਿਆਰ ਕਰ ਗਈ। ਇਸੇ ਕਰ ਕੇ ਫਿਲਮ ਦਰਸ਼ਕਾਂ ਅਤੇ ਅਲੋਚਕਾਂ ਦਾ ਮੰਨਣਾ ਹੈ ਕਿ ਅੱਜ ਦੀ ਤਾਰੀਖ ਵਿਚ ਵਿਸ਼ਾਲ ਵਰਗਾ ਫਿਲਮਸਾਜ਼ ਕੋਈ ਹੋਰ ਨਹੀਂ ਹੈ। ਉਸ ਨੇ 'ਹੈਦਰ' ਵਿਚ ਸ਼ਾਹਿਦ ਕਪੂਰ ਵਰਗੇ ਔਸਤ ਐਕਟਰ ਤੋਂ ਵੀ ਵਧੀਆ ਕੰਮ ਲੈ ਲਿਆ ਹੈ। ਹੁਣ ਦੇਖਣਾ ਇਹ ਹੈ ਕਿ ਵਿਸ਼ਾਲ ਭਾਰਦਵਾਜ ਆਪਣੇ ਗੁਰੂ ਦੇ ਗੁਲਜ਼ਾਰ ਦੀ ਬੇਟੀ ਮੇਘਨਾ ਦੇ ਕਰੀਅਰ ਨੂੰ ਕਿੰਨਾ ਕੁ ਅੱਗੇ ਲੈ ਕੇ ਜਾਂਦਾ ਹੈ।





ਫਿਲਮਸਾਜ਼ ਗੁਲਜ਼ਾਰ ਆਪਣੀ ਧੀ ਮੇਘਨਾ ਨਾਲ ਅਤੇ (ਸੱਜੇ) ਵਿਸ਼ਾਲ ਭਾਰਦਵਾਜ।

# ਰਣਦੀਪ ਹੁੱਡਾ ਦੀ ਸਹਿਜਤਾ



ਰਣਦੀਪ ਹੁੱਡਾ ਅੱਜ ਦੇ ਉਨ੍ਹਾਂ ਕੁਝ ਕੁ ਅਦਾਕਾਰਾਂ ਵਿਚ ਸ਼ਾਮਲ ਹੈ ਜੋ ਸਹਿਜ ਅਦਾਕਾਰੀ ਕਰਦਾ ਹੈ। ਉਹ ਨਿਭਾਏ ਜਾ ਰਹੇ ਕਿਰਦਾਰ ਵਿਚ ਮਾਸਾ ਭਰ ਵੀ ਓਵਰਐਕਟਿੰਗ ਨਹੀਂ ਵੜਨ ਦਿੰਦਾ। ਅਸਲ ਵਿਚ ਉਸ ਨੇ ਆਪਣੇ ਕਰੀਅਰ ਵਿਚ ਅੱਜ ਤੱਕ ਕੋਈ ਕਾਹਲ ਨਹੀਂ ਮਚਾਈ ਹੈ। 2001 ਵਿਚ ਉਹ ਮੀਰਾ ਨਾਇਰ ਦੀ ਫਿਲਮ 'ਮੌਨਸੂਨ ਵੈਡਿੰਗ' ਨਾਲ ਫਿਲਮੀ ਦੁਨੀਆਂ ਵਿਚ ਆਇਆ ਸੀ। ਇਸ ਫਿਲਮ ਵਿਚ ਉਸ ਦਾ ਕਿਰਦਾਰ ਬਹੁਤ ਦਮਦਾਰ ਸੀ, ਪਰ ਉਸ ਨੂੰ ਅਗਲੀ ਫਿਲਮ ਹਾਸਲ ਕਰਨ ਲਈ 4 ਸਾਲ ਲੱਗ ਗਏ। ਉਸ ਦੀ ਦੂਜੀ ਫਿਲਮ 'ਡੀ' ਜੋ ਰਾਮ ਗੋਪਾਲ ਵਰਮਾ ਨੇ ਬਣਾਈ ਸੀ, 2005 ਵਿਚ ਰਿਲੀਜ਼ ਹੋਈ ਸੀ। ਇਸ ਤੋਂ ਬਾਅਦ ਰਣਦੀਪ ਨੂੰ ਲਗਾਤਾਰ ਅਸਫਲਤਾਵਾਂ ਦਾ ਸਾਹਮਣਾ ਕਰਨਾ ਪਿਆ ਪਰ ਉਹ ਸਿਰ ਸੁੱਟ ਕੇ ਲੱਗਿਆ ਰਿਹਾ। ਆਖ਼ਰਕਾਰ 2010 ਵਿਚ ਰਿਲੀਜ਼ ਹੋਈ ਫਿਲਮ 'ਵੰਸ ਅਪੌਨ ਏ ਟਾਈਮ ਇਨ ਮੁੰਬਈ' ਨੇ ਉਸ ਦੇ ਕਰੀਅਰ ਨੂੰ ਹੁਲਾਰਾ ਦਿੱਤਾ। ਇਸ ਫਿਲਮ ਵਿਚ ਉਸ ਦੀ ਅਦਾਕਾਰੀ ਦੀ ਖ਼ੂਬ ਤਾਰੀਫ ਹੋਈ। ਫਿਰ 2011 ਵਿਚ 'ਸਾਹਿਬ ਬੀਬੀ ਔਰ ਗੈਂਗਸਟਰ' ਅਤੇ 2012 ਵਿਚ 'ਜੰਨਤ-2' ਤੇ 'ਜਿਸਮ-2' ਨਾਲ ਉਹ ਅੱਗੇ ਵਧਿਆ। ਪਿਛੇ ਜਿਹੇ ਰਿਲੀਜ਼ ਹੋਈਆਂ ਫਿਲਮਾਂ 'ਹਾਈਵੇਅ' ਤੇ 'ਕਿੱਕ' ਨਾਲ ਉਹ ਚੋਟੀ ਵੱਲ ਵਧਿਆ। ਰਣਦੀਪ ਹੁੱਡਾ ਦੀ ਫਿਲਮ 'ਰੰਗ ਰਸੀਆ' ਨੇ ਵੀ ਸਭ ਦਾ ਧਿਆਨ ਖਿੱਚਿਆ। ਉਸ ਦੀ ਨਵੀਂ ਫਿਲਮ 'ਉਂਗਲੀ' ਰਿਲੀਜ਼ ਹੋ ਗਈ ਹੈ। 'ਮੈਂ ਔਰ ਚਾਰਲਸ' ਵਿਚ ਉਸ ਨੇ ਬਦਨਾਮ ਠੱਗ ਚਾਰਲਸ ਦਾ ਕਿਰਦਾਰ ਨਿਭਾਇਆ ਹੈ। ਇਹ ਫਿਲਮ 2015 ਵਿਚ ਰਿਲੀਜ਼ ਹੋਣੀ ਹੈ।

# ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ, ਸੈਕਰਾਮੈਂਟੋ ਵਲੋਂ ਕਾਮਾਗਾਟਾ ਮਾਰੂ ਸ਼ਤਾਬਦੀ ਨੂੰ ਸਮਰਪਿਤ ਸਮਾਗਮ




100 ਵਰ੍ਹੇ ਪਹਿਲਾਂ ਕੈਨੇਡਾ ਤੋਂ ਕਾਮਾਗਾਟਾ ਮਾਰੂ ਜਹਾਜ਼ ਨੂੰ ਨਸਲੀ ਭਿੰਨ-ਭੇਦ, ਸਮਾਜਿਕ-ਆਰਥਿਕ ਵਿਤਕਰੇ ਤਹਿਤ ਵਾਪਿਸ ਮੋੜਨ ਦੀ ਲੂੰ-ਕੰਡੇ ਖੜ੍ਹੇ ਕਰ ਦੇਣ ਵਾਲੀ ਘਟਨਾ, ਬਜਬਜ ਘਾਟ ਕਲਕੱਤਾ ਦਾ ਸਾਕਾ ਹਰ ਸੰਵੇਦਨਸ਼ੀਲ ਵਿਅਕਤੀ ਨੂੰ ਧੁਰ ਅੰਦਰੋਂ ਹਿਲਾ ਕੇ ਰੱਖ ਦਿੰਦਾ ਹੈ। ਕਾਮਾਗਾਟਾ ਮਾਰੂ ਜਹਾਜ਼ ਨੂੰ ਗੈਰ-ਜਮਹੂਰੀ ਅਤੇ ਧੱਕੜ ਕਾਰਵਾਈ ਕਰਦਿਆਂ ਵੈਨਕੂਵਰ ਦੇ ਪਾਣੀਆਂ 'ਚੋਂ ਵਾਪਿਸ ਮੋੜਿਆ ਗਿਆ ਸੀ। ਅੱਜ ਵੀ ਦੁਨੀਆਂ ਭਰ ਵਿਚ ਕਈ ਜਹਾਜ਼ ਕਾਮਾਗਾਟਾ ਮਾਰੂ ਦੀ ਹੋਣੀ ਭੁਗਤ ਰਹੇ ਹਨ।

## ਪ੍ਰੋਗਰੈਸਿਵ ਆਰਟਸ ਐਸੋਸੀਏਸ਼ਨ ਆਫ ਅਲਬਰਟਾ ਵਲੋਂ ਕਾਮਾਗਾਟਾ ਮਾਰੂ ਮੁਸਾਫਰਾਂ ਦੀ ਤ੍ਰਾਸਦੀ ਨੂੰ ਬਿਆਨ ਕਰਦਾ ਨਾਟਕ

# "ਕਾਮਾਗਾਟਾ ਮਾਰੂ ਸਫਰ ਜਾਰੀ ਹੈ"

ਲੇਖਕ ਤੇ ਨਿਰਦੇਸ਼ਕ- ਦਵਿੰਦਰ ਦਮਨ

## 6 ਦਸੰਬਰ 2014, ਸਨਿਚਰਵਾਰ *(ਸਵੇਰੇ 11 ਤੋਂ ਸ਼ਾਮ 6 ਵਜੇ ਤੱਕ)*

**ਸਥਾਨ: Cosumnes Oaks High School Performing Art Center**
**8350 Lotz Parkway, Elk Grove, CA**

**ਸਮਾਗਮ ਦੇ ਬੁਲਾਰੇ**
ਡਾ. ਗੁਰਮੇਲ ਸਿੰਘ ਕੈਲੀਫੋਰਨੀਆ ਯੂਨੀਵਰਸਿਟੀ (ਫਰਿਜ਼ਨੋ)
ਚਰਨ ਸਿੰਘ ਜੱਜ ਸੈਕਰਾਮੈਂਟੋ, ਕੁਲਵੰਤ ਸਿੰਘ ਢੇਸੀ।

ਗਾਇਕ ਕਲਾਕਾਰ: ਪੰਮੀ ਮਾਨ, ਅਨੂਪ ਚੀਮਾ, ਤਰਲੋਕ ਸਿੰਘ, ਅਮਰਜੀਤ ਸਿੰਘ ਦੁਲਈ, ਸੰਨੀ ਬੱਬਰ; ਭੰਗੜਾ ਗਰੁਪ
ਸੰਗੀਤ: ਬੱਗਾ ਮਿਊਜ਼ੀਕਲ ਗਰੁਪ, ਸਟੇਜ: ਆਸ਼ਾ ਸ਼ਰਮਾ

*ਲੰਗਰ, ਦਾਖਲਾ ਅਤੇ ਪਾਰਕਿੰਗ ਮੁਫਤ*

*ਫਰੂਟ ਦੀ ਸੇਵਾ: ਅਟਵਾਲ ਬ੍ਰਦਰਜ਼, ਮਰਸਡ*

ਸਪਾਂਸਰ: ਡਾ. ਸਤਨਾਮ ਸਿੰਘ ਉਪਲ-ਮਰਸਡ, ਸਰਬਜੀਤ ਸਿੰਘ ਅਟਵਾਲ, ਰਣਬੀਰ ਸਿੰਘ ਮਡੇਰਾ, ਰਵਿੰਦਰ ਸਿੰਘ ਜੌਹਲ, ਮੁਲਖ ਰਾਜ ਸ਼ਰਮਾ, ਸੰਨੀ ਸਮਰਾ-ਯੂਬਾ ਸਿਟੀ, ਲੀਜੈਂਟ ਟਰੱਕਿੰਗ, ਟਹਿਲ ਸਿੰਘ ਥਾਂਦੀ, ਟ੍ਰਾਈਆ ਟਰੱਕਿੰਗ, ਰਛਪਾਲ ਸਿੰਘ ਫਰਵਾਲਾ-ਪੀ ਸੀ ਐਸ, ਗੁਰਮੰਤ ਸਿੰਘ ਗਰੇਵਾਲ, ਮਹਿੰਦਰ ਸਿੰਘ ਬਾਸੀ, ਸੁਦਾਗਰ ਸਿੰਘ ਕੰਦੋਲਾ, ਕੰਦੋਲਾ ਬ੍ਰਦਰਜ਼-ਲਿਵਿੰਗਸਟਨ, ਗੁਰਨੇਕ ਸਿੰਘ ਬਾਗੜੀ-ਫਰਿਜ਼ਨੋ, ਹਰਮਨਦੀਪ ਸਿੰਘ ਸ਼ੇਰਗਿੱਲ-ਯੂਬਾ ਸਿਟੀ, ਗੋਲਡ ਸਟੇਟ ਟਰਾਂਸਪੋਰਟ, ਅਵਤਾਰ ਸਿੰਘ ਅਟਵਾਲ, ਪ੍ਰੋ. ਮੱਖਣ ਸਿੰਘ ਸੰਧੂ, ਨਰਿੰਦਰਪਾਲ ਸਿੰਘ ਹੁੰਦਲ, ਵਿਰਸਾ ਸੰਭਾਲ ਸੁਸਾਇਟੀ, ਪਰਮਜੀਤ ਸਿੰਘ ਜੌਹਲ।

### ਕਮੇਟੀ

ਪ੍ਰਧਾਨ: ਸੁਰਜੀਤ ਸਿੰਘ ਅਟਵਾਲ
ਮੀਤ ਪ੍ਰਧਾਨ: ਸਤਬੀਰ ਸਿੰਘ ਬਾਜਵਾ
ਮੀਤ ਪ੍ਰਧਾਨ: ਜਰਨੈਲ ਸਿੰਘ ਮੰਡੇਰ

ਚੇਅਰਮੈਨ: ਕੁਲਦੀਪ ਸਿੰਘ ਅਟਵਾਲ
ਮੀਤ ਚੇਅਰਮੈਨ: ਯਾਦਵਿੰਦਰ ਸਿੰਘ ਹੈਪੀ
ਸਕੱਤਰ: ਜਗਜੀਤ ਸਿੰਘ ਕੰਦੋਲਾ
ਸਹਾਇਕ ਸਕੱਤਰ: ਰਵਿੰਦਰ ਰਵੀ
ਖਜ਼ਾਨਚੀ: ਹਰਪਾਲ ਸਿੰਘ, ਸਤਿੰਦਰਪਾਲ ਸਿੰਘ ਸਰਹੱਦੀ

ਡਾਇਰੈਕਟਰ:
ਜਥੇਦਾਰ ਬਲਬੀਰ ਸਿੰਘ ਗਿੱਲ
ਜਨਕ ਰਾਜ ਸਿਧਰਾ
ਬਲਦੇਵ ਸਿੰਘ ਬੋਲੀਨਾ
*(ਲੈਂਡ ਸਕੇਪਿੰਗ ਕੰਕਰੀਟ ਸਰਵਿਸ)*


dishworld™
NO SATELLITE DISH NEEDED
All packages Only $14.95/mo for 3 months
3 NEW PACKAGES FOR THE BEST IN DESI ENTERTAINMENT!
Hindi-Urdu Package 36 Channels
Hindi-Punjabi Package 38 Channels
Regional Package 48 Channels
and more.
and more.
and more.
+
Watch more than 1000+ BIG FLIX and South Asian Movies FREE!
NO CONTRACT | NO CREDIT CHECK | NO HIDDEN FEES
Ask about our FREE ROKU offer
Turn your regular TV into Internet TV with the Roku Streaming Stick.†
GET IT NOW!
dishworld.com/punjabtimes
1-855-348-3518
*Get 3 months of any language pack at the special introductory price of $14.95. No commitment. Cancel anytime by calling 1-855-350-3703. After 3 months, the then-current everyday price applies. DishWorld is available to view on TV, PC or Mac, Roku, Android, iOS, Sling and Samsung devices with access permitted on up to three devices at any one time per account. Requires compatible Roku box for each TV. Roku box sold separately. Access to the first device is included in the monthly programming package price. For access on each device beyond the first, a $5/mo fee per device will apply (maximum of two). Monthly programming fees are non-refundable. State and local taxes will apply. Service is only available in the U.S. All prices, packages and programming subject to change without notice. Additional restrictions may apply. DishWorld shall determine eligibility for this offer in its sole and absolute discretion. †After 4 months your credit card will be charged for the applicable package until you cancel your service. © 2014 DISH Digital L.L.C. All rights reserved.